**Reo-Bankowned Properties**

From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

**ਵਧੀਆ ਅਤੇ ਸਸਤੀ ਇੰਸ਼ੋਰੈਂਸ**
Home, Auto, Liquor Store
ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜ਼ਨਸ ਇੰਸ਼ੋਰੈਂਸ
Gill Financial & Insurance Services
Since 1993 www.gillfinancial.com CA. Lic#0B23990

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119



Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 46, November 16, 2013 20451 N Plum Grove Rd., Palatine, IL 60074 Ph:847-359-0746, Fax:847-705-9388


# ਅਕਾਲੀ ਦਲ ਭਾਜਪਾ ਦੀ ਝੋਲੀ ਡਿੱਗਿਆ

## ਦਿੱਲੀ ’ਚ ਸਿਰਫ ਚਾਰ ਸੀਟਾਂ ਮਿਲੀਆਂ ਦੋ ‘ਤੇ ਹੋਵੇਗਾ ਭਾਜਪਾ ਦਾ ਚੋਣ ਨਿਸ਼ਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਲਈ ਅਜੇ ਦਿੱਲੀ ਬੜੀ ਦੂਰ ਹੈ। ਅਕਾਲੀ ਦਲ ਬੇਸ਼ੱਕ ਹੁਣ ਤੱਕ ਦਿੱਲੀ ਵਿਧਾਨ ਸਭਾ ਦੀਆਂ 16 ਸੀਟਾਂ ’ਤੇ ਚੋਣ ਲੜਨ ਦੇ ਦਾਅਵੇ ਕਰਦਾ ਆ ਰਿਹਾ ਸੀ ਪਰ ਪੱਲੇ ਸਿਰਫ ਚਾਰ ਸੀਟਾਂ ਹੀ ਪਈਆਂ ਹਨ ਅਤੇ ਉਨ੍ਹਾਂ ਵਿਚੋਂ ਵੀ ਦੋ ਸੀਟਾਂ ’ਤੇ ਅਕਾਲੀ ਦਲ ਆਪਣੇ ਭਾਈਵਾਲ ਭਾਜਪਾ ਦੇ ਚੋਣ ਨਿਸ਼ਾਨ ’ਤੇ ਚੋਣ ਲੜੇਗਾ। ਇਸ ਤਰ੍ਹਾਂ ਅਕਾਲੀ ਦਲ ਦੀਆਂ ਕੌਮੀ ਪਾਰਟੀ ਬਣਨ ਦੀਆਂ ਸਧਰਾਂ ਨੂੰ ਵੱਡਾ ਧੱਕਾ ਲੱਗਾ ਹੈ ਤੇ ਗੱਠਜੋੜ ਵਿਚਾਲੇ ਕਸ਼ਮਕਸ਼ ਵੀ ਖੁੱਲ੍ਹ ਕੇ ਸਾਹਮਣੇ ਆਈ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਗਏ ਉਮੀਦਵਾਰਾਂ ਵਿਚੋਂ ਰਾਜੌਰੀ ਗਾਰਡਨ ਹਲਕੇ ਤੋਂ ਮਨਜਿੰਦਰ ਸਿੰਘ ਸਿਰਸਾ ਤੇ ਹਰੀਨਗਰ ਹਲਕੇ ਤੋਂ ਸ਼ਾਮ ਸ਼ਰਮਾ 'ਤੱਕੜੀ' ਨਿਸ਼ਾਨ ਉਤੇ ਚੋਣ ਲੜਨਗੇ ਜਦੋਂਕਿ ਕਾਲਕਾ ਜੀ ਹਲਕੇ ਤੋਂ ਹਰਮੀਤ ਸਿੰਘ ਕਾਲਕਾ ਤੇ ਸ਼ਾਹਦਰਾ ਹਲਕੇ ਤੋਂ ਜਤਿੰਦਰ ਸਿੰਘ ਸ਼ੰਟੀ ਭਾਜਪਾ ਦੇ ਚੋਣ ਨਿਸ਼ਾਨ 'ਕਮਲ ਦੇ ਫੁੱਲ' ਉਤੇ ਚੋਣ ਲੜਨਗੇ। ਭਾਜਪਾ ਦੇ ਨਿਸ਼ਾਨ ’ਤੇ ਚੋਣ ਲੜਨ ਵਾਲੇ ਅਕਾਲੀ ਉਮੀਦਵਾਰ ਤਕਨੀਕੀ ਤੌਰ ’ਤੇ ਭਾਜਪਾ ਦੇ ਉਮੀਦਵਾਰ ਹੀ ਮੰਨੇ ਜਾਣਗੇ ਤੇ ਉਨ੍ਹਾਂ ਨੂੰ ਪਈਆਂ ਵੋਟਾਂ ਭਾਜਪਾ ਦੇ ਖਾਤੇ ਵਿਚ ਹੀ ਜਾਣਗੀਆਂ।

ਪਿਛਲੇ ਸਮੇਂ ਦੌਰਾਨ ਹਰ ਮੋਰਚਾ ਫਤਹਿ ਕਰਨ ਤੋਂ ਬਾਅਦ ਅਕਾਲੀ ਦਲ ਨੇ ਬਾਹਰਲੇ ਸੂਬਿਆਂ ਵਿਚ ਪੈਰ ਪਸਾਰਨ ਦੀ ਰਣਨੀਤੀ ਬਣਾਈ ਸੀ ਪਰ ਇਹ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹੀ ਠੁੱਸ ਹੋ ਗਈ ਹੈ। ਪੰਜਾਬ ਤੋਂ ਬਾਅਦ ਦਿੱਲੀ ਵਿਚ ਹੀ ਅਕਾਲੀ ਦਲ ਦੇ ਆਧਾਰ ਵਾਲਾ ਇਲਾਕਾ ਮੰਨਿਆ ਜਾਂਦਾ ਹੈ ਪਰ ਦਲ ਦੇ ਭਾਈਵਾਲ ਭਾਜਪਾ ਨੇ ਬਾਦਲਾਂ ਦੀਆਂ ਉਮੀਦਾਂ ’ਤੇ ਪਾਣੀ ਫੇਰ ਦਿੱਤਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਅਕਾਲੀ ਦਲ ਦੇ ਹੌਸਲੇ ਇਸ ਕਦਰ ਬੁਲੰਦ ਸਨ ਕਿ ਇਕ ਵਾਰ ਤਾਂ ਦਿੱਲੀ ਇਕਾਈ ਦੇ ਆਗੂਆਂ ਨੇ ਦਿੱਲੀ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ’ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਪਰ ਪੱਲੇ ਸਿਰਫ ਚਾਰ ਹੀ ਪਈਆਂ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਬਾਹਰਲੇ ਸੂਬਿਆਂ ਵਿਚ ਸਿੱਖ ਮੁੱਦਿਆਂ ’ਤੇ ਸਿਆਸਤ ਕਰਨਾ ਚਾਹੁੰਦਾ ਹੈ ਪਰ ਪੰਜਾਬ ਵਿਚਲੇ ਹਾਲਾਤ ਨੂੰ ਵੇਖਦਿਆਂ ਦਿੱਲੀ ਜਾਂ ਹੋਰ ਸੂਬਿਆਂ ਦੇ ਸਿੱਖ ਦਲ ਦੀਆਂ ਨੀਤੀਆਂ ’ਤੇ ਭਰੋਸਾ ਕਰਨ ਲਈ ਤਿਆਰ ਨਹੀਂ ਹਨ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਵੱਲੋਂ ਨਵੰਬਰ ਚੁਰਾਸੀ ਦਾ ਮੁੱਦਾ ਉਭਾਰਿਆ ਜਾ ਰਿਹਾ ਹੈ ਪਰ ਸਿੱਖ ਕਤਲੇਆਮ ਦੇ ਪੀੜਤ ਅਕਾਲੀਆਂ ਤੋਂ ਵੀ ਖਫਾ ਹਨ। ਅਕਾਲੀ ਦਲ ਅੱਗੇ ਸਵਾਲ ਹੈ ਕਿ ਉਨ੍ਹਾਂ ਨੇ ਹੁਣ ਤੱਕ ਪੀੜਤਾਂ ਦੇ ਜ਼ਖ਼ਮਾਂ ’ਤੇ ਮੱਲ੍ਹਮ ਕਿਉਂ ਨਾ ਲਾਈ? ਭਾਜਪਾ ਇਹ ਨਹੀਂ ਚਾਹੁੰਦੀ ਕਿ ਅਕਾਲੀ ਦਲ ਹੋਰ ਸੂਬਿਆਂ ਵਿਚ ਆਪਣੇ ਪੈਰ ਪਸਾਰੇ। ਇਸੇ ਲਈ ਹੀ ਭਾਜਪਾ ਖੁਦ ਵੱਧ ਤੋਂ ਵੱਧ ਸਿੱਖ ਅਤੇ ਪੰਜਾਬੀ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰ ਰਹੀ ਹੈ। ਰਾਜਸਥਾਨ ਦਾ ਜ਼ਿਲ੍ਹਾ ਸ੍ਰੀ ਗੰਗਾਨਗਰ ਇਸ ਦੀ ਵੱਡੀ ਮਿਸਾਲ ਹੈ ਜਿੱਥੇ ਭਾਜਪਾ ਨੇ 50


(ਬਾਕੀ ਸਫਾ 6 ‘ਤੇ)




*ਦਿੱਲੀ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਰਹੇ ਅਕਾਲੀ ਆਗੂ।*

## ਜਿੱਤਣ ਲਈ ਚੁਣਿਆ ‘ਕਮਲ ਦਾ ਫੁੱਲ’: ਰਾਮੂਵਾਲੀਆ

ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਇੰਚਾਰਜ ਬਲਵੰਤ ਸਿੰਘ ਰਾਮੂਵਾਲੀਆ ਦਾ ਕਹਿਣਾ ਹੈ ਕਿ ਦੋ ਆਗੂਆਂ ਨੂੰ ਭਾਜਪਾ ਦੀ ਟਿਕਟ ’ਤੇ ਚੋਣ ਲੜਾਉਣ ਦਾ ਫੈਸਲਾ ਵੱਧ ਤੋਂ ਵੱਧ ਜਿੱਤਾਂ ਯਕੀਨੀ ਬਣਾਉਣ ਲਈ ਕੀਤਾ ਗਿਆ ਸੀ। ਅਕਾਲੀ ਦਲ ਚੋਣਾਂ ਵਿਚ ਜਿਹੜੇ ਮੁੱਦੇ ਉਠਾਵੇਗਾ, ਉਨ੍ਹਾਂ ਵਿਚ ਪੰਜਾਬੀ ਭਾਸ਼ਾ ਨੂੰ ਬਰਾਬਰ ਹੱਕ ਦੇਣਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕੌਮੀ ਰਾਜਧਾਨੀ ਵਿਚ ਪੰਜਾਬੀ ਨਾਲ 'ਮਤਰੇਈ ਮਾਂ' ਵਾਲਾ ਸਲੂਕ ਹੋ ਰਿਹਾ ਹੈ। ਜੇ ਚੋਣਾਂ ਵਿਚ ਭਾਜਪਾ-ਅਕਾਲੀ ਗੱਠਜੋੜ ਸੱਤਾ ਵਿਚ ਆਉਂਦਾ ਹੈ ਤਾਂ ਦਲ ਵੱਲੋਂ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ’ਤੇ ਜ਼ੋਰ ਦਿੱਤਾ ਜਾਵੇਗਾ ਤੇ ਨਾਲ ਹੀ ਹੋਰ ਮੁੱਦੇ ਜਿਵੇਂ ਘੱਟ-ਗਿਣਤੀਆਂ ਲਈ ਭਲਾਈ ਸਕੀਮਾਂ ਤੇ ਅਮਨ ਕਾਨੂੰਨ ਦੀ ਹਾਲਤ ਸੁਧਾਰਨ ਲਈ ਵੀ ਕੰਮ ਕੀਤਾ ਜਾਵੇਗਾ। ਦਲ ਦੇ ਆਗੂ ਨਰੇਸ਼ ਗੁਜਰਾਲ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਲੀ ਵਿਚ ਸਾਫ ਸੁਥਰੇ ਅਕਸ ਵਾਲੇ ਪੜ੍ਹੇ-ਲਿਖੇ ਨੌਜਵਾਨ ਆਗੂਆਂ ਨੂੰ ਅੱਗੇ ਲਿਆਉਣ ਦਾ ਫੈਸਲਾ ਕੀਤਾ ਸੀ ਤਹਿਤ ਇਨ੍ਹਾਂ ਚਾਰਾਂ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ।

# ਅਕਾਲੀਆਂ ਨੇ ਲੋਕ ਸਭਾ ਟਿਕਟਾਂ ਲਈ ਸ਼ੂਟ ਵੱਟੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿਚ ਸਿਆਸੀ ਮਾਹੌਲ ਭਖਣ ਲੱਗਾ ਹੈ ਤੇ ਸੱਤਾਧਾਰੀ ਅਕਾਲੀ ਦਲ ਵਿਚ ਟਿਕਟਾਂ ਲਈ ਦੌੜ ਸ਼ੁਰੂ ਹੋ ਗਈ ਹੈ। ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਜਿੱਥੇ ਨਵੀਆਂ ਲੋਕ ਲਭਾਊ ਸਕੀਮਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਉਥੇ ਟਿਕਟਾਂ ਦੇ ਚਾਹਵਾਨਾਂ ਦੀ ਸਰਗਰਮੀ ਵੀ ਵਧ ਗਈ ਹੈ। ਉਧਰ, ਧੜੇਬੰਦੀ ਦਾ ਸ਼ਿਕਾਰ ਕਾਂਗਰਸ ਇਸ ਵਾਰ ਵੀ ਅਕਾਲੀ-ਭਾਜਪਾ ਸਰਕਾਰ ਨੂੰ ਵਿਧਾਨ ਸਭਾ ਤੇ ਜਨਤਾ ਦੀ ਅਦਾਲਤ ਵਿਚ ਘੇਰਨ ਵਿਚ ਨਾਕਾਮ ਰਹੀ ਹੈ। ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਦੇ ਅਜੇ ਵੀ ਸਿੰਗ ਫਸੇ ਹੋਏ ਹਨ ਤੇ ਇਸ ਪਾਟੋਧਾੜ ਦਾ ਖਮਿਆਜ਼ਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਭੁਗਤਣਾ ਪੈ ਸਕਦਾ ਹੈ।

ਦੂਜੇ ਪਾਸੇ ਪਿਛਲੇ ਸਮੇਂ ਦੌਰਾਨ ਹਰ ਮੁਹਾਜ਼ ’ਤੇ ਫਤਿਹ ਹਾਸਲ ਕਰਨ ਤੋਂ ਅਕਾਲੀ-ਭਾਜਪਾ ਗੱਠਜੋੜ ਦੇ ਹੌਸਲੇ ਬੁਲੰਦ ਹਨ ਪਰ ਸੱਤਾ ਧਿਰ ਵਿਚ ਸਭ ਕੁਝ ਅੱਛਾ ਨਹੀਂ ਹੈ। ਅਕਾਲੀ ਦਲ ਤੇ ਭਾਜਪਾ ਵਿਚਾਲੇ ਖਿੱਚੋਤਾਣ ਜਾਰੀ ਹੈ ਤੇ ਇਸ ਤੋਂ ਇਲਾਵਾ ਅਕਾਲੀ ਦਲ ਦੇ ਹੇਠਲੇ ਪੱਧਰ ’ਤੇ ਵੀ ਧੜੇਬੰਦੀ ਭਾਰੂ ਹੈ ਜਿਸ ਦਾ ਮੁਜ਼ਾਹਰਾ ਟਿਕਟਾਂ ਲਈ ਸ਼ੁਰੂ ਹੋਈ ਦੌੜ ਤੋਂ ਹੋਣ ਲੱਗਾ ਹੈ। ਸੂਤਰਾਂ ਅਨੁਸਾਰ ਸੂਬੇ ਦੀਆਂ 13 ਲੋਕ ਸਭਾ ਸੀਟਾਂ ਲਈ ਰਾਜਸੀ ਪਾਰਟੀਆਂ ਵੱਲੋਂ ਉਮੀਦਵਾਰਾਂ ਬਾਰੇ ਜੋੜ-ਤੋੜ ਤੇਜ਼ ਹੋ ਗਏ ਹਨ।

ਅਕਾਲੀ ਦਲ ਵੱਲੋਂ ਇਸ ਵਾਰ ਨਵੇਂ ਉਮੀਦਵਾਰ ਲਿਆਂਦੇ ਜਾਣ ਦੀ ਚਰਚਾ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਦਲ


(ਬਾਕੀ ਸਫਾ 6 ‘ਤੇ)



**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ ’ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com
605 Standiford Ave, Ste D - Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਕ੍ਰਾਂਤੀਕਾਰੀ ਵਿਧੀ ਈਜਾਦ

**ਮੈਲਬਰਨ:** ਸਾਇੰਸਦਾਨਾਂ ਨੇ ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਇੱਕ ਨਵੀਂ ਕ੍ਰਾਂਤੀਕਾਰੀ ਵਿਧੀ ਵਿਕਸਤ ਕੀਤੀ ਹੈ ਜੋ ਹਾਈਪਰਟੈਂਸ਼ਨ ਤੋਂ ਪੀੜਤ ਲੱਖਾਂ ਲੋਕਾਂ ਲਈ ਫਾਇਦੇਮੰਦ ਸਾਬਤ ਹੋ ਸਕਦੀ ਹੈ। ਮੋਨਾਸ਼ ਯੂਨੀਵਰਸਿਟੀ ਦੀ ਅਗਵਾਈ ਹੇਠ ਤਿੰਨ ਸਾਲ ਚੱਲੇ ਕਲੀਨਿਕਲ ਟ੍ਰਾਇਲ ਦੇ ਅੰਤਮ ਨਤੀਜਿਆਂ ਬਲੱਡ ਪ੍ਰੈਸ਼ਰ ਦੇ ਇਲਾਜ ਦੀ ਨਵੀਂ ਵਿਧੀ ਦਾ ਅਧਿਐਨ ਕੀਤਾ ਗਿਆ।

ਆਸਟਰੇਲੀਆ ਅਤੇ ਯੂਰਪ ਵਿਚ ਕੀਤੇ ਗਏ ਇਸ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਮਰੀਜ਼ਾਂ ਦੇ ਉਸ ਗਰੁੱਪ ਜਿਸ 'ਤੇ ਹਾਈਪਰਟੈਂਸ਼ਨ ਦੀ ਇਲਾਜ ਵਿਧੀ ਦਾ ਕੋਈ ਅਸਰ ਨਹੀਂ ਹੁੰਦਾ ਸੀ, ਉਨ੍ਹਾਂ ਦਾ ਬਲੱਡ ਪ੍ਰੈਸ਼ਰ ਤਿੰਨ ਸਾਲਾਂ ਤਕ ਘੱਟ ਰੱਖਣ ਦੇ ਫਾਇਦੇ ਦੇਖਣ ਨੂੰ ਮਿਲੇ। ਇਸ ਨਵੀਂ ਤਕਨੀਕ ਤਹਿਤ ਗੁਰਦਿਆਂ ਦੇ ਦੁਆਲੇ ਧਮਣੀਆਂ 'ਚ ਰੋਕਾਂ ਪਾਈਆਂ ਜਾਂਦੀਆਂ ਹਨ ਜੋ ਦਿਮਾਗ ਅਤੇ ਗੁਰਦਿਆਂ ਨੂੰ ਬਲੱਡ ਪ੍ਰੈਸ਼ਰ ਵਧਾਉਣ ਦੇ ਸੰਕੇਤ ਭੇਜਦੀਆਂ ਹਨ।

ਇਸ ਵਿਧੀ ਨਾਲ ਸੁਰੱਖਿਆ ਦੇ ਕੋਈ ਵੱਡੇ ਜਾਂ ਲੰਮਚਿਰੀ ਮੁੱਦੇ ਜੁੜੇ ਨਹੀਂ ਹੁੰਦੇ। ਰੋਕਾਂ ਪੈਦਾ ਕਰਨ ਦੀ ਇਹ ਵਿਧੀ ਸਰੀਰ ਦੇ ਥੋੜ੍ਹੇ ਜਿਹੇ ਹਿੱਸੇ ਨੂੰ ਸੁੰਨ ਕਰਕੇ ਕੀਤੀ ਜਾਂਦੀ ਹੈ। ਕੈਥੀਟਰ ਰਾਹੀਂ ਸਬੰਧਤ ਧਮਣੀ ਵਿਚ ਇਹ ਪਹੁੰਚਾ ਦਿੱਤੀ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਮਲ ਧਮਣੀ ਸੁੰਨ ਹੋ ਜਾਂਦੀ ਹੈ ਜੋ ਗੁਰਦਿਆਂ ਨੂੰ ਖ਼ੂਨ ਸਪਲਾਈ ਕਰਦੀ ਹੈ।

ਖੋਜਕਾਰਾਂ ਦਾ ਕਹਿਣਾ ਹੈ ਕਿ ਵਿਸ਼ਵ ਸਿਹਤ ਸੰਗਠਨ ਦੇ ਅਨੁਮਾਨ ਅਨੁਸਾਰ ਦੁਨੀਆਂ ਭਰ ਵਿਚ 25 ਸਾਲ ਤੋਂ ਉਪਰ ਦੇ ਬਾਲਗਾਂ 'ਚੋਂ ਲਗਪਗ 40 ਫੀਸਦ ਲੋਕ ਹਾਈਪਰਟੈਂਸ਼ਨ ਤੋਂ ਪੀੜਤ ਹਨ ਅਤੇ ਇਸ ਕਰਕੇ ਸਾਲ 'ਚ 75 ਲੱਖ ਮੌਤਾਂ ਹੁੰਦੀਆਂ ਹਨ।




# ਸਿੱਖ ਚੇਤਨਾ 5 ਕੇ ਵਾਕ 16 ਨਵੰਬਰ ਨੂੰ

**ਸੈਨ ਹੋਜ਼ੇ (ਬਿਊਰੋ):** ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਅਤੇ ਕੈਲੀਫੋਰਨੀਆ ਵਿਚ ਮਨਾਏ ਜਾ ਰਹੇ ਸਿੱਖ ਚੇਤਨਾ ਮਹੀਨੇ ਦੇ ਸਿਲਸਿਲੇ ਵਿਚ ਗੁਰਦੁਆਰਾ ਸੈਨ ਹੋਜ਼ੇ ਵਲੋਂ ਇਕ 5 ਕੇ ਵਾਕ ਆਉਂਦੇ ਸਨਿਚਰਵਾਰ 16 ਨਵੰਬਰ ਨੂੰ ਕਰਵਾਈ ਜਾ ਰਹੀ ਹੈ। ਵਾਕ ਲਈ ਰਜਿਸਟਰੇਸ਼ਨ ਅਤੇ ਹਾਜ਼ਰੀ ਸਵੇਰੇ 9 ਤੋਂ 10 ਵਜੇ ਤੱਕ ਹੋਵੇਗੀ ਅਤੇ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ 10:25 'ਤੇ ਵੰਡਣ ਉਪਰੰਤ ਵਾਕ 10:30 ਵਜੇ ਸ਼ੁਰੂ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਦੇ ਇਕ ਮੈਂਬਰ ਸੁਖਦੇਵ ਸਿੰਘ ਬੈਣੀਵਾਲ ਨੇ ਦੱਸਿਆ ਕਿ ਇਸ ਵਾਕ ਵਿਚ ਹਿੱਸਾ ਲੈਣ ਲਈ ਰਜਿਸਟਰੇਸ਼ਨ ਫੀਸ 10 ਡਾਲਰ ਹੈ ਅਤੇ ਹਿੱਸਾ ਲੈਣ ਵਾਲੇ ਹਰ ਸ਼ਖਸ ਨੂੰ ਇਕ ਟੀ-ਸ਼ਰਟ ਮੁਫਤ ਦਿੱਤੀ ਜਾਵੇਗੀ।

ਇਸ ਦੌੜ ਰਾਹੀਂ ਇਕੱਤਰ ਹੋਇਆ ਪੈਸਾ ਇਲਾਕੇ 'ਚ ਬੇਘਰੇ ਲੋਕਾਂ ਨੂੰ ਛੱਤ ਦਾ ਆਸਰਾ ਦੇਣ ਲਈ ਖਰਚਿਆ ਜਾਵੇਗਾ। ਉਨ੍ਹਾਂ ਦੌੜ ਵਿਚ ਹਿੱਸਾ ਲੈਣ ਲਈ ਵੈੱਬ ਸਾਈਟ www.thesikhgurdwarasj.org 'ਤੇ ਤੁਰਤ ਰਜਿਸਟਰੇਸ਼ਨ ਕਰਵਾਉਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਫੋਨ 408-421-9463 ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

# ਕਬਰ 'ਚੋਂ ਜ਼ਿੰਦਾ ਨਿਕਲਿਆ ਬਰਾਜ਼ੀਲੀ

**ਲੰਡਨ:** ਬਰਾਜ਼ੀਲ ਦਾ ਇਕ ਵਿਅਕਤੀ ਮੌਤ ਨੂੰ ਧੋਖਾ ਦੇ ਕੇ ਕਬਰ 'ਚੋਂ ਜ਼ਿੰਦਾ ਬਾਹਰ ਨਿਕਲ ਆਇਆ। ਮਿਰਰ ਦੀ ਰਿਪੋਰਟ ਅਨੁਸਾਰ ਸਾਓ ਪਾਓਲੋ ਵਿਖੇ ਕਬਰਸਿਤਾਨ ਵੱਲ ਜਾ ਰਹੀ ਇਕ ਔਰਤ ਨੇ ਜ਼ਮੀਨ ਵਿਚੋਂ ਕੁਝ ਆਵਾਜ਼ ਸੁਣੀ ਅਤੇ ਇਕ ਕਬਰ ਵਿਚ ਹਿਲਜੁਲ ਦੇਖੀ।

ਸਹਿਮੀ ਹੋਈ ਔਰਤ ਨੇ ਦੇਖਿਆ ਕਿ ਕੋਈ ਵਿਅਕਤੀ ਕਬਰ 'ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਵੱਲੋਂ ਰੌਲਾ ਪਾਉਣ 'ਤੇ ਵਿਅਕਤੀ ਨੂੰ ਕਬਰ 'ਚੋਂ ਕੱਢਿਆ ਗਿਆ।

ਰਿਪੋਰਟ ਅਨੁਸਾਰ ਇਹ ਵਿਅਕਤੀ ਸਿਟੀ ਹਾਲ ਦਾ ਸਾਬਕਾ ਮੁਲਾਜ਼ਮ ਹੈ, ਜਿਸ ਨੂੰ ਕੁਝ ਵਿਅਕਤੀਆਂ ਨੇ ਲੜਾਈ ਦੌਰਾਨ ਕੁੱਟਮਾਰ ਕਰਕੇ ਜ਼ਮੀਨ ਵਿਚ ਦੱਬ ਦਿੱਤਾ ਸੀ।

# ਦਿਲ ਦੀਆਂ ਦੱਸੇਗੀ ਨਵੀਂ ਕਾਰ

ਟੋਕੀਓ: ਜਾਪਾਨ ਦੇ ਵਿਗਿਆਨੀ ਅਜਿਹੀ ਕਾਰ ਦੀ ਖੋਜ ਕਰ ਰਹੇ ਹਨ ਜੋ ਉਸ ਦੇ ਡਰਾਈਵਰ ਨੂੰ ਹਾਰਟ ਅਟੈਕ ਆਉਣ ਤੋਂ ਪਹਿਲਾਂ ਦੀ ਸੁਚੇਤ ਕਰ ਦੇਵੇਗੀ। ਇਹੀ ਨਹੀਂ ਇਹ ਕਾਰ ਡਰਾਈਵਰ ਨੂੰ ਇਸ ਸਬੰਧੀ ਹੋਣ ਵਾਲੀ ਪੀੜ ਦੀ ਪੇਸ਼ੀਨਗੋਈ ਵੀ ਕਰੇਗੀ।

ਇਸ ਕਾਰ 'ਚ ਦੋ ਹਿਰਦੇਲੇਖੀ ਪੋਲ ਹੋਣਗੇ ਅਤੇ ਕਾਰ ਦੇ ਸਟੇਅਰਿੰਗ 'ਚ ਲੱਗੇ ਸੈਂਸਰ ਡਰਾਈਵਰ ਦੀਆਂ ਖ਼ੂਨ ਕੋਸ਼ਿਕਾਵਾਂ ਦਾ ਨਿਰੀਖਣ ਕਰਨਗੇ ਜਦੋਂ ਹਿਰਦੇ ਤੋਂ ਖ਼ੂਨ ਦਾ ਵਹਾਅ ਹੋਵੇਗਾ। ਇਸ ਪ੍ਰਾਜੈਕਟ ਦੀ ਤਜਵੀਜ਼ ਰੱਖਣ ਵਾਲੇ ਨੀਪੋ ਮੈਡੀਕਲ ਸਕੂਲ ਦੇ ਪ੍ਰੋਫੈਸਰ ਟਕਾਓ ਕਾਟੋ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਨੂੰ ਤਿਆਰ ਕਰਨ ਦਾ ਉਨ੍ਹਾਂ ਦਾ ਮਦਸਦ ਲਗਾਤਾਰ ਹੋ ਰਹੇ ਹਾਦਸਿਆਂ ਦੀ ਗਿਣਤੀ ਨੂੰ ਘਟਾਉਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਡਰਾਈਵਰ ਸਟੇਅਰਿੰਗ ਨੂੰ ਫੜੇਗਾ ਤਾਂ ਉਸ ਦੀਆਂ ਖ਼ੂਨ ਕੋਸ਼ਿਕਾਵਾਂ ਅਤੇ ਨਬਜ਼ ਦੀ ਗਤੀਵਿਧੀ ਰਿਕਾਰਡ ਹੋਣੀ ਸ਼ੁਰੂ ਹੋ ਜਾਵੇਗੀ। ਇਸ ਰਿਕਾਰਡ ਹੋਈ ਡਾਟੇ ਰਾਹੀਂ ਕਾਰ ਵਿਚ ਲੱਗੇ ਸੈਂਸਰ ਡਰਾਈਵਰ ਨੂੰ ਕਿਸੇ ਅਗਾਊਂ ਖਤਰੇ ਤੋਂ ਪਹਿਲਾਂ ਦੀ ਸਾਈਰਨ ਰਾਹੀਂ ਸੰਦੇਸ਼ ਦੇਣਗੇ। ਸਮੱਸਿਆ ਹੋਰ ਵਧਣ 'ਤੇ ਕਾਰ ਦਾ ਨੈਵੀਗੇਸ਼ਨ ਸਿਸਟਮ ਡਰਾਈਵਰ ਨੂੰ ਸੁਚੇਤ ਕਰੇਗਾ ਕਿ ਉਹ ਆਪਣੀ ਕਾਰ ਸਾਈਡ 'ਤੇ ਰੋਕ ਲਵੇ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਵੀਂ ਖੋਜ ਨਾਲ ਹਾਰਟ ਅਟੈਕ ਨਾਲ ਹੋਣ ਵਾਲੇ ਹਾਦਸਿਆਂ ਦੀ ਗਿਣਤੀ 'ਚ ਕਮੀ ਆਵੇਗੀ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*



*Contact:*
Dr. Baljit Jammu
*Doctor of Chiropractic*
Ph: 510-940-8236
1090 La Palya Dr.,
Hayward CA 94545

Soft Touch Dental Practice
A reason to smile . . .
Call us Today! (510) 952-9395





State of the art Dental Facility in your neighborhood.

General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients

$69.99
Cleaning Exam X-Rays

www.soft touch dental practice.com

ਅਸੀਂ ਮੁਸਕਰਾਹਟਾਂ ਵੰਡਦੇ ਹਾਂ

Special Rates For New Patients.

ਡਾ. ਅੰਮ੍ਰਿਤਪਾਲ ਕੌਰ

Call us Today (510) 952-9395
email: amrit@drakaur.com

People Like Us On Yelp!
facebook.com/
softtouchdentalpractice
Parking in the back.

2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.



ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ | ਹੈਪੀ ਹੀਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਥਿਆੜਾ | ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਅਯੁਧਿਆ ਸਲਵਾਨ

**ਪਿਛਲੇ 13 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ**

## ਸਾਡੇ ਕਾਲਮਨਵੀਸ



ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਸੁਰਜੀਤ ਕੌਰ | ਬਲਜੀਤ ਬਾਸੀ | ਜਤਿੰਦਰ ਪਨੂੰ | ਦਲਜੀਤ ਅਮੀ | ਜਤਿੰਦਰ ਮੌਹਰ | ਕੁਲਵੰਤ ਸਿੰਘ ਰੋਮਾਣਾ | ਮੇਜਰ ਕੁਲਾਰ | ਇਕਬਾਲ ਜੱਬੋਵਾਲ

**ਪੰਜਾਬ ਟਾਈਮਜ਼ ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*

# ਹਰਿਮੰਦਰ ਸਾਹਿਬ 'ਚ ਹੋਵੇਗੀ ਆਧੁਨਿਕ ਲਾਈਟਿੰਗ ਪ੍ਰਣਾਲੀ

## 20 ਕਰੋੜ ਰੁਪਏ ਆਇਗਾ ਖਰਚਾ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰ ਦ੍ਰਿਸ਼ ਨੂੰ ਹੋਰ ਮਨਮੋਹਕ ਬਣਾਉਣ ਲਈ ਹੁਣ ਇਥੇ ਤਕਰੀਬਨ 20 ਕਰੋੜ ਰੁਪਏ ਦੀ ਲਾਗਤ ਨਾਲ ਅਤਿ ਆਧੁਨਿਕ ਲਾਈਟ ਪ੍ਰਣਾਲੀ ਸਥਾਪਤ ਕੀਤੀ ਜਾਵੇਗੀ ਜੋ ਵੱਖ-ਵੱਖ ਮੌਕਿਆਂ ਮੁਤਾਬਕ ਰੰਗ ਬਦਲ ਕੇ ਆਪਣਾ ਵਿਸ਼ੇਸ਼ ਪ੍ਰਭਾਵ ਦੇਵੇਗੀ। ਅਜਿਹੀ ਆਧੁਨਿਕ ਲਾਈਟ ਪ੍ਰਣਾਲੀ ਏਸ਼ੀਆਈ ਮੁਲਕਾਂ ਵਿਚ ਬਹੁਤ ਘੱਟ ਥਾਵਾਂ 'ਤੇ ਵਰਤੀ ਗਈ ਹੈ। ਇਹ ਅਤਿ ਆਧੁਨਿਕ ਲਾਈਟਾਂ ਵਿਦੇਸ਼ ਤੋਂ ਮੰਗਵਾਈਆਂ ਜਾਣਗੀਆਂ ਜਿਨ੍ਹਾਂ ਨੂੰ ਕੰਪਿਊਟਰ ਪ੍ਰੋਗਰਾਮ ਰਾਹੀਂ ਸੰਚਾਲਤ ਕੀਤਾ ਜਾਵੇਗਾ। ਇਹ ਲਾਈਟਾਂ ਵਿਸ਼ੇਸ਼ ਮੌਕਿਆਂ ਗੁਰਪੁਰਬਾਂ 'ਤੇ ਵੱਖ-ਵੱਖ ਰੰਗਾਂ ਦੇ ਪ੍ਰਭਾਵ ਦੇਣਗੀਆਂ। ਇਨ੍ਹਾਂ ਦੀ ਸਥਾਪਨਾ ਨਾਲ ਇਥੇ ਬਿਜਲੀ ਦੇ ਬਲਬਾਂ ਦੀਆਂ ਲੜੀਆਂ ਲਾ ਕੇ ਦੀਪ ਮਾਲਾ ਕਰਨ ਦਾ ਰੁਝਾਨ ਵੀ ਖ਼ਤਮ ਹੋ ਜਾਵੇਗਾ।

ਇਹ ਨਵੀਆਂ ਲਾਈਟਾਂ ਲਾਉਣ ਦੇ ਕੰਮ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਅਜਿਹੀਆਂ ਲਾਈਟਾਂ ਇਸ ਵੇਲੇ ਦੁਬਈ ਵਿਚ ਸਥਾਪਤ ਹਨ ਜਿਨ੍ਹਾਂ ਨੂੰ ਹੁਣ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ 20 ਕਰੋੜ ਰੁਪਏ ਦੀ ਇਸ ਯੋਜਨਾ ਨੂੰ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ ਤੇ ਇਸ ਬਾਰੇ ਮਾਹਿਰ ਕੰਪਨੀ ਵੱਲੋਂ ਸਰਵੇਖਣ ਵੀ ਮੁਕੰਮਲ ਕੀਤਾ ਜਾ ਚੁੱਕਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਹ ਆਧੁਨਿਕ ਲਾਈਟਾਂ ਸੱਚਖੰਡ ਦੇ ਅੰਦਰ ਤੇ ਬਾਹਰ, ਦਰਸ਼ਨੀ ਡਿਉਢੀ, ਪਰਿਕਰਮਾ, ਵਰਾਂਡੇ, ਸਰੋਵਰ ਦੇ ਅੰਦਰ ਤੇ ਬਾਹਰ, ਚਾਰੇ ਮੁੱਖ ਪ੍ਰਵੇਸ਼ ਦੁਆਰ, ਸ੍ਰੀ ਅਕਾਲ ਤਖ਼ਤ, ਰਾਮਗੜ੍ਹੀਆ ਬੁੰਗੇ, ਸਰਾਵਾਂ, ਗੁਰਦੁਆਰਾ ਬਾਬਾ ਅਟੱਲ ਰਾਏ ਤੇ ਘੰਟਾ ਘਰ ਵਾਲੇ ਪਾਸੇ ਬਣ ਰਿਹਾ ਮੁੱਖ ਪ੍ਰਵੇਸ਼ ਦੁਆਰ ਪਲਾਜ਼ਾ ਤੇ ਹੋਰ ਥਾਵਾਂ 'ਤੇ ਸਥਾਪਤ ਹੋਣਗੀਆਂ। ਇਹ ਕੰਮ ਦੋ ਪੜਾਵਾਂ ਵਿਚ ਮੁਕੰਮਲ ਹੋਵੇਗਾ।

ਸਲਾਹਕਾਰ ਕੰਪਨੀ ਦੇ ਮਾਹਰ ਸਰਵਦੀਪ ਬਸੂਰ ਮੁਤਾਬਕ ਇਨ੍ਹਾਂ ਅਤਿ ਆਧੁਨਿਕ ਲਾਈਟਾਂ ਦਾ ਪ੍ਰਭਾਵ ਸ਼ਾਂਤ ਤੇ ਠੰਡਕ ਵਾਲਾ ਹੋਵੇਗਾ ਜਦੋਂਕਿ ਮੌਜੂਦਾ ਲਾਇਟ ਪ੍ਰਣਾਲੀ ਦੇ ਤਾਪ ਕਾਰਨ ਸੋਨੇ ਤੇ ਪੱਥਰ 'ਤੇ ਮਾੜਾ ਅਸਰ ਪੈ ਰਿਹਾ ਹੈ। ਇਹ ਲਾਈਟ ਪ੍ਰਣਾਲੀ ਲੁਕਵੇਂ ਰੂਪ ਵਿਚ ਸਥਾਪਤ ਹੋਵੇਗੀ ਤੇ ਦਿਨ ਸਮੇਂ ਕੋਈ ਬਲਬ ਜਾਂ ਤਾਰ ਆਦਿ ਦਿਖਾਈ ਨਹੀਂ ਦੇਵੇਗਾ। ਕੁਝ ਲਾਈਟਾਂ ਸਰੋਵਰ ਅੰਦਰ ਤੇ ਕੁਝ ਬਾਹਰ ਹੋਣਗੀਆਂ।

ਸਰੋਵਰ ਅੰਦਰ ਸਥਾਪਤ ਹੋਣ ਵਾਲੀਆਂ ਲਾਈਟਾਂ ਸੱਚਖੰਡ ਦੀ ਇਮਾਰਤ 'ਤੇ ਵਿਸ਼ੇਸ਼ ਪਾਣੀ ਵਾਲਾ ਪ੍ਰਭਾਵ ਦੇਣਗੀਆਂ। ਪਹਿਲਾ ਪੜਾਅ 15 ਦਸੰਬਰ ਤੋਂ ਸ਼ੁਰੂ ਕਰਨ ਦੀ ਯੋਜਨਾ ਹੈ ਜੋ 15 ਮਾਰਚ ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਬਾਅਦ ਅਗਲੇ ਕੁਝ ਦਿਨਾਂ ਵਿਚ ਕੰਪਿਊਟਰ ਪ੍ਰੋਗਰਾਮ ਰਾਹੀਂ ਇਨ੍ਹਾਂ ਲਾਇਟਾਂ ਦੇ ਵੱਖ-ਵੱਖ ਪ੍ਰਭਾਵਾਂ ਦੇ ਤਜ਼ਰਬੇ ਕੀਤੇ ਜਾਣਗੇ ਤੇ ਅਪਰੈਲ ਮਹੀਨੇ ਵਿਚ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਦੇ ਮੌਕੇ ਇਨ੍ਹਾਂ ਦੀ ਸ਼ੁਰੂਆਤ ਹੋਵੇਗੀ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾਂ ਗੁਰਬਾਣੀ ਦੀਆਂ ਧੁੰਨਾਂ ਵਿਚ ਵਧੇਰੇ ਸਪੱਸ਼ਟਤਾ ਲਿਆਉਣ ਲਈ ਅਤਿ ਆਧੁਨਿਕ ਸਪੀਕਰ, ਮਾਈਕ ਤੇ ਹੋਰ ਸਾਜ਼ੋ ਸਾਮਾਨ ਕਰੋੜਾਂ ਰੁਪਏ ਦੀ ਲਾਗਤ ਨਾਲ ਬਦਲਿਆ ਗਿਆ ਹੈ। ਇਸ ਤੋਂ ਬਾਅਦ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਤੇ ਨਿਗਰਾਨੀ ਰੱਖਣ ਲਈ ਕਰੋੜਾਂ ਰੁਪਏ ਦੀ ਲਾਗਤ ਨਾਲ ਸੀ.ਸੀ.ਟੀ.ਵੀ ਕੈਮਰੇ ਤੇ ਜੈਮਰ ਆਦਿ ਸਥਾਪਤ ਕੀਤੇ ਗਏ ਹਨ ਤੇ ਹੁਣ 20 ਕਰੋੜ ਰੁਪਏ ਦੀ ਲਾਗਤ ਨਾਲ ਸਮੁੱਚੀ ਲਾਈਟ ਪ੍ਰਣਾਲੀ ਨੂੰ ਬਦਲਿਆ ਜਾ ਰਿਹਾ ਹੈ।

## ਦਰਬਾਰ ਸਾਹਿਬ ਵਿਚ ਵੀ ਲੱਗਣਗੇ ਕੈਮਰੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਦਰਬਾਰ ਸਾਹਿਬ ਵਿਖੇ ਵੀ ਸੀ.ਸੀ.ਟੀ.ਵੀ ਕੈਮਰੇ ਲਾਏ ਜਾ ਰਹੇ ਹਨ। ਨਵੇਂ ਕੈਮਰੇ ਤੇ ਹੋਰ ਸਾਜੋ ਸਾਮਾਨ ਅਮਰੀਕਾ ਤੋਂ ਮੰਗਵਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਹ ਕੈਮਰੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ, ਸ਼੍ਰੋਮਣੀ ਕਮੇਟੀ, ਸ੍ਰੀ ਗੁਰੂ ਰਾਮ ਦਾਸ ਲੰਗਰ ਹਾਲ, ਸੂਚਨਾ ਕੇਂਦਰ, ਦਰਸ਼ਨੀ ਡਿਊੜੀ, ਮੁੱਖ ਦੁਆਰ, ਦੁੱਖ ਭੰਜਨੀ ਬੇਰੀ, ਕੜਾਹ ਪ੍ਰਸ਼ਾਦਿ ਤੇ ਹੋਰ ਵੱਖ-ਵੱਖ ਅਹਿਮ ਥਾਵਾਂ 'ਤੇ ਲਾਏ ਜਾ ਚੁੱਕੇ ਹਨ।

ਇਨ੍ਹਾਂ ਕੈਮਰਿਆਂ ਦੀ ਮਦਦ ਨਾਲ ਵੱਡੀ ਗਿਣਤੀ ਵਿਚ ਜੇਬ ਤਰਾਸ਼ਾਂ ਨੂੰ ਕਾਬੂ ਕਰਕੇ ਉਨ੍ਹਾਂ ਤੋਂ ਮੋਟੀ ਰਕਮ ਬਰਾਮਦ ਕੀਤੀ ਜਾ ਚੁੱਕੀ ਹੈ। ਇਸ ਤੋਂ ਛੁੱਟ ਇਕ ਬੱਚੇ ਨੂੰ ਅਗਵਾ ਕਰਨ ਵਾਲੇ ਦੋਸ਼ੀ ਵੀ ਪੁਲਿਸ ਨੇ ਕੈਮਰਿਆਂ ਦੀ ਮਦਦ ਨਾਲ ਕਾਬੂ ਕਰਕੇ ਬੱਚਾ ਵਾਰਸਾਂ ਹਵਾਲੇ ਕੀਤਾ ਸੀ। ਤਿੰਨ ਸਾਲ ਪਹਿਲਾਂ ਲਾਏ ਗਏ ਕੈਮਰਿਆਂ ਨਾਲ ਚੋਰੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਈ ਹੈ ਤੇ ਹੁਣ ਸੀ.ਸੀ.ਟੀ.ਵੀ ਕੈਮਰਿਆਂ ਦਾ ਘੇਰਾ ਵਿਸ਼ਾਲ ਕੀਤਾ ਜਾ ਰਿਹਾ ਹੈ।

# ਡੇਰਾ ਬਿਆਸ ਮੁਖੀ ਵੱਲੋਂ ਸੰਤ ਦਾਦੂਵਾਲ ਨਾਲ ਮੁਲਾਕਾਤ

**ਤਲਵੰਡੀ ਸਾਬੋ:** ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਇਕ ਵਾਰ ਫਿਰ ਪੰਥਕ ਸੇਵਾ ਲਹਿਰ ਦੇ ਮੁਖੀ ਤੇ ਸਿੱਖ ਪ੍ਰਚਾਰਕ





ਸੰਤ ਬਲਜੀਤ ਸਿੰਘ ਖਾਲਸਾ ਦਾਦੂਵਾਲ ਨਾਲ ਗੁਰਦੁਆਰਾ ਗ੍ਰੰਥਸਰ ਸਾਹਿਬ ਦਾਦੂ ਵਿਖੇ ਪਹੁੰਚ ਕੇ ਮੁਲਾਕਾਤ ਕੀਤੀ। ਇਸ ਮੁਲਾਕਾਤ ਨੂੰ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਡੇਰਾ ਬਿਆਸ ਮੁਖੀ ਗਰਿੰਦਰ ਸਿੰਘ ਢਿੱਲੋਂ ਅਚਾਨਕ ਸੰਤ ਦਾਦੂਵਾਲ ਦੇ ਹਰਿਆਣਾ ਵਿਚਲੇ ਹੈੱਡ ਕੁਆਰਟਰ ਗੁ: ਗ੍ਰੰਥਸਰ ਸਾਹਿਬ ਦਾਦੂ (ਸਿਰਸਾ) ਵਿਖੇ ਪਹੁੰਚੇ।

ਉਨ੍ਹਾਂ ਨੇ ਪਹਿਲਾਂ ਗੁਰਦੁਆਰਾ ਸਾਹਿਬ ਮੱਥਾ ਟੇਕਿਆ ਤੇ ਬਾਅਦ ਵਿਚ ਸੰਤ ਦਾਦੂਵਾਲ ਨਾਲ ਬੰਦ ਕਮਰਾ ਮੀਟਿੰਗ ਕੀਤੀ। ਉਕਤ ਮਿਲਣੀ ਬਾਰੇ ਜਦੋਂ ਸੰਤ ਦਾਦੂਵਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਉਕਤ ਮਿਲਣੀ ਰਸਮੀ ਸੀ ਤੇ ਇਸ ਮੀਟਿੰਗ ਵਿਚ ਸਿਰਫ਼ ਗੁਰਦੁਆਰਾ ਵੜੈਚ ਪੱਤੀ ਦੀ ਚੱਲ ਰਹੀ ਉਸਾਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਕੁਝ ਵਿਸ਼ਲੇਸ਼ਕ ਇਸ ਨੂੰ ਆਗਾਮੀ ਲੋਕ ਸਭਾ ਚੋਣਾਂ ਨਾਲ ਜੋੜ ਰਹੇ ਹਨ।

ਸੰਤ ਦਾਦੂਵਾਲ ਦੇ ਇਸੇ ਹੈੱਡਕੁਅਰਟਰ ਵਿਚ ਬੀਤੇ ਸਮੇਂ ਦੌਰਾਨ ਸੰਤ ਦਾਦੂਵਾਲ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ, ਗਗਨਦੀਪ ਸਿੰਘ ਬਰਨਾਲਾ, ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਮਨਜੀਤ ਸਿੰਘ ਕਲਕੱਤਾ ਤੋਂ ਬਿਨਾ ਕਈ ਸਿਆਸੀ ਆਗੂ ਮੁਲਾਕਾਤ ਕਰ ਚੁੱਕੇ ਹਨ ਤੇ ਉਨ੍ਹਾਂ ਦੀਆਂ ਮੁਲਾਕਾਤਾਂ ਨੂੰ ਵੀ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਗਿਆ ਸੀ। ਡੇਰਾ ਬਿਆਸ ਮੁਖੀ ਨਾਲ ਮੁਲਾਕਾਤ ਹੋਰ ਚਰਚਾ ਨੂੰ ਜਨਮ ਦੇ ਰਹੀ ਹੈ।

# ਸਿੱਖ ਰਾਜ ਨਾਲ ਸਬੰਧਤ ਦਸਤਾਵੇਜ਼ ਨਿਲਾਮ

**ਲੰਡਨ (ਬਿਊਰੋ):** ਬਰਤਾਨੀਆ ਦੇ ਮਲੱਕ ਨਿਲਾਮੀ ਹਾਊਸ ਵਿਚ ਸਿੱਖ ਰਾਜ ਵੇਲੇ ਦੇ ਕਈ ਅਹਿਮ ਦਸਤਾਵੇਜ਼ਾਂ ਦੀ ਨਿਲਾਮੀ ਹੋਈ। ਇਸ ਵਿਚ 1805 ਈਸਵੀ ਦਾ ਅਹਿਮ ਦਸਤਾਵੇਜ਼ 2800 ਪੌਂਡ ਵਿਚ ਵਿਕਿਆ ਜਿਸ ਵਿਚ 25 ਸਤੰਬਰ, 1803 ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਮਹਾਰਾਜਾ ਪਟਿਆਲਾ ਨੂੰ ਭੇਜੀ ਗਈ ਪੇਸ਼ਕਸ਼ ਹੈ ਜਿਸ ਵਿਚ ਅੰਗਰੇਜ਼ਾਂ ਨਾਲ ਸੰਧੀ ਬਾਰੇ ਵੇਰਵਾ ਹੈ। ਨਿਲਾਮੀ ਘਰ ਦੇ ਬੁਲਾਰੇ ਰਿਚਰਡ ਵੈਸਟਵੁੱਡ ਬਰੁਕਸ ਮੁਤਾਬਕ ਇਹ ਦਸਤਾਵੇਜ਼ ਉਸ ਵੇਲੇ ਦੇ ਹਨ ਜਦੋਂ ਮਹਾਰਾਜਾ ਰਣਜੀਤ ਸਿੰਘ ਸਿਰਫ਼ 25 ਸਾਲ ਦੇ ਸਨ ਜੋ ਬਰਤਾਨਵੀ ਰਾਜ ਨੂੰ ਭਾਰਤ ਵਿਚ ਫੈਲਾਉਣ ਲਈ ਸਭ ਤੋਂ ਵੱਡੀ ਰੁਕਾਵਟ ਸੀ।

ਨਿਲਾਮੀ ਘਰ ਮੁਤਾਬਕ ਇਸ ਦੀ ਕੀਮਤ ਛੇ ਤੋਂ ਅੱਠ ਸੌ ਪੌਂਡ ਤੱਕ ਜਾਣ ਦੀ ਸੰਭਾਵਨਾ ਸੀ ਪਰ ਇਹ ਦਸਤਾਵੇਜ਼ 2800 ਪੌਂਡ ਦਾ ਵਿਕਿਆ ਜਦਕਿ ਇਸ ਮੌਕੇ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਵਿਲੀਅਮ ਬੈਂਟਿਕ ਗਵਰਨਰ ਜਨਰਲ ਆਫ਼ ਇੰਡੀਆ ਦੀ ਮੁਲਾਕਾਤ ਬਾਰੇ ਰਿਪੋਰਟ 550 ਪੌਂਡ ਵਿਚ ਨਿਲਾਮ ਹੋਈ ਹੈ। ਇਹ ਮੀਟਿੰਗ ਤੋਂ ਸੱਤ ਮਹੀਨੇ ਬਾਅਦ 1832 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ।



ਸਿੱਖ ਰਾਜ ਦੇ ਕਈ ਹੋਰ ਚਿੱਤਰਾਂ ਤੋਂ ਇਲਾਵਾ ਭੰਗੀ ਮਿਸਲ ਵਾਲੀ ਤੋਪ ਦਾ ਮਾਡਲ ਵੀ 360 ਪੌਂਡ ਵਿਚ ਨਿਲਾਮ ਹੋਇਆ। ਮਹਾਰਾਜਾ ਦਲੀਪ ਸਿੰਘ ਦੇ ਐਲਵੀਡਨ ਮਹੱਲ ਵਿਚ ਐਡਵਰਡ ਸੱਤਵੇਂ ਨਾਲ ਇਤਿਹਾਸਕ ਤਸਵੀਰ 1200 ਪੌਂਡ ਵਿਚ ਵਿਕੀ ਜਦਕਿ ਮਹਾਰਾਜਾ ਦਲੀਪ ਸਿੰਘ ਦੇ ਦੂਜੇ ਬੇਟੇ ਫ੍ਰੈਡਰਿਕ ਦਲੀਪ ਸਿੰਘ ਦੀਆਂ ਹੱਥ ਲਿਖਤ ਚਿੱਠੀਆਂ ਤੇ ਸੰਨ 1800 ਦੇ ਸਿੱਖ ਰਾਜ ਨਾਲ ਸਬੰਧਤ ਦਸਤਾਵੇਜ਼ਾਂ ਦਾ ਡੱਬਾ 4200 ਪੌਂਡ ਵਿਚ ਵਿਕਿਆ।

ਇਸ ਮੌਕੇ 1853 ਈਸਵੀ ਵਿਚ ਜੌਸਫ ਡੈਵੀ ਕੁਨਿੰਘਮ ਵੱਲੋਂ ਲਿਖੀ 'ਹਿਸਟਰੀ ਆਫ਼ ਸਿੱਖਸ' ਦੇ ਪਹਿਲੇ ਅਡੀਸ਼ਨਾਂ ਦੀ ਕਾਪੀ 2200 ਪੌਂਡ ਦੀ ਇਕ ਬੋਲੀਕਾਰ ਨੇ ਖਰੀਦੀ। ਇਸ ਮੌਕੇ ਰਾਵਲਪਿੰਡੀ ਦਰਬਾਰ ਦੀ ਇਕ ਤਸਵੀਰ ਜਿਸ ਵਿਚ ਪੰਜਾਬ ਦੇ ਲੈਫਟੀਨੈਂਟ ਜਨਰਲ ਐਟਚੀਸਨ ਨਾਲ ਮਹਾਰਾਜਾ ਫ਼ਰੀਦਕੋਟ ਰਾਜਾ ਰਣਬੀਰ ਸਿੰਘ, ਮਹਾਰਾਜਾ ਰਜਿੰਦਰ ਸਿੰਘ ਪਟਿਆਲਾ, ਮਹਾਰਾਜਾ ਹੀਰਾ ਸਿੰਘ ਨਾਭਾ, ਮਹਾਰਾਜਾ ਜਗਜੀਤ ਸਿੰਘ ਕਪੂਰਥਲਾ, ਨਵਾਬ ਮਾਲੇਰਕੋਟਲਾ ਹਨ, 1300 ਪੌਂਡ ਵਿਚ ਵਿਕੀ ਹੈ।

# ਕੇਸਗੜ੍ਹ ਸਾਹਿਬ ਸੁਸ਼ੋਭਿਤ ਹੋਣਗੀਆਂ ਨਿਸ਼ਾਨੀਆਂ

**ਆਨੰਦਪੁਰ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਕਾਫੀ ਸਮੇਂ ਤੋਂ ਨਾਭਾ ਵਿਚ ਪਈਆਂ ਅਹਿਮ ਵਸਤਾਂ ਛੇਤੀ ਹੀ ਸਮੁੱਚੀ ਸੰਗਤ ਦੇ ਦਰਸ਼ਨਾਂ ਲਈ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕਰ ਦਿੱਤੀਆਂ ਜਾਣਗੀਆਂ। ਇਹ ਫ਼ੈਸਲਾ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਹੋਈ ਮੀਟਿੰਗ ਵਿਚ ਕੀਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਅੱਠ ਬੇਸ਼ਕੀਮਤੀ ਵਸਤਾਂ ਹਨ।



ਇਨ੍ਹਾਂ ਵਿਚ ਇਕ ਤਾਂ ਗੁਰੂ ਸਾਹਿਬ ਦੀ ਉਹ ਕਿਰਪਾਨ ਹੈ ਜਿਸ ਨੂੰ ਸੰਮਤ 1793 ਵਿਚ ਉਨ੍ਹਾਂ ਬਾਬਾ ਤਿਰਲੋਕਾ ਸਿੰਘ ਨੂੰ ਅੰਮ੍ਰਿਤ ਛਕਾਉਣ ਮੌਕੇ ਦਮਦਮਾ ਸਾਹਿਬ ਵਿਖੇ ਦਿੱਤੀ ਸੀ। ਦੂਜੀ ਕਿਰਪਾਨ ਉਹ ਹੈ ਜੋ ਉਨ੍ਹਾਂ ਰਾਏ ਕੱਲ੍ਹਾ ਨੂੰ ਦਿੱਤੀ ਸੀ। ਇਹ ਕਿਰਪਾਨ ਨਾਭਾ ਦੇ ਰਾਜਾ ਜਸਵੰਤ ਸਿੰਘ ਵੱਲੋਂ ਖਰੀਦੀ ਗਈ ਸੀ। ਇਸ ਤੋਂ ਇਲਾਵਾ ਗੁਰੂ ਸਾਹਿਬ ਦਾ ਉਹ ਚੋਲਾ ਜੋ ਉਨ੍ਹਾਂ ਬਾਬਾ ਤਿਰਲੋਕਾ ਸਿੰਘ ਨੂੰ ਦਿੱਤਾ ਸੀ। ਗੁਰਬਾਣੀ ਦਾ ਗੁਟਕਾ ਜਿਸ 'ਤੇ ਗੁਰੂ ਸਾਹਿਬ ਦੇ ਦਸਤਖ਼ਤ ਹਨ ਤੇ ਉਨ੍ਹਾਂ ਵੱਲੋਂ ਹੀ ਲਿਖਿਆ ਹੋਇਆ ਹੈ, ਵੀ ਉਨ੍ਹਾਂ ਨਾਲ ਸਬੰਧਤ ਵਸਤਾਂ ਵਿਚ ਸ਼ਾਮਲ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਵੱਲੋਂ ਸਯੀਦ ਪੀਰ ਬੁੱਧੂ ਸ਼ਾਹ ਨੂੰ ਭੰਗਾਣੀ ਦੀ ਲੜਾਈ ਤੋਂ ਬਾਅਦ ਉਨ੍ਹਾਂ ਦੀਆਂ ਸੇਵਾਵਾਂ ਦੇ ਬਦਲੇ ਦਿੱਤੀ ਕੰਘੀ ਤੇ ਕੰਘੀ ਵਿਚ ਪਏ ਗੁਰੂ ਸਾਹਿਬ ਦੇ ਕੇਸ ਤੇ ਦਸਤਾਰ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਦੀਆਂ ਇਹ ਸਾਰੀਆਂ ਵਸਤਾਂ ਨੂੰ ਸੰਗਤ ਦੇ ਦਰਸ਼ਨਾਂ ਲਈ ਕੇਸਗੜ੍ਹ ਸਾਹਿਬ ਵਿਖੇ ਉਸੇ ਸਥਾਨ 'ਤੇ ਸੁਸ਼ੋਭਿਤ ਕੀਤਾ ਜਾਵੇਗਾ ਜਿਥੇ ਪਹਿਲਾਂ ਸ਼ਸਤਰ ਪਏ ਹਨ। ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਹ ਦਿਲੀ ਇੱਛਾ ਹੈ ਕਿ ਇਹ ਸਾਰੀਆਂ ਵਸਤਾਂ ਸੰਗਤ ਦੇ ਦਰਸ਼ਨਾਂ ਲਈ ਖਾਲਸਾ ਪੰਥ ਦੇ ਜਨਮ ਸਥਾਨ 'ਤੇ ਹੀ ਸੁਸ਼ੋਭਿਤ ਕੀਤੀਆਂ ਜਾਣ। ਇਸ ਕਰਕੇ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਹੈ ਕਿ ਇਹ ਸਾਰੀਆਂ ਵਸਤਾਂ ਸਮੁੱਚੇ ਪੰਜਾਬ ਦੀ ਸੰਗਤ ਨੂੰ ਦਰਸ਼ਨ ਕਰਵਾਉਣ ਤੋਂ ਬਾਅਦ ਨਗਰ ਕੀਰਤਨ ਦੇ ਰੂਪ ਵਿਚ ਆਨੰਦਪੁਰ ਸਾਹਿਬ ਵਿਖੇ ਲਿਆਂਦੀਆਂ ਜਾਣਗੀਆਂ।

# ਦਰਬਾਰ ਸਾਹਿਬ ਦੇ ਬਾਹਰ ਬਣ ਰਿਹਾ ਪਲਾਜ਼ਾ ਸੰਗਤ ਲਈ ਖੋਲ੍ਹਿਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਕਰੋੜਾਂ ਰੁਪਏ ਦੀ ਲਾਗਤ ਨਾਲ ਬਣ ਰਹੇ ਪ੍ਰਵੇਸ਼ ਦੁਆਰ ਪਲਾਜ਼ੇ ਦਾ ਇਕ ਹਿੱਸਾ ਸੰਗਤ ਲਈ ਖੋਲ੍ਹ ਦਿੱਤਾ ਗਿਆ ਹੈ। ਮਈ 2011 ਵਿਚ ਸ਼ੁਰੂ ਹੋਏ ਇਸ ਪ੍ਰਾਜੈਕਟ ਤਹਿਤ ਪਲਾਜ਼ਾ ਦੇ ਜ਼ਮੀਨਦੋਜ਼ ਹਿੱਸੇ ਦਾ ਕੰਮ ਤਾਂ ਪਹਿਲਾਂ ਵਾਂਗ ਹੀ ਜਾਰੀ ਹੈ ਪਰ ਇਸ ਦੇ ਉਪਰੀ ਹਿੱਸੇ ਦਾ ਤਕਰੀਬਨ 25 ਤੋਂ 40 ਫੀਸਦੀ ਹਿੱਸਾ ਖੋਲ੍ਹ ਦਿੱਤਾ ਗਿਆ ਹੈ ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਨੂੰ ਖੁੱਲ੍ਹੀ ਦਿੱਖ ਪ੍ਰਦਾਨ ਹੋਈ ਹੈ। ਇਸ ਨਾਲ ਸ਼ਰਧਾਲੂਆਂ ਨੂੰ ਵੀ ਰਾਹਤ ਮਿਲੀ ਹੈ।

ਖੋਲ੍ਹੇ ਗਏ ਇਸ ਹਿੱਸੇ ਵਿਚ ਵੱਡਾ ਜੋੜਾ ਘਰ ਤੇ ਗਠੜੀ ਘਰ ਸ਼ਾਮਲ ਹੈ। ਨਵੇਂ ਬਣੇ ਜੋੜਾ ਘਰ ਵਿਚ ਦਸ ਕਾਊਂਟਰ ਤਾਂ ਖੋਲ੍ਹ ਦਿੱਤੇ ਗਏ ਹਨ ਜਦਕਿ ਬਾਕੀ ਦਸ ਕਾਊਂਟਰਾਂ 'ਤੇ ਮੁਰੰਮਤ ਦਾ ਕੰਮ ਜਾਰੀ ਹੈ। ਇਸ ਨਵੇਂ ਖੋਲ੍ਹੇ ਗਏ ਹਿੱਸੇ ਵਿਚ ਕੁਝ ਸਜਾਵਟੀ ਬੂਟੇ ਲਾਏ ਗਏ ਹਨ ਜਿਨ੍ਹਾਂ ਦੇ ਆਲੇ-ਦੁਆਲੇ ਸੰਗਤ ਦੇ ਬੈਠਣ ਲਈ ਸੰਗਮਰਮਰ ਦੇ ਪੱਥਰ ਦੇ ਬੈਂਚ ਬਣੇ ਹੋਏ ਹਨ। ਇਸ ਹਿੱਸੇ ਦੇ ਕੁਝ ਖੇਤਰ ਵਿਚ ਅੰਤਿਮ ਛੋਹਾਂ ਦਾ ਕੰਮ ਜਾਰੀ ਹੈ।

ਉਸਾਰੀ ਦਾ ਕੰਮ ਕਰ ਰਹੀ ਕੰਪਨੀ ਦੇ ਅਧਿਕਾਰੀਆਂ ਮੁਤਾਬਕ ਇਥੇ ਪਹਿਲਾਂ ਬਣਿਆ ਹੋਇਆ ਆਰਜ਼ੀ ਜੋੜਾ ਘਰ ਵੀ ਜਲਦੀ ਹਟਾ ਦਿੱਤਾ ਜਾਵੇਗਾ ਤੇ ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਨੂੰ ਹੋਰ ਵੀ ਖੁੱਲ੍ਹੀ ਦਿੱਖ ਮਿਲੇਗੀ। ਉਪਰੀ ਹਿੱਸੇ ਨੂੰ ਪੂਰਾ ਖੋਲ੍ਹਣ ਲਈ ਹਾਲੇ ਛੇ ਮਹੀਨਿਆਂ ਦਾ ਸਮਾਂ ਹੋਰ ਲੱਗੇਗਾ ਜਦਕਿ ਜ਼ਮੀਨਦੋਜ਼ ਹਿੱਸੇ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਵਿਚ ਸਾਲ ਤੋਂ ਵਧੇਰੇ ਸਮਾਂ ਲੱਗੇਗਾ।

## ਸਿੱਖ ਨੌਂਜਵਾਨ ਦੇ ਕਤਲ ਕੇਸ ਵਿਚ ਦੋ ਪੰਜਾਬੀ ਗ੍ਰਿਫ਼ਤਾਰ

**ਸੈਕਰਾਮੈਂਟੋ:** ਸਥਾਨਕ ਪੁਲਿਸ ਨੇ ਪੰਜਾਬੀ ਮੂਲ ਦੇ ਨੌਜਵਾਨ ਅੰਮ੍ਰਿਤਪਾਲ ਸਿੰਘ ਸੰਧੂ ਦਾ ਕਤਲ ਕਰਨ ਦੇ ਮਾਮਲੇ ਵਿਚ ਦੋ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਕਤਲ 6 ਨਵੰਬਰ ਨੂੰ ਇਥੋਂ 50 ਮੀਲ ਦੂਰ ਕਸਬੇ ਟਰਲਕ ਵਿਖੇ ਹੋਇਆ ਸੀ। ਮਾਡੈਸਟੋ ਰਹਿੰਦੇ ਅੰਮ੍ਰਿਤਪਾਲ ਸਿੰਘ ਸੰਧੂ ਦੇ ਕਤਲ ਕੇਸ ਵਿਚ ਫੜੇ ਗਏ ਮੁਲਜ਼ਮਾਂ ਦੀ ਪਛਾਣ ਪ੍ਰਦੀਪ ਸਿੰਘ (21) ਤੇ ਕੁਲਤਾਰ ਸਿੰਘ ਢੱਟ (22) ਵਜੋਂ ਹੋਈ ਹੈ।

ਪੁਲਿਸ ਮੁਤਾਬਕ ਸਫੈਦ ਇਨਫਿਨਿਟੀ ਕਾਰ ਵਿਚ ਸਵਾਰ ਸੰਧੂ ਉਤੇ ਫਾਇਰਿੰਗ ਤੜਕੇ ਡੇਢ ਵਜੇ ਸਮੇਂ ਕੀਤੀ ਗਈ, ਜਦੋਂ ਉਹ ਹਾਈਵੇ 99 'ਤੇ ਟੇਅਲਰ ਰੋਡ ਨੇੜੇ ਜਾ ਰਿਹਾ ਸੀ। ਉਸ ਨੇ ਤੁਰੰਤ ਪੁਲਿਸ ਨੂੰ ਫੋਨ ਰਾਹੀਂ ਇਸ ਦੀ ਜਾਣਕਾਰੀ ਦਿੱਤੀ। ਜਦੋਂ ਤੱਕ ਪੁਲਿਸ ਘਟਨਾ ਵਾਲੀ ਥਾਂ ਪੁੱਜੀ, ਸੰਧੂ ਦੀ ਮੌਤ ਹੋ ਚੁੱਕੀ ਸੀ। ਹਾਸਲ ਜਾਣਕਾਰੀ ਮੁਤਾਬਕ ਸੰਧੂ ਦਾ ਪਰਿਵਾਰ ਕਰੀਬ ਚਾਰ ਸਾਲ ਪਹਿਲਾਂ ਹੀ ਜਲੰਧਰ ਤੋਂ ਮਾਡੈਸਟੋ ਆਇਆ ਸੀ ਤੇ ਉਹ ਕੋਲਡ ਡਰਿੰਕ ਦੀ ਇਕ ਕੰਪਨੀ ਵਿਚ ਡਰਾਈਵਰ ਵਜੋਂ ਕੰਮ ਕਰਦਾ ਸੀ। ਸੰਧੂ ਦੇ ਫੇਸਬੁੱਕ ਖ਼ਾਤੇ ਮੁਤਾਬਕ ਉਹ ਖ਼ਾਲਿਸਤਾਨ ਪੱਖੀ ਗਰਮਖ਼ਿਆਲੀ ਸੋਚ ਦਾ ਹਾਮੀ ਸੀ।

## ਫਰਿਜ਼ਨੋ ਦੇ ਸਿੱਖ ਭਾਈਚਾਰੇ ਵੱਲੋਂ ਬੇ-ਘਰੇ ਲੋਕਾਂ ਦੇ ਖਾਣੇ ਲਈ 21000 ਡਾਲਰ ਦਾਨ



**ਫਰਿਜ਼ਨੋ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਵਲੋਂ ਬੇਘਰੇ ਅਤੇ ਬੇਸਹਾਰਾ ਲੋਕਾਂ ਲਈ ਬਣੀ ਸੰਸਥਾ ਪਾਵਰੀਲੋ ਹਾਊਸ ਦੀ 21000 ਡਾਲਰ ਨਾਲ ਮਦਦ ਕੀਤੀ ਗਈ ਹੈ। ਇਹ ਰਕਮ ਇਸ ਸੰਸਥਾ ਲਈ ਇਕ ਮਹੀਨੇ ਦੇ ਖਾਣੇ ਦਾ ਖਰਚਾ ਪੂਰਾ ਕਰਨ ਲਈ ਕਾਫੀ ਹੋਵੇਗੀ। ਸਿੱਖ ਭਾਈਚਾਰੇ ਵਲੋਂ ਹਰ ਵਰ੍ਹੇ ਇਸ ਸੰਸਥਾ ਨੂੰ ਇਕ ਮਹੀਨੇ ਦੇ ਖਾਣੇ ਦਾ ਖਰਚਾ ਦਿੱਤਾ ਜਾਂਦਾ ਹੈ।

ਪਾਵਰੀਲੋ ਹਾਊਸ ਦੀ ਮੁਖੀ ਕੈਂਥਰਨ ਵੀਕਲੈਂਡ ਨੇ ਸਿੱਖਾਂ ਦੀ ਖੁਲ ਦਿਲੀ ਅਤੇ ਗੁਰੂ ਨਾਨਕ ਦੇ ਚਲਾਏ ਇਸ ਸੇਵਾ ਮਿਸ਼ਨ ਨੂੰ ਮਹਾਨ ਦੱਸਦੇ ਹੋਏ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ। ਸੰਸਥਾ ਦੇ ਸਥਾਨਕ ਅਗਜੈਕਟਿਵ ਡਾਇਰੈਕਟਰ ਕਰੂਜ਼ ਅਵੀਲਾ ਨੇ ਦੱਸਿਆ ਕਿ ਸਵੇਰ, ਦੁਪਹਿਰ ਅਤੇ ਰਾਤ ਦੇ ਇਕ ਹਜ਼ਾਰ ਦੇ ਕਰੀਬ ਖਾਣੇ ਰੋਜ਼ਾਨਾ ਵਰਤਾਏ ਜਾਂਦੇ ਹਨ। ਪਾਵਰੀਲੋ ਹਾਊਸ ਦੇ ਬੇਘਰ ਲੋਕਾਂ ਲਈ ਸਿੱਖ ਭਾਈਚਾਰੇ ਵੱਲੋਂ ਹਰ ਸਾਲ ਇਕ ਮਹੀਨੇ ਦੇ ਦਿੱਤੇ ਜਾਣ ਵਾਲੇ ਖਰਚੇ ਦਾ ਇਹ ਪੰਜਵਾਂ ਸਾਲ ਹੈ।

ਚੈਕ ਭੇਟ ਕਰਨ ਦੀ ਰਸਮ ਮੌਕੇ ਹਾਜ਼ਰ ਪੰਜਾਬੀ ਭਾਈਚਾਰੇ ਦੀਆਂ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਡਾ. ਅਜੀਤ ਸਿੰਘ ਖਹਿਰਾ, ਬਲਵੀਰ ਸਿੰਘ ਢਿੱਲੋਂ, ਗੁਰਦੀਪ ਸਿੰਘ ਸ਼ੇਰਗਿੱਲ, ਜੋਗਾ ਸਿੰਘ ਸੰਘੇੜਾ, ਗੁਰਦੀਪ ਸਿੰਘ (ਤੰਦੂਰੀ ਨਾਈਟ), ਡਾ. ਪਰਮਿੰਦਰ ਸਿੰਘ ਭਾਟੀਆ, ਮਨਧੀਰ ਸਿੰਘ, ਮਲਕੀਤ ਸਿੰਘ ਬਰਾੜ, ਮਹਿੰਦਰ ਸਿੰਘ ਸੰਧਾਵਾਲੀਆ, ਕੁਲਵੰਤ ਸਿੰਘ ਧਾਮੀ, ਜਾਪ ਸਿੰਘ ਢਿੱਲੋਂ, ਇਕਰਾਜ ਸਿੰਘ ਉਭੀ ਅਤੇ ਸਤਮੰਗਲ ਸਿੰਘ ਜੌਹਲ ਸ਼ਾਮਲ ਸਨ।

## ਗੁਰਦਾਵਰ ਸਿੰਘ ਮਾਨ ਨੂੰ ਸਦਮਾ, ਨਜ਼ਦੀਕੀ ਰਿਸ਼ਤੇਦਾਰ ਦੀ ਮੌਤ

**ਫਰੀਮਾਂਟ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੂੰ ਉਸ ਸਮੇਂ ਗੰਭੀਰ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੀ ਧਰਮ ਪਤਨੀ ਦਾ ਭਤੀਜਾ ਪਰਮਦੀਪ ਸਿੰਘ ਬਾਸੀ ਭਰ ਜਵਾਨੀ ਵਿਚ ਅਚਾਨਕ ਮੌਤ ਦੀ ਗੋਦੀ ਵਿਚ ਚਲਾ ਗਿਆ। ਪਰਮਦੀਪ ਸਿੰਘ ਦੀ ਉਮਰ ਸਿਰਫ 28 ਸਾਲ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਹੋਣ ਕਾਰਨ ਹਸਪਤਾਲ ਵਿਚ ਦਾਖਲ ਸੀ।



ਪਰਮਦੀਪ ਸਿੰਘ ਜਲੰਧਰ ਦੇ ਪਿੰਡ ਬੀੜ ਬਾਸੀਆਂ ਤੋਂ ਸੀ ਅਤੇ ਅਜੇ ਪਿਛਲੇ ਵਰ੍ਹੇ ਹੀ ਆਪਣੇ ਪਰਿਵਾਰ ਸਮੇਤ ਸਥਾਈ ਤੌਰ 'ਤੇ ਅਮਰੀਕਾ ਆਇਆ ਸੀ। ਉਹ ਆਪਣੇ ਮਾਪਿਆਂ ਗੁਰਨਾਮ ਸਿੰਘ ਤੇ ਰਾਜਵੰਤ ਕੌਰ ਦਾ ਇਕਲੌਤਾ ਪੁਤਰ ਸੀ। ਉਸ ਦਾ ਅੰਤਮ ਸਸਕਾਰ 15 ਨਵੰਬਰ ਸ਼ੁੱਕਰਵਾਰ ਨੂੰ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਤੱਕ ਚੈਪਲ ਆਫ ਚਾਈਮਜ਼ (ਮਿਸ਼ਨ ਬੁਲੇਵਾਰਡ, ਹੇਵਰਡ) ਵਿਚ ਹੋਵੇਗਾ ਅਤੇ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ। ਗੁਰਦਾਵਰ ਸਿੰਘ ਮਾਨ ਨਾਲ ਫੋਨ 510-468-9381 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਥਾਪਤ ਖਾਲਸਾ ਰਾਜ ਦੀ ਵਰ੍ਹੇਗੰਢ ਮਨਾਈ

**ਫਰੀਮਾਂਟ (ਬਿਊਰੋ):** ਰਾਹੋਂ, ਨਵਾਂਸ਼ਹਿਰ, ਬੰਗਾ, ਜਾਡਲਾ, ਮਾਛੀਵਾੜਾ ਤੇ ਔੜ ਇਲਾਕੇ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਵਰੋਸਾਏ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਦੁਆਰਾ ਸਥਾਪਤ ਖਾਲਸਾ ਰਾਜ ਦੀ 303ਵੀਂ ਵਰ੍ਹੇਗੰਢ ਗੁਰਦੁਆਰਾ ਫਰੀਮਾਂਟ ਵਿਚ ਮਨਾਈ ਗਈ।



ਅਖੰਡ ਦੇ ਭੋਗ ਉਪਰੰਤ ਭਾਈ ਦਿਲਬਾਗ ਸਿੰਘ ਤੇ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲਿਆਂ ਦੇ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕਥਾਕਾਰ ਭਾਈ ਅਮਰਜੀਤ ਸਿੰਘ ਚੰਡੀਗੜ੍ਹ ਵਾਲਿਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਬਾਰੇ ਖੁਲਾਸਾ ਕਰਦਿਆਂ ਪਹਿਲੇ ਖਾਲਸਾ ਰਾਜ ਦੀ ਸਥਾਪਤੀ ਬਾਰੇ ਚਾਨਣਾ ਪਾਇਆ। ਫਰੀਮਾਂਟ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਖਾਲਸਾ ਰਾਜ ਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਵਾਰਾਂ ਗਾ ਕੇ ਸੰਗਤਾਂ ਵਿਚ ਜੋਸ਼ ਭਰਿਆ।

ਭਾਈ ਬਲਵਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਬਾਬਾ ਜੀ ਦੁਆਰਾ ਮੁਗਲ ਬਾਦਸ਼ਾਹਾਂ ਨਾਲ ਲਹੂ ਡੋਲਵੀਂ ਜੰਗ ਜਿੱਤ ਕੇ ਸਥਾਪਤ ਕੀਤਾ ਖਾਲਸਾ ਰਾਜ ਸੰਸਾਰ ਦੇ ਇਤਿਹਾਸ ਦੀ ਇਕ ਅਹਿਮ ਘਟਨਾ ਹੈ, ਜਿਸ ਦੀ ਪਕੜ ਹਾਲੇ ਖਾਲਸਾ ਪੰਥ ਨੇ ਕਰਨੀ ਹੈ। ਸਕੱਤਰ ਭਾਈ ਅਵਤਾਰ ਸਿੰਘ ਨੇ ਕਿਹਾ ਕਿ ਸਾਡੀ ਮੰਜ਼ਿਲ ਹੀ ਹੁਣ ਖਾਲਿਸਤਾਨ ਰਹਿ ਗਈ ਹੈ, ਜਿਸ ਵਾਸਤੇ ਅਸਾਂ ਲਗਾਤਾਰ ਸੰਘਰਸ਼ ਕਰਨਾ ਹੈ।

ਉਪਰੰਤ ਖਾਲਸਾ ਰਾਜ-ਖਾਲਿਸਤਾਨ ਦੀ ਪ੍ਰਾਪਤੀ ਲਈ ਕਸ਼ਟ ਸਹਿਣ ਵਾਲੇ ਪਰਿਵਾਰਾਂ ਅਤੇ ਕੌਮ ਦੀ ਵਿਲਖਣ ਸੇਵਾ ਕਰਨ ਵਾਲਿਆਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨ ਕੀਤਾ। ਇਨ੍ਹਾਂ ਵਿਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ, ਸ਼ਹੀਦ ਭਾਈ ਗੁਰਨਾਮ ਸਿੰਘ ਦੇ ਪਿਤਾ ਭਾਈ ਸਰਵਨ ਸਿੰਘ, ਸ਼ਹੀਦ ਭਾਈ ਸੁਖਦੇਵ ਦੇ ਪੁੱਤਰ ਭਾਈ ਬਲਵਿੰਦਰ ਸਿੰਘ ਚੱਬਾ, ਸ਼ਹੀਦ ਭਾਈ ਬਲਜੀਤ ਸਿੰਘ ਦੀ ਭੈਣ ਬੀਬੀ ਜਸਵਿੰਦਰ ਕੌਰ ਖਾਲਸਾ ਅਤੇ ਡਾ. ਕੁਲਬੀਰ ਸਿੰਘ ਥਿੰਦ ਸ਼ਾਮਲ ਸਨ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


## ਸਹੁਰੇ ਪਰਿਵਾਰ ਦੇ ਕਾਤਲ ਜਵਾਈ ਨੂੰ ਉਮਰ ਕੈਦ

**ਸੰਗਰੂਰ:** ਅਦਾਲਤ ਨੇ ਸਹੁਰੇ ਪਰਿਵਾਰ ਦੇ ਚਾਰ ਜੀਆਂ ਨੂੰ ਨਹਿਰ ਵਿਚ ਸੁੱਟ ਕੇ ਮਾਰ ਦੇਣ ਵਾਲੇ ਜਵਾਈ ਨੂੰ ਉਮਰ ਕੈਦ ਤੇ ਇਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਮਾਰੇ ਗਏ ਜੀਆਂ ਵਿਚ ਦੋਸ਼ੀ ਦਾ ਸਾਲਾ, ਸਾਲੇਹਾਰ ਤੇ ਉਨ੍ਹਾਂ ਦੇ ਦੋ ਬੱਚੇ ਸਨ। ਪੁਲਿਸ ਕੇਸ ਅਨੁਸਾਰ 29 ਮਈ, 2011 ਨੂੰ ਪਿੰਡ ਈਸੜਾ ਨੇੜੇ ਕਾਰ ਬੱਬਨਪੁਰ ਨਹਿਰ ਵਿਚ ਜਾ ਡਿੱਗੀ ਸੀ ਜਿਸ ਵਿਚ ਸਵਾਰ ਪਿੰਡ ਦਿੜ੍ਹਬਾ ਦੇ ਵਸਨੀਕ ਰਾਜਵਿੰਦਰ ਸਿੰਘ (35), ਉਸ ਦੀ ਪਤਨੀ ਰਾਜਪ੍ਰੀਤ ਕੌਰ (30), ਪੁੱਤਰ ਅਰਸ਼ਪ੍ਰੀਤ ਸਿੰਘ (4) ਤੇ ਪੁੱਤਰੀ ਲਵਪ੍ਰੀਤ ਕੌਰ (3) ਦੀ ਮੌਤ ਹੋ ਗਈ ਸੀ। ਰਾਜਵਿੰਦਰ ਸਿੰਘ ਦੇ ਜੀਜੇ ਕਰਮਜੀਤ ਸਿੰਘ (ਪਿੰਡ ਬੱਲਮਗੜ੍ਹ ਜ਼ਿਲ੍ਹਾ ਪਟਿਆਲਾ) ਦਾ ਬਚਾਅ ਹੋ ਗਿਆ ਸੀ। ਹਾਦਸੇ ਤੋਂ ਹਫ਼ਤੇ ਬਾਅਦ ਜਸਵਿੰਦਰ ਕੌਰ ਵਾਸੀ ਪਿੰਡ ਧੂਰਾ ਨੇ ਸਦਰ ਪੁਲਿਸ ਧੂਰੀ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਪੁੱਤਰੀ ਰਾਜਪ੍ਰੀਤ ਕੌਰ, ਜਵਾਈ ਰਾਜਵਿੰਦਰ ਸਿੰਘ ਆਪਣੇ ਬੱਚਿਆਂ ਸਮੇਤ ਉਨ੍ਹਾਂ ਨੂੰ ਮਿਲਣ ਲਈ ਆਏ ਸਨ। ਉਨ੍ਹਾਂ ਨਾਲ ਰਾਜਵਿੰਦਰ ਦਾ ਜੀਜਾ ਕਰਮਜੀਤ ਵੀ ਸੀ। ਉਸ ਨੇ ਕਰਮਜੀਤ ਸਿੰਘ 'ਤੇ ਸ਼ੱਕ ਪ੍ਰਗਟ ਕੀਤਾ ਸੀ।




**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬੀ ਸਾਹਿਤ ਲਈ ਕੌਮਾਂਤਰੀ ਪੁਰਸਕਾਰਾਂ ਦਾ ਐਲਾਨ

**ਚੰਡੀਗੜ੍ਹ:** ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਢਾਹਾਂ ਇੰਟਰਨੈਸ਼ਨਲ ਪੰਜਾਬੀ ਸਾਹਿਤ ਪੁਰਸਕਾਰ ਵੱਲੋਂ ਇੱਥੇ ਲੇਖਕਾਂ, ਪਾਠਕਾਂ, ਬੁੱਧੀਜੀਵੀਆਂ ਤੇ ਸਿੱਖਿਆ ਸ਼ਾਸਤਰੀਆਂ ਦਾ ਇਕੱਠ ਕੀਤਾ ਗਿਆ। ਸਮਾਗਮ ਵਿਚ ਸਾਲ 2014 ਵਿਚ ਪੰਜਾਬੀ ਭਾਸ਼ਾ, ਸਾਹਿਤ ਤੇ ਮਾਂ ਬੋਲੀ ਨੂੰ ਕੌਮਾਂਤਰੀ ਪੱਧਰ 'ਤੇ ਪਛਾਣ ਦਿਵਾਉਣ ਲਈ ਇਨਾਮ ਦੇਣ ਦਾ ਰਸਮੀ ਐਲਾਨ ਕੀਤਾ ਗਿਆ। ਇਸ ਬਾਰੇ ਬਰਜਿੰਦਰ ਸਿੰਘ ਬਰਜੀ ਨੇ ਕਿਹਾ ਕਿ ਮਨੁੱਖੀ ਦਿਲ ਦੇ ਖਜ਼ਾਨੇ ਖੋਲ੍ਹਣ ਲਈ ਮਾਂ ਬੋਲੀ ਅਨਮੋਲ ਪੂੰਜੀ ਹੈ। ਲੰਮੇ ਸਮੇਂ ਤੋਂ ਵਿਦੇਸ਼ ਵਿਚ ਰਹਿੰਦਿਆਂ ਆਪਣੀ ਮਾਂ ਬੋਲੀ ਲਈ ਕੁਝ ਕਰਨ ਦੀ ਚਾਹਤ ਦਿਲ ਵਿਚ ਸੀ। ਉਹ ਮੁਕਾਮ ਹੁਣ ਆ ਗਿਆ ਹੈ। ਇਸ ਮੌਕੇ ਇੰਡੋ ਕੈਨੇਡੀਅਨ ਵਿੱਦਿਅਕ ਸੁਸਾਇਟੀ ਦੇ ਪ੍ਰਧਾਨ ਸਰੂਪ ਸਿੰਘ ਮਾਨ ਨੇ ਕਿਹਾ ਕਿ ਬੜੇ ਚਿਰ ਤੋਂ ਆਪਸੀ ਵਿਚਾਰ ਕੀਤਾ ਜਾ ਰਿਹਾ ਸੀ ਕਿ ਸਾਹਿਤ ਦੇ ਖੇਤਰ ਨੂੰ ਲੈ ਕੇ ਮਾਂ ਬੋਲੀ ਪੰਜਾਬੀ ਲਈ ਵੀ ਕੁਝ ਕੀਤਾ ਜਾਵੇ। ਸਾਡਾ ਸਾਰਿਆਂ ਦਾ ਸੁਪਨਾ ਇਹ ਬਰਜੀ ਪਰਿਵਾਰ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ।



**ਚੰਡੀਗੜ੍ਹ ਵਿਚ ਬਰਜਿੰਦਰ ਸਿੰਘ ਬਰਜੀ (ਸੱਜੇ) ਢਾਹਾਂ ਕੌਮਾਂਤਰੀ ਪੰਜਾਬੀ ਸਾਹਿਤ ਪੁਰਸਕਾਰ ਬਾਰੇ ਐਲਾਨ ਕਰਦੇ ਹੋਏ।**

ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਵਿਭਾਗ ਵਿਚ ਪੰਜਾਬੀ ਪੜ੍ਹਾ ਰਹੀ ਡਾ. ਐਨ ਮਰਫ਼ੀ ਨੇ ਕਿਹਾ ਕਿ ਸਾਡੇ ਲਈ ਪੰਜਾਬੀ ਸਾਹਿਤ ਇੱਕ ਰਾਹ ਹੈ, ਇੱਕ ਮੰਜ਼ਿਲ ਹੈ। ਜਦੋਂ 1998 ਵਿਚ ਇਸੇ ਸ਼ਹਿਰ ਤੋਂ ਉਹਨੇ ਪੰਜਾਬੀ ਪੜ੍ਹਨੀ ਸ਼ੁਰੂ ਕੀਤੀ ਸੀ, ਉਸ ਸਮੇਂ ਪਤਾ ਨਹੀਂ ਸੀ ਕਿ ਜ਼ਿੰਦਗੀ ਨੇ ਕੀ ਮੋੜ ਲੈਣਾ ਹੈ। ਉਸ ਤੋਂ ਬਾਅਦ ਪੰਜਾਬੀ ਬੋਲੀ ਨਾਲ ਅਜਿਹਾ ਇਸ਼ਕ ਹੋਇਆ ਕਿ ਮੁੜ ਕੇ ਪਿੱਛੇ ਨਹੀਂ ਵੇਖਿਆ। ਭਾਸ਼ਾ ਵਿਭਾਗ ਦੀ ਡਾਇਰੈਕਟਰ ਡਾ. ਬਲਬੀਰ ਕੌਰ ਨੇ ਕਿਹਾ ਕਿ ਬਾਹਰ ਬੈਠਿਆਂ ਸਾਡੀ ਮਾਂ ਬੋਲੀ ਦੀ ਸੇਵਾ ਕਰਨ ਦਾ ਜੋ ਬੀੜਾ ਇਨ੍ਹਾਂ ਨੇ ਚੁੱਕਿਆ ਹੈ, ਇਸ ਦੀ ਸ਼ਲਾਘਾ ਕਰਦੇ ਹਾਂ। ਕੌਮਾਂਤਰੀ ਪੱਧਰ 'ਤੇ ਸਾਡੇ ਪੰਜਾਬੀ ਲੇਖਕਾਂ ਦਾ ਮਾਣ ਵਧੇਗਾ ਤੇ ਇਹ ਰਾਹ ਦਸੇਰਾ ਸਿੱਧ ਹੋਵੇਗਾ। ਪ੍ਰੋਗਰਾਮ ਵਿਚ ਸੁਰਜੀਤ ਪਾਤਰ ਨੇ ਜਿੱਥੇ ਆਪਣੀ ਸ਼ਾਇਰੀ ਪੇਸ਼ ਕੀਤੀ, ਉਥੇ ਕਿਹਾ ਕਿ ਪੰਜਾਬੀ ਭਾਸ਼ਾ ਹੁਣ ਪੰਜ ਦਰਿਆਵਾਂ ਦੀ ਭਾਸ਼ਾ ਨਹੀਂ ਰਹਿ ਗਈ ਸਗੋਂ ਸੱਤ ਸਮੁੰਦਰਾਂ ਦੀ ਭਾਸ਼ਾ ਬਣ ਗਈ ਹੈ। ਪੰਜਾਬੀ ਮਾਂ ਬੋਲੀ ਪਿਆਰ ਤੇ ਪਰਿਵਾਰ ਦੀ ਭਾਸ਼ਾ ਹੈ। ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਦੁਨੀਆਂ ਵਿਚ ਤਿੰਨ ਪੰਜਾਬ ਹਨ। ਪਹਿਲਾ ਭਾਰਤ ਵਿਚ, ਦੂਜਾ ਪਾਕਿਸਤਾਨ ਵਿਚ ਅਤੇ ਤੀਜਾ ਪੰਜਾਬ ਸੰਸਾਰ ਭਰ ਵਿਚ ਫੈਲਿਆ ਹੋਇਆ ਹੈ। ਜਦੋਂ ਇਨ੍ਹਾਂ ਵੱਲੋਂ ਸਾਡੇ ਪੰਜਾਬੀ ਸਾਹਿਤ ਨੂੰ ਪੁਰਸਕਾਰ ਮਿਲੇਗਾ ਤਾਂ ਸਾਡੀ ਮਾਂ ਬੋਲੀ ਦੀ ਮਾਨਤਾ ਦਾ ਜੱਸ ਅਤੇ ਸਤਿਕਾਰ ਸਾਰੇ ਸੰਸਾਰ ਵਿਚ ਫੈਲ ਜਾਵੇਗਾ। ਢਾਹਾਂ ਇੰਟਰਨੈਸ਼ਨਲ ਪੰਜਾਬੀ ਲਿਟਰੇਚਰ ਪੁਰਸਕਾਰ ਪੰਜਾਬੀ ਭਾਸ਼ਾ ਦੇ 2013 ਵਿਚ ਛਪੇ ਨਾਵਲਾਂ ਅਤੇ ਕਹਾਣੀਆਂ ਨੂੰ ਦਿੱਤਾ ਜਾਵੇਗਾ। ਇਸ ਦਾ ਦਾਇਰੀ ਗੁਰਮੁਖੀ ਲਿਪੀ ਤੇ ਸ਼ਾਹਮੁਖੀ ਲਿੱਪੀ ਹੋਵੇਗਾ। ਪਹਿਲਾ ਪੁਰਸਕਾਰ ਪੱਚੀ ਹਜ਼ਾਰ ਕੈਨੇਡੀਅਨ ਡਾਲਰ ਦਾ ਹੋਵੇਗਾ। ਦੂਜੇ ਦੋ ਇਨਾਮ ਪੰਜ-ਪੰਜ ਹਜ਼ਾਰ ਕੈਨੇਡੀਅਨ ਡਾਲਰ ਦੇ ਹੋਣਗੇ। ਇਹ ਪੁਰਸਕਾਰ ਅਗਲੇ ਸਾਲ ਅਕਤੂਬਰ 2014 ਵਿਚ ਵੈਨਕੂਵਰ ਵਿਖੇ ਦਿੱਤੇ ਜਾਣਗੇ।

## ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇਕ ਹੋਰ ਗੁਰਦੁਆਰੇ 'ਤੇ ਇਤਰਾਜ਼

**ਤਲਵੰਡੀ ਸਾਬੋ:** ਸ਼ਹੀਦ ਬਾਬਾ ਦੀਪ ਸਿੰਘ ਦੀ ਯਾਦ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਯਾਦਗਾਰ ਦੀ ਸਥਾਪਨਾ ਕਰਨੀ ਉਸ ਹੁਕਮ ਦੀ ਉਲੰਘਣਾ ਹੈ ਜਿਸ ਰਾਹੀਂ ਜਥੇਦਾਰ ਸਾਹਿਬਾਨ ਐਲਾਨ ਕਰ ਚੁੱਕੇ ਹਨ ਕਿ ਕਿਸੇ ਨਗਰ ਜਾਂ ਸਥਾਨ 'ਤੇ ਇਕ ਗੁਰਦੁਆਰੇ ਦੇ ਹੁੰਦਿਆਂ ਦੂਜਾ ਗੁਰਦੁਆਰਾ ਨਾ ਉਸਾਰਿਆ ਜਾਵੇ। ਇਹ ਗੱਲ ਸ੍ਰੀ ਹਰਿਮੰਦਿਰ ਸਾਹਿਬ ਦੇ ਸਾਬਕਾ ਗ੍ਰੰਥੀ ਅਤੇ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ। ਉਨ੍ਹਾਂ ਦੱਸਿਆ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਾਂ ਇਥੋਂ ਤੱਕ ਤਾੜਨਾ ਕੀਤੀ ਹੈ ਕਿ ਇੱਕ ਦੇ ਹੁੰਦਿਆਂ ਦੂਜੇ ਗੁਰਦੁਆਰੇ ਦੀ ਬਿਲਡਿੰਗ ਲਈ ਦਾਨ ਦੇਣਾ ਵੀ ਪਾਪ ਹੈ। ਇਹ ਪੈਸਾ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਖਰਚਣਾ ਚਾਹੀਦਾ ਹੈ।

# ਪਾਕਿਸਤਾਨ ਕਰੇਗਾ ਸਿੱਖ ਤੇ ਹਿੰਦੂ ਸਮਾਰਕਾਂ ਦਾ ਪੁਨਰ ਨਿਰਮਾਣ

### ਦੋ ਕਰੋੜ ਵੀਹ ਲੱਖ ਰੁਪਏ ਖਰਚੇ ਜਾਣਗੇ

**ਲਾਹੌਰ:** ਪਾਕਿਸਤਾਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਹਿਬਰ ਰਹੇ ਇਕ ਸਿੱਖ ਦੀ ਸਮਾਧੀ ਅਤੇ ਇਕ ਹਿੰਦੂ ਮੰਦਰ ਦੀ ਸੰਭਾਲ ਤੇ ਪੁਨਰ ਨਿਰਮਾਣ ਦੀ ਯੋਜਨਾ ਬਣਾਈ ਹੈ ਜੋ ਲਾਹੌਰ ਕਿਲ੍ਹੇ ਦੇ ਨੇੜੇ ਹੈ ਅਤੇ ਇਤਿਹਾਸਕ ਸਮਾਰਕ ਹਨ। ਇਨ੍ਹਾਂ ਦੇ ਪੁਨਰ ਨਿਰਮਾਣ ਲਈ 2 ਕਰੋੜ 20 ਲੱਖ ਰੁਪਏ ਖਰਚ ਕੀਤੇ ਜਾਣਗੇ। ਸਮਾਧੀ ਦਾ ਸਬੰਧ ਮਹਾਰਾਜਾ ਰਣਜੀਤ ਸਿੰਘ ਦੇ ਰਹਿਬਰ ਭਾਈ ਵਸਤੀ ਰਾਮ ਨਾਲ ਹੈ ਅਤੇ ਮੰਦਿਰ ਦਾ ਸਬੰਧ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਵੇਲੇ ਦੇ ਹਿੰਦੂ ਫ਼ਕੀਰ ਝਿੰਗਰ ਸ਼ਾਹ ਸੁਥਰਾ ਨਾਲ ਹੈ।

ਅਖ਼ਬਾਰ 'ਡਾਨ' ਵਿਚ ਪ੍ਰਕਾਸ਼ਤ ਖ਼ਬਰ ਅਨੁਸਾਰ ਪੰਜਾਬ ਦੇ ਪੁਰਾਤਤਵ ਵਿਭਾਗ ਨੇ ਕਿਹਾ ਹੈ ਕਿ ਦੋਹਾਂ ਪ੍ਰੋਜੈਕਟਾਂ ਦਾ ਕੰਮ ਅਗਲੇ ਸਾਲ ਜਨਵਰੀ ਮਹੀਨੇ ਸ਼ੁਰੂ ਕਰ ਦਿੱਤਾ ਜਾਵੇਗਾ ਜੋ 2016 ਤੱਕ ਮੁਕੰਮਲ ਹੋ ਜਾਵੇਗਾ। ਭਾਈ ਵਸਤੀ ਰਾਮ ਦੀ ਸਮਾਧੀ ਸੰਗਮਰਮਰ ਨਾਲ ਬਣੀ ਹੋਈ ਹੈ ਅਤੇ ਸਿੱਖ ਰਾਜ ਵੇਲੇ ਦੀ ਵਿਲੱਖਣ ਸਮਾਰਕ ਹੈ। ਅਧਿਕਾਰੀਆਂ ਅਨੁਸਾਰ 1857 ਦੇ ਗ਼ਦਰ ਅਤੇ ਬਰਤਾਨੀਆ ਦੇ ਸ਼ਾਸਨ ਕਾਲ ਦੌਰਾਨ ਬਰਤਾਨਵੀ ਸਿਪਾਹੀਆਂ ਨੇ ਸਮਾਧ ਵਿਖੇ ਜੜੇ ਕੀਮਤੀ ਪੱਥਰ ਕੱਢ ਲਏ ਸਨ ਅਤੇ ਬਾਅਦ 'ਚ ਮੁਸਲਮਾਨਾਂ ਨੇ ਹਮਲਾ ਕਰ ਕੇ ਸਮਾਧ ਨੂੰ ਤਬਾਹ ਕਰ ਦਿੱਤਾ ਸੀ। ਝਿੰਗਰ ਸ਼ਾਹ ਸੁਥਰਾ ਦਾ ਮੰਦਿਰ ਵੀ ਇਤਿਹਾਸਕ ਪਛਾਣ ਰੱਖਦਾ ਹੈ।

## ਅਕਾਲੀ ਦਲ ਭਾਜਪਾ ਦੀ ਝੋਲੀ ਡਿੱਗਿਆ

*(ਸਫ਼ਾ ਇਕ ਦੀ ਬਾਕੀ)*

ਫੀਸਦੀ ਸੀਟਾਂ ਪੰਜਾਬੀ ਭਾਈਚਾਰੇ ਦੇ ਉਮੀਦਵਾਰਾਂ ਨੂੰ ਦਿੱਤੀਆਂ ਹਨ। ਦਿੱਲੀ ਵਿਚ ਵੀ ਭਾਜਪਾ ਨੇ ਦਰਜਨ ਦੇ ਕਰੀਬ ਪੰਜਾਬੀ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਹਨ। ਉਂਜ ਅਕਾਲੀ ਦਲ ਵੀ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੈ ਕਿ ਬਾਹਰਲੇ ਸੂਬਿਆਂ ਵਿਚ ਉਹ ਹਿੰਦੂ ਵੋਟ ਨਹੀਂ ਖਿੱਚ ਸਕਦਾ ਤੇ ਸਿੱਖਾਂ ਵਿਚੋਂ ਵੀ ਬਹੁ-ਗਿਣਤੀ ਵੋਟਰਾਂ ਦੀ ਸੁਰ ਅਕਾਲੀਆਂ ਦੇ ਵਿਰੁਧ ਹੈ। ਪੰਜਾਬ ਤੇ ਸਿੱਖਾਂ ਦੇ ਅਹਿਮ ਮੁੱਦਿਆਂ 'ਤੇ ਅਕਾਲੀ ਦਲ ਦਾ ਕੋਈ ਸਪਸ਼ਟ ਸਟੈਂਡ ਨਾ ਹੋਣ ਕਾਰਨ ਅਕਾਲੀ ਦਲ ਦੇ ਅਕਸ ਨੂੰ ਧੱਕਾ ਲੱਗਾ ਹੈ ਅਤੇ ਇਹ ਸਿੱਖਾਂ ਦੀ ਸਰਬ-ਪ੍ਰਵਾਨਿਤ ਧਿਰ ਨਹੀਂ ਬਣ ਸਕਿਆ। ਇਸੇ ਕਰ ਕੇ ਦਲ ਨੇ ਹੁਣ ਧਰਮ ਨਿਰਪੱਖਤਾ ਦਾ ਚੋਲਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਇਸ ਨੂੰ ਫਿਲਹਾਲ ਰਾਸ ਨਹੀਂ ਆ ਰਿਹਾ।

# ਅਕਾਲੀਆਂ ਨੇ ਲੋਕ ਸਭਾ ਟਿਕਟਾਂ ਲਈ ਸ਼ੂਟ ਵੱਟੀ

*(ਸਫ਼ਾ ਇਕ ਦੀ ਬਾਕੀ)*

ਦੇ ਹਿੱਸੇ 10 ਤੇ ਭਾਜਪਾ ਕੋਲ ਤਿੰਨ ਸੀਟਾਂ ਹਨ। ਸੂਤਰਾਂ ਮੁਤਾਬਕ ਘੱਟੋ-ਘੱਟ ਸੱਤ ਹਲਕਿਆਂ ਵਿਚ ਅਕਾਲੀ ਦਲ ਦੇ ਨਵੇਂ ਉਮੀਦਵਾਰ ਉਤਾਰੇ ਜਾ ਸਕਦੇ ਹਨ। ਦੋ ਹਲਕਿਆਂ-ਬਠਿੰਡਾ ਤੋਂ ਬੀਬੀ ਹਰਸਿਮਰਤ ਕੌਰ ਤੇ ਸੰਗਰੂਰ ਤੋਂ ਸੁਖਦੇਵ ਸਿੰਘ ਢੀਂਡਸਾ ਪਹਿਲਾਂ ਹੀ ਉਮੀਦਵਾਰ ਐਲਾਨੇ ਹੋਏ ਹਨ। ਅਕਾਲੀ ਦਲ ਇਸ ਵਾਰ ਵੱਧ ਤੋਂ ਵੱਧ ਸੀਟਾਂ ਜਿੱਤਣ ਤੇ ਪਾਰਟੀ ਅੰਦਰ ਸਭ ਨੂੰ ਨੁਮਾਇੰਦਗੀ ਦੇਣ ਦੀ ਰਣਨੀਤੀ ਅਪਨਾ ਰਿਹਾ ਹੈ। ਸੂਤਰਾਂ ਅਨੁਸਾਰ ਅਕਾਲੀ-ਭਾਜਪਾ ਵਿਚਾਲੇ ਅੰਮ੍ਰਿਤਸਰ ਤੇ ਲੁਧਿਆਣਾ ਹਲਕਿਆਂ ਦੀ ਅਦਲੀ-ਬਦਲੀ ਬਾਰੇ ਸਹਿਮਤੀ ਹੋ ਚੁੱਕੀ ਹੈ। ਲੁਧਿਆਣਾ ਤੋਂ ਭਾਜਪਾ ਅਤੇ ਅੰਮ੍ਰਿਤਸਰ ਤੋਂ ਅਕਾਲੀ ਉਮੀਦਵਾਰ ਖੜ੍ਹੇ ਕੀਤੇ ਜਾ ਸਕਦੇ ਹਨ।

ਅਕਾਲੀ ਦਲ ਵਲੋਂ ਅੰਮ੍ਰਿਤਸਰ ਹਲਕੇ ਦੀ ਧਾਰਮਿਕ ਇਤਿਹਾਸਕ ਮਹੱਤਤਾ ਨੂੰ ਪਛਾਣਦਿਆਂ ਇਹ ਹਲਕਾ ਲੈਣ ਲਈ ਦਬਾਅ ਬਣਾਇਆ ਜਾ ਰਿਹਾ ਸੀ। ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਅਕਾਲੀ-ਭਾਜਪਾ ਲੀਡਰਸ਼ਿਪ ਨਾਲ ਆਢਾ ਲਾਉਣ ਮਗਰੋਂ ਸੀਟਾਂ ਬਦਲਣ ਨਾਲ ਸ. ਸਿੱਧੂ ਜਿਥੇ ਆਪਣੇ-ਆਪ ਹੀ ਲਾਂਭੇ ਹੋ ਜਾਣਗੇ, ਉਥੇ ਦੋਵਾਂ ਪਾਰਟੀਆਂ ਨੂੰ ਮਰਜ਼ੀ ਦੇ ਹਲਕੇ ਮਿਲ ਜਾਣਗੇ। ਇਸ ਤਰ੍ਹਾਂ ਗੱਠਜੋੜ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਦੇ ਰੌਂਅ ਵਿਚ ਹੈ। ਭਾਜਪਾ ਸਨਅਤ ਨਗਰੀ ਲੁਧਿਆਣਾ ਲੈਣ ਦੀ ਚਾਹਵਾਨ ਹੈ ਕਿਉਂਕਿ ਇਥੇ ਭਾਜਪਾ ਦੀ ਵਪਾਰੀਆਂ ਅਤੇ ਹਿੰਦੂ ਵੋਟ 'ਤੇ ਅੱਖ ਹੈ। ਲੁਧਿਆਣਾ ਤੋਂ ਭਾਜਪਾ ਪ੍ਰਦੇਸ਼ ਪ੍ਰਧਾਨ ਕਮਲ ਸ਼ਰਮਾ ਚੋਣ ਲੜ ਸਕਦੇ ਹਨ ਜਦਕਿ ਅੰਮ੍ਰਿਤਸਰ ਵਿਚ ਅਕਾਲੀ ਉਮੀਦਵਾਰ ਬਾਰੇ ਅਜੇ ਕੁਝ ਸਪਸ਼ਟ ਨਹੀਂ ਹੋਇਆ। ਕੁਝ ਸਮਾਂ ਪਹਿਲਾਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਸਤਿਆਜੀਤ ਸਿੰਘ ਨੂੰ ਉਥੋਂ ਚੋਣ ਲੜਾਏ ਜਾਣ ਦੀ ਚਰਚਾ ਸੀ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਗੱਲ ਨੂੰ ਰੱਦ ਕਰ ਦਿੱਤਾ ਹੈ।

ਫਰੀਦਕੋਟ ਹਲਕੇ ਤੋਂ ਇਸ ਵੇਲੇ ਬੀਬੀ ਪਰਮਜੀਤ ਕੌਰ ਗੁਲਸ਼ਨ ਪਾਰਲੀਮੈਂਟ ਮੈਂਬਰ ਹਨ ਤੇ ਉਹ ਇਥੋਂ ਦੋ ਵਾਰ ਜਿੱਤੇ ਹਨ ਪਰ ਅਕਾਲੀ ਦਲ ਇਸ ਹਲਕੇ ਤੋਂ ਕਾਂਗਰਸ ਛੱਡ ਕੇ ਆਏ ਅਜੀਤ ਸਿੰਘ ਸ਼ਾਂਤ ਨੂੰ ਉਮੀਦਵਾਰ ਬਣਾ ਸਕਦਾ ਹੈ। ਇਸੇ ਤਰ੍ਹਾਂ ਖਡੂਰ ਸਾਹਿਬ ਹਲਕੇ ਦੀ ਦੋ ਵਾਰ ਲੋਕ ਸਭਾ ਵਿਚ ਨੁਮਾਇੰਦਗੀ ਕਰਨ ਵਾਲੇ ਡਾ. ਰਤਨ ਸਿੰਘ ਅਜਨਾਲਾ ਨੂੰ ਵੀ ਪਰਤਣਾ ਪੈ ਸਕਦਾ ਹੈ ਤੇ ਇਥੋਂ ਟਕਸਾਲੀ ਤੇ ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਮੌਕਾ ਦਿੱਤੇ ਜਾਣ ਦੀ ਚਰਚਾ ਹੈ। ਫਿਰੋਜ਼ਪੁਰ ਹਲਕੇ ਤੋਂ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਪੱਤਾ ਸਾਫ ਹੋ ਸਕਦਾ ਹੈ ਤੇ ਇਹ ਸੀਟ ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਦਿੱਤੀ ਜਾ ਸਕਦੀ ਹੈ। ਅਨੰਦਪੁਰ ਸਾਹਿਬ ਤੋਂ ਪਿਛਲੀ ਵਾਰ ਡਾ. ਦਲਜੀਤ ਸਿੰਘ ਚੀਮਾ ਨੇ ਦਲ ਵੱਲੋਂ ਚੋਣ ਲੜੀ ਸੀ। ਅਨੰਦਪੁਰ ਸਾਹਿਬ ਤੋਂ ਚੋਣ ਲੜਨ ਲਈ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਥਾਪੜਾ ਦਿੱਤਾ ਜਾ ਚੁੱਕਾ ਹੈ। ਪਟਿਆਲਾ ਹਲਕੇ ਤੋਂ ਪਿਛਲੀ ਵਾਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦਲ ਵੱਲੋਂ ਚੋਣ ਲੜੀ ਸੀ। ਪਟਿਆਲਾ ਤੋਂ ਕਾਂਗਰਸ ਦੀ ਮੌਜੂਦਾ ਸੰਸਦ ਮੈਂਬਰ ਤੇ ਕੇਂਦਰੀ ਵਜ਼ੀਰ ਪਰਨੀਤ ਕੌਰ ਤਿੰਨ ਵਾਰ ਚੋਣ ਜਿੱਤੇ ਹਨ ਤੇ ਅਗਾਂਹ ਵੀ ਉਨ੍ਹਾਂ ਦੇ ਉਮੀਦਵਾਰ ਬਣਨ ਦੀ ਉਮੀਦ ਹੈ। ਕੈਪਟਨ ਅਮਰਿੰਦਰ ਸਿੰਘ ਦੇ ਸਕੇ ਭਰਾ ਮਾਲਵਿੰਦਰ ਸਿੰਘ ਪਿਛਲੀ ਵਿਧਾਨ ਸਭਾ ਚੋਣ ਮੌਕੇ ਅਕਾਲੀ ਦਲ ਵਿਚ ਜਾ ਰਲੇ ਸਨ। ਉਹ ਭਾਵੇਂ ਅਕਾਲੀਆਂ ਤੋਂ ਵੀ ਨਾਰਾਜ਼ ਹਨ ਪਰ ਅਕਾਲੀ ਦਲ, ਕੈਪਟਨ ਪਰਿਵਾਰ ਵਿਚੋਂ ਹੀ ਉਮੀਦਵਾਰ ਖੜ੍ਹਾ ਕਰ ਕੇ ਉਨ੍ਹਾਂ ਨੂੰ ਸਖ਼ਤ ਮੁਕਾਬਲੇ ਵਿਚ ਪਾਉਣਾ ਚਾਹੁੰਦਾ ਹੈ। ਫਤਿਹਗੜ੍ਹ ਸਾਹਿਬ ਹਲਕੇ ਤੋਂ ਪਿਛਲੀ ਵਾਰ ਅਕਾਲੀ ਦਲ ਵੱਲੋਂ ਚਰਨਜੀਤ ਸਿੰਘ ਅਟਵਾਲ ਨੇ ਚੋਣ ਲੜੀ ਸੀ ਪਰ ਹੁਣ ਉਹ ਇਥੋਂ ਆਪਣੇ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਟਿਕਟ ਦਿਵਾਉਣ ਲਈ ਸਰਗਰਮ ਹਨ।

ਫਰੀਦਕੋਟ ਦੀ ਮੌਜੂਦਾ ਐਮ.ਪੀ. ਬੀਬੀ ਪਰਮਜੀਤ ਕੌਰ ਦਾ ਸਹੁਰਾ ਪਿੰਡ ਇਸ ਹਲਕੇ ਵਿਚ ਹੈ ਤੇ ਉਨ੍ਹਾਂ ਦੇ ਪਤੀ ਤੇ ਸਾਬਕਾ ਜੱਜ ਨਿਰਮਲ ਸਿੰਘ ਡੇਰਾਬੱਸੀ ਤੋਂ ਵਿਧਾਇਕ ਵੀ ਹਨ। ਉਹ ਵੀ ਫਰੀਦਕੋਟ ਤੋਂ ਇਨਕਾਰ ਹੋਣ 'ਤੇ ਇਥੋਂ ਦਾਅਵੇਦਾਰ ਬਣ ਸਕਦੇ ਹਨ। ਸਾਬਕਾ ਐਮ.ਪੀ. ਬੀਬੀ ਸਤਵਿੰਦਰ ਕੌਰ ਧਾਲੀਵਾਲ ਦਾ ਨਾਂ ਵੀ ਚਰਚਾ ਵਿਚ ਹੈ। ਰਿਜ਼ਰਵ ਹਲਕਾ ਜਲੰਧਰ ਤੋਂ ਪਿਛਲੀ ਵਾਰ ਗਾਇਕ ਹੰਸ ਰਾਜ ਹੰਸ ਨੇ ਚੋਣ ਲੜੀ ਸੀ ਪਰ ਹੁਣ ਲੱਗਦਾ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਉਨ੍ਹਾਂ ਦੀ ਕੋਈ ਸਰਗਰਮੀ ਨਾ ਹੋਣ ਕਾਰਨ ਅਕਾਲੀ ਦਲ ਦਾ ਉਨ੍ਹਾਂ ਤੋਂ ਮੋਹ-ਭੰਗ ਹੋ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਫਰਿਜ਼ਨੋ 'ਚ ਹੋਈ 'ਫਾਈਵ ਕੇ ਸਿੱਖ ਸੋਝੀ ਵਾਕ'

**ਫਰਿਜ਼ਨੋ (ਬਿਊਰੋ):** ਅਮਰੀਕੀ ਮੁੱਖ ਧਾਰਾ ਦੇ ਲੋਕਾਂ ਵਿਚ ਸਿੱਖਾਂ ਦੀ ਪਛਾਣ ਪੱਕਿਆਂ ਕਰਨ ਲਈ ਪ੍ਰਿੰਸੀਪਲ ਦਵਿੰਦਰ ਕੌਰ ਦੇ ਸਹਿਯੋਗ







ਨਾਲ ਇਥੇ ਇਕ 'ਫਾਈਵ ਕੇ ਸੋਝੀ ਵਾਕ' ਕਰਵਾਈ ਗਈ ਜਿਸ ਵਿਚ ਵੱਡੀ ਗਿਣਤੀ ਵਿਚ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੇ ਹਿੱਸਾ ਲਿਆ। ਕਰੀਬ ਸਾਢੇ ਤਿੰਨ ਮੀਲ ਦੀ ਇਸ ਵਾਕ ਦਾ ਅਰੰਭ ਇਥੇ ਵੁੱਡਵਰਡ ਪਾਰਕ ਵਿਚ ਸਿੱਖੀ ਅਕੀਦੇ ਅਨੁਸਾਰ ਅਰਦਾਸ ਉਪਰੰਤ ਹੋਇਆ।

ਇਹ ਵਾਕ ਸਿੱਖ ਵੋਮੈਨ ਆਰਗੇਨਾਈਜੇਸ਼ਨ, ਜੈਕਾਰਾ ਮੂਵਮੈਂਟ, ਪੀ ਸੀ ਏ, ਸਿੱਖ ਕੁਲੀਸ਼ਨ, ਸਿੱਖ ਕੌਂਸਲ ਆਫ ਕੈਲੀਫੋਰਨੀਆ, ਕੈਲੀਫੋਰਨੀਆ ਗਤਕਾ ਦਲ, ਕਰਮਨ ਪੰਜਾਬੀ ਸਕੂਲ ਅਤੇ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਈ ਗਈ। ਇਸ ਵਾਕ ਲਈ ਰੱਖੀ ਗਈ 25 ਡਾਲਰ ਰਜਿਸਟਰੇਸ਼ਨ ਫੀਸ ਵਿਦਿਆਰਥੀਆਂ ਨੂੰ ਵਜੀਫੇ ਦੇਣ ਅਤੇ ਸਿੱਖੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਯਤਨਸ਼ੀਲ ਗੈਰ ਮੁਨਾਫਾ ਸੰਸਥਾਵਾਂ ਨੂੰ ਦਿੱਤੀ ਜਾਵੇਗੀ। ਇਸ ਸਮੇਂ ਪੰਜਾਬੀ ਕਲਚਰ ਐਸੋਸੀਏਸ਼ਨ ਵੱਲੋਂ ਲੰਗਰ ਲਾਏ ਗਏ ਅਤੇ ਬੱਚਿਆਂ ਦੇ ਦਸਤਾਰਾਂ ਸਜਾਈਆਂ ਗਈਆਂ।

ਇਸ ਮੌਕੇ ਇਕ ਫਰੀ ਮੈਡੀਕਲ ਕੈਂਪ ਵੀ ਲਾਇਆ ਗਿਅ ਜਿਸ ਦਾ ਲਾਭ ਬਹੁਤ ਸਾਰੇ ਲੋੜਵੰਦਾਂ ਨੇ ਉਠਾਇਆ। ਸਿੱਖ ਧਰਮ ਬਾਰੇ ਲਿਟਰੇਚਰ ਵੀ ਮੁਫਤ ਵੰਡਿਆ ਗਿਆ।

ਵਾਕ ਉਪਰੰਤ ਬੱਚਿਆਂ ਲਈ ਖੇਡਾਂ ਕਰਵਾਈਆਂ ਗਈਆਂ ਅਤੇ ਕੈਲੀਫੋਰਨੀਆ ਗਤਕਾ ਦਲ ਦੇ ਲੜਕਿਆਂ ਅਤੇ ਲੜਕੀਆਂ ਨੇ ਮਾਰਸ਼ਲ ਆਰਟ ਗਤਕੇ ਦੇ ਜੌਹਰ ਦਿਖਾਏ। ਇਸ ਵਾਕ ਵਿਚ ਸਿੱਖਾਂ ਤੋਂ ਇਲਾਵਾ ਹੋਰ ਧਰਮਾਂ ਦੇ ਲੋਕਾਂ ਨੇ ਵੀ ਹਿੱਸਾ ਲਿਆ।

## ਹਾਦਸੇ ਦੇ ਸ਼ਿਕਾਰ ਸਿੱਖ ਜੋੜੇ ਨੂੰ ਸ਼ਰਧਾਂਜਲੀ

**ਮਿਲਪੀਟਸ:** ਇਥੇ ਸੜਕ ਹਾਦਸੇ ਦਾ ਸ਼ਿਕਾਰ ਹੋਏ ਸਿੱਖ ਜੋੜੇ ਦੇ ਸਸਕਾਰ ਤੇ ਅੰਤਿਮ ਅਰਦਾਸ ਮੌਕੇ ਸੈਂਕੜੇ ਰਿਸ਼ਤੇਦਾਰਾਂ, ਸਨੇਹੀਆਂ ਤੇ ਆਮ ਲੋਕਾਂ ਨੇ ਪੁੱਜ ਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਬਲਬੀਰ ਸਿੰਘ (50) ਤੇ ਉਸ ਦੀ ਪਤਨੀ ਕਮਲ ਕੌਰ (45) ਦੀ ਪਿਛਲੇ ਹਫ਼ਤੇ ਹੇਵਰਡ ਵਿਚ ਇਕ ਹਾਦਸੇ 'ਚ ਮੌਤ ਹੋ ਗਈ ਸੀ। ਉਨ੍ਹਾਂ ਨੂੰ ਸ਼ਰਧਾਂਜਲੀਆਂ ਦੇਣ ਵਾਲਿਆਂ ਵਿਚ ਕਈ ਲੋਕ ਦੂਜੇ ਧਰਮਾਂ ਨਾਲ ਸਬੰਧਤ ਸਨ।

ਹਾਦਸੇ ਵਾਲੀ ਥਾਂ ਉਤੇ ਵੀ ਲੋਕਾਂ ਨੇ ਅਣਗਿਣਤ ਫੁੱਲ ਰੱਖ ਕੇ ਤੇ ਮੋਮਬੱਤੀਆਂ ਬਾਲ ਕੇ ਆਪਣੇ ਦੁੱਖ ਤੇ ਹਮਦਰਦੀ ਦਾ ਇਜ਼ਹਾਰ ਕੀਤਾ। ਇਨ੍ਹਾਂ ਮੋਮਬੱਤੀਆਂ ਉਤੇ ਕੈਥੋਲਿਕ ਈਸਾਈ ਸੰਤਾਂ ਦੀਆਂ ਤਸਵੀਰਾਂ ਬੰਨ੍ਹੀਆਂ ਹੋਈਆਂ ਹਨ, ਜਿਨ੍ਹਾਂ ਦਾ ਮੈਕਸੀਕੀ-ਅਮਰੀਕੀਆਂ ਵਿਚ ਬਹੁਤ ਸਤਿਕਾਰ ਹੈ। ਇਸ ਮੌਕੇ ਲੋਕਾਂ ਤੇ ਸਥਾਨਕ ਆਗੂਆਂ ਨੇ ਅਮਰੀਕਾ ਵਿਚ ਵਧ ਰਹੇ ਸੜਕ ਹਾਦਸਿਆਂ ਤੇ ਮੌਤਾਂ ਉਤੇ ਚਿੰਤਾ ਜ਼ਾਹਰ ਕੀਤੀ ਤੇ ਸੜਕੀ ਸੁਰੱਖਿਆ ਹੋਰ ਵਧਾਏ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ।

# ਸਿੱਖ ਪਛਾਣ ਅਤੇ ਪ੍ਰਸ਼ੰਸਾ ਦਿਨ ਮਨਾਇਆ

ਸੈਕਰਾਮੈਂਟੋ (ਬਿਊਰੋ): ਸਾਊਥਗੇਟ ਟਾਊਨ ਐਂਡ ਟੈਰੇਸ ਹੋਮਜ਼ ਸੈਕਰਾਮੈਂਟੋ ਦੇ ਸਿੱਖ ਭਾਈਚਾਰੇ ਵਲੋਂ ਅਮਰੀਕਾ ਵਿਚ ਸਿੱਖਾਂ ਦੀ ਹੋਂਦ ਦਰਸਾਉਣ ਲਈ ਰਾਏ ਹਰਬਰਗਰ ਐਲੀਮੈਂਟਰੀ ਸਕੂਲ ਐਲਕ ਗਰੂਵ ਵਿਖੇ ਅਮਰੀਕੀ ਸਿੱਖ ਪਛਾਣ ਅਤੇ ਪ੍ਰਸ਼ੰਸਾ ਮਹੀਨਾ (ਅਮਰੀਕਨ ਸਿੱਖ ਅਵੇਅਰਨੈਸ ਐਂਡ ਐਪਰੀਸੀਏਸ਼ਨ ਮੰਥ) ਬੜੇ ਉਤਸ਼ਾਹ ਨਾਲ ਮਨਾਉਂਦਿਆਂ ਲੰਘੀ 6 ਨਵੰਬਰ ਨੂੰ ਇਕ ਵਿਸ਼ੇਸ਼ ਦਿਨ ਮਨਾਇਆ ਗਿਆ। ਇਸ ਸਬੰਧ ਵਿਚ ਭਾਈਚਾਰੇ ਦੇ ਮੈਂਬਰਾਂ ਨੇ ਸਕੂਲ ਦੇ ਮੁੱਖ ਗੇਟ ਅੱਗੇ ਸਵੇਰ ਸਮੇਂ ਬੱਚਿਆਂ ਨੂੰ ਛੱਡਣ ਆਏ ਉਨ੍ਹਾਂ ਦੇ ਮਾਪਿਆਂ ਨੂੰ ਸਿੱਖਾਂ ਦੀ ਪਛਾਣ ਬਾਰੇ ਕਿਤਾਬਚੇ ਅਤੇ ਇਸ਼ਤਿਹਾਰ ਵੰਡੇ। ਮੈਂਬਰਾਂ ਨੇ ਆਪਣੇ ਹੱਥਾਂ ਵਿਚ ਵੱਡੇ ਵੱਡੇ ਬੈਨਰ ਫੜ੍ਹੇ ਹੋਏ ਸਨ ਜਿਨ੍ਹਾਂ ਵਿਚ ਅੰਗਰੇਜ਼ੀ ਭਾਸ਼ਾ ਵਿਚ ਅਮਰੀਕਨ ਸਿੱਖ ਅਵੇਅਰਨੈਸ ਮੰਥ ਲਿਖਿਆ ਹੋਇਆ ਸੀ।

ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਲਿਨ ਮੇਅਰ, ਵਾਈਸ ਪ੍ਰਿੰਸੀਪਲ ਹੈਰਿਸ ਅਤੇ ਸਕੂਲ ਦੇ ਅਧਿਆਪਕਾਂ ਨੇ ਬਾਹਰ ਆ ਕੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਆਪਣੀ ਹਮਾਇਤ ਪ੍ਰਗਟ ਕੀਤੀ ਅਤੇ ਇਸ ਉਦਮ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸਕੂਲ ਦੇ ਅਧਿਆਪਕ ਮਿਸਟਰ ਟਾਮ ਤੇ ਮਿਸਟਰ ਲਾਰਸਨ ਅਤੇ ਸਕੂਲ ਦੇ ਕੁਝ ਵਿਦਿਆਰਥੀਆਂ ਨੂੰ ਦਸਤਾਰਾਂ ਵੀ ਸਜਾਈਆਂ ਗਈਆਂ ਜੋ ਉਨ੍ਹਾਂ ਨੇ ਸਾਰਾ ਦਿਨ ਸਕੂਲ ਸਮੇਂ ਤੱਕ ਸਜਾਈ ਰੱਖੀਆਂ। ਕੁਝ ਅਧਿਆਪਕਾਂ ਨੇ ਈਮੇਲ ਰਾਹੀਂ ਵੀ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਇਕਜੁਟਤਾ ਪ੍ਰਗਟਾਈ। ਇਸ ਸਮੇਂ ਸਿੱਖ ਭਾਈਚਾਰੇ ਵਲੋਂ ਪ੍ਰੋ. ਹਰਪਾਲ ਸਿੰਘ, ਪ੍ਰਿੰ. ਉਜਾਗਰ ਸਿੰਘ, ਚਰਨ ਸਿੰਘ ਜੱਜ, ਦਲਜੀਤ ਸਿੰਘ, ਗੁਰਚਰਨ ਸਿੰਘ ਗਿੱਲ, ਖੁਸ਼ਪਾਲ ਸਿੰਘ ਭੁੱਲਰ, ਦਰਸ਼ਨ ਸਿੰਘ, ਸਤਨਾਮ ਸਿੰਘ ਜੌਹਲ, ਸ੍ਰੀ ਅਟਵਾਲ, ਸਰਬਜੀਤ ਸਿੰਘ ਰਾਜੂ ਅਤੇ ਉਸੇ ਸਕੂਲ ਵਿਚ ਅਧਿਆਪਕ ਵਜੋਂ ਕੰਮ ਕਰਦੇ ਡਾ. ਪਰਗਟ ਸਿੰਘ ਹੁੰਦਲ ਮੌਜੂਦ ਸਨ।

## ਨਿੱਜਰ ਭਰਾਵਾਂ ਨੂੰ ਸਦਮਾ, ਬਹਿਨੋਈ ਦਾ ਦੇਹਾਂਤ

**ਫਰੀਮਾਂਟ (ਬਿਊਰੋ):** ਕੈਲੀਫੋਰਨੀਆ ਦੇ ਪੰਜਾਬੀ ਭਾਈਚਾਰੇ ਦੀ ਜਾਣੀਆਂ ਪਛਾਣੀਆਂ ਸ਼ਖਸੀਅਤਾਂ ਅਤੇ ਖੇਡ ਜਗਤ ਦੀਆਂ ਉਘੀਆਂ ਹਸਤੀਆਂ ਸੁਰਿੰਦਰ ਸਿੰਘ ਨਿੱਜਰ ਅਤੇ ਅੰਮ੍ਰਿਤਪਾਲ ਸਿੰਘ ਨਿੱਜਰ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਜੀਜਾ ਜੀ ਨਿਰਮਲ ਸਿੰਘ ਗੋਸਲ ਸੰਖੇਪ ਜਿਹੀ ਬਿਮਾਰੀ ਪਿਛੋਂ ਲੰਘੇ ਵੀਰਵਾਰ ਅਕਾਲ ਚਲਾਣਾ ਕਰ ਗਏ।



ਮਰਹੂਮ ਸ. ਨਿਰਮਲ ਸਿੰਘ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਰਟੈਂਡਾ ਤੋਂ ਸਨ ਅਤੇ ਪਿੰਡ ਭਾਗ ਸਿੰਘ ਵਿਖੇ ਉਹ ਲੰਮਾ ਸਮਾਂ ਸਹਿਕਾਰੀ ਸਭਾ ਦੇ ਸਕੱਤਰ ਰਹੇ। ਉਹ ਪਰਿਵਾਰ ਸਮੇਤ ਪਿਛਲੇ ਤਿੰਨ ਸਾਲਾਂ ਤੋਂ ਬੇਏਰੀਏ ਦੇ ਸ਼ਹਿਰ ਸੈਂਟਾ ਕਲਾਰਾ ਵਿਚ ਵੱਸੇ ਹੋਏ ਸਨ। ਉਨ੍ਹਾਂ ਦਾ ਅੰਤਮ ਸਸਕਾਰ 17 ਨਵੰਬਰ ਐਤਵਾਰ ਨੂੰ ਦੁਪਹਿਰ 12 ਵਜੇ ਸ਼ਾਂਤ ਭਵਨ ਕਲੋਵਿਸ ਵਿਖੇ ਹੋਵੇਗਾ। ਪਰਿਵਾਰ ਨਾਲ ਸੰਪਰਕ ਫੋਨ 559-479-1802 ਜਾਂ 559-479-1804 ਰਾਹੀਂ ਕੀਤਾ ਜਾ ਸਕਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Short Sale Specialist
Do you want to sell your home
Sacramento, Stockton, Roseville area prices are on rise.

Sohanpreet (Sam) Chahal
CA Lic. 01504071
Realtor/Notary Public
email:samchahal@hotmail.com
Please call me to find out value of your home.
Listing: 4 bed, 2 bath in Stockton $189,000
If you want to Buy or Sell
Call: Sohanpreet 'Sam' Chahal
@916-612-5773
visit: www.hudhomestore.com
Serving from Bay Area to Sacramento
Multi-Million Dollars Producer-2007 to 2011
ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

## Matrimonial

### ਕੰਨਿਆਂ ਦੀ ਲੋੜ

ਲੁਬਾਣਾ ਸਿੱਖ ਲੜਕੇ, 26, ਕੱਦ 5'-11", ਅਮਰੀਕਾ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ ਤੇ ਆਰ ਐਨ ਦਾ ਕੋਰਸ ਕਰ ਰਹੇ ਗੁਰਸਿੱਖ ਲੜਕੇ ਲਈ ਸੁਨੱਖੀ ਗੁਰਸਿੱਖ ਲੜਕੀ ਦੀ ਲੋੜ ਹੈ। ਇੰਡੀਆ ਤੋਂ ਸਟੂਡੈਂਟ ਵੀਜ਼ੇ 'ਤੇ ਆਈ ਲੜਕੀ ਵੀ ਵਿਚਾਰਯੋਗ। ਸੰਪਰਕ ਕਰੋ, ਫੋਨ: 480-241-7596, singhkhalsapunjabi1987@gmail.com

---

ਜੱਟ ਸਿੱਖ ਬੈਂਸ, 22, 5'-6", ਬੀ ਕਾਮ, ਸੋਹਣੇ ਸੁਨੱਖੇ, 22 ਕਰੋੜ ਦੀ ਜਾਇਦਾਦ ਦੇ ਮਾਲਕ ਮਾਪਿਆਂ ਦੇ ਇਕਲੌਤੇ ਲੜਕੇ ਲਈ ਅਮਰੀਕਾ/ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੇ ਨਾਨਕੇ ਅਤੇ ਭੈਣ ਅਮਰੀਕਾ/ਕੈਨੇਡਾ ਵਿਚ ਸੈਟਲ ਹਨ ਅਤੇ ਮਾਤਾ-ਪਿਤਾ ਗੰਗਾਨਗਰ, ਇੰਡੀਆ ਹਨ। ਸੰਪਰਕ ਕਰੋ: 661-565-4432

---

Beautiful & well educated girl sought for Lobana Sikh handsome clean shaven boy, 26, 5'-10", Green Card holder, B-tech engineering. Only reputed Lobana Sikh families from USA/ Canada need to contact. Ph: 916-821-1569 or email: supertoolsindia@yahoo.co.in

---

Wanted suitable girl from USA, Canada, India for US citizen Amritdhari Sikh male 34, living in Ohio, truck driver, own house, divorced after 2 years of marriage, one daughter living with mom. Undocumented girls can also be considered. Contact: Ph.513-305-4654.

46-4

---

US citizen good looking girl sought for Jatt Sikh boy, 27, graduate from USA, presently working as web developer in India. Whole family well settled in the US. Contact:630-623-8539, lovey.khattra@yahoo.in

46-1

# ਡਾ. ਮਨਮੋਹਨ ਸਿੰਘ ਸਭ ਤੋਂ ਵੱਧ ਤਾਕਤਵਰ ਸਿੱਖ

## ਸ਼ਰੀਫ ਤੇ ਚੰਗੇ ਆਚਰਨ ਵਾਲਾ ਆਗੂ ਕਰਾਰ



**ਲੰਡਨ:** ਲੰਡਨ ਵਿਚ ਜਾਰੀ ਹੋਈ 'ਦ ਸਿੱਖ 100' ਸੂਚੀ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੁਨੀਆ ਦੇ ਸਭ ਤੋਂ ਵੱਧ ਤਾਕਤਵਰ ਸਿੱਖ ਮੰਨੇ ਗਏ ਹਨ। ਇਹ ਸੂਚੀ ਸੱਤ ਤਰ੍ਹਾਂ ਦੀਆਂ ਤਾਕਤਾਂ ਅਹੁਦਾ, ਪ੍ਰਭਾਵ, ਸਬੰਧ, ਯੋਗਤਾ, ਅਧਿਕਾਰ, ਸਨਮਾਨ ਤੇ ਪ੍ਰਤੀਫਲ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਸਿੱਖ ਡਾਇਰੈਕਟਰੀ ਯੂ.ਕੇ. ਵੱਲੋਂ ਜਾਰੀ ਸਾਲਾਨਾ ਸੂਚੀ ਵਿਚ 81 ਸਾਲਾ ਡਾ. ਮਨਮੋਹਨ ਸਿੰਘ ਨੂੰ ਉਦਮੀ, ਮਿਹਨਤੀ ਤੇ ਅਕਾਦਮੀ ਪਹੁੰਚ ਵਾਲੇ ਕਹਿੰਦਿਆਂ ਉਨ੍ਹਾਂ ਨੂੰ ਪ੍ਰਭਾਵੀ, ਸ਼ਰੀਫ ਤੇ ਚੰਗੇ ਆਚਰਣ ਵਾਲੇ ਕਿਹਾ ਹੈ।

ਇਸ ਸੂਚੀ ਵਿਚ ਯੋਜਨਾ ਕਮਿਸ਼ਨ ਦੇ 69 ਸਾਲਾ ਡਿਪਟੀ ਚੇਅਰਮੈਨ ਮੋਨਟੇਕ ਸਿੰਘ ਆਹਲੂਵਾਲੀਆ ਨੂੰ ਦੂਜੇ ਨੰਬਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਤੀਜੇ ਨੰਬਰ 'ਤੇ ਰੱਖਿਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੌਥੇ, ਸੰਤ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲੇ 5ਵੇਂ, ਭਾਈ ਸਾਹਿਬ ਭਾਈ ਮਹਿੰਦਰ ਸਿੰਘ 6ਵੇਂ, ਡਾ. ਇੰਦਰਜੀਤ ਕੌਰ ਪਿੰਗਲਵਾੜਾ 7ਵੇਂ, ਮਾਸਟਰ ਕਾਰਡ ਵਰਲ ਵਾਈਡ ਦੇ ਸੀ.ਈ.ਓ ਅਜੇਪਾਲ ਸਿੰਘ ਬੰਗਾ 8ਵੇਂ ਤੇ ਯੂ.ਕੇ. ਦੀ ਹਾਈ ਕੋਰਟ ਦੇ ਪਹਿਲੇ ਜੱਜ ਰਣਬੀਰ ਸਿੰਘ 9ਵੇਂ, ਪ੍ਰੀਤਇੰਦਰ ਸਿੰਘ ਬਾਹਰਾ ਯੂ.ਐਸ.ਏ 10 ਵੇਂ ਸਥਾਨ 'ਤੇ ਹਨ। ਇਸ ਤੋਂ ਇਲਾਵਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 14 ਵੇਂ ਸਥਾਨ 'ਤੇ ਹਨ। ਬੀਬੀ ਗੁਰਸ਼ਰਨ ਕੌਰ ਪਤਨੀ ਡਾ. ਮਨਮੋਹਨ ਸਿੰਘ ਸੂਚੀ ਵਿਚ 13ਵੇਂ ਸਥਾਨ 'ਤੇ ਹੈ ਜਦਕਿ ਸਾਬਕਾ ਜੱਜ ਮੋਤਾ ਸਿੰਘ 17ਵੇਂ, ਖੁਸ਼ਵੰਤ ਸਿੰਘ 22ਵੇਂ, ਭੁਪਿੰਦਰ ਸਿੰਘ ਪੰਜਾਬ ਨੈਸ਼ਨਲ ਬੈਂਕ 26ਵੇਂ, ਭਾਰਤੀ ਗੇਂਦਬਾਜ਼ ਹਰਭਜਨ ਸਿੰਘ 28ਵੇਂ, ਕੈਪਟਨ ਅਮਰਿੰਦਰ ਸਿੰਘ 29ਵੇਂ, ਸਾਬਕਾ ਏਅਰ ਮਾਰਸ਼ਲ ਅਰਜਨ ਸਿੰਘ 34ਵੇਂ, ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ 42ਵੇਂ ਤੇ ਡਾ. ਰੰਮੀ ਰੇਂਜਰ 48ਵੇਂ, ਫਿਲਮ ਡਾਇਰੈਕਟਰ ਗੁਰਿੰਦਰ ਚੱਢਾ 55ਵੇਂ, ਟਿਮ ਉੱਪਲ 56ਵੇਂ, ਯੂ ਕੇ ਸੰਸਦ ਮੈਂਬਰ ਸੰਦੀਪ ਕੌਰ ਵਰਮਾ 58ਵੇਂ, ਮਿਲਖਾ ਸਿੰਘ 71ਵੇਂ, ਐਮ.ਪੀ.ਪਾਲ ਉੱਪਲ 76ਵੇਂ, ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ 77ਵੇਂ ਸਥਾਨ 'ਤੇ ਹਨ। ਸਿੱਖ ਡਾਇਰੈਕਟਰੀ ਵਿਚ ਮਨਮੋਹਨ ਸਿੰਘ ਨੂੰ ਚੋਟੀ ਦੇ ਵਿਚਾਰਵਾਨ ਤੇ ਵਿਦਵਾਨ ਕਿਹਾ ਗਿਆ ਹੈ।


## ਪੰਜਾਬ ਵਿਚ ਜ਼ਮੀਨ ਵਿਕਾਊ ਹੈ

**ਰੋਪੜ ਜਿਲ੍ਹੇ (ਪੰਜਾਬ) ਵਿਚ 5 ਤੋਂ 14 ਕਿੱਲੇ ਤੱਕ ਬਾਗਬਾਨੀ ਵਾਲੀ ਉਪਜਾਊ ਜ਼ਮੀਨ ਵਿਕਾਊ ਹੈ। ਬਿਜਲੀ-ਪਾਣੀ ਉਪਲਬਧ ਅਤੇ ਫਲਾਂ ਦੇ ਪੌਧਿਆਂ ਦੀ ਬੀਜਾਈ ਸਮੇਤ ਤਿਆਰ ਜ਼ਮੀਨ ਦਾ ਮੁੱਲ 14 ਲੱਖ ਪ੍ਰਤੀ ਏਕੜ, ਬਗੈਰ ਤਿਆਰੀ ਦੇ ਮੁੱਲ 8 ਲੱਖ ਪ੍ਰਤੀ ਏਕੜ।**

**ਸੰਪਰਕ ਕਰੋ:281-788-4571**



## MRP TRAVEL

*Lowest International and Domestic Fares*

ARC **FLY ANY AIRLINE OF YOUR CHOICE** IATA

***Providing the lowest Air-fare, Cruise and Travel Packages to Asia, Africa, Europe, the Middle East and North America***

**408-929-8005**

**E-mail:mrptravel@gmail.com**
**2123 Port Way, San Jose, CA 95133**
***CST: 2097308-40***

*Passport & Visa services also available*



Asiana Airlines · Emirates · KOREAN AIR · SINGAPORE AIRLINES · CATHAY PACIFIC · Lufthansa · CHINA AIRLINES

***India Vacation tour package also available.***


## ਗਿਆਨੀ ਹਰਿਗਿਆਨ ਸਿੰਘ ਸੁਰਗਵਾਸ

**ਮਿਲਵਾਕੀ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਵਿਚ ਜਾਣੀ-ਪਛਾਣੀ ਸ਼ਖਸੀਅਤ ਗਿਆਨੀ ਹਰਿਗਿਆਨ ਸਿੰਘ ਕਲੇਰ ਪਿੰਡ ਰਾਜੋਆਣਾ (ਖੁਰਦ), ਜ਼ਿਲ੍ਹਾ ਲੁਧਿਆਣਾ ਲੰਘੇ ਸੋਮਵਾਰ (11 ਨਵੰਬਰ 2013) ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਸਥਾਨਕ ਗੁਰਦੁਆਰਾ ਬਰੁਕਫੀਲਡ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਜਗਦੀਸ਼ਰ ਸਿੰਘ ਕਲੇਰ ਦੇ ਪਿਤਾ ਜੀ ਸਨ। 20 ਜਨਵਰੀ 1929 ਨੂੰ ਜਨਮੇ ਗਿਆਨੀ ਹਰਿਗਿਆਨ ਸਿੰਘ 1985 ਤੋਂ ਇਥੇ ਆਪਣੇ ਬੱਚਿਆਂ ਪਾਸ ਰਹਿ ਰਹੇ ਸਨ। ਉਹ ਗੁਰੂ ਘਰ ਦੇ ਅਨਿਨ ਸੇਵਕ ਸਨ ਅਤੇ ਬਹੁਤ ਸਾਲਾਂ ਤੋਂ ਪੰਜਾਬੀ ਦੀਆਂ ਕਲਾਸਾਂ ਲਿਆ ਕਰਦੇ ਸਨ। ਕਰਮਕਾਂਡ ਦੇ ਉਹ ਸਖਤ ਵਿਰੋਧੀ ਸਨ। ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਵਸੀਹ ਜਾਣਕਾਰੀ ਕਰਕੇ ਅਕਸਰ ਲੋਕ ਉਨ੍ਹਾਂ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਦਾ ਚਲਦਾ ਫਿਰਦਾ ਇਨਸਾਈਕਲੋਪੀਡੀਆ ਆਖਦੇ।



ਉਹ ਆਪਣੇ ਪਿਛੇ ਤਿੰਨ ਪੁੱਤਰ ਅਤੇ ਦੋ ਧੀਆਂ ਛੱਡ ਗਏ ਹਨ। ਸ. ਜਗਦੀਸ਼ਰ ਸਿੰਘ ਕਲੇਰ ਤੋਂ ਇਲਾਵਾ ਪੁੱਤਰਾਂ-ਤਰਲੋਚਨ ਸਿੰਘ ਕਲੇਰ ਤੇ ਦਲਜੀਤ ਸਿੰਘ ਕਲੇਰ ਅਤੇ ਧੀਆਂ-ਭੁਪਿੰਦਰ ਕੌਰ ਗੁਰੂ ਤੇ ਮਨਜੀਤ ਕੌਰ ਸਰੋਏ ਸਮੇਤ ਦੋਹਤਰਿਆਂ-ਪੋਤਰਿਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਸਾਰੇ ਅਮਰੀਕਾ ਹੀ ਰਹਿੰਦੇ ਹਨ।

ਗਿਆਨੀ ਹਰਿਗਿਆਨ ਸਿੰਘ ਹੋਰਾਂ ਦੇ ਅੰਤਮ ਦਰਸ਼ਨ ਸਨਿਚਰਵਾਰ 16 ਨਵੰਬਰ ਨੂੰ ਬਾਅਦ ਦੁਪਹਿਰ 12 ਵਜੇ ਤੋਂ 1:30 ਵਜੇ ਦਰਮਿਆਨ ਕਰਾਊਜ਼ ਫਿਊਨਰਲ ਹੋਮ (9000 ਵੈਸਟ ਕੈਪੀਟਲ ਡਰਾਈਵ, ਮਿਲਵਾਕੀ) ਵਿਖੇ ਹੋਣਗੇ ਅਤੇ ਇਸ ਉਪਰੰਤ ਸਸਕਾਰ ਕੀਤਾ ਜਾਵੇਗਾ। ਅੰਤਿਮ ਅਰਦਾਸ ਉਸੇ ਦਿਨ ਗੁਰਦੁਆਰਾ ਬਰੁਕਫੀਲਡ (3675 ਨਾਰਥ ਕੈਲਹਾਊਂਡ ਰੋਡ, ਬਰੁਕਫੀਲਡ) ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਬਾਅਦ ਦੁਪਹਿਰ 3 ਵਜੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 414-460-7118 ਰਾਹੀਂ ਕੀਤਾ ਜਾ ਸਕਦਾ ਹੈ।

## ਮੁੱਲਾ ਫਜ਼ਲਉਲਾ ਪਾਕਿ ਤਾਲਿਬਾਨ ਦਾ ਨਵਾਂ ਮੁਖੀ

**ਇਸਲਾਮਾਬਾਦ:** ਅਮਰੀਕੀ ਡਰੋਨ ਹਮਲੇ ਵਿਚ ਹਕੀਮੁੱਲਾ ਮਹਿਸੂਦ ਦੇ ਹਲਾਕ ਹੋਣ ਤੋਂ ਇਕ ਹਫਤੇ ਬਾਅਦ ਮੁੱਲਾ ਫਜ਼ਲਉਲਾ ਨੂੰ ਪਾਕਿਸਤਾਨੀ ਤਾਲਿਬਾਨ ਦਾ ਨਵਾਂ ਮੁਖੀ ਥਾਪ ਦਿੱਤਾ ਗਿਆ ਹੈ। ਫਜ਼ਲਉਲਾ ਨੇ ਸਵਾਤ ਵਾਦੀ 'ਚ ਤਾਲਿਬਾਨੀ ਸਿੱਕਾ ਜਮਾਇਆ ਸੀ।


FARMERS INSURANCE GROUP — Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



## Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

- *Threading
- *Men's Facials
- *Custom Designing
- *Line-ups
- *Custom Text
- *Hair Coler
- *Shave &
- *Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



***Cell: (510)-677-9942***
***Shop: (510)-505-9605***
***www.princebarbershop.com***

## ਪੰਜਾਬੀ ਪਰਵਾਸੀ ਭੁਪਿੰਦਰ ਸਿੰਘ ਨੂੰ 'ਪੰਜਾਬ ਦਾ ਮਾਣ' ਐਵਾਰਡ

**ਲੰਡਨ:** ਪੰਜਾਬ ਨੈਸ਼ਨਲ ਬੈਂਕ ਇੰਟਰਨੈਸ਼ਨਲ ਦੇ ਮੈਨੇਜਿੰਗ ਡਾਇਰੈਕਟਰ ਭੁਪਿੰਦਰ ਸਿੰਘ ਤੇ ਤਿੰਨ ਹੋਰ ਸ਼ਖਸੀਅਤਾਂ ਨੂੰ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਦਲੇ 'ਪੰਜਾਬ ਦਾ ਮਾਣ' ਐਵਾਰਡ ਦਿੱਤਾ ਗਿਆ ਹੈ। ਹਾਊਸ ਆਫ ਕਾਮਨਜ਼ (ਹੇਠਲੇ ਸਦਨ) ਦੇ ਸਪੀਕਰ ਜੌਹਨ ਬਰਕਊ ਨੇ 'ਦਿ ਬ੍ਰਿਟਿਸ਼ ਆਈਲਜ਼' ਦੀ ਪੰਜਾਬ ਸੁਸਾਇਟੀ ਵੱਲੋਂ ਕਰਵਾਏ ਸਮਾਗਮ ਦੌਰਾਨ ਐਵਾਰਡ ਦਿੱਤੇ ਗਏ।

ਇਸ ਮੌਕੇ ਸ. ਭੁਪਿੰਦਰ ਨੂੰ ਕਰਜ਼, ਮਾਰਕੀਟਿੰਗ, ਕਾਰਪੋਰੇਟ ਗਵਰਨੈਂਸ, ਆਡਿਟ, ਨਿਵੇਸ਼, ਮਨੁੱਖੀ ਸਰੋਤ ਤੇ ਮਰਚੈਂਟ ਬੈਂਕਿੰਗ ਵਰਗੇ ਖੇਤਰਾਂ ਵਿਚ 35 ਸਾਲਾਂ ਦੇ ਤਜਰਬੇ ਵਾਲਾ 'ਮਸ਼ਹੂਰ ਬੈਂਕਰ' ਦੱਸਿਆ ਗਿਆ। ਐਵਾਰਡ ਪ੍ਰਾਪਤ ਕਰਨ ਮੌਕੇ ਉਨ੍ਹਾਂ ਕਿਹਾ ਕਿ ਇਹ ਮਾਣ ਵਿਸ਼ਵ ਭਰ ਵਿਚ ਫੈਲੇ ਬੈਂਕ ਦੇ ਅੱਠ ਕਰੋੜ ਗਾਹਕਾਂ ਨੂੰ ਜਾਂਦਾ ਹੈ। ਐਵਾਰਡ ਪ੍ਰਾਪਤ ਕਰਨ ਵਾਲੀਆਂ ਹੋਰ ਸ਼ਖਸੀਅਤਾਂ ਵਿਚ ਫੈਲਥਮ ਤੇ ਹੈਸਟਨ ਤੋਂ ਲੇਬਰ ਪਾਰਟੀ ਦੀ ਸੰਸਦ ਮੈਂਬਰ ਸੀਮਾ ਮਲਹੋਤਰਾ, ਇੰਗਲੈਂਡ ਦੇ ਉੱਘੇ ਉੱਦਮੀ, ਅਤੁਲ ਪਾਠਕ ਤੇ ਪੰਜਾਬੀ ਸੁਸਾਇਟੀ ਦੇ ਮੀਤ ਪ੍ਰਧਾਨ ਕੁਲਜੀਤ ਸਿੰਘ ਗੁਲਾਟੀ ਸ਼ਾਮਲ ਹਨ।

# ਮਾਨ ਵੱਲੋਂ ਮੋਦੀ ਦੀ ਪੰਜਾਬ ਫੇਰੀ ਦੇ ਵਿਰੋਧ ਦਾ ਐਲਾਨ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਨਰਿੰਦਰ ਮੋਦੀ ਦਾ ਪੰਜਾਬ ਆਉਣ 'ਤੇ ਵਿਰੋਧ ਕੀਤਾ ਜਾਵੇਗਾ। ਸ. ਮਾਨ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰਿੰਦਰ ਮੋਦੀ ਘੱਟ ਗਿਣਤੀਆਂ ਦੇ ਕਾਤਲ ਹਨ ਤੇ ਉਨ੍ਹਾਂ ਦੇ 21 ਦਸੰਬਰ ਨੂੰ ਮੋਗਾ ਦੌਰੇ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿਰੋਧ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ।

ਸ. ਮਾਨ ਨੇ ਕਿਹਾ ਕਿ ਸ੍ਰੀ ਮੋਦੀ 2002 ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਤੇ 60 ਹਜ਼ਾਰ ਸਿੱਖ ਕਿਸਾਨਾਂ ਦੇ ਉਜਾੜੇ ਲਈ ਜ਼ਿੰਮੇਵਾਰ ਹੈ। ਇਸ ਲਈ ਉਸ ਦੀ ਕਿਸੇ ਵੀ ਤਰ੍ਹਾਂ ਹਮਾਇਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਇਸ ਗੱਲ 'ਤੇ ਅਫ਼ਸੋਸ ਜ਼ਾਹਿਰ ਕੀਤਾ ਕਿ ਜਦੋਂ ਸਾਰੀਆਂ ਖੇਤਰੀ ਪਾਰਟੀਆਂ ਨੇ ਸ੍ਰੀ ਮੋਦੀ ਦੀ ਹਮਾਇਤ ਤੋਂ ਇਨਕਾਰ ਕਰ ਦਿੱਤਾ ਹੈ ਤਾਂ ਉਸ ਵੇਲੇ ਬਾਦਲ ਦਲ ਵੱਲੋਂ ਉਸ ਦੀ ਹਮਾਇਤ ਪੂਰੀ ਤਰ੍ਹਾਂ ਗਲਤ ਹੈ। ਸ. ਮਾਨ ਨੇ ਮੋਦੀ ਦੇ ਹਮਾਇਤੀਆਂ ਵੱਲੋਂ ਕੀਤੇ ਜਾ ਰਹੇ ਇਸ ਦਾਅਵੇ ਨੂੰ ਵੀ ਰੱਦ ਕਰ ਦਿੱਤਾ ਕਿ ਉਨ੍ਹਾਂ ਨੇ ਗੁਜਰਾਤ ਵਿਚ ਵਿਕਾਸ ਕੀਤਾ ਹੈ। ਸ. ਮਾਨ ਨੇ ਕਿਹਾ ਕਿ ਮੋਦੀ ਦੀ ਚੋਣ ਦੇ ਮਾਮਲੇ ਵਿਚ ਵਿਕਾਸ ਕੋਈ ਮੁੱਦਾ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰ ਡਿਕਟੇਟਰ ਵਿਕਾਸ ਕਰਦਾ ਹੈ ਪਰ ਉਸ ਨੂੰ ਇਸ ਦੇ ਬਦਲੇ ਵਿਚ ਮਾਨਤਾ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਮੁਤਾਬਕ ਮਾਨਵਤਾ ਤੇ ਘੱਟ ਗਿਣਤੀਆਂ ਖ਼ਿਲਾਫ਼ ਜ਼ੁਲਮਾਂ ਦੇ ਗੁਨਾਹਗਾਰ ਨੂੰ ਸਿਰਫ਼ ਇਸ ਅਧਾਰ 'ਤੇ ਹਮਾਇਤ ਨਹੀਂ ਦਿੱਤੀ ਜਾ ਸਕਦੀ ਕਿ ਉਸ ਨੇ ਕਿਸੇ ਖਾਸ ਖੇਤਰ ਵਿਚ ਵਿਕਾਸ ਕਰਵਾਇਆ ਹੈ।

ਸ. ਮਾਨ ਨੇ ਇਸ ਮੌਕੇ ਪੰਜਾਬ ਵਿਚ ਸਿਆਸੀ ਨੇਤਾਵਾਂ ਤੇ ਅਫ਼ਸਰਾਂ ਦੀ ਸਰਪ੍ਰਸਤੀ ਹੇਠ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੇ ਕਾਰੋਬਾਰ ਉਪਰ ਡੂੰਘਾ ਅਫ਼ਸੋਸ ਜ਼ਾਹਰ ਕੀਤਾ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਵੱਡੀ ਗਿਣਤੀ ਵਿਚ ਨਸ਼ਿਆਂ ਦੀ ਵਿਕਰੀ ਤੇ ਆਮਦ ਦੇ ਬਾਵਜੂਦ ਅੱਜ ਤੱਕ ਕਿਸੇ ਵੀ ਬੀ.ਐਸ.ਐਫ਼., ਫੌਜ, ਪੁਲਿਸ ਤੇ ਪ੍ਰਸ਼ਾਸਨਕ ਅਧਿਕਾਰੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਫਤਹਿਗੜ੍ਹ ਸਾਹਿਬ ਦੇ ਐਸ.ਐਸ.ਪੀ. ਨੂੰ ਸਿਆਸੀ ਦਬਾਅ ਹੇਠ ਬਦਲ ਕੇ ਪਟਿਆਲੇ ਭੇਜ ਦਿੱਤਾ ਗਿਆ ਕਿਉਂਕਿ ਉਸ ਨੇ ਨਸ਼ਿਆਂ ਦੇ ਵੱਡੇ ਸਮੱਗਲਰ ਨੂੰ ਹੱਥ ਪਾਇਆ ਸੀ। ਸਿਆਸੀ ਨੇਤਾਵਾਂ ਤੇ ਵੱਡੇ ਅਫ਼ਸਰਾਂ ਵੱਲੋਂ ਜ਼ਮੀਨਾਂ ਹੜੱਪਣ ਦੇ ਮਾਮਲਿਆਂ ਨੂੰ ਵੀ ਕਰੜਾਈ ਨਾਲ ਲੈਂਦਿਆਂ ਸ. ਮਾਨ ਨੇ ਮੰਗ ਕੀਤੀ ਕਿ ਸਾਰੇ ਦੋਸ਼ੀਆਂ ਖਿਲਾਫ਼ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ।



### ਹੁਣ 21 ਦਸੰਬਰ ਨੂੰ ਆਉਣਗੇ ਮੋਦੀ

***ਚੰਡੀਗੜ੍ਹ:*** *ਗੁਜਰਾਤ ਦੇ ਮੁੱਖ ਮੰਤਰੀ ਤੇ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਰਿੰਦਰ ਮੋਦੀ ਦੀ ਪੰਜਾਬ ਵਿਚ ਵੱਡੀ ਰੈਲੀ ਕਰਨ ਲਈ ਤਾਰੀਖ਼ ਤੈਅ ਕਰ ਦਿੱਤੀ ਗਈ ਹੈ ਤੇ ਹੁਣ ਨਰਿੰਦਰ ਮੋਦੀ 21 ਦਸੰਬਰ ਨੂੰ ਮੋਗਾ ਵਿਚ ਅਕਾਲੀ-ਭਾਜਪਾ ਗਠਜੋੜ ਦੀ ਸਾਂਝੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਨਗੇ। ਪਹਿਲਾਂ ਰੈਲੀ ਦੀ ਤਾਰੀਖ਼ ਅੱਠ ਦਸੰਬਰ ਨੂੰ ਰੱਖੀ ਗਈ ਸੀ ਪਰ ਪੰਜ ਰਾਜਾਂ ਵਿਚ ਚੋਣ ਨਤੀਜਿਆਂ ਦੇ ਉਸੇ ਦਿਨ ਆਉਣ ਕਰਕੇ ਰੈਲੀ ਮੁਲਤਵੀ ਕਰ ਦਿੱਤੀ ਗਈ ਸੀ।*

# ਲੌਂਗੋਵਾਲ ਦੀ ਹੱਤਿਆ ਕੇ.ਪੀ.ਐਸ. ਦੀ ਕੋਤਾਹੀ ਨਾਲ ਹੋਈ?

**ਨਵੀਂ ਦਿੱਲੀ:** ਪੰਜਾਬ ਪੁਲਿਸ ਦੇ ਸੇਵਾਮੁਕਤ ਡਾਇਰੈਕਟਰ ਜਨਰਲ ਕਿਰਪਾਲ ਸਿੰਘ ਢਿੱਲੋਂ ਨੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ 'ਤੇ 1985 ਵਿਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਗੁੱਠੇ ਲਾਉਣ ਲਈ ਦੋਗ਼ਲੀਆਂ ਖੇਡਾਂ ਖੇਡਣ ਦੇ ਦੋਸ਼ ਲਾਏ ਸਨ। ਉਨ੍ਹਾਂ ਇਹ ਵੀ ਕਿਹਾ ਹੈ ਕਿ ਕੇ.ਪੀ.ਐਸ. ਗਿੱਲ ਜੋ 1985 ਵਿਚ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਦੇ ਆਈ.ਜੀ. ਸਨ, ਵੱਲੋਂ ਸੁਰੱਖਿਆ ਪੱਖੋਂ ਕੀਤੀਆਂ ਕੁਤਾਹੀਆਂ ਕਾਰਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੱਤਿਆ ਹੋਈ। ਉਨ੍ਹਾਂ ਨੇ ਪੰਜਾਬ ਦੇ ਤਤਕਾਲੀਨ ਰਾਜਪਾਲ ਤੇ ਬਾਅਦ ਵਿਚ ਕੇਂਦਰੀ ਮੰਤਰੀ ਅਰਜੁਨ ਸਿੰਘ 'ਤੇ ਪੰਜਾਬ ਵਿਚ ਅਤਿਵਾਦ ਨੂੰ ਹਵਾ ਦੇਣ ਦੇ ਦੋਸ਼ ਵੀ ਲਾਏ ਹਨ।

ਮੱਧ ਪ੍ਰਦੇਸ਼ ਕੇਡਰ ਦੇ 1953 ਬੈਚ ਦੇ ਆਈਪੀਐਸ ਅਫਸਰ ਕਿਰਪਾਲ ਸਿੰਘ ਢਿੱਲੋਂ ਨੇ ਉਪਰੋਕਤ ਦੋਸ਼ ਆਪਣੀਆਂ ਯਾਦਾਂ 'ਤੇ ਆਧਾਰਤ ਪੁਸਤਕ 'ਟਾਈਮ ਪ੍ਰੈਜ਼ੈਂਟ ਐਂਡ ਟਾਈਮ ਪਾਸਟ: ਮੈਮੋਇਰਜ਼ ਆਫ ਟੌਪ ਕੌਪ' ਵਿਚ ਲਾਏ ਹਨ। ਇਹ ਪੁਸਤਕ ਨਵੀਂ ਦਿੱਲੀ ਵਿਚ ਰਿਲੀਜ਼ ਕੀਤੀ ਗਈ। ਸ. ਢਿੱਲੋਂ ਨੂੰ ਸ੍ਰੀਮਤੀ ਇੰਦਰਾ ਗਾਂਧੀ ਨੇ 3 ਜੁਲਾਈ, 1984 ਨੂੰ ਪੰਜਾਬ ਦਾ ਡੀ.ਜੀ.ਪੀ. ਲਾਇਆ ਸੀ। ਇਸ ਤੋਂ ਇਕ ਮਹੀਨਾ ਪਹਿਲਾਂ ਸਾਕਾ ਨੀਲਾ ਤਾਰਾ ਹੋਇਆ ਸੀ।



ਸ. ਢਿੱਲੋਂ 29 ਸਤੰਬਰ, 1985 ਨੂੰ ਪੰਜਾਬ ਵਿਚ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੱਲੋਂ ਹਲਫ਼ ਲਏ ਜਾਣ ਤੋਂ ਕੁਝ ਦਿਨ ਪਹਿਲਾਂ ਤਕ ਡੀ.ਜੀ.ਪੀ. ਰਹੇ। ਦਰਅਸਲ, ਉਨ੍ਹਾਂ ਨੂੰ ਸੰਤ ਲੌਂਗੋਵਾਲ ਦੀ ਹੱਤਿਆ ਕਾਰਨ ਇਸ ਅਹੁਦੇ ਤੋਂ ਹਟਾਇਆ ਗਿਆ। ਆਪਣੀ ਕਿਤਾਬ ਵਿਚ ਢਿੱਲੋਂ ਨੇ ਲਿਖਿਆ ਹੈ ਕਿ ਸੰਤ ਲੌਂਗੋਵਾਲ ਦੀ ਹਿੰਦੂਆਂ ਤੇ ਸਿੱਖਾਂ ਵਿਚ ਚੋਖੀ ਭਰੋਸੇਯੋਗਤਾ ਸੀ। ਇਹ ਕੁਝ ਗਿਆਨੀ ਜ਼ੈਲ ਸਿੰਘ ਤੇ ਬੂਟਾ ਸਿੰਘ ਤੇ ਪੰਜਾਬ ਕਾਂਗਰਸ ਵਿਚਲੇ ਉਨ੍ਹਾਂ ਦੇ ਹਮਾਇਤੀਆਂ ਨੂੰ ਨਹੀਂ ਸੀ ਭਾਉਂਦਾ। ਇਹ ਦੋਵੇਂ ਨੇਤਾ ਰਾਜੀਵ-ਲੌਂਗੋਵਾਲ ਸਮਝੌਤੇ ਕਾਰਨ ਪੰਜਾਬ ਨੂੰ ਹੋਣ ਵਾਲੇ ਸੰਭਾਵੀ ਲਾਭਾਂ ਨੂੰ ਗੁੱਠੇ ਲਾਉਣ ਲਈ ਦੋਗ਼ਲੀਆਂ ਖੇਡਾਂ ਖੇਡਦੇ ਰਹੇ।

ਸਾਬਕਾ ਡੀ.ਜੀ.ਪੀ. ਨੇ ਗਿਆਨੀ ਜ਼ੈਲ ਸਿੰਘ ਤੇ ਬੂਟਾ ਸਿੰਘ ਦੀ ਜੋੜੀ 'ਤੇ ਨੀਲਾ ਤਾਰਾ ਸਾਕੇ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਰਿਵਾਰ ਨੂੰ ਸਿਆਸੀ ਤੌਰ 'ਤੇ ਉਤਸ਼ਾਹਤ ਕਰਨ ਦੇ ਦੋਸ਼ ਵੀ ਲਾਏ ਹਨ ਤੇ ਕਿਹਾ ਸੰਤ ਭਿੰਡਰਾਂਵਾਲੇ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਨੂੰ ਉਭਾਰਨਾ ਇਸੇ ਸਾਜ਼ਿਸ਼ ਦਾ ਹਿੱਸਾ ਸੀ। ਸਾਬਕਾ ਡੀਜੀਪੀ ਨੇ ਕਾਂਗਰਸੀ ਨੇਤਾ ਅਰਜੁਨ ਸਿੰਘ ਦੀ ਵੀ ਤਿੱਖੀ ਨੁਕਤਾਚੀਨੀ ਕੀਤੀ ਹੈ। ਅਰਜੁਨ ਸਿੰਘ ਨੂੰ ਰਾਜੀਵ ਗਾਂਧੀ ਨੇ ਪੰਜਾਬ ਦਾ ਰਾਜਪਾਲ ਥਾਪਿਆ ਸੀ।

ਉਨ੍ਹਾਂ ਮਾਰਚ, 1985 ਵਿਚ ਰਾਜਪਾਲ ਦਾ ਅਹੁਦਾ ਸੰਭਾਲਿਆ ਤੇ ਕੇਂਦਰ ਦੇ ਇਸ਼ਾਰੇ 'ਤੇ ਸੁਰਜੀਤ ਸਿੰਘ ਬਰਨਾਲਾ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਈ। ਢਿੱਲੋਂ ਮੁਤਾਬਕ ਅਰਜੁਨ ਸਿੰਘ ਨੇ ਕਾਂਗਰਸ ਤੋਂ ਇਲਾਵਾ ਅਕਾਲੀ ਦਲ ਵਿਚ ਅਜਿਹੇ ਉਮੀਦਵਾਰ ਚੁਣਵਾਏ ਤਾਂ ਜੋ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਬਰਨਾਲਾ ਮੁੱਖ ਮੰਤਰੀ ਬਣ ਸਕਣ। ਢਿੱਲੋਂ ਅਨੁਸਾਰ ਸੰਤ ਲੌਂਗੋਵਾਲ ਦੀ ਹੱਤਿਆ ਕੇ.ਪੀ.ਐਸ. ਗਿੱਲ ਵੱਲੋਂ ਸੰਤਾਂ ਦੀ ਸੁਰੱਖਿਆ ਗਾਰਦ ਵਿਚ ਜੀਤ ਸਿੰਘ ਦੀ ਨਿਯੁਕਤੀ ਤੋਂ ਬਾਅਦ ਹੋਈ। ਜੀਤ ਸਿੰਘ ਨੇ ਕਈ ਗੰਭੀਰ ਗਲਤੀਆਂ ਕੀਤੀਆਂ। ਖਾੜਕੂਆਂ ਨਾਲ ਉਸ ਦੇ ਕਥਿਤ ਸਬੰਧਾਂ ਕਾਰਨ ਉਸ ਦੀ ਬਰਤਰਫੀ ਦੀ ਫਾਈਲ ਕਾਫ਼ੀ ਸਮਾਂ ਅਰਜੁਨ ਸਿੰਘ ਪਾਸ ਪਈ ਰਹੀ।

# ਮਜੀਠੀਆ ਜਨਤਾ ਨੂੰ ਕਰ ਰਿਹਾ ਹੈ ਗੁੰਮਰਾਹ: ਸੁਖਪਾਲ ਸਿੰਘ ਖਹਿਰਾ

**ਚੰਡੀਗੜ੍ਹ:** ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਜਸਟਿਸ ਕੁਲਦੀਪ ਸਿੰਘ ਟ੍ਰਿਬਿਊਨਲ ਦੀ ਰਿਪੋਰਟ ਬਾਰੇ ਪੰਜਾਬ ਵਿਧਾਨ ਸਭਾ ਦੇ ਸਦਨ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਉਂਦਿਆਂ ਪੰਜਾਬ ਕਾਂਗਰਸ ਨੇ ਕਿਹਾ ਹੈ ਕਿ ਇਸ ਅਕਾਲੀ ਆਗੂ ਨੇ ਗਲਤ ਤੱਥ ਦੱਸ ਕੇ ਰਾਜ ਦੀ ਜਨਤਾ ਨੂੰ ਗੁੰਮਰਾਹ ਕੀਤਾ ਹੈ ਜਿਸ ਕਾਰਨ ਉਨ੍ਹਾਂ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।



ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸ. ਮਜੀਠੀਆ ਦੇ ਆਪਣੇ ਮਾਲ ਵਿਭਾਗ ਨੇ ਹੀ ਜਸਟਿਸ ਕੁਲਦੀਪ ਸਿੰਘ ਟ੍ਰਿਬਿਊਨਲ ਦੇ ਗਠਨ ਨੂੰ ਸੁਪਰੀਮ ਕੋਰਟ ਵਿਚ ਐਸ.ਐਲ.ਪੀ. ਪਾ ਕੇ ਚੁਣੌਤੀ ਦਿੱਤੀ ਹੈ ਤੇ ਦੂਜੇ ਪਾਸੇ ਉਹ ਇਸੇ ਰਿਪੋਰਟ ਦੇ ਆਧਾਰ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਗਲਤ ਢੰਗ ਨਾਲ ਜ਼ਮੀਨ ਖਰੀਦਣ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਹੈਰਾਨੀ ਜ਼ਾਹਿਰ ਕੀਤੀ ਕਿ ਵਿੱਤ ਕਮਿਸ਼ਨਰ (ਮਾਲ) ਵੱਲੋਂ ਹੀ ਜਸਟਿਸ ਕੁਲਦੀਪ ਸਿੰਘ ਟ੍ਰਿਬਿਊਨਲ ਦੇ ਗਠਨ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੰਦਿਆਂ ਐਸ.ਐਲ.ਪੀ. ਦੇ ਪੰਨਾ ਨੰਬਰ 43 ਵਿਚ ਰਜਿਸਟਰੇਸ਼ਨ ਐਕਟ 1948 ਦੀ ਧਾਰਾ 32 ਦਾ ਹਵਾਲਾ ਦਿੰਦਿਆਂ ਸਾਰੀਆਂ ਰਜਿਸਟਰੀਆਂ ਨੂੰ ਜਾਇਜ਼ ਠਹਿਰਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਸ. ਮਜੀਠੀਆ ਆਪਣੇ ਸਿਆਸੀ ਵਿਰੋਧੀ ਸ. ਬਾਜਵਾ ਨੂੰ ਇਸ ਮੁੱਦੇ ਉਪਰ ਨਿਸ਼ਾਨਾ ਬਣਾ ਰਹੇ ਹਨ ਪਰ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸੈਣੀ ਬਾਰੇ ਖਾਮੋਸ਼ ਹਨ। ਉਨ੍ਹਾਂ ਦੱਸਿਆ ਕਿ ਇਸ ਰਿਪੋਰਟ ਵਿਚ ਬਾਕਾਇਦਾ ਦਰਜ ਹੈ ਕਿ ਸ੍ਰੀ ਸੈਣੀ ਨੇ ਚੰਡੀਗੜ੍ਹ ਨੇੜਲੇ ਪਿੰਡ ਕਾਂਸਲ ਵਿਚ 32 ਕਨਾਲ ਗੈਰ-ਮੁਮਕਿਨ ਨਦੀ ਦੇ ਗੈਰ-ਕਾਨੂੰਨੀ ਇੰਤਕਾਲ ਕਰਵਾਏ ਹਨ ਜਦੋਂਕਿ ਇਸ ਰਿਪੋਰਟ ਵਿਚ ਸ. ਬਾਜਵਾ ਦਾ ਨਾਂ ਤੱਕ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਟ੍ਰਿਬਿਊਨਲ ਨੇ ਆਪਣੀ ਜਾਂਚ ਵਿੱਚ ਖੁਲਾਸਾ ਕੀਤਾ ਹੈ ਕਿ ਸ਼ਾਮਲਾਟ ਜ਼ਮੀਨਾਂ ਦੀਆਂ 70,000 ਤੋਂ ਵੱਧ ਰਜਿਸਟਰੀਆਂ ਹੋਈਆਂ ਹਨ।

## ਰੇਲ ਪਟੜੀ 'ਤੇ ਮੂਵੀ ਬਣਵਾਉਂਦੇ ਲਾੜੇ 'ਤੇ ਗੱਡੀ ਚੜ੍ਹੀ

**ਬਟਾਲਾ:** ਰੇਲਵੇ ਲਾਈਨ 'ਤੇ ਮੂਵੀ ਬਣਵਾਉਂਦੇ ਤੇ ਤਸਵੀਰਾਂ ਖਿਚਵਾਉਂਦੇ ਲਾੜੇ ਦੀ ਰੇਲ ਗੱਡੀ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਗਈ।

ਕਸਬਾ ਕਾਦੀਆਂ ਨਜ਼ਦੀਕ ਨਾਥਪੁਰ ਪਿੰਡ ਦੇ ਅੰਮ੍ਰਿਤਪਾਲ ਸਿੰਘ ਉਰਫ਼ ਪਾਲਾ ਦਾ ਵਿਆਹ ਭਾਗੀਆਂ ਪਿੰਡ ਦੀ ਲੜਕੀ ਨਾਲ ਹੋਇਆ ਸੀ। ਨਵਵਿਆਹਿਆ ਜੋੜਾ ਗੁਰਦੁਆਰੇ ਨਤਮਸਤਕ ਹੋਇਆ ਤੇ ਗਾਨੇ ਖੇਡਣ ਦੀ ਰਸਮ ਵੀ ਪੂਰੀ ਕਰ ਲਈ ਗਈ।

ਦੋਵੇਂ ਪਰਿਵਾਰਕ ਮੈਂਬਰ ਤੇ ਜੋੜਾ ਨੇੜਲੇ ਪਿੰਡ ਰਾਮਪੁਰ ਕੋਲ ਮੂਵੀ ਸ਼ੂਟਿੰਗ ਕਰਨ ਤੇ ਫੋਟੋਆਂ ਖਿਚਵਾਉਣ ਵਿਚ ਮਸਰੂਫ਼ ਸਨ। ਇਸ ਦੌਰਾਨ ਅੰਮ੍ਰਿਤਸਰ-ਬਟਾਲਾ ਤੋਂ ਕਾਦੀਆਂ ਆਉਂਦੀ ਡੀ.ਐਮ.ਯੂ. ਰੇਲ ਗੱਡੀ ਅੰਮ੍ਰਿਤਪਾਲ ਸਿੰਘ ਉਪਰੋਂ ਲੰਘ ਗਈ। ਮੂਵੀ ਸ਼ੂਟਿੰਗ ਵੇਲੇ ਦੋਵਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ ਪਰ ਕਿਸੇ ਨੂੰ ਰੇਲ ਦੇ ਆਉਣ ਦਾ ਪਤਾ ਨਾ ਲੱਗਿਆ।

# ਇਕ ਘੰਟੇ ਦੀ ਐਨ.ਆਰ.ਆਈ. ਦੁਲਹਨ ਪਈ ਲੱਖਾਂ ਵਿਚ

**ਅੰਮ੍ਰਿਤਸਰ:** ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਕ ਘੰਟੇ ਦੀ ਐਨ.ਆਰ.ਆਈ. ਦੁਲਹਨ ਦੇ ਮਾਮਲੇ ਦੀ ਜਾਂਚ ਪੰਜਾਬ ਪੁਲਿਸ ਦੇ ਬਾਰਡਰ ਰੇਂਜ ਦੇ ਆਈ.ਜੀ. ਨੂੰ ਕਰਨ ਲਈ ਆਖਿਆ ਹੈ। ਤਰਨ ਤਾਰਨ ਦੇ ਪੀੜਤ ਪਰਿਵਾਰ ਵੱਲੋਂ ਇਹ ਮਾਮਲਾ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੀਤ ਚੇਅਰਮੈਨ ਰਾਜ ਕੁਮਾਰ ਵੇਰਕਾ ਕੋਲ ਪੇਸ਼ ਕੀਤਾ ਗਿਆ।

ਪੀੜਤ ਗੁਰਦਾਸ ਸ਼ਰਮਾ ਨਾਂ ਦੇ ਵਿਅਕਤੀ ਨੇ ਕਮਿਸ਼ਨ ਨੂੰ ਦੱਸਿਆ ਕਿ ਉਸ ਦੇ ਬੇਟੇ ਨਿਤਿਨ ਸ਼ਰਮਾ ਦਾ ਵਿਆਹ ਲੁਧਿਆਣਾ ਵਾਸੀ ਪ੍ਰਿਤਪਾਲ ਸਿੰਘ ਦੀ ਬੇਟੀ ਨਾਲ 12 ਅਗਸਤ ਨੂੰ ਹੋਇਆ ਸੀ। ਇਹ ਵਿਆਹ ਚੰਡੀਗੜ੍ਹ ਦੇ ਮੈਰਿਜ ਬਿਊਰੋ ਦੇ ਸੰਚਾਲਕ ਸ੍ਰੀ ਪਾਂਡੇ ਵੱਲੋਂ ਅਖ਼ਬਾਰ ਵਿਚ ਦਿੱਤੇ ਗਏ ਇਸ਼ਤਿਹਾਰ ਰਾਹੀਂ ਹੋਇਆ ਸੀ। ਇਸ਼ਤਿਹਾਰ ਪੜ੍ਹ ਕੇ ਉਨ੍ਹਾਂ ਨੇ ਕੁੜੀ ਦੇ ਪਰਿਵਾਰ ਵਾਲਿਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੱਸਿਆ ਕਿ ਕੁੜੀ ਨੇ 20 ਅਗਸਤ ਨੂੰ ਕੈਨੇਡਾ ਵਾਪਸ ਜਾਣਾ ਹੈ।ਇਸ ਲਈ ਇਸ ਤੋਂ ਪਹਿਲਾਂ ਹੀ ਵਿਆਹ ਕਰਨਾ ਹੈ।

ਉਸ ਨੇ ਦੱਸਿਆ ਕਿ ਇਹ ਵਿਆਹ ਅੰਮ੍ਰਿਤਸਰ ਦੇ ਇਕ ਹੋਟਲ ਵਿਚ ਹੋਇਆ ਤੇ ਵਿਆਹ ਦੀ ਰਜਿਸਟਰੇਸ਼ਨ ਤਹਿਸੀਲਦਾਰ ਵੱਲੋਂ ਕੀਤੀ ਗਈ। ਵਿਆਹ ਤੋਂ ਬਾਅਦ ਕੁੜੀ ਇਕ ਘੰਟੇ ਲਈ ਤਰਨ ਤਾਰਨ ਸਥਿਤ ਆਪਣੇ ਸਹੁਰੇ ਘਰ ਆਈ ਤੇ ਆਪਣੇ ਮਾਪਿਆਂ ਨਾਲ ਵਾਪਸ ਲੁਧਿਆਣਾ ਚਲੀ ਗਈ। ਉਸ ਨੇ ਦੋਸ਼ ਲਾਇਆ ਕਿ 17 ਅਗਸਤ ਨੂੰ ਕੁੜੀ ਦੇ ਪਰਿਵਾਰ ਵਾਲਿਆਂ ਤੇ ਮੈਰਿਜ ਬਿਊਰੋ ਵਾਲਿਆਂ ਨੇ ਪੈਸੇ ਮੰਗੇ ਜਿਸ 'ਤੇ ਉਨ੍ਹਾਂ ਨੇ 3 ਲੱਖ ਰੁਪਏ ਨਕਦ ਤੇ 3 ਲੱਖ ਰੁਪਏ ਦਾ ਚੈਕ ਕੁੜੀ ਦੇ ਪਿਤਾ ਦੇ ਨਾਂ 'ਤੇ ਦਿੱਤਾ। ਇਸੇ ਤਰ੍ਹਾਂ ਇਕ ਲੱਖ ਰੁਪਏ ਮੈਰਿਜ ਬਿਊਰੋ ਵਾਲਿਆਂ ਨੂੰ ਨਕਦ ਦਿੱਤੇ ਗਏ।



ਪੀੜਤ ਮੁਤਾਬਕ 20 ਅਗਸਤ ਨੂੰ ਕੁੜੀ ਕੈਨੇਡਾ ਵਾਪਸ ਪਰਤ ਗਈ। ਜਦੋਂ ਉਨ੍ਹਾਂ ਕੁੜੀ ਦੇ ਮਾਪਿਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਹੋਰ ਪੈਸੇ ਮੰਗੇ ਜਿਸ ਕਾਰਨ ਉਨ੍ਹਾਂ ਨੂੰ ਸ਼ੱਕ ਹੋ ਗਿਆ। ਇਸ 'ਤੇ ਉਨ੍ਹਾਂ ਨੇ ਤਰਨ ਤਾਰਨ ਦੇ ਐਸ.ਐਸ.ਪੀ. ਨੂੰ ਸ਼ਿਕਾਇਤ ਕਰ ਦਿੱਤੀ। ਇਸ ਮਾਮਲੇ ਦੀ ਜਾਂਚ ਡੀ.ਐਸ.ਪੀ. ਵੱਲੋਂ ਕੀਤੀ ਗਈ ਪਰ ਜਾਂਚ ਲਈ ਕੋਈ ਵੀ ਪੁਲਿਸ ਕਰਮਚਾਰੀ ਉਨ੍ਹਾਂ ਦੇ ਮੁਹੱਲੇ ਵਿਚ ਨਹੀਂ ਆਇਆ। ਉਸ ਨੇ ਦੋਸ਼ ਲਾਇਆ ਕਿ ਜਾਂਚ ਰਿਪੋਰਟ ਵਿਚ ਪੁਲਿਸ ਨੇ ਲਿਖਿਆ ਹੈ ਕਿ ਕੁੜੀ ਚਾਰ ਦਿਨ ਤਰਨ ਤਾਰਨ ਵਿਚ ਰਹੀ ਹੈ ਜਦੋਂਕਿ ਆਂਢ ਗੁਆਂਢ ਦੇ ਲੋਕ ਜਾਣਦੇ ਹਨ ਕਿ ਇਹ ਕੁੜੀ ਸਿਰਫ ਇਕ ਘੰਟੇ ਲਈ ਆਈ ਸੀ। ਸ੍ਰੀ ਵੇਰਕਾ ਨੇ ਇਸ ਮਾਮਲੇ ਦੀ ਜਾਂਚ ਆਈ.ਜੀ. ਈਸ਼ਵਰ ਚੰਦਰ ਨੂੰ ਸੌਂਪ ਦਿੱਤੀ ਹੈ।

### ਤਲਾਕ ਲੈਣ ਦੇ ਕੇਸਾਂ ਵਿਚ ਵਾਧਾ

**ਬਟਾਲਾ:** ਜ਼ਿਲ੍ਹਾ ਗੁਰਦਾਸਪੁਰ ਵਿਚ ਵਿਮੈੱਨ ਸੈੱਲ ਥਾਣਿਆਂ ਵਿਚ ਇਕ ਸਾਲ ਦੌਰਾਨ ਤਲਾਕ ਲੈਣ ਦੇ 110 ਮਾਮਲੇ ਸੁਣਵਾਈ ਅਧੀਨ ਹਨ। ਇਹ ਸਾਰੇ ਮਾਮਲੇ ਪ੍ਰੇਮ ਵਿਆਹ ਨਾਲ ਸਬੰਧਤ ਹਨ।

ਵਿਮੈੱਨ ਸੈੱਲ ਥਾਣਿਆਂ ਵਿਚ ਪ੍ਰੇਮ ਵਿਆਹਾਂ ਦੇ 42 ਕੇਸ ਅਜਿਹੇ ਹਨ ਜਿਨ੍ਹਾਂ ਦੇ ਪ੍ਰੇਮ ਵਿਆਹ ਹੋਇਆਂ ਨੂੰ 50 ਤੋਂ 90 ਦਿਨ ਦਾ ਹੀ ਸਮਾਂ ਬੀਤਿਆ ਸੀ ਕਿ ਦੋਵਾਂ ਜੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਰਮਿਆਨ ਅਜਿਹੇ ਕੁੜੱਤਣ ਭਰੇ ਹਾਲਾਤ ਪੈਦਾ ਹੋ ਗਏ ਜਿਸ ਕਾਰਨ ਦੋਵਾਂ ਜੀਆਂ (ਪ੍ਰੇਮੀ ਜੋੜਿਆਂ) ਨੇ ਹਮੇਸ਼ਾ ਲਈ ਵੱਖ ਹੋਣ ਲਈ ਪੁਲਿਸ ਅਤੇ ਅਦਾਲਤਾਂ ਤੱਕ ਪਹੁੰਚ ਜਾ ਕੀਤੀ।

# ਬਾਦਲ ਖਿਲਾਫ ਕੇਸ ਵਿਚ ਅਪੀਲ ‘ਤੇ ਫੈਸਲਾ ਰਾਖਵਾਂ

**ਸ਼ਿਕਾਗੋ (ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਅਤੇ ਸ਼੍ਰੋਮਣੀ ਅਕਾਲੀ ਦਲ (ਮਾਨ) ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਵਿਚ ਦਾਇਰ ਅਪੀਲ ਉਤੇ ਫੈਡਰਲ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਦੋਵਾਂ ਜਥੇਬੰਦੀਆਂ ਨੇ ਦਾਅਵਾ ਕੀਤਾ ਸੀ ਕਿ ਸ. ਬਾਦਲ ਨੂੰ ਪਿਛਲੇ ਸਾਲ ਮਿਲਵਾਕੀ ਦੇ ਦੌਰੇ ਦੌਰਾਨ ਫੈਡਰਲ ਅਦਾਲਤ ਦੇ ਸੰਮਨ ਤਾਮੀਲ ਕਰਵਾਏ ਗਏ ਸਨ ਪਰ ਹੇਠਲੀ ਅਦਾਲਤ ਨੇ ਇਹ ਦਾਅਵਾ ਰੱਦ ਕਰ ਦਿਤਾ ਸੀ।



*ਇਸਤਗਾਸਾ ਧਿਰ ਦੇ ਨੁਮਾਇੰਦੇ ਆਪਣੇ ਵਕੀਲਾਂ ਨਾਲ*

ਹੇਠਲੀ ਅਦਾਲਤ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਇਸ ਆਧਾਰ ‘ਤੇ ਖਾਰਜ ਕਰ ਦਿੱਤਾ ਸੀ ਕਿ ਸੰਮਨ 9 ਅਗਸਤ 2012 ਨੂੰ ਓਕ ਕਰੀਕ ਹਾਈ ਸਕੂਲ ਵਿਚ ਮੁੱਖ ਮੰਤਰੀ ਬਾਦਲ ਦੀ ਥਾਂ ਸ਼ਿਕਾਗੋ ਰਹਿੰਦੇ ਸਿੱਖ ਸੁਰਿੰਦਰਪਾਲ ਸਿੰਘ ਕਾਲੜਾ ਨੂੰ ਤਾਮੀਲ ਕਰਵਾਏ ਗਏ ਸਨ। ਉਪਰੋਕਤ ਦੋਹਾਂ ਜਥੇਬੰਦੀਆਂ ਦੀ ਅਪੀਲ ਉਤੇ ਸੁਣਵਾਈ ਦੌਰਾਨ 3 ਸਰਕਟ ਕੋਰਟ ਜੱਜਾਂ ਨੇ ਇਸ ਆਧਾਰ ‘ਤੇ ਫੈਸਲਾ ਰਾਖਵਾਂ ਰੱਖ ਲਿਆ ਹੈ ਕਿ ਕੀ ਇਸਤਗਾਸਾ ਧਿਰ ਨੂੰ ਇਹ ਜਾਂਚ ਕਰਨ ਲਈ ਹੋਰ ਸਮਾਂ ਦਿੱਤਾ ਜਾਵੇ ਜਾਂ ਨਹੀਂ ਕਿ ਕੀ ਮੁੱਖ ਮੰਤਰੀ ਬਾਦਲ ਦੀ ਥਾਂ ਸ੍ਰੀ ਕਾਲੜਾ ਨੂੰ ਸੰਮਨ ਤਾਮੀਲ ਹੋਏ ਸਨ।

ਇਸਤਗਾਸਾ ਪੱਖ ਦੇ ਅਟਾਰਨੀ ਪਾਵਿਚ ਲਾਅ ਫਰਮ ਨੇ ਅਦਾਲਤ ਨੂੰ ਦਲੀਲ ਦਿੱਤੀ ਕਿ ਦਿੱਤਾ ਗਿਆ 30 ਦਿਨਾਂ ਦਾ ਸਮਾਂ ਇਸ ਗੱਲ ਦਾ ਪਤਾ ਲਗਾਉਣ ਲਈ ਕਾਫੀ ਨਹੀਂ ਹੈ ਕਿ ਸੰਮਨ ਓਕ ਕਰੀਕ ਹਾਈ ਸਕੂਲ ਵਿਚ ਸ੍ਰੀ ਕਾਲੜਾ ਜਾਂ ਸ੍ਰੀ ਬਾਦਲ ਨੂੰ ਤਾਮੀਲ ਹੋਏ ਸਨ ਜਾਂ ਫਿਰ ਸ੍ਰੀ ਕਾਲੜਾ ਦਾ ਹਲਫੀਆ ਬਿਆਨ ਮੁੱਖ ਮੰਤਰੀ ਦੇ ਏਜੰਟਾਂ ਦੇ ਪ੍ਰਭਾਵ ਹੇਠ ਦਿੱਤਾ ਗਿਆ ਹੈ। ਵਕੀਲਾਂ ਨੇ ਅਪੀਲ ਕੋਰਟ ਵਿਚ ਸਬੂਤ ਪੇਸ਼ ਕਰਦਿਆਂ ਕਿਹਾ ਕਿ ਭਾਰਤ ਤੋਂ ਸ੍ਰੀ ਬਾਦਲ ਦੇ ਪ੍ਰਤੀਨਿਧ 17 ਫਰਵਰੀ ਨੂੰ ਜਾਂ ਇਸ ਤੋਂ ਪਹਿਲਾਂ ਪਹੁੰਚੇ ਜਦਕਿ ਸ੍ਰੀ ਕਾਲੜਾ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਆਪਣੀ ਕਾਰ ਦੇ ਟਰੰਕ ਵਿਚ ਪਏ ਪੇਪਰਾਂ ਦਾ ਪਤਾ 18 ਫਰਵਰੀ ਨੂੰ ਲੱਗਾ ਪਰ ਨਾਲ ਹੀ ਉਸ ਨੇ 29 ਜਨਵਰੀ ਦੇ ਆਪਣੇ ਹਲਫੀਆ ਬਿਆਨ ਵਿਚ ਇਹ ਪੁਸ਼ਟੀ ਨਹੀਂ ਕੀਤੀ ਕਿ ਉਹ ਇਨ੍ਹਾਂ ਪੇਪਰਾਂ ਨੂੰ ਓਕ ਕਰੀਕ ਹਾਈ ਸਕੂਲ ਵਿਚ ਹੀ ਛੱਡ ਆਇਆ ਸੀ। ਇਸਤਗਾਸਾ ਧਿਰ ਵਕੀਲਾਂ ਨੇ ਦੋਸ਼ ਲਾਇਆ ਕਿ ਸਬੂਤ ਇਹ ਸੰਕੇਤ ਦਿੰਦੇ ਹਨ ਕਿ ਸ੍ਰੀ ਕਾਲੜਾ ਨੇ ਹਲਫੀਆ ਬਿਆਨ ਸ੍ਰੀ ਬਾਦਲ ਦੇ ਏਜੰਟਾਂ ਦੇ ਪ੍ਰਭਾਵ ਅਧੀਨ ਦਿੱਤਾ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਜੱਜ ਐਡਲਮੈਨ ਅੱਗੇ ਹਲਫੀਆ ਬਿਆਨ ਦੇਣ ਤੋਂ ਪਹਿਲਾਂ ਸ੍ਰੀ ਕਾਲੜਾ ਵਲੋਂ ਬਾਦਲ ਦੇ ਏਜੰਟ ਡੀ ਆਈ ਜੀ ਅਨਨਿਆ ਗੌਤਮ ਦੇ ਨਾਲ ਮਿਲਵਾਕੀ ਦੇ ਫਿਸਟਰ ਹੋਟਲ ਵਿਚ 3 ਘੰਟੇ ਬਿਤਾਉਣ ਤੋਂ ਇਹ ਗੱਲ ਜਾਹਰ ਹੈ ਕਿ ਉਸ ਦਾ ਹਲਫੀਆ ਬਿਆਨ ਇਸ ਮੀਟਿੰਗ ਤੋਂ ਪ੍ਰਭਾਵਤ ਸੀ। ਪੰਨੂ ਨੇ ਕਿਹਾ ਕਿ ਸਾਨੂੰ ਪੂਰਾ ਯਕੀਨ ਹੈ ਕਿ ਸਾਡੀ ਅਪੀਲ ਉਤੇ ਅਦਾਲਤ ਇਸ ਦੀ ਸੱਚਾਈ ਜਾਣਨ ਲਈ ਸਾਨੂੰ ਹੋਰ ਸਮਾਂ ਦੇਵੇਗੀ।

ਇਸਤਗਾਸਾ ਧਿਰ ਅਕਾਲੀ ਦਲ (ਮਾਨ) ਦੇ ਜੀਤ ਸਿੰਘ, ਗੁਰਦੀਪ ਸਿੰਘ ਤੇ ਜਗਤਾਰ ਸਿੰਘ ਨੇ ਦੋਸ਼ ਲਾਇਆ ਹੈ ਕਿ ਭਾਰਤ ਵਿਚ ਬਾਦਲ ਪ੍ਰਸ਼ਾਸਨ ਵਲੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਮੁੱਖ ਮੰਤਰੀ ਦੇ ਖਿਲਾਫ ਕੇਸ ਵਾਪਸ ਲੈਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।

# ਸੋਨੀ ਐਂਟਰਟੇਨਮੈਂਟ ਟੀ ਵੀ ਏਸ਼ੀਆ ਹੁਣ ਹਾਈ ਡੈਫੀਨੀਸ਼ਨ ਵਿਚ ਵੀ

**ਨਿਊ ਯਾਰਕ (ਬਿਊਰੋ):** ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਏਸ਼ੀਆ (ਐਸ ਈ ਟੀ ਏਸ਼ੀਆ ਐਚ ਡੀ) ਹੁਣ ਡਿਸ਼ ਅਤੇ ਡਿਸ਼ ਵਰਲਡ ਆਈ ਪੀ ਟੀ ਵੀ ਉਪਰ 1080 ਆਈ ਹਾਈ ਡੈਫੀਨੀਸ਼ਨ ਵਿਚ ਵੀ ਦੇਖਿਆ ਜਾ ਸਕੇਗਾ। ਇਹ ਜਾਣਕਾਰੀ ਦਿੰਦਿਆਂ ਸੋਨੀ ਐਂਟਰਟੇਨਮੈਂਟ ਨੈਟਵਰਕ ਦੇ ਨਾਰਥ ਅਮੈਰਿਕਾ ਜੋਨ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ (ਇੰਟਰਨੈਸ਼ਨਲ ਬਿਜਨਸ) ਜੈਦੀਪ ਜਾਨਕੀਰਾਮ ਨੇ ਕਿਹਾ ਕਿ ਸੋਨੀ ਐਂਟਰਟੇਨਮੈਂਟ ਨੈਟਵਰਕ ਨੇ ਹਮੇਸ਼ਾ ਕੁਆਲਿਟੀ ਅਤੇ ਸਮੱਗਰੀ ਪੱਖੋਂ ਬਹੁਤ ਉਚੇ ਮਿਆਰ ਰੱਖੇ ਹਨ, ਹਾਈ ਡੈਫੀਨੀਸ਼ਨ ਵਿਚ ਪ੍ਰੋਗਰਾਮ ਪੇਸ਼ ਕਰਨਾ ਇਸੇ ਦਿਸ਼ਾ ਵਿਚ ਅਗਲਾ ਕਦਮ ਹੈ ਅਤੇ ਮੈਨੂੰ ਯਕੀਨ ਹੈ ਕਿ ਦਰਸ਼ਕ ਸਾਡੀ ਹੋਰ ਵਧੀਆ ਹੋਈ ਕੁਆਲਿਟੀ ਨੂੰ ਪਸੰਦ ਕਰਨਗੇ।

ਡਿਸ਼ ਦੇ ਡਾਇਰੈਕਟਰ ਪ੍ਰੋਗਰਾਮਿੰਗ ਸਰੂਤਾ ਵੂਟੂਕੂਰੂ ਨੇ ਕਿਹਾ ਕਿ ਡਿਸ਼ ਹਾਈ ਡੈਫੀਨੀਸ਼ਨ ਪ੍ਰੋਗਰਾਮ ਮੁਹੱਈਆ ਕਰਨ ਵਿਚ ਹਮੇਸ਼ਾ ਮੋਹਰੀ ਰਿਹਾ ਹੈ ਅਤੇ ਸਾਨੂੰ ਐਸ ਈ ਟੀ ਏਸ਼ੀਆ ਐਚ ਡੀ ਨੂੰ ਆਪਣੇ ਨੈਟਵਰਕ ਵਿਚ ਸ਼ਾਮਲ ਕਰਕੇ ਖੁਸ਼ੀ ਹੋਈ ਹੈ। ਅਸੀਂ ਦੱਖਣ ਏਸ਼ੀਆਈ ਭਾਈਚਾਰਿਆਂ ਦੇ ਆਪਣੇ ਦੇਸ਼ਾਂ ਦੇ ਪ੍ਰੋਗਰਾਮ ਹਾਈ ਡੈਫੀਨੀਸ਼ਨ ਵਿਚ ਦੇਖਣ ਦੇ ਚਾਹਵਾਨਾਂ ਨੂੰ ਪ੍ਰੋਗਰਾਮਾਂ ਦੇ ਬਿਹਤਰੀਨ ਵਿਕਲਪ ਮੁਹੱਈਆ ਕਰਨ ਪ੍ਰਤੀ ਵਚਨਬੱਧ ਹਾਂ। ਹੁਣ ਦਰਸ਼ਕ ਕੌਨ ਬਨੇਗਾ ਕਰੋੜਪਤੀ, ਦੇਸ਼ ਕੀ ਬੇਟੀ ਨੰਦਿਨੀ, ਸੰਜੀਵ ਕਪੂਰ ਕੇ ਕਿਚਨ ਖਿਲਾੜੀ, ਭਾਰਤ ਕਾ ਵੀਰ ਪੁਤਰ-ਮਹਾਰਾਣਾ ਅਤੇ ਵਰਲਡ ਟੈਲੀਵਿਜ਼ਨ ਦੇ ਤਹਿਲਕਾ ਮਚਾਉਣ ਵਾਲੇ ਆਪਣੇ ਮਨਪਸੰਦ ਪ੍ਰੋਗਰਾਮ ਹਾਈ ਡੈਫੀਨੀਸ਼ਨ ਵਿਚ ਦੇਖਣ ਦਾ ਅਨੰਦ ਮਾਣ ਸਕਣਗੇ। ਐਸ ਈ ਟੀ ਏਸ਼ੀਆ ਐਚ ਡੀ ਹੁਣ ਸਬਸਕ੍ਰਾਈਬਰਾਂ ਨੂੰ ਦੋਨਾਂ ਹੀ ਪਲੈਟਫਾਰਮਾਂ ‘ਤੇ ਬਿਨਾ ਹੋਰ ਖਰਚ ਕੀਤਿਆਂ ਉਪਲਬਧ ਹੋ ਸਕੇਗਾ। ਸੈਟਲਾਈਟ ਕਸਟਮਰ ਐਚ ਡੀ ਚੈਨਲ 9663 ਉਪਰ ਇਹ ਪ੍ਰੋਗਰਾਮ ਦੇਖ ਸਕਣਗੇ ਜਦੋਂਕਿ ਜਿਨ੍ਹਾਂ ਗਾਹਕਾਂ ਪਾਸ ਐਚ ਡੀ ਰਸੀਵਰ ਨਹੀਂ ਹੈ ਉਹ ਸਟੈਂਡਰਡ ਡੈਫੀਨੀਸ਼ਨ ਪ੍ਰੋਗਰਾਮ ਚੈਨਲ 695 ਰਾਹੀਂ ਦੇਖ ਸਕਣਗੇ।

ਜ਼ਿਕਰਯੋਗ ਹੈ ਕਿ ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਏਸ਼ੀਆ 1995 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਉਦੋਂ ਤੋਂ ਹੀ ਲਗਾਤਾਰ ਵਿਕਾਸ ਕਰਦਾ ਆਇਆ ਹੈ। ਹੁਣ ਇਹ ਯੂਰਪ, ਉਤਰੀ ਅਮਰੀਕਾ ਅਤੇ ਅਫਰੀਕੀ ਮੁਲਕਾਂ ਵਿਚ ਵੀ ਐਸ ਈ ਟੀ ਏਸ਼ੀਆ ਨਾਂ ਹੇਠ ਉਪਲਬਧ ਹੈ। ਐਸ ਈ ਟੀ ਏਸ਼ੀਆ ਹੁਣ ਦੁਨੀਆਂ ਦੇ 150 ਤੋਂ ਵੱਧ ਮੁਲਕਾਂ ਵਿਚ ਦੇਖਿਆ ਜਾ ਸਕਦਾ ਹੈ। ਇਸ ਦੇ ਚੈਨਲਾਂ ਰਾਹੀਂ ਆਪਣੀ ਮਨਪਸੰਦ ਦੇ ਡਰਾਮੇ, ਸੀਰੀਅਲ, ਫਿਲਮਾਂ ਤੇ ਖੇਡਾਂ ਦੇ ਸ਼ੋਅ 24 ਘੰਟੇ ਦੇਖੇ ਜਾ ਸਕਦੇ ਹਨ। ਇਸ ਦੇ ਚਾਰ ਹੋਰ ਲੋਕਪ੍ਰਿਅ ਚੈਨਲ ਹਨ ਜਿਨ੍ਹਾਂ ’ਚ ਫਿਲਮਾਂ ਤੇ ਖੇਡਾਂ ਦੇ ਸ਼ੋਅ ਦਿਖਾਉਣ ਵਾਲਾ ਮੈਕਸ, ਕਾਮੇਡੀ ਚੈਨਲ ਐਸ ਏ ਬੀ, ਤਾਜ਼ਾ ਰਿਲੀਜ਼ ਹੋਈਆਂ ਹਿੰਦੀ ਫਿਲਮਾਂ ਦੇ ਸੰਗੀਤ ਦਾ ਚੈਨਲ ਮਿਕਸ ਅਤੇ ਬੰਗਾਲੀ ਫਿਲਮਾਂ ਦਾ ਚੈਨਲ ਆਠ ਸ਼ਾਮਲ ਹਨ। ਡਿਸ਼ ਨੈਟਵਰਕ ਕਾਰਪੋਰੇਸ਼ਨ ਵਿਸ਼ਵ ਭਰ ਵਿਚ ਦਰਸ਼ਕਾਂ ਨੂੰ ਸਰਬੋਤਮ ਕੁਆਲਿਟੀ ਦੇ ਪ੍ਰੋਗਰਾਮ ਮੁਹੱਈਆ ਕਰਦੀ ਹੈ।

# ਡਾ. ਜਸਵੰਤ ਰਾਏ ਦੀ ਪੁਸਤਕ ‘ਕਥਾਵਾਂ ਬਿਸਤ ਦੁਆਬ ਦੀਆਂ’ ਰਿਲੀਜ਼

**ਜਲੰਧਰ (ਬਿਊਰੋ):** ਗ਼ਦਰ ਸ਼ਤਾਬਦੀ ਮੌਕੇ ਦੇਸ਼ ਭਗਤ ਯਾਦਗਾਰ ਹਾਲ ਵਿਚ ਕਮੇਟੀ ਵਲੋਂ ਡਾ. ਜਸਵੰਤ ਰਾਏ ਦੀ ਪੁਸਤਕ ‘ਕਥਾਵਾਂ ਬਿਸਤ ਦੁਆਬ ਦੀਆਂ’ ਲੋਕ ਅਰਪਿਤ ਕੀਤੀ ਗਈ। ਇਹ ਪੁਸਤਕ ਅਦਾਰਾ ‘ਦੇਸ਼ ਦੁਆਬਾ’ ਅਤੇ ‘ਅੰਬੇਦਕਰ ਟਾਈਮਜ਼’ ਕੈਲੀਫੋਰਨੀਆ ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਲੋਕ ਅਰਪਿਤ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਵੀਰ ਕੌਰ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਲੋਕਧਾਰਾ ਖ਼ਾਸ ਕਰਕੇ ਲੋਕ ਕਥਾਵਾਂ ਦੇ ਅਧਿਐਨ ਲਈ ਬਹੁਮੁੱਲੀ ਸਾਬਤ ਹੋਵੇਗੀ।



ਕਾਮਰੇਡ ਮੰਗਤ ਰਾਮ ਪਾਸਲਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਲੋਕ ਕਥਾਵਾਂ ਲੋਕ ਮਨ ਦੀ ਤਰਜ਼ਮਾਨੀ ਕਰਦੀਆਂ ਹਨ ਅਤੇ ਇਹ ਸਾਡੀ ਅਮੀਰ ਵਿਰਾਸਤ ਹਨ। ਸਾਡੀ ਇਹ ਬਦਕਿਸਮਤੀ ਰਹੀ ਹੈ ਕਿ ਅਸੀਂ ਇਸ ਅਮੀਰ ਵਿਰਾਸਤ ਨੂੰ ਸਹੀ ਸਮੇਂ ‘ਤੇ ਸੰਭਾਲ ਨਹੀਂ ਸਕੇ। ਡਾ. ਜਸਵੰਤ ਰਾਏ ਵਲੋਂ ਲੋਕਾਂ ਤੱਕ ਪਹੁੰਚ ਕਰਕੇ ਇਕੱਤਰ ਕੀਤੀਆਂ ਗਈਆਂ ਇਹ ਕਥਾਵਾਂ ਸਚ-ਮੁਚ ਵੱਡਾ ਹੰਭਲਾ ਹੈ ਅਤੇ ਪ੍ਰੇਮ ਕੁਮਾਰ ਚੁੰਬਰ ਨੇ ਇਸ ਪੁਸਤਕ ਦਾ ਪ੍ਰਕਾਸ਼ਨ ਕਰਕੇ ਸ਼ਾਬਾਸ਼ੀ ਵਾਲਾ ਕੰਮ ਕੀਤਾ ਹੈ।

ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਨੇ ਕਿਹਾ ਕਿ ਜਸਵੰਤ ਮੇਰਾ ਪੀ.ਐਚ. ਡੀ. ਦਾ ਵਿਦਿਆਰਥੀ ਹੈ। ਉਸ ਦੇ ਇਸ ਉਪਰਾਲੇ ਨਾਲ ਦੁਆਬੇ ਦੇ ਖਿੱਤੇ ਦੀਆਂ ਸੈਂਕੜੇ ਦੱਬੀਆਂ ਕਥਾਵਾਂ ਨੂੰ ਬਾਹਰ ਆਉਣ ਦਾ ਮੌਕਾ ਮਿਲਿਆ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਸਾਰੀਆਂ ਲੋਕ ਕਥਾਵਾਂ ਪਹਿਲੀ ਵਾਰ ਪੁਸਤਕ ਦਾ ਰੂਪ ਗ੍ਰਹਿਣ ਕਰ ਰਹੀਆਂ ਹਨ। ਇਸ ਮੌਕੇ ਕਾਮਰੇਡ ਜਗਰੂਪ ਸਿੰਘ, ਚਰੰਜੀ ਲਾਲ ਕੰਗਣੀਵਾਲ, ਕੁਲਤਾਰ ਸਿੰਘ ਕੁਲਤਾਰ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਦੇਵ ਰਾਜ ਨੱਈਅਰ, ਇੰਜੀਨੀਅਰ ਸੀਤਲ ਸਿੰਘ ਸੰਘਾ, ਕੁਲਬੀਰ ਸਿੰਘ ਯੂ. ਕੇ. ਹਾਜ਼ਰ ਸਨ।


**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

***EARLY BIRD SALE!!!!***

**India $545**
**London $250**



**ਤੰਦੂਰੀਏ ਕੁਕ ਅਤੇ ਹੈਲਪਰ ਦੀ ਲੋੜ ਹੈ**

**ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਕੁਕ ਅਤੇ ਹੈਲਪਰ ਦੀ ਲੋੜ ਹੈ**

**ਚੰਗੀ ਤਨਖਾਹ, ਰਿਹਾਇਸ਼ ਮੁਫਤ**

**ਸੰਪਰਕ ਕਰੋ: 316-708-9896**





**Global Multi Services**

**1950 E. Miner Ave., Stockton, CA 95205**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ**

**ਸਟਾਕਟਨ ਇਲਾਕੇ ‘ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ**

***Repair Shop***

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

**ਫੋਨ: 209-547-9210**
**ਫੈਕਸ: 209-547-9211**

**ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

***Registration Services***

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਇਸ ਮਹੀਨੇ ਸਪੈਸ਼ਲ ਆਫਰ**

**2 steer tire Michellin 22.5 lp for 1150.00 including wheel balancing.**



**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**

ਪੰਜਾਬ ਟਾਈਮਜ਼

*ਸਨਿਚਰਵਾਰ, 16 ਨਵੰਬਰ, 2013*

## ਬਾਬੇ ਨਾਨਕ ਦਾ ਸੁਨੇਹਾ

ਬਾਬੇ ਨਾਨਕ ਨੇ ਲੋਕਾਈ ਦੀ ਭਲਾਈ ਲਈ ਜਗਿਆਸਾ ਦਾ ਉਹ ਬੂਟਾ ਲਾਇਆ ਜੋ ਸਦਾ ਬਹਾਰ ਹੋ ਨਿਬੜਿਆ। ਬਾਬੇ ਨੇ ਇਸ ਬੂਟੇ ਨੂੰ ਆਪ ਆਪਣੇ ਕਰਮਾਂ ਨਾਲ ਸਿੰਜਿਆ। ਉਨ੍ਹਾਂ ਦੇ ਕਰਮਾਂ ਦੇ ਨਾਲ-ਨਾਲ, ਉਨ੍ਹਾਂ ਦੀ ਬਾਣੀ ਵਿਚੋਂ ਵੀ ਜਗਿਆਸੂ ਮਨੁੱਖ ਲਈ ਸੁਨੇਹਿਆਂ ਦੀ ਫੁਆਰਾਂ ਪੈਂਦੀਆਂ ਹਨ। ਇਸ ਜਗਿਆਸਾ ਦਾ ਇਕ ਸਹਿਜ ਅਤੇ ਸਬਰ ਨਾਲ ਭਰਿਆ ਰੂਪ, ਉਨ੍ਹਾਂ ਵੱਲੋਂ ਕੀਤੀਆਂ ਉਦਾਸੀਆਂ ਹਨ। ਸ਼ਰਧਾਲੂਆਂ ਨੇ ਅੱਜ ਤੱਕ ਇਨ੍ਹਾਂ ਉਦਾਸੀਆਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਇਸ ਜਗਤ ਨੂੰ ਤਾਰਨ ਲਈ ਕੀਤੀਆਂ ਯਾਤਰਾਵਾਂ ਨਾਲ ਜੋੜ ਕੇ ਹੀ ਦੇਖਿਆ ਹੈ ਪਰ ਅਸਲ ਵਿਚ ਇਹ ਉਦਾਸੀਆਂ, ਹਰ ਤਰ੍ਹਾਂ ਦੀਆਂ ਸੀਮਾਵਾਂ ਤੋਂ ਪਾਰ ਜਾਂਦੀਆਂ ਹਨ ਜੋ ਰਾਹ ਵਿਚ ਰੁਕਾਵਟ ਬਣ ਸਕਦੀ ਹੋਣ। ਇਨ੍ਹਾਂ ਉਦਾਸੀਆਂ ਨੂੰ ਉਸ ਬਾਲ ਨਾਨਕ ਦੇ ਜਗਿਆਸੂ ਮਨ ਵਜੋਂ ਵੀ ਪੜ੍ਹਨਾ ਚਾਹੀਦਾ ਹੈ ਜਿਹੜਾ ਇਸੇ ਜਗਿਆਸਾ ਦੇ ਆਧਾਰ 'ਤੇ ਮੁੱਢ ਤੋਂ ਹੀ ਹਰ ਸ਼ੈਅ ਅਤੇ ਸ਼ਖਸ ਨਾਲ ਆਢਾ ਲਾਉਂਦਾ ਹੈ। ਇਹ ਜਗਿਆਸਾ ਹੀ ਬਾਬੇ ਨਾਨਕ ਨੂੰ ਸਿੱਧਾਂ ਨਾਲ ਗੋਸ਼ਟ ਕਰਨ ਲਾਉਂਦੀ ਹੈ। ਉਹ ਜਿੱਥੇ ਕਿਤੇ ਵੀ ਜਾਂਦੇ ਹਨ, ਸੰਵਾਦ ਰਚਾਉਂਦੇ ਹਨ। ਜਿਨ੍ਹਾਂ ਨਾਲ ਵੀ ਸੰਵਾਦ ਰਚਾਉਂਦੇ ਹਨ, ਉਹ ਭਾਵੇਂ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਹੀ ਹਨ, ਆਖਰਕਾਰ ਉਨ੍ਹਾਂ ਦੇ ਸਿੱਖ/ਸੇਵਕ ਬਣ ਜਾਂਦੇ ਹਨ। ਇਹ ਜਗਿਆਸਾ ਦੀ ਜਿੱਤ ਹੀ ਨਹੀਂ, ਵਿਚਾਰਾਂ ਦੀ ਬੁਲੰਦੀ ਵੀ ਹੈ। ਇਨ੍ਹਾਂ ਵਿਚਾਰਾਂ ਵਿਚ ਵਿਹਾਰ ਵਾਲਾ ਪੱਖ ਬਹੁਤ ਬੁਲੰਦ ਹੈ। ਕੋਈ ਵੀ ਕਰਮ ਅਤੇ ਕੋਈ ਵੀ ਸ਼ੈਅ ਬੰਦੇ ਦੀ ਪਹੁੰਚ ਤੋਂ ਬਾਹਰ ਨਹੀਂ ਜਾਪਦੇ; ਇਸੇ ਕਰ ਕੇ ਹਰ ਬੰਦਾ ਇਸ ਵਿਹਾਰ ਵੱਲ ਖਿੱਚਿਆ ਚਲਿਆ ਆਉਂਦਾ ਹੈ। ਇਹ ਉਹੀ ਵਿਹਾਰ ਹੈ ਜਿਹੜਾ ਆਮ ਬੰਦੇ ਦੇ ਹਿਤ ਵਿਚ ਹੈ। ਜ਼ਿੰਦਗੀ ਦੀਆਂ ਸਾਰੀਆਂ ਲੜੀਆਂ ਇਸੇ ਇਕ ਹਿਤ ਅਤੇ ਹਕੀਕਤ ਵਿਚ ਪੀਡੀਆਂ ਪਰੋਈਆਂ ਹੋਈਆਂ ਹਨ। ਇਸੇ ਕਰ ਕੇ ਹੀ ਅਗਾਂਹ ਤੋਂ ਅਗਾਂਹ ਪੰਥ ਲਈ ਰਾਹ ਬਣਦਾ ਜਾਂਦਾ ਹੈ। ਬੱਸ, ਇਹੀ ਵਿਹਾਰਾਂ ਅਤੇ ਵਿਚਾਰਾਂ ਦੀ ਬੁਲੰਦੀ ਹੈ। ਕਿਤੇ ਕੋਈ ਖਲਲ ਨਹੀਂ, ਕਿਤੇ ਕੋਈ ਭਾਵੁਕਤਾ ਵੀ ਨਹੀਂ। ਭਾਵੁਕਤਾ ਤਾਂ ਬਹੁਤ ਜਲਦ ਆਪਣਾ ਰਾਹ ਵਿਸ਼ਵਾਸ ਵੱਲ ਮੋੜ ਲੈਂਦੀ ਹੈ ਜੋ ਛੇਤੀ ਹੀ ਤਿੱਖਾ ਮੋੜਾ ਕੱਟ ਕੇ ਪੂਜਾ ਵੱਲ ਤੁਰ ਪੈਂਦਾ ਹੈ ਪਰ ਗੁਰੂ ਨਾਨਕ ਦੇਵ ਜੀ ਬੌਧਿਕਤਾ ਨੂੰ ਬੁਲੰਦੀ 'ਤੇ ਲੈ ਕੇ ਜਾਂਦੇ ਹਨ। ਇਕ ਵਾਰ ਬੌਧਿਕਤਾ ਦੇ ਪਠਾਰ ਉਤੇ ਪੁੱਜ ਕੇ ਬੰਦਾ ਹਰ ਪਾਸੇ ਵੱਲ ਪਰਵਾਜ਼ ਭਰਨ ਜੋਗਾ ਹੋ ਸਕਦਾ ਹੈ। ਪਠਾਰ, ਪਹਾੜੀ ਟੀਸੀ ਦੀ ਉਹ ਥਾਂ ਹੈ ਜਿਹੜੀ ਮੈਦਾਨ ਵਾਂਗ ਹੁੰਦੀ ਹੈ। ਪਠਾਰ 'ਤੇ ਪੁੱਜਣ ਦਾ ਮਤਲਬ ਪਰਵਾਜ਼ ਲਈ ਪਰ ਤੋਲਣੇ ਹਨ। ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਬੰਦੇ ਨੂੰ ਇਸ ਪਠਾਰ ਦੇ ਰਾਹ ਵੱਲ ਤੋਰਦੇ ਹਨ। ਉਹ ਪੂਜਾ ਦੀ ਥਾਂ ਪਹਿਲ ਨੂੰ ਅੱਗੇ ਰੱਖਦੇ ਹਨ। ਇਹੀ ਪਹਿਲ ਫਿਰ ਝਬਦੇ ਹੀ ਪਰਵਾਜ਼ ਵਿਚ ਵਟ ਜਾਂਦੀ ਹੈ। ਇਸ ਪਰਵਾਜ਼ ਕਰ ਕੇ ਹੀ ਬਾਬਾ ਨਾਨਕ ਦਿਆਲੂ ਪਿੰਡ ਵਾਸੀਆਂ ਨੂੰ ਉਜੜ ਜਾਣ ਅਤੇ ਉਜੱਡ ਪਿੰਡ ਵਾਸੀਆਂ ਨੂੰ ਵਸੇ ਰਹਿਣ ਦੀ ਅਸੀਸ ਦਿੰਦੇ ਹਨ। ਉਜੜਨ ਵਾਲੇ ਜਿਥੇ ਜਾਣਗੇ, ਦਿਆਲਤਾ ਦਾ ਹੀ ਛੱਟਾ ਦੇਣਗੇ!

ਇਹ ਬਾਬੇ ਨਾਨਕ ਦਾ ਸੁਨੇਹਾ ਹੈ ਜਿਹੜਾ ਉਨ੍ਹਾਂ ਪੰਜ ਸਦੀਆਂ ਪਹਿਲਾਂ ਦਿੱਤਾ ਸੀ। ਇਸ ਸੁਨੇਹੇ ਵਿਚ ਨਿਆਰੀ ਅਤੇ ਨਿਰਮਲ ਦੁਨੀਆਂ ਦੇ ਸੁਪਨੇ ਸਮੋਏ ਹੋਏ ਹਨ। ਇਸੇ ਨਿਆਰੇਪਣ ਅਤੇ ਨਿਰਮਲਤਾ ਲਈ ਉਨ੍ਹਾਂ 'ਰਾਜੇ ਸੀਹ ਮੁਕਦਮ ਕੁਤੇ' ਦਾ ਹੋਕਰਾ ਮਾਰਿਆ। ਇਸ ਸੁਨੇਹੇ ਦਾ ਅੱਜ ਦੀ ਦੁਨੀਆਂ ਨਾਲ ਕੀ ਪ੍ਰਸੰਗ ਬਣਦਾ ਹੈ? ਅੱਜ ਜਿਸ ਪਾਸੇ ਵੀ ਨਿਗ੍ਹਾ ਮਾਰੋ, ਰਾਜੇ ਅਤੇ ਮੁਕਦਮ (ਮੁਲਾਜ਼ਮ) ਸਭ ਜਾਨਵਰਾਂ ਦਾ ਰੂਪ ਵਟਾ ਚੁੱਕੇ ਹਨ। ਤਿੰਨ ਦਹਾਕੇ ਪਹਿਲਾਂ ਨਵੰਬਰ 84 ਵਾਪਰਦਾ ਹੈ, ਜਾਨਾਂ ਦਾ ਘਾਣ ਹੁੰਦਾ ਹੈ। 2002 ਵਿਚ ਗੁਜਰਾਤ ਵਿਚ ਗੋਧਰਾ ਅੱਖਾਂ ਵਿਚ ਰੋੜ ਵਾਂਗ ਵੱਜਦਾ ਹੈ, ਜਿੰਦਾਂ ਤੜਫਦੀਆਂ ਹਨ। ਬਾਬਰ ਦੇ ਹਮਲੇ ਸਮੇਂ ਰੱਈਅਤ ਉਤੇ ਹੋਏ ਜ਼ੁਲਮਾਂ ਦੇ ਇਸੇ ਦਰਦ ਵਿਚੋਂ ਬਾਬੇ ਨਾਨਕ ਨੇ ਅਕਾਲ ਪੁਰਖ ਨੂੰ ਨਿਹੋਰਾ ਦਿੱਤਾ ਸੀ, ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ। ਅੱਜ ਫਿਰ ਉਹੀ ਕੁਝ ਵਾਪਰ ਰਿਹਾ ਹੈ। ਰੱਈਅਤ ਦੇ ਆਗੂ ਵੱਖ-ਵੱਖ ਚਿਹਰਿਆਂ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ ਅਤੇ ਸਿਆਸਤ ਦੇ ਪਹੀਏ ਗੇੜ ਰਹੇ ਹਨ। ਸਿਆਸਤ ਦੇ ਇਹ ਪਹੀਏ ਆਵਾਮ ਨੂੰ ਕਿਤੇ ਲੈ ਕੇ ਨਹੀਂ ਜਾ ਰਹੇ, ਸਗੋਂ ਚੱਕੀ ਦੇ ਭਾਰੇ ਪੁੜ ਬਣ ਕੇ ਆਵਾਮ ਨੂੰ ਪੀਹ/ਦਰੜ ਰਹੇ ਹਨ। ਇਕ ਵਾਰ ਤਾਂ ਜਾਪਦਾ ਹੈ ਕਿ ਬਾਬੇ ਨਾਨਕ ਦੀ ਅਸੀਸ ਦੇ ਉਲਟ, ਉਜੱਡ ਪਿੰਡ ਵਾਸੀ ਹੀ ਚਾਰੇ ਪਾਸੇ ਫੈਲ ਗਏ ਹਨ ਅਤੇ ਚੰਮ ਦੀਆਂ ਚਲਾ ਰਹੇ ਹਨ। ਉਜੜ ਜਾਣ ਦੀ ਅਸੀਸ ਲੈਣ ਵਾਲੇ ਅਤੇ ਦਿਆਲਤਾ ਦਾ ਛੱਟਾ ਦੇਣ ਵਾਲੇ ਲੋਕ ਹਾਸ਼ੀਏ ਉਤੇ ਧੱਕ ਦਿੱਤੇ ਗਏ ਹਨ। 'ਨਾਮੁ ਖਸਮ ਕਾ ਚਿਤਿ ਨ ਕੀਤਾ ਕਪਟੀ ਕਪਟੁ ਕਮਾਣਾ॥' ਭਾਵ ਇਹ ਫਰੇਬੀ ਲੋਕ ਰੱਬ ਦਾ ਨਾਂ ਹੀ ਭੁੱਲ ਗਏ ਹਨ ਅਤੇ ਇਨ੍ਹਾਂ ਦਾ ਕਰਮ ਹੁਣ ਫਰੇਬ ਹੀ ਰਹਿ ਗਿਆ ਹੈ।

ਇਸ ਦੁਨੀਆਂ ਬਾਰੇ ਹੀ ਗੁਰੂ ਨਾਨਕ ਦੇਵ ਜੀ ਪਤੇ ਦੀ ਗੱਲ ਕਰਦੇ ਹਨ, 'ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥' ਇਸ ਦੁਨੀਆਂ ਨੇ ਤਾਂ ਇਸੇ ਤਰ੍ਹਾਂ ਚਲਦੀ ਹੀ ਰਹਿਣਾ ਹੈ, ਇਸ ਵਿਚ ਬੰਦੇ ਨੂੰ ਸਦਾ ਕੁਝ ਸੁਣਦੇ ਅਤੇ ਕੁਝ ਕਹਿੰਦੇ ਰਹਿਣਾ ਚਾਹੀਦਾ ਹੈ। ਇਸ ਬਾਰੇ ਉਸੇ ਤਰ੍ਹਾਂ ਦਾ ਸੰਵਾਦ ਰਚਾਉਣ ਦੀ ਲੋੜ ਹੈ ਜਿਹੜਾ ਸਾਨੂੰ ਬਾਬੇ ਨਾਨਕ ਨੇ ਸਿਖਾਇਆ ਹੈ। ਇਸ ਸੰਵਾਦ ਦੀ ਕੋਈ ਸੀਮਾ ਨਹੀਂ ਹੈ। ਬਾਬੇ ਨਾਨਕ ਨਾਲ ਸਬੰਧਤ ਹਰ ਸਾਖੀ ਵਿਚ ਭਾਂਤ-ਸੁਭਾਂਤ ਦੇ ਸੁਭਾਅ ਵਾਲੇ ਬੰਦਿਆਂ ਦੇ ਵਿਹਾਰ ਅਤੇ ਰਵੱਈਏ ਬਾਰੇ ਚਰਚਾ ਹੈ। ਅਜਿਹੇ ਬੰਦਿਆਂ ਵੱਲ ਬਾਬੇ ਨਾਨਕ ਦਾ ਆਪਣਾ ਰਵੱਈਆ ਵੀ ਇਨ੍ਹਾਂ ਸਾਖੀਆਂ ਵਿਚੋਂ ਥਾਂ-ਥਾਂ ਝਾਤੀਆਂ ਮਾਰਦਾ ਹੈ। ਇਹ ਰਵੱਈਆ ਹੀ ਸਿੱਖੀ ਦੀ ਜਾਚ ਹੈ ਜਿਸ ਦਾ ਬੂਟਾ ਬਾਬਾ ਨਾਨਕ ਖੁਦ ਲਾ ਰਹੇ ਹਨ ਅਤੇ ਖੁਦ ਹੀ ਇਸ ਨੂੰ ਸਿੰਜ ਵੀ ਰਹੇ ਹਨ। ਕਾਰ-ਵਿਹਾਰ ਅਤੇ ਰਵੱਈਆ ਇਕ-ਮਿਕ ਹਨ। ਫਰਕ ਦੀ ਕਿਤੇ ਕੋਈ ਗੁੰਜਾਇਸ਼ ਨਹੀਂ ਹੈ। ਉਹ ਇਸ ਖਲਜਗਣ ਤੋਂ ਪਾਰ ਹਨ। ਇਹੀ ਨਿਰਮਲਤਾ ਹੈ, ਇਹੀ ਨਿਆਰਾਪਣ ਹੈ ਜੋ ਸਿੱਖੀ ਦਾ ਸੱਚ ਹੈ; ਜਿਸ ਦੀ ਅਸੀਸ ਬਾਬੇ ਨਾਨਕ ਨੇ ਸਦੀਆਂ ਪਹਿਲਾਂ ਦਿੱਤੀ ਸੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਿਰਾਸ਼ਾ ਦਾ ਆਲਮ!*

ਜਿਹੜੇ ਬਣੇ ਸੀ ਅਣਖ ਦੇ ਨਾਲ ਨਾਬਰ, ਸਾਹਵੇਂ ਜਾਬਰ ਦੇ ਲੰਮੇ ਹੀ ਪਈ ਜਾਂਦੇ।
ਛੱਡ ਸਿਰੜ ਤੇ ਸਿਦਕ ਨੂੰ ਹੋਏ ਢਿੱਲੇ, ਆਵਾ ਊਤਿਆ ਫਿਸਲਦੇ ਕਈ ਜਾਂਦੇ।
ਸੱਕੇ ਤੋੜ ਹੰਕਾਰ ਨਾ ਹਾਕਮਾਂ ਦਾ, ਆਪੋ ਵਿਚੀਂ ਹੀ ਹੁਣ ਲਈ ਝਈ ਜਾਂਦੇ।
ਹਿੱਕਾਂ ਠੋਰ ਅਖਾੜੇ ਦੇ ਵਿਚ ਆਏ, ਵਾਂਗੂੰ ਮਿੱਟੀ ਦੇ ਮਾਧੋਆਂ ਢਈ ਜਾਂਦੇ।
ਸੌਂਹ ਚੁੱਕ ਕੇ ਰਿਸ਼ਵਤਾਂ ਖਾਣੀਆਂ ਨਹੀਂ, 'ਪੈਕਟ' ਮੇਜ ਦੇ ਥੱਲਿਉਂ ਲਈ ਜਾਂਦੇ।
ਖਬਰਦਾਰ ਬਈ ਜਾਗਦੇ ਰਿਹੋ ਲੋਕੋ! ਠੱਗ-ਚੋਰ ਵੀ ਹੋਕਾ ਇਹ ਦਈ ਜਾਂਦੇ!

# ਚੋਣਾਂ ਬਨਾਮ ਕਾਰਪੋਰੇਟਤੰਤਰ

**ਬੂਟਾ ਸਿੰਘ**
ਫੋਨ: 91-94634-74342

ਨਵੰਬਰ ਦੀ 11 ਤਾਰੀਕ ਨੂੰ ਛੱਤੀਸਗੜ੍ਹ ਵਿਚ ਬੰਦੂਕਾਂ ਅਤੇ 12 ਹੈਲੀਕਾਪਟਰਾਂ ਦੀ ਛਾਂ ਹੇਠ ਵਿਧਾਨ ਸਭਾ ਚੋਣਾਂ ਦਾ ਪਹਿਲਾ ਗੇੜ ਹਿੰਸਾ ਦੀਆਂ ਇਕਾ-ਦੁੱਕਾ ਵਾਰਦਾਤਾਂ ਨੂੰ ਛੱਡ ਕੇ 'ਅਮਨ-ਅਮਾਨ' ਨਾਲ ਨਿਬੜ ਗਿਆ। ਸੂਬੇ ਦੀਆਂ ਕੁਲ 90 ਸੀਟਾਂ ਵਿਚੋਂ ਸੱਤ ਜ਼ਿਲ੍ਹਿਆਂ ਵਿਚ ਪੈਂਦੇ ਇਹ 12 ਵਿਧਾਨ ਸਭਾ ਹਲਕੇ (40,000 ਵਰਗ ਕਿਲੋਮੀਟਰ ਰਕਬਾ) ਮਾਓਵਾਦੀਆਂ ਦਾ ਗੜ੍ਹ ਹਨ। 2003 ਵਿਚ ਇਨ੍ਹਾਂ 12 ਸੀਟਾਂ ਵਿਚੋਂ ਭਾਜਪਾ ਨੇ 9 ਅਤੇ 2008 ਵਿਚ 11 ਸੀਟਾਂ 'ਜਿੱਤਣ' ਦਾ ਚਮਤਕਾਰ ਕੀਤਾ ਸੀ। ਹੁਣ 70 ਫ਼ੀ ਸਦੀ ਪੋਲਿੰਗ ਹੋਣ ਦੀਆਂ ਖ਼ਬਰਾਂ ਹਨ। ਸਮਝਣਾ ਮੁਸ਼ਕਿਲ ਨਹੀਂ ਹੈ ਕਿ ਚੋਣਾਂ ਕਿਵੇਂ ਹੋਈਆਂ ਹੋਣਗੀਆਂ! ਉਥੇ ਇਕ ਮੁਕੰਮਲ ਜੰਗ ਲੜੀ ਜਾ ਰਹੀ ਹੈ; ਚੋਣਾਂ ਉਸੇ ਦਾ ਹਿੱਸਾ ਹੈ। ਇਸ ਵਾਰ ਦਾਂਤੇਵਾੜਾ ਅਤੇ ਬੀਜਾਪੁਰ ਤੋਂ ਭਾਜਪਾ ਦੇ ਉਮੀਦਵਾਰਾਂ ਵਲੋਂ ਪ੍ਰਚਾਰ ਲਈ ਆਪਣੇ ਕਾਰਕੁਨ ਪੰਜ-ਪੰਜ ਲੱਖ ਰੁਪਏ ਚੋਣ ਬੀਮਾ ਕਰਵਾ ਕੇ ਭੇਜੇ ਗਏ ਹਨ।

ਭਾਰਤੀ ਸਟੇਟ ਦਾ ਫੰਡਾ ਹੈ ਕਿ ਅਵਾਮ ਦੀ ਲੁੱਟ-ਖਸੁੱਟ ਕਰਦੇ ਰਹੋ। ਜਿਸ ਕਿਸੇ ਖਿੱਤੇ ਦਾ ਅਵਾਮ ਇਸ ਰਾਜ-ਪ੍ਰਬੰਧ ਦੀ ਮਿਆਦੀ ਨਾਲਾਇਕੀ ਅਤੇ ਘਿਨਾਉਣੀ ਅਸਫ਼ਲਤਾ 'ਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੋਇਆ ਨਾਬਰ ਹੋ ਕੇ ਜਮਹੂਰੀ ਜੱਦੋ-ਜਹਿਦ ਸ਼ੁਰੂ ਕਰੇ (ਜੋ ਜਮਹੂਰੀਅਤ ਵਿਚ ਨਾਗਰਿਕਾਂ ਦਾ ਮੁੱਢਲਾ ਹੱਕ ਹੈ), ਉਸ ਨੂੰ ਇੰਝ ਜਬਰ ਦਾ ਸ਼ਿਕਾਰ ਬਣਾਉ ਕਿ ਉਹ ਆਪਣੀ ਰਾਖੀ ਲਈ ਹਥਿਆਰ ਚੁੱਕਣ ਲਈ ਮਜਬੂਰ ਹੋ ਜਾਵੇ। ਅਜਿਹੀ ਨੌਬਤ ਤਕ ਪਹੁੰਚਾ ਕੇ ਉਸ ਨੂੰ ਅਤਿਵਾਦੀ-ਵੱਖਵਾਦੀ, ਜਮਹੂਰੀਅਤ ਲਈ ਬਹੁਤ ਵੱਡਾ ਖ਼ਤਰਾ ਐਲਾਨ ਦਿਉ ਅਤੇ ਗੜਬੜਗ੍ਰਸਤ ਇਲਾਕਾ ਕਰਾਰ ਦੇ ਕੇ ਫ਼ੌਜ-ਨੀਮ ਫ਼ੌਜ ਦੇ ਹਵਾਲੇ ਕਰ ਦਿਉ। ਫਿਰ ਸਾਲਾਂਬੱਧੀ ਉਥੇ ਬੇਤਹਾਸ਼ਾ ਮਨੁੱਖੀ ਲਹੂ ਵਹਾਉਂਦੇ ਜਾਉ। ਫਿਰ ਕਿਸੇ ਸ਼ੁਭ ਦਿਹਾੜੇ ਜਮਹੂਰੀਅਤ ਬਹਾਲੀ ਦੇ ਨਾਂ ਹੇਠ ਉਥੇ 'ਚੋਣਾਂ' ਥੋਪ ਦਿਉ। ਬੰਦੂਕ ਦੀ ਨੋਕ 'ਤੇ ਅਵਾਮ ਨੂੰ ਡੰਗਰਾਂ ਦੇ ਵੱਗ ਵਾਂਗ ਘੇਰ ਕੇ ਚੋਣ ਬੂਥਾਂ ਉੱਪਰ ਲਿਆਉ; ਕੁਝ ਬੂਥਾਂ ਦੀ ਪੋਲਿੰਗ ਦੇ ਅੰਕੜਿਆਂ ਰਾਹੀਂ ਦੁਨੀਆਂ ਨੂੰ ਬੇਵਕੂਫ਼ ਬਣਾਉ ਅਤੇ ਇਸ ਨੂੰ ਜਮਹੂਰੀਅਤ ਦੀ ਜਿੱਤ ਐਲਾਨ ਕੇ 'ਚੁਣੀ ਹੋਈ ਸਰਕਾਰ' ਨੂੰ ਪੰਜ ਸਾਲ ਮਨਮਾਨੀਆਂ ਕਰਨ ਦੇ ਲਾਇਸੰਸ ਵਜੋਂ ਇਸਤੇਮਾਲ ਕਰੋ। ਅਸਲ ਮੁੱਦਿਆਂ ਦੀ ਕਦੇ ਗੱਲ ਹੀ ਨਾ ਕਰੋ। ਇਸ ਵਾਰ ਦੁਨੀਆਂ ਦੀ 'ਸਭ ਤੋਂ ਵੱਡੀ' ਜਮਹੂਰੀਅਤ ਦੀ ਇਸ ਅਗਨੀ-ਪ੍ਰੀਖਿਆ ਵਿਚੋਂ ਲੰਘਣ ਦੀ ਵਾਰੀ ਛੱਤੀਸਗੜ੍ਹ ਦੇ ਕਬਾਇਲੀਆਂ ਦੀ ਹੈ।

ਪਿਛਲੇ ਚਾਰ ਸਾਲ ਤੋਂ ਓਪਰੇਸ਼ਨ ਗ੍ਰੀਨ ਹੰਟ ਦੀ ਸ਼ਕਲ ਵਿਚ ਵਿਆਪਕ ਫ਼ੌਜੀ ਹਮਲੇ ਹੱਥੋਂ ਜ਼ਿਬ੍ਹਾ ਹੋ ਰਹੇ ਕਬਾਇਲੀਆਂ ਤੋਂ 'ਮੁੱਖ ਧਾਰਾ' ਉੱਪਰ ਮੋਹਰ ਬੇਮਿਸਾਲ ਪੱਧਰ 'ਤੇ ਹਥਿਆਰਬੰਦ ਤਾਕਤਾਂ ਝੋਕ ਕੇ ਹੀ ਲਗਵਾਈ ਜਾ ਸਕਦੀ ਹੈ। ਇਕ ਸਰਕਾਰੀ ਐਲਾਨ ਅਨੁਸਾਰ 2008 ਦੀਆਂ ਚੋਣਾਂ ਮੌਕੇ ਕੇਂਦਰੀ ਹਥਿਆਰਬੰਦ ਤਾਕਤਾਂ ਦੀਆਂ 860 ਕੰਪਨੀਆਂ (ਇਕ ਕੰਪਨੀ - 120 ਜਵਾਨ) ਤਾਇਨਾਤ ਸਨ। ਹੁਣ ਬਸਤਰ ਵਿਚ 800 ਕੰਪਨੀਆਂ ਓਪਰੇਸ਼ਨ ਗ੍ਰੀਨ ਹੰਟ ਤਹਿਤ ਪਹਿਲਾਂ ਹੀ ਮੌਜੂਦ ਹਨ। ਸਥਾਨਕ ਪੁਲਿਸ, ਐਸ.ਪੀ.ਓ. ਅਤੇ ਅਸਿੱਧੇ ਤੌਰ 'ਤੇ ਭਾਰਤੀ ਫ਼ੌਜ ਦੀ ਤਾਇਨਾਤੀ ਇਸ ਤੋਂ ਵੱਖਰੀ ਹੈ। ਸੂਬਾਈ ਪੁਲਿਸ ਦੀ ਭਰਤੀ ਅੱਡ ਹੈ। ਬੀ.ਐਸ.ਐਫ. ਦੀਆਂ ਕੁਝ ਬਟਾਲੀਅਨਾਂ ਅਲੱਗ ਤਾਇਨਾਤ ਹਨ। ਇਕੱਲੇ ਸੁਕਮਾ ਜ਼ਿਲ੍ਹੇ ਵਿਚ ਹੀ ਪਹਿਲੀਆਂ 45 ਕੰਪਨੀਆਂ ਤੋਂ ਇਲਾਵਾ 108 ਕੰਪਨੀਆਂ ਹੋਰ ਲਗਾਈਆਂ ਗਈਆਂ ਹਨ।

ਸੂਬਾ ਸਰਕਾਰ ਵਲੋਂ ਚੋਣਾਂ ਕਰਵਾਉਣ ਲਈ ਕੇਂਦਰੀ ਹਥਿਆਰਬੰਦ ਤਾਕਤਾਂ ਦੀਆਂ 1500 ਹੋਰ ਕੰਪਨੀਆਂ ਦੀ ਮੰਗ ਕੀਤੀ ਗਈ। ਲਿਹਾਜ਼ਾ, ਇਕੱਲੇ ਬਸਤਰ ਵਿਚ ਹੀ ਲਗਭਗ 160,000 ਸੁਰੱਖਿਆ ਜਵਾਨ 'ਅਮਨ-ਅਮਾਨ' ਨਾਲ ਚੋਣਾਂ ਕਰਵਾਉਣਗੇ; ਭਾਵ 19 ਕਬਾਇਲੀਆਂ ਪਿੱਛੇ 1 ਹਥਿਆਰਬੰਦ ਜਵਾਨ। (ਮਾਓਵਾਦੀ ਸਦਰ ਮੁਕਾਮ ਅਬੂਝਮਾੜ ਵਿਚ ਇਹ ਅਨੁਪਾਤ 10:1 ਹੈ। ਨਰਾਇਣਪੁਰ ਦੇ 102 ਪੋਲਿੰਗ ਬੂਥਾਂ ਦੇ 76,324 ਵੋਟਰਾਂ ਦੀ ਨਿਗਰਾਨੀ 12,000 ਜਵਾਨ ਕਰ ਰਹੇ ਹਨ, ਭਾਵ ਅਨੁਪਤਾ ਹੈ 6 : 1)। ਖ਼ਬਰਾਂ ਅਨੁਸਾਰ, ਇਥੇ ਕੇਂਦਰੀ ਤਾਕਤਾਂ ਦੀਆਂ 564 ਕੰਪਨੀਆਂ (+200 ਕੰਪਨੀਆਂ ਪਹਿਲਾਂ ਹੀ ਤਾਇਨਾਤ ਹਨ), ਛੱਤੀਸਗੜ੍ਹ ਹਥਿਆਰਬੰਦ ਤਾਕਤ ਦੀਆਂ 60 ਕੰਪਨੀਆਂ ਤੇ ਡਿਸਟ੍ਰਿਕ ਫੋਰਸ ਦੀਆਂ 100 ਕੰਪਨੀਆਂ ਲਗਾਈਆਂ ਜਾ ਚੁੱਕੀਆਂ ਹਨ। ਜ਼ਰਾ ਮੁਕਾਬਲਾ ਕਰੋ: ਅਫ਼ਗਾਨਿਸਤਾਨ ਉੱਪਰ ਥੋਪੀ ਅਮਰੀਕਾ ਦੀ ਦਹਿਸ਼ਤਗਰਦੀ ਖਿਲਾਫ ਜੰਗ ਜਦੋਂ ਸਿਖ਼ਰ 'ਤੇ ਸੀ, ਉਦੋਂ ਉਥੇ ਆਮ ਵਸੋਂ ਦਾ ਫ਼ੌਜੀ ਤਾਇਨਾਤੀ ਨਾਲ ਤਨਾਸਬ 76 :1 ਦਾ ਸੀ। ਇਸਰਾਇਲ ਦੇ ਕਬਜ਼ੇ ਹੇਠਲੇ ਇਲਾਕਿਆਂ ਵਿਚ (2011 ਵਿਚ) ਇਹ ਤਨਾਸਬ 42:1 ਨੋਟ ਕੀਤਾ ਗਿਆ ਸੀ ਜਦਕਿ ਕਸ਼ਮੀਰ ਵਿਚ ਗ਼ੈਰ-ਸਰਕਾਰੀ ਰਿਪੋਰਟਾਂ ਅਨੁਸਾਰ ਇਹ ਤਨਾਸਬ 21: 1 ਤੋਂ ਲੈ ਕੇ 27:1 ਦੇ ਦਰਮਿਆਨ ਸੀ। ਸਰਕਾਰੀ ਹਥਿਆਰਬੰਦ ਤਾਕਤ ਦੀ ਇਸ ਬੇਮਿਸਾਲ ਤਾਇਨਾਤੀ ਤੋਂ ਇਹ ਸਹਿਜੇ ਹੀ ਅੰਦਾਜ਼ਾ ਕੀਤਾ ਜਾ ਸਕਦਾ ਹੈ ਕਿ ਕਬਾਇਲੀ ਅਵਾਮ ਵਲੋਂ ਉਠਾਏ ਬੁਨਿਆਦੀ ਮੁੱਦਿਆਂ - ਜਲ, ਜੰਗਲ, ਜ਼ਮੀਨ ਦੀ ਸਲਾਮਤੀ, ਵਿਕਾਸ ਦੇ ਨਾਂ ਹੇਠ ਕਬਾਇਲੀ ਵਸੋਂ ਦੇ ਉਜਾੜੇ, ਉਨ੍ਹਾਂ ਦੇ ਨਿਗੂਣੇ ਆਰਥਕ ਵਸੀਲਿਆਂ ਦੀ ਤਬਾਹੀ ਅਤੇ ਬਰਬਾਦੀ ਅਤੇ ਉਨ੍ਹਾਂ ਦੀ ਕਾਨੂੰਨੀ ਤੇ ਗ਼ੈਰ-ਕਾਨੂੰਨੀ ਤਾਕਤਾਂ ਜ਼ਰੀਏ ਕਤਲੋਗ਼ਾਰਤ ਬੰਦ ਕਰਨਾ - ਨੂੰ ਹੱਲ ਕਰਨ ਲਈ ਕੋਈ ਨਿੱਗਰ ਪਹਿਲ ਕਰਨ ਦੀ ਬਜਾਏ ਕਬਾਇਲੀ ਖੇਤਰਾਂ ਉੱਪਰ ਰਾਜ ਦੇ ਫ਼ੌਜੀ ਕਬਜ਼ੇ ਨੂੰ ਸੰਵਿਧਾਨਕ ਵਾਜਬੀਅਤ ਮੁਹੱਈਆ ਕਰਨ ਉਪਰ ਐਨੇ ਵਸੀਲੇ ਤੇ ਤਾਕਤ ਵਰਤੇ ਜਾ ਰਹੇ ਹਨ।

ਚਾਹੇ ਇਰਾਕ ਸੀ ਜਾਂ ਸਾਡੇ ਮੁਲਕ ਵਿਚ ਛੱਤੀਸਗੜ੍ਹ, 21ਵੀਂ ਸਦੀ ਵਿਚ ਅਜਿਹਾ ਘਿਨਾਉਣਾ ਮਜ਼ਾਕ ਜਮਹੂਰੀਅਤ ਦੇ ਨਾਂ ਹੇਠ ਹੀ ਸੰਭਵ ਹੈ; ਜਦਕਿ ਹੁਕਮਰਾਨ ਇਹ ਖੁੱਲ੍ਹ ਦੇਣ ਲਈ ਵੀ ਤਿਆਰ ਨਹੀਂ ਕਿ ਕਬਾਇਲੀ ਆਪਣੇ ਉੱਪਰ ਹੋ ਰਹੇ ਜ਼ੁਲਮਾਂ ਬਾਰੇ ਕਿਸੇ ਨੂੰ ਦੱਸ ਸਕਣ। ਕੋਈ ਪੱਤਰਕਾਰ ਆਜ਼ਾਦਾਨਾ ਰਿਪੋਰਟਿੰਗ ਕਰਨ ਲਈ ਉਥੇ ਨਹੀਂ ਜਾ ਸਕਦਾ। ਐਮਨੈਸਟੀ ਇੰਟਰਨੈਸ਼ਨਲ ਵਰਗੀ ਕੋਈ ਜਮਹੂਰੀ ਮਨੁੱਖੀ ਹਕੂਕ ਦੀ ਜਥੇਬੰਦੀ ਉਥੇ ਜਾ ਕੇ ਕਿਸੇ ਵਾਕਿਆ ਦੀ ਨਿਰਪੱਖ ਪੜਤਾਲ ਨਹੀਂ ਕਰ ਸਕਦੀ। ਇਹ ਜਮਹੂਰੀਅਤ ਹੈ ਜਾਂ ਫਾਸ਼ੀਵਾਦ?

> ***ਦਿੱਲੀ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਘਾਣ ਦੀ ਅਗਵਾਈ ਕਰਨ ਵਾਲਾ ਰਾਜੀਵ ਗਾਂਧੀ ਜਾਂ ਸੱਜਣ ਕੁਮਾਰ, ਮੁਸਲਮਾਨਾਂ ਦਾ ਕਾਤਲ ਨਰੇਂਦਰ ਮੋਦੀ, ਸਲਵਾ ਜੂਡਮ ਰਾਹੀਂ ਕਬਾਇਲੀਆਂ ਦਾ ਘਾਣ ਕਰਾਉਣ ਵਾਲਾ ਮਹੇਂਦਰ ਕਰਮਾ ਜਾਂ ਰਮਨ ਸਿੰਘ, ਕੋਈ ਵੀ ਜਲਾਦ ਜੇ ਨਾਜਾਇਜ਼ ਧਨ, ਨਸ਼ੇ, ਰਾਜਕੀ ਦਹਿਸ਼ਤ ਤੇ ਧੋਖਾਧੜੀ ਇਸਤੇਮਾਲ ਕਰ ਕੇ ਚੋਣਾਂ ਦਾ ਗੰਗਾ ਇਸ਼ਨਾਨ ਕਰ ਲਵੇ ਤਾਂ ਉਹ ਮੁਲਕ ਦਾ ਸਭ ਤੋਂ ਵੱਡਾ ਰਖਵਾਲਾ ਕਹਾਉਣ ਦਾ ਹੱਕਦਾਰ ਹੈ।***

ਲਿਹਾਜ਼ਾ, ਘੋਰ ਨਾਬਰਾਬਰੀ ਵਾਲੇ ਇਸ ਸਮਾਜ ਅਤੇ ਨੰਗੇ ਅਨਿਆਂ ਵਾਲੇ ਰਾਜ ਵਿਚ ਵੋਟ ਦੇ ਰਾਜਸੀ ਹੱਕ ਦੀ ਰਸਮੀ ਬਰਾਬਰੀ ਦੀ ਕੀ ਵਾਜਬੀਅਤ ਹੋ ਸਕਦੀ ਹੈ? ਜਿਥੇ ਸਟੇਟ ਤੇ ਸਮਾਜ ਦੇ ਬੁਨਿਆਦੀ ਢਾਂਚੇ ਦਾ ਉਕਾ ਹੀ ਜਮਹੂਰੀਕਰਨ ਨਹੀਂ ਹੋਇਆ, ਉਥੇ ਉਸ ਘੋਰ ਦਾਬੇ ਦੇ ਹਾਲਾਤ ਜਿਨ੍ਹਾਂ ਵਿਚ ਅਵਾਮ ਦਿਨ-ਕਟੀ ਕਰ ਰਿਹਾ ਹੈ, ਨੂੰ ਬਦਲ ਕੇ ਉਨ੍ਹਾਂ ਦੇ ਹੱਥ 'ਚ ਹਕੀਕੀ ਸਿਆਸੀ ਤਾਕਤ ਦੇਣ ਵਾਲੇ ਤਿੱਖੇ ਬਦਲਾਉ ਤੋਂ ਬਗ਼ੈਰ ਵੋਟ ਪਾਉਣ/ਮਸ਼ੀਨ ਦਾ ਬਟਨ ਦਬਾਉਣ ਨੂੰ ਹੀ ਜਮਹੂਰੀਅਤ ਬਣਾ ਕੇ ਪੇਸ਼ ਕਰਨਾ ਮਜ਼ਾਕ ਹੈ। ਕੀ ਗੁਜਰਾਤ ਦੇ ਆਮ ਮੁਸਲਮਾਨ, ਛੱਤੀਸਗੜ੍ਹ/ਝਾਰਖੰਡ ਦੇ ਆਮ ਕਬਾਇਲੀ, ਕਸ਼ਮੀਰ ਘਾਟੀ ਜਾਂ ਉਤਰ-ਪੂਰਬੀ ਰਾਜਾਂ ਜਾਂ ਦਿੱਲੀ ਦੇ ਕਿਸੇ ਆਮ ਬੰਦੇ ਵਿਚ ਇਹ ਹਿੰਮਤ ਆ ਸਕਦੀ ਹੈ ਕਿ ਚੌਕ ਵਿਚ ਖੜ੍ਹਾ ਹੋ ਕੇ ਨਰੇਂਦਰ ਮੋਦੀ, ਰਮਨ ਸਿੰਘ, ਮਹੇਂਦਰ ਕਰਮਾ, ਸੱਜਣ ਕੁਮਾਰ ਵਰਗੇ ਕਲੰਕਤ ਕਿਰਦਾਰਾਂ ਉੱਪਰ ਸਵਾਲ ਕਰ ਸਕੇ? ਕੀ ਇਹ ਰਾਜ ਪ੍ਰਬੰਧ ਸਾਢੇ ਛੇ ਦਹਾਕਿਆਂ ਵਿਚ ਆਪਣੀ ਆਮ ਪਰਜਾ ਵਿਚ ਇਹ ਸਵੈ-ਵਿਸ਼ਵਾਸ ਪੈਦਾ ਕਰ ਸਕਿਆ ਹੈ ਜਿਸ ਦੇ ਆਧਾਰ 'ਤੇ ਉਹ ਆਪਣੀ ਵੋਟ ਦੇ ਹੱਕ ਦਾ ਆਜ਼ਾਦ ਤੇ ਬੇਖ਼ੌਫ਼ ਇਸਤੇਮਾਲ ਕਰ ਸਕਣ? ਜਿਥੇ ਪੂਰੀ-ਸੂਰੀ ਰਾਜ-ਮਸ਼ੀਨਰੀ ਸੱਤਾਧਾਰੀ ਪਾਰਟੀ ਦੀ ਕੱਠਪੁਤਲੀ ਹੋਵੇ (ਜ਼ਰਾ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਦਿੱਲੀ ਸਮੇਤ ਪੂਰੇ ਭਾਰਤ ਵਿਚ ਆਮ ਚੋਣਾਂ, ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਗੁਜਰਾਤ ਚੋਣਾਂ, ਪੰਜਾਬ ਵਿਚ 1992 ਦੀਆਂ ਚੋਣਾਂ ਦੇ ਹਾਲਾਤ ਯਾਦ ਕਰੋ), ਜਿਥੇ ਗ਼ੈਰ-ਕਾਨੂੰਨੀ ਗਰੋਹ ਹਾਕਮ ਜਮਾਤੀ ਪਾਰਟੀਆਂ ਦਾ ਸੱਜਾ ਹੱਥ ਬਣ ਕੇ ਵਿਚਰਦੇ ਹੋਣ, ਉੱਥੇ ਵੋਟਰਾਂ ਦੇ ਇਸ 'ਹੱਕ' ਦੀ ਬੇਵਸੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ।

ਸਾਢੇ ਛੇ ਦਹਾਕੇ ਬਾਅਦ ਭਾਰਤੀ ਸਟੇਟ ਨੂੰ ਅਚਾਨਕ ਚੇਤਾ ਆਇਆ ਕਿ ਵੋਟਰਾਂ ਕੋਲ ਖੜ੍ਹੇ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਦਾ ਹੱਕ ਵੀ ਹੋਣਾ ਚਾਹੀਦਾ ਹੈ। ਜਦੋਂ ਸਾਰੇ ਜੱਗ ਵਿਚ ਇਹ ਜਵਾਬ ਦੇਣਾ ਮੁਸ਼ਕਿਲ ਹੋ ਗਿਆ ਕਿ ਮੌਜੂਦਾ ਤੀਜਾ ਹਿੱਸਾ 'ਚੁਣੇ ਹੋਏ' ਨੁਮਾਇੰਦਿਆਂ ਉੱਪਰ ਕਤਲ, ਜਬਰ ਜਨਾਹ, ਲੁੱਟਮਾਰ ਦੇ ਮੁਕੱਦਮੇ ਦਰਜ ਹਨ, ਤਾਂ ਹੁਕਮਰਾਨ ਦਾ ਫ਼ਰਮਾਨ ਹੈ ਕਿ ਰਾਜ ਦੀ ਕਾਰਗੁਜ਼ਾਰੀ ਉੱਪਰ ਸਵਾਲ ਨਾ ਕਰੋ। ਹੁਕਮਰਾਨ ਪਾਰਟੀਆਂ ਤੋਂ ਜਵਾਬਦੇਹੀ ਨਾ ਮੰਗੋ। ਬਸ ਖੜ੍ਹੇ ਉਮੀਦਵਾਰਾਂ ਵਿਚੋਂ ਕਿਸੇ ਨਾ ਕਿਸੇ ਨੂੰ ਚੁਣ ਕੇ ਆਪਣਾ 'ਹੱਕ' ਇਸਤੇਮਾਲ ਜ਼ਰੂਰ ਕਰੋ। ਇਸ ਦਾ ਵਿਹਾਰਕ ਭਾਵ ਇਹ ਹੈ ਕਿ ਦਿੱਲੀ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਘਾਣ ਦੀ ਅਗਵਾਈ ਕਰਨ ਵਾਲਾ ਰਾਜੀਵ ਗਾਂਧੀ ਜਾਂ ਸੱਜਣ ਕੁਮਾਰ, ਹਜ਼ਾਰਾਂ ਮੁਸਲਮਾਨਾਂ ਦਾ ਕਾਤਲ ਨਰੇਂਦਰ ਮੋਦੀ ਜਾਂ ਮਾਇਆਬੇਨ, ਸਲਵਾ ਜੂਡਮ ਰਾਹੀਂ ਕਬਾਇਲੀਆਂ ਦਾ ਘਾਣ ਕਰਾਉਣ ਵਾਲਾ ਮਹੇਂਦਰ ਕਰਮਾ ਜਾਂ ਰਮਨ ਸਿੰਘ, ਕੋਈ ਵੀ ਜਲਾਦ ਜੇ ਨਾਜਾਇਜ਼ ਧਨ, ਨਸ਼ੇ, ਗੁੰਡਾ ਤਾਕਤ, ਰਾਜਕੀ ਦਹਿਸ਼ਤ ਤੇ ਧੋਖਾਧੜੀ ਇਸਤੇਮਾਲ ਕਰ ਕੇ ਚੋਣਾਂ ਦਾ ਗੰਗਾ ਇਸ਼ਨਾਨ ਕਰ ਲਵੇ ਤਾਂ ਉਹ ਮੁਲਕ ਦਾ ਸਭ ਤੋਂ ਵੱਡਾ ਰਖਵਾਲਾ ਕਹਾਉਣ ਦਾ ਹੱਕਦਾਰ ਹੈ। ਜੇ ਮਾਓਵਾਦੀਆਂ, ਕੌਮੀਅਤਾਂ, ਜਾਂ ਧਾਰਮਿਕ ਘੱਟ-ਗਿਣਤੀਆਂ ਦੇ ਹੱਕਾਂ-ਹਿੱਤਾਂ ਲਈ ਆਵਾਜ਼ ਉਠਾਉਂਦੀ ਹੋਈ ਜਥੇਬੰਦੀ ਇਸ ਰਸਮੀ ਚੋਣ ਵਿਚ ਸ਼ਾਮਲ ਹੋਣ ਤੋਂ ਨਾਬਰ ਹੈ, ਤਾਂ ਉਹ ਅਤਿਵਾਦੀ ਹੈ; ਉਸ ਤੋਂ ਮੁਲਕ ਨੂੰ ਬਹੁਤ ਖ਼ਤਰਾ ਹੈ; ਉਸ ਨੂੰ ਤੁਰੰਤ ਫ਼ੌਜ ਲਾ ਕੇ ਕੁਚਲ ਦੇਣਾ ਚਾਹੀਦਾ ਹੈ!

ਕਹਾਵਤ ਹੈ ਕਿ ਡਾਢੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ। ਭਾਰਤੀ ਹੁਕਮਰਾਨਾਂ ਦੀ ਕਲਾਕਾਰੀ ਅੱਗੇ ਤਾਂ ਉਹ 'ਡਾਢਾ' ਵੀ ਸ਼ਰਮ ਮਹਿਸੂਸ ਕਰਦਾ ਹੋਵੇਗਾ ਜਿਸ ਨੂੰ ਇਸ ਕਹਾਵਤ ਵਿਚ ਮਿਸਾਲੀ ਕਿਰਦਾਰ ਵਜੋਂ ਲਿਆ ਗਿਆ ਹੋਵੇਗਾ। ਇਥੇ ਤਾਂ ਸੱਤੀਂ ਵੀਹੀਂ ਸੱਤ ਸੌ ਵੀ ਸੰਭਵ ਹੈ। ਹੁਕਮਰਾਨ ਜਮਾਤਾਂ ਦੇ ਹੱਥ ਵਿਚ ਮੀਡੀਆ ਕੋਰੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਵਾਲਾ ਸਭ ਤੋਂ ਤਾਕਤਵਰ ਹਥਿਆਰ ਹੈ। ਮੁੱਖ ਧਾਰਾ ਦੇ ਕਸੀਦੇ ਪੜ੍ਹਨ ਵਾਲਾ ਮੀਡੀਆ ਇਹ ਸਵਾਲ ਉਠਾਉਣ ਲਈ ਵੀ ਤਿਆਰ ਨਹੀਂ ਹੈ ਕਿ ਲੰਘੇ ਸਾਢੇ ਛੇ ਦਹਾਕਿਆਂ ਵਿਚ ਇਸ ਮੁੱਖ ਧਾਰਾ ਨੇ ਹਾਸ਼ੀਏ ਉਤੇ ਧੱਕੇ ਕਬਾਇਲੀਆਂ ਲਈ ਕੀ ਕੀਤਾ ਹੈ?

ਕਾਂਗਰਸ ਇਥੇ 'ਪਰਿਵਰਤਨ' ਦਾ ਨਾਅਰਾ ਦੇ ਰਹੀ ਹੈ। ਤੀਜੀ ਵਾਰ ਸੂਬੇ 'ਚ ਸੱਤਾਧਾਰੀ ਹੋਣ ਲਈ ਲਟਾਪੀਂਘ ਹੋ ਰਹੀ ਭਾਜਪਾ 'ਵਿਕਾਸ' ਦੇ ਦਾਅਵੇ ਕਰ ਰਹੀ ਹੈ। ਦੋਵਾਂ ਦਰਮਿਆਨ ਬੁਨਿਆਦੀ ਨੀਤੀਆਂ ਦਾ ਕੋਈ ਫ਼ਰਕ ਨਹੀਂ ਹੈ। ਕਾਂਗਰਸ ਦੇ 'ਪਰਿਵਰਤਨ' ਦਾ ਭਾਵ ਹੈ ਕਿ ਭਾਜਪਾ ਵਾਲਿਓ! ਤੁਸੀਂ ਦਸ ਸਾਲ ਰਾਜ ਕਰ ਲਿਆ; ਹੁਣ ਲਾਂਭੇ ਹੋਵੋ ਤੇ ਸਾਨੂੰ ਰਾਜ ਕਰਨ ਦਿਉ। ਦੂਜੇ ਪਾਸੇ, 'ਵਿਕਾਸ' ਤੋਂ ਭਾਜਪਾ ਦੀ ਮੁਰਾਦ ਕਾਰਪੋਰੇਟ ਖੇਤਰ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹ-ਖੇਡ ਤੋਂ ਹੈ। ਜਿਥੋਂ ਤਕ ਕਾਰਪੋਰੇਟ-ਤੰਤਰ ਦਾ ਸਵਾਲ ਹੈ, ਦੋਵੇਂ ਮੁੱਖ ਪਾਰਟੀਆਂ ਛੱਤੀਸਗੜ੍ਹ ਦੇ ਕਬਾਇਲੀਆਂ ਨੂੰ ਫ਼ੌਜੀ ਤਾਕਤ ਦੇ ਜ਼ੋਰ ਇਹ ਜਚਾਉਣ ਲਈ ਬਜ਼ਿਦ ਹਨ ਕਿ ਉਨ੍ਹਾਂ ਦਾ ਮਾਓਵਾਦੀਆਂ ਨਾਲ ਮਿਲ ਕੇ ਕਾਰਪੋਰੇਟ-ਤੰਤਰ ਦਾ ਹਥਿਆਰਬੰਦ ਵਿਰੋਧ ਫ਼ਜ਼ੂਲ ਹੈ; ਕਿ ਉਨ੍ਹਾਂ ਨੂੰ ਨਾਬਰੀ ਛੱਡ ਕੇ ਮੁਲਕ ਦੀ 'ਮੁੱਖਧਾਰਾ' ਸਿਆਸਤ ਅੱਗੇ ਗੋਡੇ ਟੇਕ ਦੇਣੇ ਚਾਹੀਦੇ ਹਨ ਅਤੇ ਕਾਰਪੋਰੇਟ 'ਵਿਕਾਸ' ਮਾਡਲ ਦੇ ਰਾਹ ਵਿਚ ਅੜਿੱਕਾ ਨਹੀਂ ਬਣਨਾ ਚਾਹੀਦਾ। ਚੋਣਾਂ ਦੀ ਇਸ ਕਵਾਇਦ ਦੇ ਜੇ ਕੋਈ ਮਾਇਨੇ ਹਨ ਤਾਂ ਸਿਰਫ਼ ਇਹੀ ਹਨ।

# ਸੰਘ ਪਰਿਵਾਰ ਅਤੇ ਪਟੇਲ ਦੀ ਵਿਰਾਸਤ

ਕਿਹਾ ਜਾ ਸਕਦਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਬਾਨੀਆਂ ਤੋਂ ਲੈ ਕੇ ਭਾਜਪਾ ਸਮੇਤ ਇਸ ਦੀਆਂ 30 ਸਹਿਯੋਗੀ ਜਥੇਬੰਦੀਆਂ ਦੇ ਮੌਜੂਦਾ ਆਗੂਆਂ ਤੱਕ ਵਿਚੋਂ ਕੋਈ ਵੀ ਬੁੱਧੀਜੀਵੀ ਅਜਿਹਾ ਨਹੀਂ ਹੈ ਜੋ ਹਰ ਵਿਸ਼ੇ ਸਬੰਧੀ ਆਪਣੇ ਗਿਆਨ ਨਾਲ ਹਰ ਕਿਸੇ ਨੂੰ ਪ੍ਰਭਾਵਿਤ ਕਰ ਸਕਿਆ ਹੋਵੇ। ਦੀਨ ਦਿਆਲ ਉਪਾਧਿਆਏ ਜਿਨ੍ਹਾਂ ਦੀ ਸੰਯੁਕਤ ਮਾਨਵਤਾਵਾਦੀ ਵਿਚਾਰਧਾਰਾ ਦਾ ਕਾਫੀ ਜ਼ਿਕਰ ਕੀਤਾ ਜਾਂਦਾ ਹੈ, ਸਮੇਤ ਸੰਘ ਪਰਿਵਾਰ ਦੇ ਤਕਰੀਬਨ ਸਾਰੇ ਚਿੰਤਕ ਹੀ ਇਤਿਹਾਸ, ਸਿਆਸੀ ਸਿਧਾਂਤਾਂ, ਸੱਭਿਆਚਾਰ, ਅਰਥ ਸ਼ਾਸਤਰ ਜਾਂ ਸਮਾਜਕ ਮੁਹਿੰਮਾਂ ਬਾਰੇ ਘੱਟ ਹੀ ਵਾਕਫ਼ੀਅਤ

***ਸੰਘ ਪਰਿਵਾਰ ਜਿਸ ਦਾ ਹਿੱਸਾ ਆਰ.ਐਸ.ਐਸ. ਅਤੇ ਹਿੰਦੂ ਮਹਾਂਸਭਾ ਸਨ, ਆਜ਼ਾਦੀ ਦੀ ਲਹਿਰ ਦਾ ਹਿੱਸਾ ਨਹੀਂ ਸੀ; ਸਗੋਂ ਇਸ ਨੇ ਲਹਿਰ ਦੇ ਖਿਲਾਫ਼ ਬਰਤਾਨਵੀਆਂ ਨਾਲ ਮੇਲ-ਜੋਲ ਕੀਤਾ। ਆਰ.ਐਸ.ਐਸ. ਨੇ ਆਪਣੇ ਮੈਂਬਰਾਂ ਨੂੰ ਹਥਿਆਰਾਂ ਦੀ ਸਿਖਲਾਈ ਲੈਣ ਵਾਸਤੇ ਭਾਰਤੀ-ਬਰਤਾਨਵੀ ਫ਼ੌਜ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਆ। ਹੁਣ ਸੰਘ ਪਰਿਵਾਰ ਵੱਲੋਂ ਪਟੇਲ ਦੀ ਵਿਰਾਸਤ 'ਤੇ ਦਾਅਵਾ ਜਮਾਉਣਾ ਪਾਖੰਡ ਹੀ ਹੈ। ਪਟੇਲ ਹੀ ਸਨ ਜਿਨ੍ਹਾਂ ਨੇ ਮਹਾਤਮਾ ਗਾਂਧੀ ਨੂੰ ਨੱਥੂ ਰਾਮ ਗੌਡਸੇ ਵੱਲੋਂ ਕਤਲ ਕੀਤੇ ਜਾਣ ਤੋਂ ਬਾਅਦ ਆਰ.ਐਸ.ਐਸ. 'ਤੇ ਪਾਬੰਦੀ ਲਾ ਦਿੱਤੀ ਸੀ। ਗੌਡਸੇ ਦਾ ਆਰ.ਐਸ.ਐਸ. ਨਾਲ ਨੇੜਲਾ ਸਬੰਧ ਪਾਇਆ ਗਿਆ ਸੀ। ਪਟੇਲ ਨੇ ਆਰ.ਐਸ.ਐਸ. ਤੋਂ ਇਹ ਪਾਬੰਦੀ 1949 ਵਿਚ ਇਸ ਸ਼ਰਤ 'ਤੇ ਹਟਾਈ ਸੀ ਕਿ ਸੰਘ ਅਜਿਹਾ ਸੰਵਿਧਾਨ ਅਪਣਾਏਗਾ ਜਿਸ ਤਹਿਤ ਇਹ ਖੁਦ ਨੂੰ ਸਿਆਸਤ ਤੋਂ ਲਾਂਭੇ ਰੱਖੇਗਾ ਪਰ ਸੰਘ ਨੇ ਖੁਦ ਵੱਲੋਂ ਕੀਤਾ ਗਿਆ ਇਹ ਵਾਅਦਾ ਤੋੜ ਦਿੱਤਾ। ਇਹ ਪਹਿਲਾਂ ਜਨਸੰਘ ਅਤੇ ਬਾਅਦ ਵਿਚ ਭਾਜਪਾ ਦਾ ਪਿਤਾਮਾ, ਵਿਚਾਰਧਾਰਕ ਸਰਪ੍ਰਸਤ, ਸਿਆਸੀ ਉਸਤਾਦ ਅਤੇ ਜਥੇਬੰਦਕ ਪਹਿਰੇਦਾਰ ਬਣ ਗਿਆ। ਹਾਲ ਹੀ ਦੇ ਵਰ੍ਹਿਆਂ ਦੌਰਾਨ ਤਾਂ ਇਸ ਨੇ ਸਪੱਸ਼ਟ ਤੌਰ 'ਤੇ ਸਿਆਸੀ ਰੁਖ਼ ਅਪਣਾ ਲਿਆ ਹੈ।***

**ਪ੍ਰਫ਼ੁੱਲ ਬਿਦਵਈ**

ਰੱਖਦੇ ਨਜ਼ਰ ਆਉਂਦੇ ਹਨ। ਇਨ੍ਹਾਂ ਸਾਰਿਆਂ ਦਾ ਇਕ ਸੌੜਾ ਅਰਧ-ਸਾਖ਼ਰ ਹਿੰਦੂ ਸਰਬਉੱਚਤਾ ਵਾਲਾ ਸੰਸਾਰ ਦ੍ਰਿਸ਼ਟੀਕੋਣ ਉੱਭਰਦਾ ਹੈ ਜੋ ਹਿੰਦੂਵਾਦ ਦੀਆਂ ਵਿਭਿੰਨਤਾਵਾਂ ਅਤੇ ਇਸ ਦੀ ਅਮੀਰੀ ਨੂੰ ਵੀ ਪੂਰੀ ਤਰ੍ਹਾਂ ਨਹੀਂ ਉਭਾਰ ਪਾਉਂਦਾ; ਹਾਲਾਂ ਕਿ ਇਹ ਸਾਰੇ ਹਿੰਦੂਤਵ ਨੂੰ ਹੀ ਵਡਿਆਉਣ ਲਈ ਜ਼ੋਰ ਲਾਉਂਦੇ ਹਨ। ਆਰ.ਐਸ.ਐਸ. ਦੇ ਕੇਡਰ ਦੀ ਸਿਖਲਾਈ ਅੱਧੇ-ਅਧੂਰੇ ਤੇ ਵਪਾਰ ਆਧਾਰਤ ਅਰਥ ਸ਼ਾਸਤਰ, ਤਾਨਾਸ਼ਾਹੀ ਕਿਸਮ ਦੀ ਰਾਜਨੀਤੀ ਅਤੇ ਹਿੰਦੂ ਰਾਸ਼ਟਰ ਦੇ ਸਿਧਾਂਤਾਂ 'ਤੇ ਆਧਾਰਤ ਹੁੰਦੀ ਹੈ। ਇਸ ਵਿਚ ਇਹ ਤੱਥ ਨਕਾਰਿਆ ਜਾਂਦਾ ਹੈ ਕਿ ਭਾਰਤ ਸਦੀਆਂ ਤੋਂ ਬਹੁ-ਸੱਭਿਆਚਾਰਕ ਅਤੇ ਬਹੁ-ਧਰਮੀ ਸਮਾਜ ਰਿਹਾ ਹੈ ਜਿਥੇ ਜੈਨੀ, ਬੋਧੀ, ਇਸਾਈ ਅਤੇ ਇਸਲਾਮ ਧਰਮ ਵਾਲੇ ਹਿੰਦੂ ਧਰਮ ਨਾਲ ਸਹਿਹੋਂਦ ਵਿਚ ਰਹਿੰਦੇ ਆਏ ਹਨ; ਸਗੋਂ ਇਸ ਦੀ ਥਾਂ 'ਭਾਰਤ ਮਾਤਾ' ਦਾ ਅਜਿਹਾ ਪ੍ਰਤੀਕ ਉਭਾਰਿਆ ਜਾਂਦਾ ਹੈ ਜਿਸ ਵਿਚ ਇਸ ਨੂੰ 'ਬਾਹਰੀ ਲੋਕਾਂ' ਵੱਲੋਂ ਗੁਲਾਮ ਬਣਾਏ ਜਾਣ ਦਾ ਜ਼ਿਕਰ ਕੀਤਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਇਸ ਨੂੰ ਮੁਕਤ ਕਰਾ ਕੇ ਮਾਣ ਭਰੇ ਅਤੇ ਤਾਕਤਵਰ ਹਿੰਦੂ ਰਾਸ਼ਟਰ ਦੀ ਸਿਰਜਣਾ ਦੀ ਲੋੜ ਹੈ। ਸੰਘ ਪਰਿਵਾਰ ਦਾ ਇਹੀ ਅਸਲ ਮਕਸਦ ਹੈ। ਲੋਕਤੰਤਰ ਤਾਂ ਇਸ ਲਈ ਸਿਰਫ ਇਕ ਜ਼ਰੀਆ ਹੈ। ਪਰਿਵਾਰ ਨੇ ਜਦੋਂ-ਜਦੋਂ ਵੀ ਇਤਿਹਾਸ ਵਿਚ ਜਾ ਕੇ ਭਾਰਤੀ ਸੱਭਿਅਤਾ ਦੀਆਂ ਵਡਿਆਈਆਂ 'ਤੇ ਮੱਲ ਮਾਰਨ ਜਾਂ ਇਸ ਸੱਭਿਅਤਾ ਦੇ ਉਦਾਰ ਧਰਮ-ਨਿਰਪੱਖ ਵਿਚਾਰਾਂ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਇਸ ਨੇ ਖ਼ੁਦ ਆਪਣਾ ਹੀ ਮਜ਼ਾਕ ਉਡਵਾਇਆ ਹੈ। ਮਿਸਾਲ ਵਜੋਂ ਨਰਿੰਦਰ ਮੋਦੀ ਵੱਲੋਂ ਹਾਲ ਹੀ ਵਿਚ ਕੀਤੇ ਗਏ ਉਸ ਦਾਅਵੇ ਨੂੰ ਵੇਖ ਲਉ ਜਿਸ ਵਿਚ ਉਨ੍ਹਾਂ ਕਿਹਾ ਕਿ ਸਿਕੰਦਰ ਨੂੰ ਬਿਹਾਰੀਆਂ ਨੇ ਗੰਗਾ ਦੇ ਕਿਨਾਰੇ ਹਰਾਇਆ ਸੀ, ਪੁਰਾਤਨ ਭਾਰਤ ਦਾ ਸੁਨਹਿਰੀ ਕਾਲ ਕਹੇ ਜਾਂਦੇ ਗੁਪਤ ਸਾਮਰਾਜ ਦਾ ਬਾਨੀ ਚੰਦਰ ਗੁਪਤ ਸੀ ਅਤੇ ਬੋਧੀ ਸਿੱਖਿਆ ਦਾ ਮਹਾਨ ਕੇਂਦਰ ਤਕਸ਼ਿਲਾ ਬਿਹਾਰ ਵਿਚ ਸੀ; ਜਦੋਂ ਕਿ ਸਚਾਈ ਇਹ ਹੈ ਕਿ ਸਿਕੰਦਰ ਨੂੰ ਪੰਜਾਬ ਵਿਚ ਪੈਂਦੇ ਬਿਆਸ ਦਰਿਆ ਨੇੜੇ ਰੋਕਿਆ ਗਿਆ ਸੀ। ਚੰਦਰ ਗੁਪਤ ਮੌਰੀਆ ਸਾਮਰਾਜ ਦਾ ਬਾਨੀ ਸੀ ਅਤੇ ਤਕਸ਼ਿਲਾ ਹੁਣ ਪਾਕਿਸਤਾਨ ਵਿਚ ਹੈ। ਮੋਦੀ ਸ਼ਾਇਦ ਤਕਸ਼ਿਲਾ ਦਾ ਨਾਲੰਦਾ ਨਾਲ ਭੁਲੇਖਾ ਖਾ ਗਏ।

ਇਸੇ ਤਰ੍ਹਾਂ ਸੰਘ ਪਰਿਵਾਰ ਹੁਣ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਦੀ ਵਿਰਾਸਤ 'ਤੇ ਆਪਣਾ ਹੱਕ ਜਮਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਨਹਿਰੂ ਨੂੰ ਪੱਛਮੀ ਸਿੱਖਿਆ ਪ੍ਰਾਪਤ ਟਾਲ-ਮਟੋਲ ਦੀ ਨੀਤੀ ਵਾਲੇ ਸੋਸ਼ਲ ਉਦਾਰਵਾਦੀ ਆਗੂ ਵਜੋਂ ਖਲਨਾਇਕ ਦੀ ਭੂਮਿਕਾ ਵਿਚ ਪੇਸ਼ ਕਰ ਰਿਹਾ ਹੈ ਅਤੇ ਪਟੇਲ ਨੂੰ ਹਿੰਦੂਤਵ ਪੱਖੀ ਆਗੂ ਵਜੋਂ ਵਡਿਆਇਆ ਜਾ ਰਿਹਾ ਹੈ। ਬਿਨਾਂ ਸ਼ੱਕ ਨਹਿਰੂ ਅਤੇ ਪਟੇਲ ਸਿਆਸੀ ਪਹੁੰਚ ਅਤੇ ਵਿਚਾਰਧਾਰਕ ਆਧਾਰ ਪੱਖੋਂ ਵੱਖ-ਵੱਖ ਸਨ। ਪਟੇਲ ਸੋਮਨਾਥ ਮੰਦਿਰ ਦੀ ਮੁੜ ਉਸਾਰੀ ਲਈ ਮੁਹਿੰਮ ਵਿਚ ਸ਼ਾਮਿਲ ਹੋਣਾ ਚਾਹੁੰਦੇ ਸਨ ਜਦੋਂ ਕਿ ਨਹਿਰੂ ਇਸ ਦੇ ਖਿਲਾਫ਼ ਸਨ। ਪਟੇਲ ਬਾਗੀ ਸੁਰ ਰੱਖਣ ਵਾਲਿਆਂ ਪ੍ਰਤੀ ਸਖ਼ਤ ਢੰਗ-ਤਰੀਕੇ ਅਪਣਾਉਣ ਦੇ ਹੱਕ ਵਿਚ ਸਨ, ਜਦੋਂ ਕਿ ਨਹਿਰੂ ਉਦਾਰਵਾਦੀ ਸਨ ਅਤੇ ਲੋਕਤੰਤਰੀ ਨਿਯਮਾਂ ਦਾ ਸਤਿਕਾਰ ਕਰਦੇ ਸਨ। ਪਟੇਲ ਪ੍ਰਾਈਵੇਟ ਸਨਅਤ ਨੂੰ ਪੂਰੀ ਤਰ੍ਹਾਂ ਖੁੱਲ੍ਹ ਦੇਣੀ ਚਾਹੁੰਦੇ ਸਨ, ਜਦੋਂ ਕਿ ਨਹਿਰੂ ਇਸ ਨੂੰ ਨਿਯਮਬੱਧ ਕਰਨ ਦੇ ਹੱਕ ਵਿਚ ਸਨ। ਨਹਿਰੂ ਭਾਰਤ ਦੀਆਂ ਤਤਕਾਲੀ 550 ਰਿਆਸਤਾਂ ਦਾ ਭਾਰਤ ਨਾਲ ਰਲੇਵਾਂ ਗੱਲਬਾਤ ਰਾਹੀਂ ਕਰਨਾ ਚਾਹੁੰਦੇ ਸਨ ਜਦੋਂ ਕਿ ਪਟੇਲ ਦਮਨਕਾਰੀ ਪਹੁੰਚ ਰਾਹੀਂ ਅਜਿਹਾ ਕਰਨ ਦੇ ਹੱਕ ਵਿਚ ਸਨ। ਇਹ



ਗੱਲ ਵੱਖਰੀ ਹੈ ਕਿ ਬਾਅਦ ਵਿਚ ਨਹਿਰੂ ਨੂੰ ਪਟੇਲ ਦੇ ਢੰਗ-ਤਰੀਕੇ ਨਾਲ ਹੀ ਸਹਿਮਤ ਹੋਣਾ ਪਿਆ।

ਇਥੇ ਮਾਮਲਾ ਜ਼ਰਾ ਗੁੰਝਲਦਾਰ ਹੈ। ਕਾਂਗਰਸ ਦਾ ਰੁਖ਼ ਇਹ ਸੀ ਕਿ ਤਤਕਾਲੀ ਰਿਆਸਤਾਂ, ਬਰਤਾਨਵੀ ਹਕੂਮਤ ਅਤੇ ਰਿਆਸਤਾਂ ਦੇ ਰਾਜਿਆਂ ਦੇ ਆਪਣੇ ਹੱਕ ਆਜ਼ਾਦੀ ਦੇ ਨਾਲ ਹੀ ਖ਼ਤਮ ਹੋ ਚੁੱਕੇ ਹਨ। ਸੋ, ਭਾਰਤ ਜਾਂ ਪਾਕਿਸਤਾਨ ਨਾਲ ਰਲੇਵੇਂ ਦੀ ਚੋਣ ਦੀ ਗੱਲ ਰਾਜਿਆਂ/ਨਵਾਬਾਂ 'ਤੇ ਨਹੀਂ ਛੱਡੀ ਜਾ ਸਕਦੀ। ਇਸ ਦਾ ਫ਼ੈਸਲਾ ਲੋਕਾਂ ਵੱਲੋਂ ਹੋਣਾ ਚਾਹੀਦਾ ਹੈ। ਹਾਲਾਂ ਕਿ ਜਦੋਂ ਦੇਸ਼ ਛੱਡ ਰਹੇ ਬਰਤਾਨਵੀਆਂ ਨੇ ਅਜਿਹੀ ਚੋਣ ਸਬੰਧੀ ਸਰਕਾਰ ਨੂੰ ਪੇਸ਼ਕਸ਼ ਕੀਤੀ ਤਾਂ ਕਾਂਗਰਸ ਨੇ ਇਸ ਦਾ ਵਿਰੋਧ ਨਹੀਂ ਕੀਤਾ, ਸਗੋਂ ਇਕ ਤਰ੍ਹਾਂ ਨਾਲ ਦੋਹਰੇ ਮਿਆਰ ਅਪਣਾਏ। ਜਿਵੇਂ ਬਹੁਤੇ ਇਤਿਹਾਸਕਾਰਾਂ ਨੇ ਲਿਖਿਆ ਵੀ ਹੈ ਇਸ ਨੇ ਜੰਮੂ ਕਸ਼ਮੀਰ ਦਾ ਰਲੇਵਾਂ ਦਬਾਅਪਾਊ ਢੰਗ-ਤਰੀਕਿਆਂ ਨਾਲ ਕਰਾਇਆ। ਮਹਾਰਾਜਾ ਹਰੀ ਸਿੰਘ ਨੂੰ ਪਾਕਿਸਤਾਨ ਵੱਲੋਂ 'ਕਬਾਇਲੀ ਘੁਸਪੈਠ' ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਕੋਲ ਹੋਰ ਕੋਈ ਬਦਲ ਨਹੀਂ ਸੀ ਪਰ ਸਰਕਾਰ ਨੇ ਹੈਦਰਾਬਾਦ ਅਤੇ ਜੂਨਾਗੜ੍ਹ ਦੀਆਂ ਰਿਆਸਤਾਂ ਦਾ ਰਲੇਵਾਂ ਉਥੋਂ ਦੇ ਹਾਕਮਾਂ ਦੀਆਂ ਇੱਛਾਵਾਂ ਦੇ ਉਲਟ ਜਾ ਕੇ ਕੀਤਾ। ਹੈਦਰਾਬਾਦ ਵਿਚ ਉਸ ਵਕਤ ਫੌਜੀ ਕਾਰਵਾਈ ਕੀਤੀ ਗਈ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਹਿੰਦੂ-ਮੁਸਲਿਮ ਦੰਗਿਆਂ ਵਿਚ ਇਕ ਅੰਦਾਜ਼ੇ ਅਨੁਸਾਰ 27 ਤੋਂ 40 ਹਜ਼ਾਰ ਤੱਕ ਮੁਸਲਮਾਨ ਮਾਰੇ ਗਏ। ਇਹ ਅੰਕੜੇ ਕਾਂਗਰਸ ਸਰਕਾਰ ਵੱਲੋਂ ਬਣਾਏ ਗਏ ਸੁੰਦਰ ਲਾਲ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਦਿੱਤੇ ਸਨ। ਇਨ੍ਹਾਂ ਘਟਨਾਵਾਂ ਨੂੰ ਆਜ਼ਾਦ ਭਾਰਤ ਦੇ ਸ਼ੁਰੂਆਤੀ ਇਤਿਹਾਸ ਦੇ ਮਾਣ ਭਰੇ ਅਧਿਆਇ ਨਹੀਂ ਕਿਹਾ ਜਾ ਸਕਦਾ। ਪਟੇਲ ਨੇ ਇਨ੍ਹਾਂ ਵਿਚ ਮੁੱਖ ਭੂਮਿਕਾ ਨਿਭਾਈ ਅਤੇ ਨਹਿਰੂ ਨੇ ਉਨ੍ਹਾਂ ਦਾ ਸਾਥ ਦਿੱਤਾ। ਪਟੇਲ ਕਾਂਗਰਸ ਦੇ ਸੱਜੇ ਪੱਖ ਦੀ ਨੁਮਾਇੰਦਗੀ ਕਰਦੇ ਸਨ, ਜਦੋਂ ਕਿ ਨਹਿਰੂ 1930ਵਿਆਂ ਦੇ ਅੱਧ ਵਾਲੇ ਆਪਣੇ ਇਨਕਲਾਬੀਪੁਣੇ ਨੂੰ ਉਦਾਰਵਾਦ ਵਿਚ ਬਦਲਣ ਦੇ ਬਾਵਜੂਦ ਖੱਬੇ ਪੱਖ ਦੀ ਹੀ ਨੁਮਾਇੰਦਗੀ ਕਰਦੇ ਸਨ।

ਇਸ ਤੋਂ ਆਜ਼ਾਦੀ ਦੇ ਸੰਘਰਸ਼ ਵਿਚਲੇ ਵਖਰੇਵਿਆਂ ਅਤੇ ਇਸ ਵਿਚ ਮੌਜੂਦ ਵੱਖ-ਵੱਖ ਤਰੰਗਾਂ ਦਾ ਵੀ ਪਤਾ ਲਗਦਾ ਹੈ। ਸੰਘ ਪਰਿਵਾਰ ਜਿਸ ਦਾ ਹਿੱਸਾ ਆਰ.ਐਸ.ਐਸ. ਅਤੇ ਹਿੰਦੂ ਮਹਾਂਸਭਾ ਸਨ, ਆਜ਼ਾਦੀ ਦੀ ਲਹਿਰ ਦਾ ਹਿੱਸਾ ਨਹੀਂ ਸੀ; ਸਗੋਂ ਇਸ ਨੇ ਲਹਿਰ ਦੇ ਖਿਲਾਫ਼ ਬਰਤਾਨਵੀਆਂ ਨਾਲ ਮੇਲ-ਜੋਲ ਕੀਤਾ। ਆਰ.ਐਸ.ਐਸ. ਨੇ ਆਪਣੇ ਮੈਂਬਰਾਂ ਨੂੰ ਹਥਿਆਰਾਂ ਦੀ ਸਿਖਲਾਈ ਲੈਣ ਵਾਸਤੇ ਭਾਰਤੀ-ਬਰਤਾਨਵੀ ਫ਼ੌਜ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਆ। ਹੁਣ ਸੰਘ ਪਰਿਵਾਰ ਵੱਲੋਂ ਪਟੇਲ ਦੀ ਵਿਰਾਸਤ 'ਤੇ ਦਾਅਵਾ ਜਮਾਉਣਾ ਪਾਖੰਡ ਹੀ ਹੈ। ਪਟੇਲ ਹੀ ਸਨ ਜਿਨ੍ਹਾਂ ਨੇ ਮਹਾਤਮਾ ਗਾਂਧੀ ਨੂੰ ਨੱਥੂ ਰਾਮ ਗੌਡਸੇ ਵੱਲੋਂ ਕਤਲ ਕੀਤੇ ਜਾਣ ਤੋਂ ਬਾਅਦ ਆਰ.ਐਸ.ਐਸ. 'ਤੇ ਪਾਬੰਦੀ ਲਾ ਦਿੱਤੀ ਸੀ। ਗੌਡਸੇ ਦਾ ਆਰ.ਐਸ.ਐਸ. ਨਾਲ ਨੇੜਲਾ ਸਬੰਧ ਪਾਇਆ ਗਿਆ ਸੀ। ਪਟੇਲ ਨੇ ਆਰ.ਐਸ.ਐਸ. ਤੋਂ ਇਹ ਪਾਬੰਦੀ 1949 ਵਿਚ ਇਸ ਸ਼ਰਤ 'ਤੇ ਹਟਾਈ ਸੀ ਕਿ ਸੰਘ ਅਜਿਹਾ ਸੰਵਿਧਾਨ ਅਪਣਾਏਗਾ ਜਿਸ ਤਹਿਤ ਇਹ ਖੁਦ ਨੂੰ ਸਿਆਸਤ ਤੋਂ ਲਾਂਭੇ ਰੱਖੇਗਾ ਪਰ ਸੰਘ ਨੇ ਖੁਦ ਵੱਲੋਂ ਕੀਤਾ ਗਿਆ ਇਹ ਵਾਅਦਾ ਤੋੜ ਦਿੱਤਾ। ਇਹ ਪਹਿਲਾਂ ਜਨਸੰਘ ਅਤੇ ਬਾਅਦ ਵਿਚ ਭਾਜਪਾ ਦਾ ਪਿਤਾਮਾ, ਵਿਚਾਰਧਾਰਕ ਸਰਪ੍ਰਸਤ, ਸਿਆਸੀ ਉਸਤਾਦ ਅਤੇ ਜਥੇਬੰਦਕ ਪਹਿਰੇਦਾਰ ਬਣ ਗਿਆ। ਹਾਲ ਹੀ ਦੇ ਵਰ੍ਹਿਆਂ ਦੌਰਾਨ ਤਾਂ ਇਸ ਨੇ ਸਪੱਸ਼ਟ ਤੌਰ 'ਤੇ ਸਿਆਸੀ ਰੁਖ਼ ਅਪਣਾ ਲਿਆ ਹੈ। ਇਸ ਨੇ ਭਾਜਪਾ ਦੇ ਸਾਰੇ ਜਥੇਬੰਦਕ ਸਕੱਤਰਾਂ ਦੀ ਨਿਯੁਕਤੀ ਕੀਤੀ ਅਤੇ ਫਿਰ ਜਿਨਾਹ ਦੀ ਪ੍ਰਸੰਸਾ ਵਾਲੇ ਬਿਆਨ ਤੋਂ ਬਾਅਦ ਐਲ.ਕੇ. ਅਡਵਾਨੀ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਹਟਾ ਦਿੱਤਾ। ਸੰਘ ਉਤੇ ਭਾਜਪਾ ਦੀ ਨਿਰਭਰਤਾ ਆਉਂਦੀਆਂ ਚੋਣਾਂ ਵਿਚ ਹੋਰ ਵਧਣ ਦੀ ਸੰਭਾਵਨਾ ਹੈ ਕਿਉਂਕਿ ਇਹ ਇਕ ਹਮਲਾਵਰ ਚੋਣ ਮੁਹਿੰਮ ਚਲਾਉਣ ਦੀ ਨੀਤੀ ਬਣਾ ਰਹੀ ਹੈ। ਮਾਹੌਲ ਦਾ ਧਰੁਵੀਕਰਨ ਕਰਨ ਲਈ ਭਾਜਪਾ ਸੰਘ 'ਤੇ ਹੀ ਨਿਰਭਰ ਕਰੇਗੀ। ਇਸ ਸਭ ਕੁਝ ਦੇ ਮੱਦੇਨਜ਼ਰ ਉਨ੍ਹਾਂ 14 ਪਾਰਟੀਆਂ ਦਾ ਸੱਦਾ ਹੋਰ ਅਹਿਮ ਹੋ ਜਾਂਦਾ ਹੈ ਜਿਨ੍ਹਾਂ ਨੇ 30 ਅਕਤੂਬਰ ਨੂੰ ਫ਼ਿਰਕਾਪ੍ਰਸਤੀ ਖਿਲਾਫ਼ ਦਿੱਲੀ ਵਿਚ ਕਨਵੈਨਸ਼ਨ ਕੀਤੀ ਸੀ। ਉਨ੍ਹਾਂ ਨੇ ਦੇਸ਼ ਦੀਆਂ ਧਰਮ-ਨਿਰਪੱਖ ਅਤੇ ਲੋਕਤੰਤਰੀ ਤਾਕਤਾਂ ਨੂੰ ਸੱਦਾ ਦਿੱਤਾ ਕਿ ਫ਼ਿਰਕਾਪ੍ਰਸਤਾਂ ਦਾ ਟਾਕਰਾ ਕਰਨ ਲਈ, ਸਾਂਝੇ ਸੱਭਿਆਚਾਰ ਦੀ ਰਾਖੀ ਲਈ ਅਤੇ ਏਕਤਾ ਦੀ ਮਜ਼ਬੂਤੀ ਲਈ ਵੱਧ ਤੋਂ ਵੱਧ ਲੋਕਾਂ ਨੂੰ ਲਾਮਬੰਦ ਕਰਨ। ਇਸ ਸੱਦੇ ਦਾ ਭਰਪੂਰ ਹੁੰਗਾਰਾ ਭਰਿਆ ਜਾਣਾ ਚਾਹੀਦਾ ਹੈ।

---

# ਪਰਿਵਾਰਤੰਤਰ ਬਣ ਚੁੱਕਾ ਹੈ ਭਾਰਤੀ ਲੋਕਤੰਤਰ

ਬੀਤੇ ਸਾਲ ਦੇ ਮੱਧ ਵਿਚ ਜਦੋਂ ਅਖਿਲੇਸ਼ ਯਾਦਵ ਨੂੰ ਉੱਤਰ ਪ੍ਰਦੇਸ਼ ਦਾ ਰਾਜ ਭਾਗ ਸੰਭਾਲਣ ਮਗਰੋਂ ਲੋਕ ਸਭਾ ਦੀ ਸੀਟ ਛੱਡਣੀ ਪਈ ਤਾਂ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਆਪਣੀ ਨੂੰਹ ਡਿੰਪਲ ਨੂੰ ਅਸ਼ੀਰਵਾਦ ਦੇ ਕੇ ਆਪਣੇ ਪੁੱਤਰ ਵੱਲੋਂ ਖਾਲੀ ਕੀਤੀ ਗਈ ਸੀਟ ਉੱਪਰ ਬਿਨਾਂ ਮੁਕਾਬਲਾ ਉਸ ਦਾ ਕਬਜ਼ਾ

**ਕੁਲਦੀਪ ਸਿੰਘ ਕਾਹਲੋਂ**

ਕਰਵਾ ਦਿੱਤਾ। ਉਦੋਂ ਇਹ ਚਰਚਾ ਹੋਈ ਸੀ ਕਿ ਕਿਵੇਂ ਸਿਆਸੀ ਪਾਰਟੀਆਂ ਉਤੇ ਪਰਿਵਾਰਵਾਦ ਭਾਰੂ ਹੋ ਚੁੱਕਾ ਹੈ। ਉਂਝ ਜਦੋਂ ਅਖਿਲੇਸ਼ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਸੀ ਤਾਂ ਉਸ ਸਮੇਂ ਆਮ ਜਨਤਾ ਨੂੰ ਉਨ੍ਹਾਂ ਪਾਸੋਂ ਢੇਰ ਸਾਰੀਆਂ ਉਮੀਦਾਂ ਤੇ ਆਸਾਂ ਸਨ ਜੋ ਹੁਣ ਢਹਿ-ਢੇਰੀ ਹੁੰਦੀਆਂ ਜਾਪ ਰਹੀਆਂ ਹਨ। ਇਕ ਰਿਪੋਰਟ ਅਨੁਸਾਰ ਇਕ ਸਾਲ ਦੌਰਾਨ ਸੂਬੇ ਅੰਦਰ 1821 ਜਬਰ ਜਨਾਹ ਦੇ ਕਿੱਸੇ ਸਾਹਮਣੇ ਆਏ, 4645 ਹੱਤਿਆਵਾਂ ਹੋਈਆਂ, 215 ਡਕੈਤੀਆਂ ਅਤੇ 35351 ਚੋਰੀ ਦੇ ਮਾਮਲਿਆਂ ਬਾਰੇ ਰਿਪੋਰਟਾਂ ਪੁਲਿਸ ਪਾਸ ਦਰਜ ਕਰਵਾਈਆਂ ਗਈਆਂ। ਸੂਬੇ ਦੀ ਵਿਗੜਦੀ ਹੋਈ ਕਾਨੂੰਨ ਅਵਸਥਾ 'ਤੇ ਚਿੰਤਾ ਜ਼ਾਹਰ ਕਰਦਿਆਂ ਸਮਾਜਵਾਦੀ ਪਾਰਟੀ ਦੇ ਮੁਖੀ ਨੇ ਮੁੱਖ ਮੰਤਰੀ ਨੂੰ ਤੁਰੰਤ ਕਈ ਕਿਸਮ ਦੇ ਪ੍ਰਬੰਧਕੀ ਸੁਧਾਰ ਕਰਨ ਵਾਸਤੇ ਨਸੀਹਤ ਦਿੱਤੀ, ਪਰ ਮੁਅੱਤਲ ਕੀਤੀ ਆਈ.ਏ.ਐਸ. ਅਧਿਕਾਰੀ ਦੁਰਗਾ ਸ਼ਕਤੀ ਨਾਗਪਾਲ ਦੇ ਮਾਮਲੇ 'ਚ ਆਪਣੇ ਪੁੱਤ ਦੇ ਫ਼ੈਸਲੇ ਨੂੰ ਪ੍ਰਵਾਨ ਕਰਦਿਆਂ ਮੁਲਾਇਮ ਸਿੰਘ ਕੇਂਦਰ ਸਰਕਾਰ ਨੂੰ ਘੂਰਦੇ ਦਿਖਾਈ ਦਿੱਤੇ। ਕੀ ਇਹ ਲੋਕ ਸ਼ਕਤੀ ਦਾ ਪ੍ਰਦਰਸ਼ਨ ਹੈ ਜਾਂ ਤਨਾਸ਼ਾਹੀ ਵਾਲਾ ਰੁਝਾਨ? ਭਾਰਤ ਵਿਚ ਆਜ਼ਾਦੀ ਤੋਂ ਪਹਿਲਾਂ ਪੰਜ ਸੌ ਤੋਂ ਵੱਧ ਰਿਆਸਤਾਂ ਸਨ ਜਿਨ੍ਹਾਂ ਉਪਰ ਸ਼ਾਹੀ ਖਾਨਦਾਨ ਰਾਜ ਕਰਦੇ ਰਹੇ। ਆਮ ਜਨਤਾ ਪਾਸ ਕੋਈ ਬਦਲ ਨਾ ਹੋਣ ਕਰ ਕੇ ਰਾਜੇ ਦੇ ਘਰ ਰਾਜੇ ਵਾਲਾ ਸਿਧਾਂਤ ਲਾਗੂ ਰਿਹਾ।

ਆਜ਼ਾਦ ਭਾਰਤ ਅੰਦਰ ਸਭ ਤੋਂ ਪਹਿਲਾਂ ਨਹਿਰੂ-ਗਾਂਧੀ ਰਾਜਵੰਸ਼ ਦੀ ਸ਼ੁਰੂਆਤ ਹੋਈ ਹਾਲਾਂ ਕਿ ਮਹਾਤਮਾ ਗਾਂਧੀ ਦੀ ਨਹਿਰੂ ਪਰਿਵਾਰ ਨਾਲ ਕੋਈ ਰਿਸ਼ਤੇਦਾਰੀ ਨਹੀਂ ਸੀ, ਫਿਰ ਵੀ ਨਹਿਰੂ ਗਾਂਧੀ ਵੰਸ਼ ਪਿਛਲੇ 6 ਦਹਾਕਿਆਂ ਦੌਰਾਨ ਤਿੰਨ ਪ੍ਰਧਾਨ ਮੰਤਰੀ ਪੈਦਾ ਕਰ ਕੇ ਦੇਸ਼ ਦੀ ਸਿਆਸਤ 'ਤੇ ਛਾਇਆ ਰਿਹਾ ਅਤੇ ਹੁਣ ਰਾਹੁਲ ਗਾਂਧੀ ਨੂੰ ਚੌਥੇ ਪ੍ਰਧਾਨ ਮੰਤਰੀ ਵਜੋਂ ਉਭਾਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਗ਼ੈਰ-ਕਾਂਗਰਸੀ ਲੀਡਰ ਵੀ ਨਹਿਰੂ ਪਰਿਵਾਰ ਦੀ ਕਵਾਇਦ ਨੂੰ ਪੂਰੀ ਸ਼ਿੱਦਤ ਨਾਲ ਅੱਗੇ ਚਲਾਉਂਦੇ ਗਏ। ਡੀ.ਐਮ.ਕੇ. ਨੇਤਾ ਐਮ. ਕਰੁਣਾਨਿਧੀ ਦੇ ਦੋਵੇਂ ਪੁੱਤਰ ਸਿਆਸਤ ਵਿਚ ਹਨ। ਫਿਰ ਗੱਦੀ ਦਾ ਵਾਰਿਸ ਕੌਣ ਬਣੇ? ਇਕ ਫਾਰਮੂਲੇ ਮੁਤਾਬਿਕ ਇਕ ਸਾਹਿਬਜ਼ਾਦੇ ਸਟਾਲਿਨ ਨੂੰ ਆਪਣਾ ਉੱਪ ਮੁੱਖ ਮੰਤਰੀ ਬਣਾਇਆ ਅਤੇ ਦੂਜੇ ਆਲਾਗਿਰੀ ਨੂੰ ਕੇਂਦਰ 'ਚ ਵਜ਼ੀਰ। ਇਸੇ ਤਰੀਕੇ ਨਾਲ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਬੇਟੇ ਨੂੰ ਉੱਪ ਮੁੱਖ ਮੰਤਰੀ ਦਾ ਅਹੁਦਾ ਦਿੱਤਾ ਅਤੇ ਨੂੰਹ ਐਮ.ਪੀ. ਹੈ। ਬਾਕੀ ਰਿਸ਼ਤੇਦਾਰ ਵੀ 'ਅਡਜਸਟ' ਕੀਤੇ ਹਨ। ਇਸ ਤੋਂ ਇਲਾਵਾ ਦੇਸ਼ ਦੇ ਕਈ ਰਜਵਾੜਿਆਂ ਦੀਆਂ ਪੀੜ੍ਹੀਆਂ ਜਿਵੇਂ ਪਾਇਲਟ ਪਰਿਵਾਰ, ਸਿੰਧੀਆ ਖਾਨਦਾਨ, ਸ਼ੇਖ ਅਬਦੁੱਲਾ ਪਰਿਵਾਰ, ਮੁਫ਼ਤੀ ਸਈਦ ਟੱਬਰ, ਪਟਨਾਇਕ ਕੁਟੰਬ, ਪਵਾਰ ਕੁਲ,





ਯਾਦਵ ਪੀੜ੍ਹੀ, ਕੁਮਾਰਮੰਗਲਮ ਵੰਸ਼ ਅਤੇ ਕਈ ਹੋਰ ਪ੍ਰਭਾਵਸ਼ਾਲੀ ਪਰਿਵਾਰਾਂ ਨੇ ਸਿਆਸਤ ਵਿਚ ਆਪਣਾ ਦਬ-ਦਬਾਅ ਬਣਾਈ ਰੱਖਿਆ। ਲਾਲੂ ਪ੍ਰਸਾਦ ਨੇ ਆਪਣੀ ਪਤਨੀ ਰਾਬੜੀ ਦੇਵੀ ਨੂੰ ਮੁੱਖ ਮੰਤਰੀ ਬਣਾਇਆ। ਚਰਨ ਸਿੰਘ ਨੇ ਆਪਣੇ ਬੇਟੇ ਅਜੀਤ ਸਿੰਘ ਨੂੰ ਅੱਗੇ ਲਿਆਂਦਾ। ਦੇਵੀ ਲਾਲ ਪਰਿਵਾਰ ਵਿਚ ਓਮ ਪ੍ਰਕਾਸ਼ ਚੌਟਾਲਾ ਨੇ ਰਾਜ ਭਾਗ ਸੰਭਾਲਿਆ। ਭਜਨ ਲਾਲ ਨੇ ਬਹੁ-ਚਰਿੱਤਰੀ ਬਰਖੁਰਦਾਰ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਨੂੰ ਸਿਆਸਤ ਵਿਚ ਘਸੀਟਿਆ। ਇਸੇ ਤਰੀਕੇ ਨਾਲ ਪੰਜਾਬ ਦੇ ਕੁਝ ਹੋਰ ਘਰਾਣਿਆਂ ਨੇ ਪੰਜਾਬ ਦੀ ਸਿਆਸਤ 'ਤੇ ਪੈਂਠ ਬਣਾਉਣ ਦੇ ਯਤਨ ਜਾਰੀ ਰੱਖੇ ਹਨ। ਇਕ ਰਿਪੋਰਟ ਅਨੁਸਾਰ ਦੇਸ਼ ਦੇ 545 ਲੋਕ ਸਭਾ ਮੈਂਬਰਾਂ ਵਿਚੋਂ 156 ਅਜਿਹੇ ਹਨ ਜਿਨ੍ਹਾਂ ਦਾ ਸ਼ਕਤੀਸ਼ਾਲੀ ਸਿਆਸੀ ਪਰਿਵਾਰਕ ਪਿਛੋਕੜ ਹੈ। ਕਾਂਗਰਸ ਪਾਰਟੀ ਦੇ 35 ਸਾਲ ਦੀ ਘੱਟ ਉਮਰ ਵਾਲੇ ਤਕਰੀਬਨ ਸਾਰੇ ਸੰਸਦ ਮੈਂਬਰ ਮਹੱਤਵਪੂਰਨ ਰਾਜਨੀਤਕ ਬੰਸਾਵਲੀਆਂ ਵਿਚੋਂ ਹਨ। ਆਸਾਮ ਦੇ ਕੁਝ ਹਿੱਸੇ ਵਿਚ ਜਦੋਂ ਨਕਸਲਵਾਦ ਦਾ ਜ਼ੋਰ ਚੱਲ ਰਿਹਾ ਸੀ ਤਾਂ ਉਸ ਸਮੇਂ ਵੀ ਮੁੱਖ ਮੰਤਰੀ ਗੋਗੋਈ ਆਪਣੇ ਬੇਟੇ ਨੂੰ ਅਗਲੇ ਹੁਕਮਰਾਨ ਵਜੋਂ ਪੇਸ਼ ਕਰਨ ਦੇ ਯਤਨ ਵਿਚ ਸਨ। ਕਹਿਣ ਤੋਂ ਭਾਵ ਦੇਸ਼ ਦੀਆਂ ਤਕਰੀਬਨ ਸਾਰੀਆਂ ਰਵਾਇਤੀ ਰਾਜਨੀਤਕ ਪਾਰਟੀਆਂ ਦਾ ਰਿਕਾਰਡ ਇਸ ਪੱਖੋਂ ਨਿਰਾਸ਼ਾਜਨਕ ਹੈ ਜਿਸ ਦਾ ਕੋਈ ਹੱਲ ਜਨਤਾ ਨੂੰ ਹੀ ਲੱਭਣਾ ਪਵੇਗਾ। ਇਸ ਸਮੇਂ ਤਕਰੀਬਨ 162 ਦਾਗ਼ੀ ਰਾਜਸੀ ਨੇਤਾ ਕਾਨੂੰਨ ਘੜਨ ਵਾਲਿਆਂ ਵਜੋਂ ਪਾਰਲੀਮੈਂਟ ਵਿਚ ਬਿਰਾਜਮਾਨ ਹਨ। ਜਿਥੇ ਰਾਜ ਸਭਾ ਦੀ ਸੀਟ 100 ਕਰੋੜ ਵਿਚ ਵਿਕਦੀ ਹੋਵੇ, ਉਥੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ, ਦੇਸ਼ ਪ੍ਰਤੀ ਵਫ਼ਾਦਾਰੀ, ਜਜ਼ਬੇ ਵਾਲੇ, ਪ੍ਰੌੜ, ਦਿਆਨਤਦਾਰ ਤੇ ਇਮਾਨਦਾਰ ਪੜ੍ਹੇ-ਲਿਖੇ ਵਿਅਕਤੀ ਸਿਆਸਤ ਵਿਚ ਕਿਵੇਂ ਅੱਗੇ ਆ ਸਕਦੇ ਹਨ? ਲੋਕਤੰਤਰ ਹੁਣ ਪਰਿਵਾਰਤੰਤਰ, ਹੰਕਾਰਤੰਤਰ, ਨੋਟਤੰਤਰ ਅਤੇ ਅਪਰਾਧਤੰਤਰ ਵੱਲ ਵਧ ਰਿਹਾ ਹੈ ਜਿਸ ਕਾਰਨ ਧੋਖਾਧੜੀ, ਕਤਲ, ਬਲਾਤਕਾਰ, ਡਕੈਤੀ, ਭ੍ਰਿਸ਼ਟਾਚਾਰ, ਔਰਤ ਸਮਾਜ ਨਾਲ ਬੇਇਨਸਾਫ਼ੀ ਆਦਿ ਦੇ ਕਿੱਸੇ ਅਖ਼ਬਾਰ ਦੀਆਂ ਸੁਰਖੀਆਂ ਵਿਚ ਰਹਿੰਦੇ ਹਨ। ਸਿਆਸਤਦਾਨਾਂ ਨੇ ਪਰਿਵਾਰਵਾਦ ਵਾਲੀ ਪ੍ਰਥਾ ਨੂੰ ਇਸ ਵਾਸਤੇ ਵੀ ਅਪਣਾਇਆ ਤਾਂ ਕਿ ਜੇ ਉਹ ਇਕ ਵਾਰ ਚੋਣਾਂ ਹਾਰ ਵੀ ਜਾਣ ਤਾਂ ਉਹ ਅਣਅਧਿਕਾਰਤ ਤੌਰ 'ਤੇ ਇਕੱਠੀ ਕੀਤੀ ਗਈ ਧਨ ਦੌਲਤ ਦੇ ਸਹਾਰੇ ਫਿਰ ਉੱਠ ਕੇ ਖੜ੍ਹੇ ਹੋ ਸਕਣ। ਰਾਜਸੀ ਨੇਤਾ ਕਦੇ ਵੀ ਇਹ ਨਹੀਂ ਚਾਹੁਣਗੇ ਕਿ ਉਨ੍ਹਾਂ ਦੀ ਪਾਰਟੀ ਅੰਦਰ ਜਮਹੂਰੀ ਢੰਗ ਨਾਲ ਸੁਹਿਰਦ, ਪ੍ਰੌੜ ਇਮਾਨਦਾਰ ਲੀਡਰ ਉਭਰਨ; ਕਿਉਂਕਿ ਅਜਿਹਾ ਹੋਣ ਨਾਲ ਉਨ੍ਹਾਂ ਨੂੰ ਆਪਣੀ ਹੋਂਦ ਲਈ ਖ਼ਤਰਾ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਇਕ ਵੱਡਾ ਕਾਰਨ ਹੈ ਕਿ ਇਕ-ਅੱਧੀ ਸਿਆਸੀ ਪਾਰਟੀ ਨੂੰ ਛੱਡ ਕੇ ਬਾਕੀ ਕਿਸੇ ਵੀ ਰਸਮੀ ਸਿਆਸੀ ਪਾਰਟੀ ਅੰਦਰ ਕਦੇ ਵੀ ਜਥੇਬੰਦਕ ਚੋਣਾਂ ਲੋਕਤੰਤਰੀ ਢੰਗ ਨਾਲ ਨਹੀਂ ਹੁੰਦੀਆਂ। ਜ਼ਿਲ੍ਹਾ ਪੱਧਰ ਤੋਂ ਲੈ ਕੇ ਉੱਪਰ ਤੱਕ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ। ਪਾਰਟੀ ਉਮੀਦਵਾਰਾਂ ਦੀ ਚੋਣ ਨਹੀਂ ਹੁੰਦੀ, ਕੇਵਲ ਚਹੇਤੇ ਹੀ ਅੱਗੇ ਆਉਂਦੇ ਹਨ।

# ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅਕਤੂਬਰ ਚੁਰਾਸੀ ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਚਾਰ-ਪੰਜ ਕੁ ਮਹੀਨੇ ਬਾਅਦ ਜਿਹੜਾ ਪਹਿਲਾ ਹੋਲਾ ਮਹੱਲਾ ਆਇਆ, ਸਾਡੇ ਟੱਬਰ ਦਾ ਕੋਈ ਜੀਅ, ਕਿਸੇ ਕਾਰਨ ਵਸ ਸ੍ਰੀ ਅਨੰਦਪੁਰ ਸਾਹਿਬ ਜਾ ਨਾ ਸਕਿਆ। ਇਤਿਹਾਸਕ ਗੁਰਧਾਮਾਂ 'ਤੇ ਭਰਦੇ ਜੋੜ ਮੇਲਿਆਂ 'ਤੇ ਬਿਲਾ ਨਾਗਾ ਹਾਜ਼ਰੀਆਂ ਭਰਨ ਵਾਲੇ ਸਾਡੇ ਭਾਈਆ ਜੀ ਵੀ ਉਸ ਵਰ੍ਹੇ ਖੁੰਝ ਗਏ। ਹੋਲਾ ਮਹੱਲੇ ਤੋਂ ਬਾਅਦ ਉਹ ਘਰ ਬੈਠੇ ਇਕ ਤਰ੍ਹਾਂ ਨਾਲ ਤਰਸ ਹੀ ਰਹੇ ਸਨ ਕਿ ਸ੍ਰੀ ਅਨੰਦਪੁਰੋਂ ਮੁੜਿਆ ਕੋਈ ਸੱਜਣ ਮੈਨੂੰ ਜੋੜ ਮੇਲੇ ਦੀਆਂ ਗੱਲਾਂ ਸੁਣਾਵੇ। ਉਨ੍ਹਾਂ ਦੀ ਇਹ ਇੱਛਾ ਉਦੋਂ ਪੂਰੀ ਹੋ ਗਈ ਜਦੋਂ ਉਨ੍ਹਾਂ ਦਾ ਆਪਣਾ ਗੂੜ੍ਹਾ ਦੋਸਤ ਲੰਬੜਦਾਰ ਨਰੰਜਣ ਸਿੰਘ ਸਾਡੇ ਘਰੇ ਗੱਪ-ਸ਼ੱਪ ਮਾਰਨ ਆ ਗਿਆ।

"ਲੰਬੜਾ, ਕਿੰਨਾ ਕੁ ਭਰਿਆ ਐਤਕੀਂ ਜੋੜ ਮੇਲਾ ਅਨੰਦਪੁਰ ਸਾਹਿਬ?" ਕੁਰਸੀ 'ਤੇ ਬਹਿੰਦਿਆਂ ਹੀ ਉਸ ਨੂੰ ਭਾਈਆ ਜੀ ਨੇ ਚਮਕਦੀਆਂ ਅੱਖਾਂ ਨਾਲ ਸਵਾਲ ਕੀਤਾ।

"ਦਿਲਬਰ ਵੀ ਗੱਜਿਆ ਹੋਣੈ?" ਲੰਬੜਦਾਰ ਦਾ ਕੋਈ ਜਵਾਬ ਉਡੀਕੇ ਬਿਨਾਂ ਹੀ, ਢਾਡੀ ਰਾਗ ਦੇ ਵੱਡੇ ਦੀਵਾਨੇ ਭਾਈਆ ਜੀ ਨੇ ਆਪਣੇ ਮਨਪਸੰਦ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਦਾ ਨਾਂ ਲੈ ਕੇ ਪੁੱਛਿਆ।

ਮਖੌਲੀਏ ਸੁਭਾਅ ਵਾਲੇ ਨਰੰਜਣ ਸਿੰਘ ਕਹਿੰਦੇ, "ਗਿਆਨੀ, ਪੁੱਛ ਨਾ ਐਤਕੀਂ ਤਾਂ...! ਹਰ ਦੀਵਾਨ ਵਿਚ ਤੜ-ਤੜ ਠਾਹ-ਠਾਹ ਗੋਲੀਆਂ ਚਲਦੀਆਂ ਰਹੀਆਂ ਉਥੇ।"

ਇਹ ਅਜੀਬ ਜਵਾਬ ਸੁਣ ਕੇ ਅਵਾਕ ਰਹਿੰਦਿਆਂ ਭਾਈਆ ਜੀ ਨੇ ਹੈਰਾਨੀ ਨਾਲ ਲੰਬੜਦਾਰ ਦੇ ਚਿਹਰੇ ਵੱਲ ਦੇਖਿਆ; ਜਿਵੇਂ ਪੁੱਛ ਰਹੇ ਹੋਣ ਕਿ ਹੋਲੇ ਮਹੱਲੇ ਦੀ ਕੋਈ ਮਾੜੀ ਚੰਗੀ ਖ਼ਬਰ ਤਾਂ ਪਹਿਲੋਂ ਕੰਨੀ ਨਹੀਂ ਪਈ, ਇਹ ਹਰ ਦੀਵਾਨ ਵਿਚ ਗੋਲੀਆਂ ਚੱਲਣ ਦੀ ਗੱਲ ਕਿਵੇਂ ਕਹਿ ਰਿਹਾ ਹੈ?

"ਮੇਰਾ ਖਿਆਲ ਨੀਂ ਗਿਆਨੀ ਜੀ...!" ਮੁਸਕੜੀ ਹੱਸਦਿਆਂ ਨਰੰਜਣ ਸਿੰਘ ਆਪਣੀ ਬੁਝਾਰਤ-ਨੁਮਾ ਚਸ਼ਮਦੀਦ ਗਵਾਹੀ ਦੀ ਘੁੰਡੀ ਖੋਲ੍ਹਦਾ ਦੱਸਣ ਲੱਗਾ, "ਐਨਾ ਜ਼ੋਰ ਬੇਅੰਤ ਸਿੰਘ ਸਤਵੰਤ ਸਿੰਘ ਦਾ ਨਹੀਂ ਲੱਗਿਆ ਹੋਣਾ ਇੰਦਰਾ ਗਾਂਧੀ ਨੂੰ ਮਾਰਨ ਵੇਲੇ ਜਿੰਨਾ ਐਤਕੀਂ ਹੋਲੇ ਮਹੱਲੇ ਵਿਚ ਢਾਡੀਆਂ ਦਾ ਲੱਗਿਆ।"

ਹੋਈਆਂ-ਬੀਤੀਆਂ ਨੂੰ ਨਾਟਕੀ ਅੰਦਾਜ਼ ਨਾਲ ਸੁਣਾਉਣ ਦੇ ਮਾਹਰ ਨਰੰਜਣ ਸਿੰਘ ਨੇ ਫਿਰ ਆਪਣੀ ਇਕ ਮੁੱਠ ਨੂੰ, ਦੂਜੇ ਹੱਥ ਦੀਆਂ ਉਂਗਲਾਂ ਨਾਲ ਢੱਡ ਵਾਂਗ ਵਜਾਉਂਦਿਆਂ ਢਾਡੀਆਂ ਦੀ ਨਕਲ ਉਤਾਰੀ, "ਹੇਅ...ਇਉਂ ਕੋਠੀ 'ਚੋਂ ਸਿੰਘਾਂ ਦੀ ਵੈਰਨ ਨਿੱਕਲੀ...ਤੇ ਇਉਂ ਕਰ ਕੇ ਸੂਰਮਿਆਂ ਨੇ 'ਠਾਹ-ਠਾਹ ਤੜ-ਤੜ' ਕਰਦੀਆਂ ਗੋਲੀਆਂ ਵਰ੍ਹਾਈਆਂ...!"

ਇਸ ਵਾਰਤਾ ਦੇ ਦੋਵੇਂ ਪਾਤਰ ਪ੍ਰਲੋਕ ਗਮਨ ਕਰ ਚੁੱਕੇ ਹਨ ਪਰ ਇਹ ਅੱਖੀਂ ਦੇਖੀ ਨੋਕ-ਝੋਕ ਮੈਨੂੰ ਸਭ ਤੋਂ ਵੱਧ ਉਦੋਂ ਯਾਦ ਆਉਂਦੀ ਹੈ, ਜਦੋਂ ਮੈਂ ਪਰਵਾਸੀ ਪੰਜਾਬੀ ਅਖ਼ਬਾਰਾਂ ਵਿਚ ਗ਼ਦਰ ਇਤਿਹਾਸ ਬਾਰੇ ਛਪੇ ਹੋਏ ਲੇਖਾਂ ਜਾਂ ਗ਼ਦਰੀ ਬਾਬਿਆਂ ਦੀ ਯਾਦ ਵਿਚ ਲਗਦੇ ਮੇਲਿਆਂ ਦੀਆਂ ਖ਼ਬਰਾਂ ਤੇ ਇਨ੍ਹਾਂ ਦੇ ਇਸ਼ਤਿਹਾਰ ਪੜ੍ਹਦਾ ਹਾਂ। ਮੇਰੀਆਂ ਅੱਖਾਂ ਮੋਹਰੇ, ਆਪਣੀ ਮੀਟੀ ਹੋਈ ਮੁੱਠ ਨੂੰ ਢੱਡ ਵਾਂਗ ਵਜਾ ਰਿਹਾ ਮਰਹੂਮ ਨਰੰਜਣ ਸਿੰਘ ਖੁਦ-ਬ-ਖੁਦ ਆ ਜਾਂਦਾ ਹੈ।

ਦੇਸ਼, ਧਰਮ, ਕੌਮ ਤੋਂ ਜ਼ਿੰਦਗੀਆਂ ਵਾਰ ਗਏ ਸੂਰਬੀਰ ਯੋਧਿਆਂ ਦੀਆਂ ਯਾਦਾਂ ਮਨਾਉਣ ਲਈ ਮੇਲੇ, ਸੈਮੀਨਾਰ ਜਾਂ ਸਭਿਆਚਾਰਕ ਇਕੱਠ ਕਰਨੇ ਕੋਈ ਮਾੜੀ ਗੱਲ ਨਹੀਂ। ਅਗਲੀਆਂ ਪੀੜ੍ਹੀਆਂ ਨੂੰ ਆਪਣੇ ਪੁਰਖਿਆਂ ਦੀਆਂ ਘਾਲੀਆਂ ਹੋਈਆਂ ਘਾਲਨਾਵਾਂ ਨਾਲ ਜੋੜੀ ਰੱਖਣ ਦਾ ਇਹ ਵਧੀਆ ਵਸੀਲਾ ਹਨ। ਇਹ ਵੱਧ ਤੋਂ ਵੱਧ ਹੁੰਦੇ ਰਹਿਣੇ ਚਾਹੀਦੇ ਹਨ। ਇਸੇ ਤਰ੍ਹਾਂ ਉਨ੍ਹਾਂ ਦੀ ਕੀਰਤੀ ਲਈ ਲੇਖ, ਕਵਿਤਾਵਾਂ ਜਾਂ ਗੀਤ ਸਿਰਜਣ ਵਾਸਤੇ ਵੀ ਕਲਮਾਂ ਚੱਲਦੀਆਂ ਰਹਿਣੀਆਂ ਚਾਹੀਦੀਆਂ ਹਨ ਪਰ ਅਜਿਹਾ ਕਰਦਿਆਂ ਉਨ੍ਹਾਂ ਦੇ ਪੂਰਨਿਆਂ ਵੱਲ ਇਕ ਕਦਮ ਵੀ ਨਾ ਪੁੱਟਣਾ! ਇਹ ਤਾਂ ਉਨ੍ਹਾਂ ਸਿਰੜੀਆਂ ਤੇ ਸਿਦਕੀਆਂ ਦੀ ਇਨਕਲਾਬੀ ਸੋਚ ਨਾਲ ਇਕ ਕਿਸਮ ਦਾ ਮਖੌਲ ਹੀ ਕਿਹਾ ਜਾਵੇਗਾ! ਮਿਸਾਲ ਵਜੋਂ ਜੇ ਗ਼ਦਰੀ ਬਾਬਿਆਂ ਦੇ ਸਮੁੱਚੇ ਪ੍ਰਸੰਗ ਨੂੰ ਦੋ ਹਰਫ਼ੀ ਗੱਲ 'ਚ ਸਮੇਟਣਾ ਹੋਵੇ ਤਾਂ ਇੰਜ ਕਿਹਾ ਜਾ ਸਕਦਾ ਹੈ, 'ਅੰਗਰੇਜ਼ੀ ਹਕੂਮਤ ਦੌਰਾਨ ਸਾਡੇ ਵੱਡੇ-ਵਡੇਰੇ ਕਿਰਤ ਕਮਾਈ ਦੀ ਭਾਲ ਵਿਚ ਭਾਰਤ ਵਿਚੋਂ ਨਿਕਲ ਕੇ ਅਮਰੀਕਾ ਕੈਨੇਡਾ ਪਹੁੰਚੇ; ਵਿਦੇਸ਼ਾਂ ਵਿਚ ਆਇਆਂ ਨੂੰ ਆਜ਼ਾਦੀ ਦੇ ਅਰਥਾਂ ਦੀ ਲੋਅ ਲੱਗੀ; ਉਨ੍ਹਾਂ ਨੂੰ ਆਪਣੇ ਦੇਸ਼ ਦੀ ਗੁਲਾਮੀ ਸਤਾਉਣ ਲੱਗੀ; ਪਰਦੇਸੀ ਸੁੱਖ-ਸਹੂਲਤਾਂ ਵਾਲੇ ਜੀਵਨ ਨੂੰ ਲੱਤ ਮਾਰ ਕੇ ਉਹ ਆਪਣੇ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਗੋਲੀਆਂ ਖਾ ਗਏ; ਫਾਂਸੀਆਂ 'ਤੇ ਝੂਲ ਗਏ; ਕਾਲ ਕੋਠੜੀਆਂ ਵਿਚ ਅਸਹਿ ਤਸੀਹੇ ਝੱਲਦੇ ਹੋਏ ਅਤੇ ਘਰ-ਘਾਟ, ਜਾਇਦਾਦਾਂ ਗੁਆ ਕੇ ਦੇਸ਼ ਤੋਂ ਜਾਨਾਂ ਘੋਲ ਘੁਮਾ ਗਏ।'

ਮੈਂ ਕੋਈ ਇਤਿਹਾਸਕਾਰ ਨਹੀਂ ਹਾਂ ਪਰ ਇੰਨੀ ਕੁ ਜਾਣਕਾਰੀ ਜ਼ਰੂਰ ਰੱਖਦਾ ਹਾਂ ਕਿ ਇਨ੍ਹਾਂ ਗ਼ਦਰੀ ਬਾਬਿਆਂ ਵਿਚ ਹਿੰਦੂ-ਮੁਸਲਮਾਨਾਂ ਦੇ ਨਾਲ-ਨਾਲ ਬਹੁ-ਗਿਣਤੀ ਪੰਜਾਬੀ ਸਿੱਖਾਂ ਦੀ ਸੀ ਜਿਨ੍ਹਾਂ ਨੂੰ ਆਪਾ ਵਾਰਨ ਦੀ ਗੁੜ੍ਹਤੀ ਉਨ੍ਹਾਂ ਦੇ ਸਿਰਲੱਥ ਇਤਿਹਾਸ ਨੇ ਦਿੱਤੀ ਹੋਈ ਸੀ। ਇਨ੍ਹਾਂ ਸਿੱਖ ਗ਼ਦਰੀ ਬਾਬਿਆਂ ਦੀ ਸੋਚ ਨੂੰ ਅੱਜਕੱਲ੍ਹ ਦੇ ਸਿੱਖਾਂ ਦੀ ਸੋਚ ਨਾਲ ਮੇਚਿਆ ਵੀ ਨਹੀਂ ਜਾ ਸਕਦਾ ਜੋ ਸੰਨ ਸੰਤਾਲੀ ਤੋਂ ਪਹਿਲਾਂ ਦੇ ਨਹਿਰੂ-ਗਾਂਧੀ-ਪਟੇਲ ਹੋਰਾਂ ਵੱਲੋਂ ਸਿੱਖ ਆਗੂਆਂ ਨਾਲ ਕੀਤੇ ਕੌਲ-ਕਰਾਰਾਂ ਦੇ ਹਸ਼ਰ ਨਾਲ ਝੰਬੇ ਹੋਏ ਅਤੇ ਜੂਨ ਚੁਰਾਸੀ ਦੇ ਕਾਲੇ ਦੌਰ ਵਿਚੋਂ ਗੁਜ਼ਰੇ ਹੋਏ ਹਨ। ਗ਼ਦਰੀ ਸਿੱਖ ਬਾਬੇ ਆਪਣੇ ਹਿੰਦੂ-ਮੁਸਲਿਮ ਸਾਥੀਆਂ ਨਾਲ ਆਪਣੇ ਸਾਂਝੇ ਦੁਸ਼ਮਣ ਅੰਗਰੇਜ਼ ਵਿਰੁਧ ਗਰਮਜੋਸ਼ੀ ਵਾਲੀ ਹੁਬਲੇ-ਵਤਨੀ ਦੀ ਭਾਵਨਾ ਨਾਲ ਜੁਝੇ।

ਹੁਣ ਕਈ 'ਖੋਜੀ ਵਿਦਵਾਨ' ਲਿਖਾਰੀ ਇਸੇ ਗੱਲੋਂ ਔਖੇ-ਭਾਰੇ ਹੋ ਕੇ ਲੰਮੇ-ਲੰਮੇ ਲੇਖ ਲਿਖ ਰਹੇ ਨੇ! ਅਖੇ ਗ਼ਦਰੀ ਬਾਬਿਆਂ ਨੂੰ 'ਨੀਲੀਆਂ ਐਨਕਾਂ' ਨਾਲ ਨਾ ਦੇਖੋ। ਚਲੋ ਮੰਨ ਲੈਂਦੇ ਹਾਂ ਇਹ ਆਦੇਸ਼, ਪਰ ਇਨ੍ਹਾਂ ਗ਼ਦਰੀਆਂ ਵਿਚੋਂ ਹੀ ਇਕ ਬਾਬੇ ਦਾ ਬਾਅਦ ਵਿਚ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਬਣਨਾ ਦਰਸਾਉਂਦਾ ਹੈ ਕਿ ਉਨ੍ਹਾਂ ਨੂੰ 'ਲਾਲ ਐਨਕਾਂ' ਨਾਲ ਦੇਖਣਾ ਵੀ ਮਹਾਂ-ਪਾਪ ਹੈ। ਹੁੱਬ-ਹੁੱਬ ਕੇ ਗ਼ਦਰੀ ਬਾਬਿਆਂ ਨੂੰ ਸਿਰਫ ਸਿੱਖ ਕਹਿ ਕੇ ਜਾਂ ਲਿਖ ਕੇ ਮਨ ਭਾਉਂਦੇ ਅਰਥ ਕੱਢਣੇ ਵੀ ਜਾਇਜ਼ ਨਹੀਂ ਪਰ ਗ਼ਦਰੀਆਂ ਨੂੰ ਸਿੱਖ ਕਹਿਣ ਵਾਲਿਆਂ ਉਪਰ ਝਈਆਂ ਲੈ-ਲੈ ਪੈਣ ਵਾਲਿਆਂ 'ਤੇ ਦੋਹ ਭੈਣਾਂ ਦਾ ਕਿੱਸਾ ਖੂਬ ਢੁੱਕਦਾ ਹੈ।

ਕਿਤੇ ਵਿਆਹੀਆਂ ਦੋ ਸਕੀਆਂ ਭੈਣਾਂ ਵਿਚੋਂ ਵੱਡੀ ਗਰੀਬਣੀ ਸੀ, ਛੋਟੀ ਅਮੀਰ। ਦੋਵੇਂ ਜਣੀਆਂ ਪੇਕੀਂ ਕਿਸੇ ਭਰਾ-ਭਤੀਜੇ ਦੇ ਵਿਆਹ 'ਤੇ ਆਈਆਂ। ਛੋਟੀ ਅਮੀਰ ਨੇ ਤਰਸ ਕਰ ਕੇ ਵੱਡੀ ਨੂੰ ਪਰਦੇ ਨਾਲ ਕਿਹਾ ਕਿ ਭੈਣੇ, ਤੂੰ ਮੈਨੂੰ ਇਕ ਰੁਪਈਆ ਫੜਾ ਦੇ, ਵੀਹ ਮੈਂ ਪਾ ਦਿੰਦੀ ਹਾਂ, ਇੰਜ ਆਪਣਾ ਇੱਕੀ ਰੁਪਏ ਦਾ ਸ਼ਗਨ ਪਾ ਦੇਵਾਂਗੀਆਂ। ਸ਼ਗਨ ਪਾਉਣ ਤੋਂ ਬਾਅਦ ਛੋਟੀ ਅਮੀਰ ਭੈਣ ਤਾਂ ਚੁੱਪ ਰਹੀ ਪਰ ਵੱਡੀ ਹਰ ਇਕ ਨੂੰ ਦੱਸਦੀ ਫਿਰੇ, "ਲਓ ਜੀ, ਅਸੀਂ ਤਾਂ ਰਲ-ਮਿਲ ਇੱਕੀ ਪਾ ਦਿੱਤੇ।" ਪੁਰਾਣੇ ਸਮਿਆਂ ਵਿਚ ਸ਼ਰੀਕੇ-ਭਾਈਚਾਰੇ ਵਲੋਂ ਆਏ ਨਿਉਂਦੇ-ਜਿੰਦੇ ਲਿਖਤੀ ਰੂਪ ਵਿਚ ਸਾਂਭੇ ਜਾਂਦੇ ਸਨ। ਇੰਜ ਜਦੋਂ ਭਰਾ ਬਹਿ ਕੇ ਚੁਪੱਤੇ ਉਪਰ ਰਕਮਾਂ ਲਿਖਣ ਬੈਠੇ ਤਾਂ ਵੱਡੀ, ਛੋਟੀ ਭੈਣ ਨੂੰ ਚੁੱਪ ਰਹਿਣ ਲਈ ਘੂਰੀਆਂ ਵੱਟੀ ਜਾਵੇ ਕਿ ਤੂੰ ਆਪਣੇ ਵੀਹਾਂ ਦਾ ਜ਼ਿਕਰ ਨਾ ਛੇੜੀਂ; ਬੱਸ ਰਲ-ਮਿਲ ਇੱਕੀ ਪਾਉਣ ਦੀ 'ਰਾਗਣੀ' ਗਾਈ ਜਾਹ!

ਸ਼ੁਕਰ ਹੈ, ਗ਼ਦਰੀ ਬਾਬਿਆਂ ਨੂੰ ਨੀਲੀਆਂ ਐਨਕਾਂ ਥਾਣੀਂ ਦੇਖਣ ਦਾ ਵਿਰੋਧ ਕਰਨ ਵਾਲੇ ਖੋਜੀ ਲਿਖਾਰੀਆਂ ਨੇ ਹਾਲੇ ਬੱਬਰ ਅਕਾਲੀ ਮਰਜੀਵੜਿਆਂ ਦੇ ਇਤਿਹਾਸ ਨੂੰ ਹੱਥ ਨਹੀਂ ਪਾਇਆ। ਹੋ ਸਕਦਾ ਹੈ ਕਿ ਕੱਲ੍ਹ-ਕਲੋਤਰ ਨੂੰ ਇਹ ਵੀ ਸਾਬਤ ਕਰ ਦਿੱਤਾ ਜਾਵੇ ਕਿ ਉਨ੍ਹਾਂ ਨੂੰ ਧਰਮ ਕੌਮ ਤੋਂ ਮਰ ਮਿਟਣ ਦੀ ਪ੍ਰੇਰਨਾ ਸਿੱਖ ਫਲਸਫੇ ਤੋਂ ਨਹੀਂ, ਸਗੋਂ ਪੋਲੈਂਡ ਜਾਂ ਯੂਗੋਸਲਾਵੀਆ ਦੇ ਇਨਕਲਾਬੀਆਂ ਤੋਂ ਮਿਲੀ ਹੈ।

ਦੋ-ਚਾਰ ਗਾਇਕ ਤੇ ਗਾਉਣ ਵਾਲੀਆਂ ਸੱਦ ਕੇ ਗ਼ਦਰੀ ਬਾਬਿਆਂ ਨੂੰ ਸਮਰਪਿਤ ਮੇਲੇ ਲਾਉਣੇ ਬਹੁਤ ਔਖਾ ਕੰਮ ਨਹੀਂ ਪਰ ਸੁਆਦ ਤਦ ਆਵੇ ਜੇ ਗ਼ਦਰੀ ਬਾਬਿਆਂ ਦੇ ਹਰ ਮੇਲੇ ਉਪਰੰਤ ਕੋਈ ਇਕ-ਅੱਧਾ ਮਾਈ ਦਾ ਲਾਲ ਬਾਬਿਆਂ ਦੇ ਪੂਰਨਿਆਂ 'ਤੇ ਚੱਲ ਕੇ ਦੇਸ਼ ਵੱਲ ਮੂੰਹ ਵੀ ਕਰੇ! ਵਿਦੇਸ਼ਾਂ ਵਿਚ ਵੱਸਦੇ-ਰਸਦੇ ਸਿੱਖ ਵੀ ਆਮ ਤੌਰ 'ਤੇ ਆਪਣੀ ਮਾਤ ਭੂਮੀ ਪੰਜਾਬ ਲਈ ਬਹੁਤ ਤੜਫਦੇ ਰਹਿੰਦੇ ਹਨ; ਜ਼ਰਾ ਦਿਲ 'ਤੇ ਹੱਥ ਰੱਖ ਕੇ ਸੋਚੋ ਕਿ ਪੰਜਾਬ ਦੇ ਅਜੋਕੇ ਹਾਲਾਤ ਗ਼ਦਰੀ ਬਾਬਿਆਂ ਨੂੰ 'ਵਾਜਾਂ ਨਹੀਂ ਮਾਰ ਰਹੇ?

ਗ਼ਦਰੀ ਦੇਸ਼ ਭਗਤਾਂ ਨੂੰ ਆਪੋ-ਆਪਣੀ ਵਿਚਾਰਧਾਰਾ ਦੀਆਂ ਰੰਗ-ਬਰੰਗੀਆਂ ਐਨਕਾਂ ਨਾਲ ਦੇਖਣਾ, ਉਨ੍ਹਾਂ ਨੂੰ ਕਿਸੇ ਇਕ ਖਾਸ ਸੈਂਚੇ ਵਿਚ ਫਿੱਟ ਕਰਨ ਲਈ ਲੰਮੇ-ਲੰਮੇ ਲੇਖ ਲਿਖਣੇ, ਉਨ੍ਹਾਂ ਦੀ ਯਾਦ ਨੂੰ 'ਸਮਰਪਿਤ' ਕਹਿ ਕਹਿ ਕੇ ਮਨੋਰੰਜਨ ਕਰੀ ਜਾਣੇ ਅਤੇ ਉਨ੍ਹਾਂ ਦੇ ਨਾਂਵਾਂ ਥੱਲੇ ਸਭਾ-ਸੁਸਾਇਟੀਆਂ ਬਣਾ ਕੇ ਪ੍ਰਧਾਨਗੀਆਂ ਕਰੀ ਜਾਣੀਆਂ, ਪਰ ਉਨ੍ਹਾਂ ਵਾਂਗ ਡਿੰਘ ਇਕ ਵੀ ਨਾ ਪੁੱਟਣੀ!

ਕਹਿੰਦੇ, ਸ਼ਹਿਰ ਲਾਗੇ ਦੇ ਕਿਸੇ ਪਿੰਡ ਦੀ ਕੋਈ ਮਾਈ ਰਾਤ ਪੈਂਦੇ ਹੀ ਸ਼ਹਿਰ ਦੀ ਨੁੱਕਰ ਵਿਚ ਜਗ ਰਹੀ ਸਟਰੀਟ ਲਾਈਟ ਥੱਲੇ ਕੁਝ ਲੱਭਣ ਲੱਗ ਪਈ। ਕਾਫ਼ੀ ਦੇਰ ਤੋਂ ਉਸ ਨੂੰ ਕੁਝ ਢੂੰਡਦਿਆਂ ਦੇਖ ਕੇ ਕੋਈ ਸ਼ਹਿਰੀ ਉਸ ਨੂੰ ਕਹਿੰਦਾ, 'ਮਾਤਾ ਕੀ ਲੱਭਦੀ ਐਂ?' ਮਾਈ ਕਹਿੰਦੀ, 'ਮੇਰੀ ਸੂਈ ਗਵਾਚ ਗਈ ਐ।' ਸ਼ਹਿਰੀ ਕਹਿੰਦਾ, 'ਸੂਈ ਗਵਾਚੀ ਕਿਥੇ ਸੀ ਭਲਾ?' ਮਾਈ ਕਹਿੰਦੀ, 'ਭਾਈ, ਘਰੇ ਈ ਗੁਆਚੀ ਸੀ।' ਸ਼ਹਿਰੀਆ ਹੈਰਾਨ ਹੋ ਕੇ ਕਹਿੰਦਾ, 'ਫਿਰ ਤੂੰ ਘਰੇ ਲੱਭ ਜਾ ਕੇ ਆਪਣੀ ਸੂਈ?' ਮਾਈ ਦਾ ਜਵਾਬ ਸੀ, 'ਉਥੇ ਭਾਈ ਹਨੇਰਾ ਈ ਬਹੁਤ ਐ, ਐਥੇ ਚਾਨਣ ਤਾਂ ਹੈ।'

## ਕਾਵਿ-ਜਗਤ

### ਹਉਮੈ ਨੂੰ ਪੱਠੇ

ਕੱਢਣ ਪਾਉਣ ਨੂੰ ਮੇਲਿਆਂ 'ਚ ਕੁਝ ਨਹੀਉਂ,
ਪੱਠੇ ਹਉਮੈ ਨੂੰ ਬਹੁਤੇ ਨੇ ਪਾਈ ਜਾਂਦੇ।
ਸਾਰਾ ਸਾਲ ਵਿਸਾਖੀ ਧਮਾਕਾ ਚੱਲੀ ਜਾਂਦਾ,
ਬਿਨਾਂ ਸਾਉਣ ਦੇ ਤੀਆਂ ਨੇ ਲਾਈ ਜਾਂਦੇ।
ਐਨ ਆਰ ਆਈ ਸਭਾਵਾਂ ਨੇ ਹੱਦ ਕਰ'ਤੀ,
ਨਿੱਤ ਨਵੇਂ ਨੇ ਵਿੰਗ ਬਣਾਈ ਜਾਂਦੇ।
ਮਸਲਾ ਕੀਤਾ ਨਹੀਂ ਹੱਲ ਕੋਈ ਅਜੇ ਤਾਈਂ,
ਅਖ਼ਬਾਰਾਂ ਵਿਚ ਹੀ ਬਿਆਨ ਲਵਾਈ ਜਾਂਦੇ।

ਕਬੱਡੀ ਕੱਪਾਂ 'ਤੇ ਵੀ ਵੰਡੀਆਂ ਪੈ ਗਈਆਂ,
ਇੱਕੋ ਦਿਨ ਹੀ ਦੋ-ਦੋ ਕਰਾਈ ਜਾਂਦੇ।
ਗ਼ਦਰੀ ਬਾਬਿਆਂ ਨੂੰ ਵੀ ਅਸੀਂ ਬਖ਼ਸ਼ਦੇ ਨਹੀਂ,
ਇਕੋ ਸ਼ਹਿਰ 'ਚ ਮੇਲੇ ਦੋ-ਦੋ ਲਾਈ ਜਾਂਦੇ।
ਸਾਹਿਤ ਸਭਾਵਾਂ ਦੀ ਲੜੀ ਵੀ ਵਧਣ ਲੱਗੀ,
ਬਿਨਾਂ ਲੇਖਕਾਂ ਦੇ ਸਭਾਵਾਂ ਬਣਾਈ ਜਾਂਦੇ।
ਕੱਟ ਵੱਢ ਕੇ ਕਿਸੇ ਦੀ ਲਿਖਤ ਤਾਈਂ,
ਨਾਂ ਆਪਣੇ ਹੇਠ ਛਪਵਾਈ ਜਾਂਦੇ।

ਗੁਰੂ ਘਰ ਵੀ ਰਿਹਾ ਨਾ ਕੋਈ ਐਸਾ,
ਧੜੇਬੰਦੀਆਂ ਹੀ ਸਭ ਨੇ ਵਧਾਈ ਜਾਂਦੇ।
ਗੋਲਕ ਗੁਰੂ ਦੀ ਹੱਥ ਪ੍ਰਬੰਧਕਾਂ ਦੇ,
ਵਕੀਲਾਂ, ਕਚਹਿਰੀਆਂ ਦੇ ਲੇਖੇ ਨੇ ਲਾਈ ਜਾਂਦੇ।
ਇਕ ਦੂਜੇ ਨਾਲ ਮਰਿਆਦਾ ਨਾ ਮੇਚ ਆਵੇ,
ਵੱਖੋ-ਵੱਖ ਕਮੇਟੀਆਂ ਬਣਾਈ ਜਾਂਦੇ।
ਪੀੜ੍ਹੀ ਆਪਣੀ ਹੇਠ ਸੋਟਾ ਫੇਰਦੇ ਨਹੀਂ,
ਔਗੁਣ ਦੂਜਿਆਂ ਵਿਚ ਗਿਣਾਈ ਜਾਂਦੇ।

ਸ਼੍ਰੋਮਣੀ ਕਮੇਟੀ ਨੇ ਪ੍ਰਚਾਰ ਵੱਲੋਂ ਮੁੱਖ ਮੋੜੇ,
ਡੇਰਾਵਾਦ ਦੀਆਂ ਜੜ੍ਹਾਂ ਨੇ ਲਾਈ ਜਾਂਦੇ।
ਵੱਡੀ ਦੇਣ ਹੈ ਅਕਾਲੀਆਂ ਦੀ ਪੰਜਾਬ ਤਾਈਂ,
ਹਰ ਮੋੜ 'ਤੇ ਹੀ ਠੇਕਾ ਖੁਲ੍ਹਵਾਈ ਜਾਂਦੇ।
ਗਰਾਮ ਸੇਵਕ ਜਾਂ ਵੈਦ ਨਾ ਲਿਖੇ ਕੋਈ,
ਬਿਨਾਂ ਡਿਗਰੀਉਂ ਡਾਕਟਰ ਅਖਵਾਈ ਜਾਂਦੇ।

ਮਾਸਟਰ ਲੈਕਚਰਾਰ ਵੀ ਰੁਤਬਾ ਨਹੀਂ ਛੋਟਾ,
ਪਰ ਕਈ ਐਵੇਂ ਹੀ ਪ੍ਰੋਫੈਸਰ ਕਹਾਈ ਜਾਂਦੇ।
ਪੰਜਾਬੀ ਅਖ਼ਬਾਰਾਂ ਦੀ ਕੀ ਗੱਲ ਕਰੀਏ,
ਦੱਸੇ ਬਿਨਾਂ ਹੀ ਇਸ਼ਤਿਹਾਰ ਲਗਾਈ ਜਾਂਦੇ।
ਪੱਤਰਕਾਰੀ ਨਾਲ ਵਾਹ ਨਾ ਵਾਸਤਾ ਜੀ,
ਕੱਢ ਕੇ ਨਵਾਂ ਹੀ ਪੇਪਰ ਚਲਾਈ ਜਾਂਦੇ।

ਗਾਇਕੀ ਵਿਚਲੇ ਨਿਘਾਰ ਦੀ ਕੀ ਗੱਲ ਕਰੀਏ,
ਬੇਸੁਰੇ ਹੀ ਬਹੁਤੇ ਨੇ ਗਾਈ ਜਾਂਦੇ।
ਵੀਡੀਉ ਵਿਚ ਨਚਾ ਕੇ ਅੱਧ-ਨੰਗੀਆਂ ਜੀ,
ਸਭਿਆਚਾਰ ਨੂੰ ਚਾਰ ਚੰਨ ਲਾਈ ਜਾਂਦੇ।
ਕੁਝ ਲੋਕਾਂ ਦੀ ਢੀਠਤਾਈ ਦੀ ਹੱਦ ਵੇਖੋ,
ਸੋਹਲੇ ਸਾਰਿਆਂ ਦੇ ਹੀ ਨੇ ਗਾਈ ਜਾਂਦੇ।
ਹੋਵੇ ਕਾਂਗਰਸ, ਅਕਾਲੀ ਜਾਂ ਪੀ.ਪੀ.ਪੀ.,
ਫੋਟੋ ਸਾਰਿਆਂ ਦੇ ਨਾਲ ਖਿਚਾਈ ਜਾਂਦੇ।

*-ਪਲਵਿੰਦਰ ਸਿੰਘ ਗੋਰਾਇਆ*
*ਬੇ-ਏਰੀਆ, ਕੈਲੀਫੋਰਨੀਆ।*

---

### ਡੁੱਬ ਰਹੇ ਲਫ਼ਜ਼

ਬੁੱਧ ਦੇ ਸਿਰ 'ਤੇ ਬੈਠਾ ਹੈ
ਇਕ ਕਬੂਤਰ
ਉਸਦੇ ਗਲ ਵਿਚ ਇਕ ਤੌਕ ਹੈ
ਤੌਕ 'ਤੇ ਲਿਖਿਆ 'ਅਫ਼ਗਾਨਿਸਤਾਨ'
ਦਾ ਅੱਧਾ ਲਫ਼ਜ਼
ਡੁੱਬ ਚੁੱਕਾ ਹੈ ਖ਼ੂਨ ਵਿਚ।

ਰਾਤ ਉਤਰ ਰਹੀ ਹੈ ਟੈਕਸਿਲਾ ਵਿਚ
ਰੰਗ ਭਾਲ ਰਹੇ ਨੇ ਪਨਾਹ
ਬੁੱਧ ਦੀਆਂ ਅੱਖਾਂ ਵਿਚ
ਚਿੱਟੇ ਕਬੂਤਰ ਦਾ ਰੰਗ
ਚਿਤਕਬਰਾ ਹੁੰਦਾ ਹੁੰਦਾ
ਵਟ ਗਿਆ ਹੈ ਸਿਆਹੀ ਵਿਚ।

ਸ਼ਾਮ ਦੀ ਅਜ਼ਾਨ ਹੋ ਰਹੀ ਹੈ
ਕਬੂਤਰ ਦੇ ਤੌਕ ਉੱਤੇ ਲਿੱਖਿਆ
'ਅਫ਼ਗਾਨਿਸਤਾਨ' ਦਾ ਅੱਧਾ ਲਫ਼ਜ਼ ਵੀ
ਡੁੱਬ ਗਿਆ ਹੈ ਰਾਤ ਦੀ ਸਿਆਹੀ ਵਿਚ।

*-ਡਾ. ਜਗਤਾਰ*

## ਬਾਬੇ ਨਾਨਕ ਦਾ ਦਰ

ਇਕ ਵਾਰੀਂ, ਜੋ ਵੀ ਤਨੋਂ, ਮਨੋਂ, ਇਸ ਦਰ 'ਤੇ ਸੀਸ ਝੁਕਾ ਲੈਂਦੈ।
ਸਭ ਖੁਦੀ, ਤੱਕਬਰੀ ਮਿਟ ਜਾਂਦੀ, ਹਉਮੈ ਦਾ ਰੋਗ ਗਵਾ ਲੈਂਦੈ।
ਕਿਸੇ ਭਿੰਨ ਭੇਦ ਤੇ ਊਚ ਨੀਚ ਦਾ ਝਗੜਾ ਝਾਂਜਾ ਨਹੀਂ ਰਹਿੰਦਾ,
ਇਕ ਨੂਰ ਤੇ ਸਭ ਜੱਗ ਉਪਜਿਆ, ਮਨ ਵਿਚ ਜਦੋਂ ਵਸਾ ਲੈਂਦੈ।
ਰਾਜਾ, ਰੰਕ, ਫਕੀਰ, ਵਲੀ, ਜੋ ਵੀ ਇਸ ਦਰ 'ਤੇ ਆਇਆ ਹੈ,
ਇਹ ਅਜ਼ਮਤ ਬਾਬੇ 'ਨਾਨਕ' ਦੀ, ਸਭ ਨੂੰ ਗਲ ਨਾਲ ਲਾ ਲੈਂਦੈ।
ਅੰਮ੍ਰਿਤ 'ਬਾਣੀ' ਦੇ ਅੰਮ੍ਰਿਤ ਦੀ, ਇਕ ਵਾਰੀ ਘੁੱਟ ਜੋ ਭਰਦਾ ਏ
ਜੀਵਨ ਦਾ ਚਾਨਣ ਹੋ ਜਾਂਦੈ, ਭਉ, ਜਨਮ ਮਰਨ ਦਾ ਗੁਆ ਲੈਂਦੈ।
ਇਹ ਰਹਿਮਤ ਏਸੇ ਦਰ ਦੀ ਏ ਇਹ ਬਖਸ਼ਿਸ਼ ਏਸੇ ਘਰ ਦੀ ਏ
ਜਨਮ-ਜਨਮਾਂ ਦਾ ਪਾਪੀ ਵੀ, ਕੁਲਾਂ ਦੀਆਂ ਭੁੱਲਾਂ ਬਖਸ਼ਾ ਲੈਂਦੈ।
ਇਕ 'ਓਅੰਕਾਰ ਸਤਿਨਾਮ' ਦੀ, ਜਦੋਂ ਨਾਮ ਖੁਮਾਰੀ ਚੜ੍ਹਦੀ ਹੈ
ਕਾਦਰ ਦੀ ਕੁਦਰਤ ਦੇ ਜਲਵੇ ਦਾ, ਮਨ ਭੇਤ ਇਲਾਹੀ ਪਾ ਲੈਂਦੈ।
ਸੇਵਾ, ਸਿਮਰਨ, ਦਇਆ ਨਾਮ ਦੀ, ਬਖਸ਼ਿਸ਼ ਜਿਸ 'ਤੇ ਹੋ ਜਾਵੇ
ਭਵ ਸਾਗਰ ਵਿਸ਼ੇ ਵਿਕਾਰਾਂ ਦੇ ਤੋਂ ਉਹ ਸਹਿਜੇ ਪੱਲਾ ਛੁਡਾ ਲੈਂਦੈ।
ਭਰਮਾਂ, ਵਹਿਮਾਂ, ਕਰਮ-ਕਾਂਡਾਂ ਦਾ, ਭੈਅ ਮਨ 'ਤੇ ਨਹੀਂ ਰਹਿੰਦਾ
ਅਹਿਲੇ ਕਰਮ ਦੀ ਰਜ਼ਾ ਦੇ ਵਿਚ, ਜਦ ਬੰਦਾ ਸੀਸ ਝੁਕਾ ਲੈਂਦੈ।
ਬੁੱਤਾਂ, ਮੜ੍ਹੀਆਂ, ਮਸਾਣਾਂ ਨੂੰ, ਪੂਜਣ ਦੀ ਜਰੂਰਤ ਨਹੀਂ ਰਹਿੰਦੀ
ਭੁੱਲਿਆ, ਭਟਕਿਆ, ਠੁਕਰਾਇਆ ਜਦੋਂ ਇਸ ਦਰ 'ਤੇ ਆ ਜਾਂਦੈ।
ਧੂੰਏਂ, ਧੂਣੀਆਂ, ਤਪ ਸਾਧਨਾ ਦਾ, ਜੰਜਾਲ ਗਲੋਂ ਸਭ ਲਹਿ ਜਾਂਦੈ
ਅੰਜਨ ਮਾਹਿ ਨਿਰੰਜਨ ਰਹਿ ਕੇ, ਜਦੋਂ ਨਾਮ ਦੀ ਓਟ ਤਕਾ ਲੈਂਦੈ।
ਇਸ ਦਰ 'ਤੇ ਆ ਕੇ ਕਦੇ ਵੀ ਕੋਈ, ਖਾਲੀ ਝੋਲੀ ਮੁੜਿਆ ਨਹੀਂ
ਲੋੜ ਏ ਸੁਰਤ ਟਿਕਾਵਣ ਦੀ, ਬੰਦਾ ਮਨ ਚਾਹਿਆ ਫਲ ਪਾ ਲੈਂਦੈ।
ਪਹਾੜਾਂ, ਜੰਗਲਾਂ, ਉਜਾੜਾਂ 'ਚ, ਭਟਕਣ ਦਾ ਮਕਸਦ ਮੁੱਕ ਜਾਂਦੈ
ਜਾਂ ਭੇਖ, ਪਖੰਡ, ਦਿਖਾਵੇ ਦੀ ਥਾਂ, ਬੰਦਾ ਨਾਮ ਦੀ ਸੋਝੀ ਪਾ ਲੈਂਦੈ।
ਸੱਜਣ ਠੱਗ ਤੇ ਕਾਊਂ, ਭੂਮੀਏ, ਕੌਡੇ ਜਿਹੇ ਰਾਖਸ਼ ਸਭ ਤਰ ਗਏ
ਪਾਪੀ, ਜ਼ਾਲਮ, ਅਪਰਾਧੀ ਵੀ, ਗੁਰਮੁੱਖਾਂ ਦਾ ਰੁਤਬਾ ਪਾ ਲੈਂਦੈ।
ਨਿਵਾਜਿਸ਼ ਏਸੇ ਦਰ ਦੀ ਹੈ, ਬਾਂਹ ਫੜੀ ਦੀ ਲਾਜ ਨਿਭਾਉਂਦਾ ਹੈ
ਆਪਣਿਆਂ ਲਈ ਨਹੀਂ ਗੈਰਾਂ ਲਈ ਵੀ ਹੱਸ ਕੇ ਸੀਸ ਕਟਾ ਲੈਂਦੈ।
ਰਾਜੇ ਸ਼ੀਂਹ, ਮੁਕੱਦਮ ਕੁੱਤੇ, ਪਾਪ ਦੀ ਜੰਞ ਲੈ ਕਾਬਲੋਂ ਧਾਇਆ
ਕਹਿਰ ਕਮਾਉਂਦੇ ਜ਼ਾਬਰ ਦੇ ਮੂੰਹ 'ਤੇ, ਸੱਚ ਦੀ ਬੋਲਾ ਸੁਣਾ ਦੇਂਦੈ।
ਇਹ ਦਰ ਹੈ ਜਿਥੇ ਦੀਨ ਦੁਖੀ ਦੀ, ਫਰਿਆਦ ਹਮੇਸ਼ਾਂ ਪੁੱਗਦੀ ਹੈ
ਦੱਬੇ, ਕੁਚਲੇ, ਲਿਤਾੜਿਆਂ ਨੂੰ, ਇਹ ਸ਼ਾਹ, ਸਰਦਾਰ ਬਣਾ ਦੇਂਦੈ।
ਹੱਕ, ਸੱਚ ਦੀ ਕਿਰਤ ਕਮਾਈ, ਨਾਮ ਜਪਣ ਤੇ ਵੰਡ ਛਕਣ ਨੂੰ
ਜ਼ਿੰਦਗੀ ਦਾ ਮਕਸਦ-ਏ-ਆਹਲਾ, ਫਿਰ ਪ੍ਰਾਣੀ ਜਦੋਂ ਬਣਾ ਲੈਂਦੈ।
ਸਾਂਝੀਵਾਲਤਾ, ਬਰਾਬਰੀ, ਅਨਪੱਤ ਦੇ ਰਸਤੇ 'ਤੇ ਚਲਦੇ ਹੋਇਆਂ
ਦੁਨਿਆਵੀ ਜੀਵਨ ਨੂੰ ਵੀ ਬੰਦਾ, ਫਿਰ ਸੁਖਾਂ ਦੀ ਖਾਣ ਬਣਾ ਲੈਂਦੈ।
ਦੂਈ, ਦਵੈਤ ਤੇ ਵੈਰ ਵਿਰੋਧ, ਨਫਰਤ ਸਭ ਮਨਾਂ 'ਚ ਮੁੱਕ ਜਾਂਦੀ
ਬਾਣੀ ਦੇ ਅਸਗਾਹ ਸਮੁੰਦਰ ਵਿਚ ਜਾਂ ਮਨੋਂ ਕੋਈ ਟੁੱਭੀ ਲਾ ਲੈਂਦੈ।
ਮਿਹਰਾਂ ਦੇ ਵਗਦੇ ਚਸ਼ਮੇ 'ਚੋਂ, ਭਰ ਭਰ ਕੇ ਸੁਰਾਹੀਆਂ ਕਈ ਲੈ'ਗੇ
ਕੋਈ ਕਰਮ ਵਿਹੂਣਾ, ਮਨਮੁੱਖ 'ਚੰਨ' ਬੈਠਾ ਹੀ ਵੇਲਾ ਵਿਹਾ ਲੈਂਦੈ।

*-ਚੰਨ*
*ਫੋਨ: 908-788-8427*

## ਗੀਤ

ਉਹ ਮਨ ਬਹਿਲਾਉਂਦੇ ਮਹਿਫਲਾਂ ਦੇ ਵਿਚ ਆਏ ਮਹਿਮਾਨਾਂ ਦਾ।
ਪਰ ਕਤਲ ਹੁੰਦਾ ਹੈ ਹੋਇਆ ਕਵੀਆਂ ਦੇ ਅਰਮਾਨਾਂ ਦਾ।

ਆਪੇ ਆਵਦਿਆਂ ਤੋਂ ਹੀ ਕਈ ਲੁੱਟੇ ਹੁੰਦੇ ਆ।
ਇਸ਼ਕੇ ਵਿਚ ਕਈ ਖਾ ਕੇ ਧੋਖੇ, ਟੁੱਟੇ ਹੁੰਦੇ ਆ।
ਮੁੱਲ ਪਿਆ ਨੀਂ ਹੁੰਦਾ, ਤਲੀਏ ਧਰੀਆਂ ਜਾਨਾਂ ਦਾ।
ਕਤਲ ਹੁੰਦਾ ਹੈ ਹੋਇਆ, ਸ਼ਾਇਰਾਂ ਦੇ ਅਰਮਾਨਾਂ ਦਾ।

ਠੋਕਰਾਂ ਖਾ ਖਾ ਕੇ ਏਹੇ, ਅੰਦਰੋਂ ਤੜਫੇ ਹੁੰਦੇ ਆ।
ਮਤਲਬਖੋਰੀ ਦੁਨੀਆਂ ਨੇ ਇਹ, ਵਰਤੇ ਹੁੰਦੇ ਆ।
ਸੂਝਵਾਨ ਜੋ ਨਸ਼ਾ ਨੀਂ ਲੈਂਦੇ, ਝੂਠੀਆਂ ਸ਼ਾਨਾਂ ਦਾ...।

ਲਿਖ ਲਿਖ ਕਾਗਜ਼ ਪਾੜ ਪਾੜ ਕੇ, ਸਿੱਟਣੇ ਪੈਂਦੇ ਆ।
ਸ਼ਬਦ ਟੁੱਭਵੇਂ ਮਗਜ ਖਪਾ ਕੇ ਲਿਖਣੇ ਪੈਂਦੇ ਆ।
ਨੋਟਿਸ ਲੈਂਦਾ ਹਰ ਕੋਈ, ਕੀਤੇ ਹੋਏ ਬਿਆਨਾਂ ਦਾ...।

ਸਾਹ ਸੁੱਕ ਜਾਂਦੇ, ਕਵਿਤਾ ਹੋ ਜੇ ਚੋਰੀ ਕਵੀਆਂ ਦੀ।
ਗੁੱਸੇ-ਗਿਲੇ ਭੁੱਲ ਜਾਣੇ, ਕਮਜ਼ੋਰੀ ਕਵੀਆਂ ਦੀ।
ਲੋੜਵੰਦ ਨਾਲ ਖੜ੍ਹਨਾ ਹੁੰਦਾ, ਫਰਜ਼ ਇਨਸਾਨਾਂ ਦਾ।
ਕਤਲ ਹੁੰਦਾ ਹੈ ਹੋਇਆ, ਸ਼ਾਇਰਾਂ ਦੇ ਅਰਮਾਨਾਂ ਦਾ।

ਕਲਮ ਚਲਾਉਣੀ ਰੱਬ ਦੀ ਬਖ਼ਸ਼ੀ ਦਾਤ ਵੀ ਹੁੰਦੀ ਆ।
'ਰਾਜ' ਉਸਤਾਦਾਂ ਵੱਲਿਓਂ ਇਹ ਖੈਰਾਤ ਵੀ ਹੁੰਦੀ ਆ।
ਚੀਮਨੇ ਵਾਲਿਆ ਮੁੱਲ ਨੀਂ ਹੁੰਦਾ, ਕੋਈ ਵਰਦਾਨਾਂ ਦਾ।
ਕਤਲ ਹੁੰਦਾ ਹੈ ਹੋਇਆ, ਕਵੀਆਂ ਦੇ ਅਰਮਾਨਾਂ ਦਾ।

*-ਰਾਜ ਧਾਲੀਵਾਲ*

# ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਵਿਚਾਲੇ ਸ਼ਬਦੀ ਜੰਗ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

*ਬੀਤੇ ਹਫਤੇ ਰਾਹੁਲ ਗਾਂਧੀ ਨੇ ਛੱਤੀਸਗੜ੍ਹ ਵਿਚ ਜਾ ਕੇ ਕਾਂਗਰਸ ਦੀ ਇੱਕ ਵੱਡੀ ਰੈਲੀ ਵਿਚ ਭਾਸ਼ਣ ਕਰਦੇ ਸਮੇਂ ਉਸ ਰਾਜ ਵਿਚ ਕੁਝ ਸਮਾਂ ਪਹਿਲਾਂ ਨਕਸਲੀਆਂ ਦੇ ਹੱਥੋਂ ਮਾਰੇ ਗਏ ਕੁਝ ਕਾਂਗਰਸੀ ਆਗੂਆਂ ਦਾ ਕਿੱਸਾ ਛੇੜਦੇ ਹੋਏ ਉਥੋਂ ਦੀ ਭਾਜਪਾ ਸਰਕਾਰ ਉਤੇ ਹੱਲਾ ਬੋਲ ਦਿੱਤਾ। ਉਦੋਂ ਮਾਰੇ ਜਾਣ ਵਾਲੇ ਕਾਂਗਰਸੀ ਵੱਡੇ ਆਗੂ ਸਨ। ਉਸ ਨੇ ਇਹ ਤਵਾ ਲਾ ਦਿੱਤਾ ਕਿ ਉਸ ਦੀ ਪਾਰਟੀ ਦਾ ਫਲਾਣਾ ਆਗੂ ਸਿਰਫ ਇਸ ਲਈ ਮਾਰ ਦਿੱਤਾ ਗਿਆ ਕਿ ਉਸ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣਾ ਸੀ। ਇਹ ਸਿੱਧਾ ਇਲਜ਼ਾਮ ਹੈ ਕਿ ਨਕਸਲੀਆਂ ਨੇ ਭਾਜਪਾ ਆਗੂਆਂ ਲਈ ਸਿਆਸੀ ਖਤਰਾ ਬਣ ਰਹੇ ਕਾਂਗਰਸੀ ਆਗੂ ਨੂੰ ਮਿਥ ਕੇ ਮਾਰਿਆ ਹੈ। ਇਸ਼ਾਰਾ ਨਕਸਲੀਆਂ ਤੇ ਭਾਜਪਾ ਦੀ ਮਿਲੀਭੁਗਤ ਵੱਲ ਹੁੰਦਾ ਸੀ।*



ਨਰਿੰਦਰ ਮੋਦੀ



ਰਾਹੁਲ ਗਾਂਧੀ

ਗੱਲ ਬੱਤੀ ਸਾਲ ਪਹਿਲਾਂ ਦੀ ਹੈ। ਪੰਜਾਬ ਤੋਂ ਹਰਿਆਣੇ ਨੂੰ ਪਾਣੀ ਦੇਣ ਲਈ ਬਣਨ ਵਾਲੀ ਨਹਿਰ ਵਿਰੁਧ ਅਕਾਲੀ ਦਲ ਨੇ ਇੱਕ ਮੋਰਚਾ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਪੂਰੀ ਤੋਂ ਲਾਇਆ ਸੀ। ਮਾਰਕਸੀ ਕਮਿਊਨਿਸਟ ਪਾਰਟੀ ਵੀ ਉਨ੍ਹਾਂ ਦੇ ਨਾਲ ਸੀ। ਉਦੋਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਨੇ ਉਥੇ ਸ਼ਾਹ ਮੁਹੰਮਦ ਦੇ ਕਿੱਸੇ ਦੀ ਅੰਗਰੇਜ਼ਾਂ ਨਾਲ ਸਿੱਖਾਂ ਦੀ ਲੜਾਈ ਵਾਲੀ ਇਹ ਲਾਈਨ ਉਚੇਚੀ ਪੜ੍ਹੀ ਸੀ, 'ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ, ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੇ।' ਕਈ ਲੋਕਾਂ ਨੇ ਉਦੋਂ ਇਸ ਉਤੇ ਇਤਰਾਜ਼ ਕੀਤਾ ਅਤੇ ਕਿਹਾ ਸੀ ਕਿ ਪੰਜਾਬ ਜਦੋਂ ਹਿੰਦ (ਹਿੰਦੁਸਤਾਨ) ਤੋਂ ਬਾਹਰ ਦਾ ਨਹੀਂ, ਇਸੇ ਦਾ ਇੱਕ ਰਾਜ ਹੈ ਤਾਂ ਇਹੋ ਜਿਹੀ ਗੱਲ ਕਹਿਣ ਦਾ ਅਰਥ ਚੰਗਾ ਨਹੀਂ ਨਿਕਲਦਾ। ਭਾਰਤ ਦੀ ਅਗਲੇ ਸਾਲ ਹੋ ਰਹੀ ਪਾਰਲੀਮੈਂਟ ਚੋਣ ਲਈ ਸ਼ਬਦਾਂ ਦੀ ਜਿਹੜੀ ਜੰਗ ਹੁਣੇ ਤੋਂ ਸ਼ੁਰੂ ਹੋ ਗਈ ਹੈ, ਉਹ ਵੀ ਦੋ ਦੇਸ਼ਾਂ ਦੀਆਂ ਸਰਕਾਰਾਂ ਦੀ ਜੰਗ ਵਾਂਗ ਬਣ ਰਹੀ ਜਾਪਦੀ ਹੈ।

ਗੱਲ ਸ਼ੁਰੂ ਹੋਈ ਸੀ ਦੋ ਰੈਲੀਆਂ ਤੋਂ। ਇੱਕ ਰੈਲੀ ਵਿਚ ਰਾਹੁਲ ਗਾਂਧੀ ਨੇ ਇਹ ਕਿਹਾ ਸੀ ਕਿ ਮੇਰੀ ਦਾਦੀ ਵੀ ਮਾਰ ਦਿੱਤੀ, ਮੇਰੇ ਪਿਤਾ ਨੂੰ ਵੀ ਮਾਰ ਦਿੱਤਾ ਗਿਆ ਤੇ ਹੁਣ ਉਹ ਮੈਨੂੰ ਵੀ ਮਾਰ ਸਕਦੇ ਹਨ। ਉਸ ਨੇ ਗੱਲ ਕਿਸੇ ਵੀ ਪ੍ਰਸੰਗ ਵਿਚ ਕਹੀ ਹੋਵੇ, ਆਪਣੇ ਬਾਪ ਤੇ ਦਾਦੀ ਦੇ ਮਾਰੇ ਜਾਣ ਦਾ ਦਰਦ ਚੋਣ ਰੈਲੀ ਵਿਚ ਨਾ ਉਠਾਉਂਦਾ ਤਾਂ ਚੰਗਾ ਹੁੰਦਾ, ਪਰ ਇਸ ਨਾਲ ਬਰਾਬਰੀ ਕਰਨ ਲਈ ਨਰਿੰਦਰ ਮੋਦੀ ਨੂੰ ਮੌਕਾ ਮਿਲ ਗਿਆ। ਉਹ ਪਟਨੇ ਦੀ ਰੈਲੀ ਵਿਚ ਜਦੋਂ ਬੋਲ ਰਿਹਾ ਸੀ, ਰੈਲੀ ਦੇ ਪਹਿਲਾਂ ਵੀ, ਪਿੱਛੋਂ ਵੀ ਤੇ ਰੈਲੀ ਚੱਲਦੀ ਤੋਂ ਵੀ ਕੁਝ ਬੰਬਾਂ ਦੇ ਧਮਾਕੇ ਹੋ ਗਏ, ਜਿਨ੍ਹਾਂ ਨਾਲ ਅੱਧੀ ਦਰਜਨ ਲੋਕ ਮਾਰੇ ਗਏ। ਬੰਬ ਵੀ ਫਟਦੇ ਰਹੇ, ਰੈਲੀ ਵੀ ਚੱਲੀ ਗਈ, ਰੈਲੀ ਦੀ ਗਰਾਊਂਡ ਦੇ ਇੱਕ ਸਿਰੇ ਉਤੇ ਬੰਬ ਧਮਾਕਾ ਹੋਇਆ ਸਟੇਜ ਤੋਂ ਵੇਖ ਲਿਆ ਗਿਆ ਤੇ ਰੈਲੀ ਫਿਰ ਵੀ ਚੱਲਦੀ ਰਹੀ, ਪਰ ਉਸ ਦੇ ਪਿੱਛੋਂ ਇਹ ਕਹਿ ਦਿੱਤਾ ਕਿ ਇਹ ਬੰਬ ਧਮਾਕੇ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾ ਕੇ ਉਸ ਦੀ ਜਾਨ ਲੈਣ ਲਈ ਕੀਤੇ ਗਏ ਸਨ। ਦੋ ਦਿਨ ਬਾਅਦ ਨਰਿੰਦਰ ਮੋਦੀ ਨੇ ਇਹ ਕਹਿ ਦਿੱਤਾ ਕਿ ਉਸ ਨੂੰ ਮਾਰਨ ਦੀ ਕਿਸ ਵੱਲੋਂ ਸੁਪਾਰੀ ਦਿੱਤੀ ਗਈ ਹੈ ਤੇ ਮੈਂ ਉਸ ਦਾ ਨਾਂ ਦੱਸ ਸਕਦਾ ਹਾਂ, ਪਰ ਅੱਗੋਂ ਹਾਸੇ ਵਿਚ ਪੱਤਰਕਾਰਾਂ ਨੂੰ ਇਹ ਕਹਿ ਕੇ ਤੋਰ ਦਿੱਤਾ ਕਿ ਤੁਹਾਨੂੰ ਵੀ ਪਤਾ ਹੀ ਹੈ ਕਿ ਸੁਪਾਰੀ ਕਿਸੇ ਨੇ ਦਿੱਤੀ ਹੈ, ਇਸ ਲਈ ਦੱਸਣ ਦੀ ਲੋੜ ਨਹੀਂ। ਇਹ ਅਸਲੋਂ ਨੀਵੇਂ ਪੱਧਰ ਦੀ ਰਾਜਨੀਤਕ ਚਾਲ ਸੀ, ਜਿਹੜੀ ਨਰਿੰਦਰ ਮੋਦੀ ਨੇ ਚੱਲਣ ਦੀ ਕੋਸ਼ਿਸ਼ ਕੀਤੀ ਸੀ।

ਹੁਣ ਇਹ ਖੇਡ ਹੋਰ ਅੱਗੇ ਵਧ ਗਈ ਹੈ। ਕਾਂਗਰਸ ਪਾਰਟੀ ਦਾ ਮੀਤ ਪ੍ਰਧਾਨ ਰਾਹੁਲ ਗਾਂਧੀ ਵੀ ਚੋਣ ਰੈਲੀਆਂ ਵਿਚ ਅਮਨ-ਕਾਨੂੰਨ ਦੀ ਸਮੱਸਿਆ ਨੂੰ ਰਾਜਸੀ ਰੰਗ ਦੇਈ ਜਾਂਦਾ ਹੈ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਨਰਿੰਦਰ ਮੋਦੀ ਵੀ ਘੱਟ ਨਹੀਂ ਕਰ ਰਿਹਾ। ਦੋਵਾਂ ਨੇ ਪਿਛਲੇ ਦਿਨੀਂ ਜਿੰਨੀਆਂ ਵੀ ਰੈਲੀਆਂ ਨੂੰ ਸੰਬੋਧਨ ਕੀਤਾ, ਇਸ ਸਮੱਸਿਆ ਨੂੰ ਆਪਣੇ ਰਾਜਸੀ ਲਾਭਾਂ ਲਈ ਵਰਤਣ ਦੇ ਮਾਮਲੇ ਵਿਚ ਹੱਦ ਤੋਂ ਅੱਗੇ ਲੰਘਦੇ ਗਏ ਹਨ। ਜਿਹੜੀ ਸਮੱਸਿਆ ਸਾਰੇ ਦੇਸ਼ ਦੀ ਸਾਂਝੀ ਹੈ, ਉਹ ਇੱਕ ਰਾਜ ਅੰਦਰ ਇੱਕ ਪਾਰਟੀ ਵੱਲੋਂ ਦੂਸਰੀ ਦੇ ਖਿਲਾਫ ਤੇ ਦੂਸਰੇ ਰਾਜ ਵਿਚ ਇਸ ਤੋਂ ਉਲਟੇ ਰੁਖ ਵਰਤੀ ਜਾਣ ਲੱਗ ਪਈ ਹੈ।

ਮਿਸਾਲ ਵਜੋਂ ਨਕਸਲੀ ਸਮੱਸਿਆ ਹੈ, ਇਸ ਨਾਲ ਮੌਤਾਂ ਕਿਸੇ ਇੱਕੋ ਰਾਜ ਵਿਚ ਨਹੀਂ ਹੋਈਆਂ, ਇਹ ਲਹਿਰ ਭਾਰਤ ਦੇ ਚੌਥਾ ਹਿੱਸਾ ਰਾਜਾਂ ਵਿਚ ਫੈਲ ਚੁੱਕੀ ਹੈ। ਛੱਤੀਸਗੜ੍ਹ ਵਿਚ ਨਕਸਲੀ ਸਮੱਸਿਆ ਹੈ, ਤੇ ਉਥੇ ਭਾਜਪਾ ਦੀ ਸਰਕਾਰ ਹੈ, ਪਰ ਆਂਧਰਾ ਪ੍ਰਦੇਸ਼ ਵਿਚ ਵੀ ਹੈ, ਜਿੱਥੇ ਕਾਂਗਰਸ ਦੀ ਸਰਕਾਰ ਹੈ ਤੇ ਬੀਜੂ ਜਨਤਾ ਦਲ ਵਾਲੀ ਉੜੀਸਾ ਦੀ ਸਰਕਾਰ ਵੀ ਇਸ ਵਿਚ ਉਲਝੀ ਹੋਈ ਹੈ। ਮੌਤਾਂ ਘੱਟ ਜਾਂ ਵੱਧ ਹੋ ਸਕਦੀਆਂ ਹਨ, ਵਾਰਦਾਤਾਂ ਇਨ੍ਹਾਂ ਸਾਰੇ ਰਾਜਾਂ ਵਿਚ ਹੋਈ ਜਾਂਦੀਆਂ ਹਨ। ਇਸ ਨੂੰ ਦਹਿਸ਼ਤਗਰਦੀ ਵਾਲੇ ਉਸ ਵਰਤਾਰੇ ਨਾਲ ਨਹੀਂ ਜੋੜਿਆ ਜਾ ਸਕਦਾ, ਜਿਸ ਤੋਂ ਭਾਰਤ ਵੀ ਦੁਖੀ ਹੈ, ਅਮਰੀਕਾ ਤੇ ਉਸ ਦੇ ਸਾਥੀ ਦੇਸ਼ ਵੀ ਅਤੇ ਹੁਣ ਉਹ ਪਾਕਿਸਤਾਨ ਵੀ ਇਸ ਦੀਆਂ ਸੱਟਾਂ ਖਾ ਕੇ ਚੀਕਾਂ ਮਾਰਦਾ ਲੱਭਦਾ ਹੈ, ਜਿੱਥੋਂ ਇਸ ਵਰਤਾਰੇ ਦੀ ਜੜ੍ਹ ਲੱਗੀ ਸੀ। ਜਦੋਂ ਇੱਕ ਰਾਜ ਵਿਚ ਰਾਹੁਲ ਗਾਂਧੀ ਨੇ ਇਸ ਸਮੱਸਿਆ ਦਾ ਭਾਂਡਾ ਭਾਜਪਾ ਦੇ ਸਿਰ ਭੰਨਣਾ ਹੈ ਤਾਂ ਦੂਸਰੇ ਰਾਜ ਵਿਚ ਭਾਜਪਾ ਵਾਲੇ ਵੀ ਇਹੋ ਕਰਨਗੇ। ਸਾਨੂੰ ਯਾਦ ਹੈ ਕਿ ਜਦੋਂ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਸਨ, ਕੁਝ ਨਕਸਲੀ ਆਗੂ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੀਆਂ ਰੈਲੀਆਂ ਨੂੰ ਭਰਨ ਲਈ ਸਰਗਰਮ ਹੁੰਦੇ ਵੇਖੇ ਗਏ ਸਨ, ਪਰ ਜਦੋਂ ਉਹ ਮੁੱਖ ਮੰਤਰੀ ਬਣ ਗਈ ਤਾਂ ਨਕਸਲੀਆਂ ਨਾਲ ਸਾਂਝ ਦਾ ਦੋਸ਼ ਉਹ ਆਪਣੇ ਵਿਰੋਧੀਆਂ ਉਤੇ ਲਾਉਣ ਲੱਗ ਪਈ। ਇਹ ਦੋਸ਼ ਹਰ ਰਾਜ ਵਿਚ ਇੱਕ ਦੂਸਰੇ ਵਿਰੁਧ ਲੱਗਦਾ ਰਹਿੰਦਾ ਹੈ ਤੇ ਲੱਗਦਾ ਵੀ ਰਹਿਣਾ ਹੈ, ਰੁਕਣ ਦੀ ਆਸ ਨਹੀਂ।

ਬੀਤੇ ਹਫਤੇ ਰਾਹੁਲ ਗਾਂਧੀ ਨੇ ਛੱਤੀਸਗੜ੍ਹ ਵਿਚ ਜਾ ਕੇ ਕਾਂਗਰਸ ਦੀ ਇੱਕ ਵੱਡੀ ਰੈਲੀ ਵਿਚ ਭਾਸ਼ਣ ਕਰਦੇ ਸਮੇਂ ਉਸ ਰਾਜ ਵਿਚ ਕੁਝ ਸਮਾਂ ਪਹਿਲਾਂ ਨਕਸਲੀਆਂ ਦੇ ਹੱਥੋਂ ਮਾਰੇ ਗਏ ਕੁਝ ਕਾਂਗਰਸੀ ਆਗੂਆਂ ਦਾ ਕਿੱਸਾ ਛੇੜਦੇ ਹੋਏ ਉਥੋਂ ਦੀ ਭਾਜਪਾ ਸਰਕਾਰ ਉਤੇ ਹੱਲਾ ਬੋਲ ਦਿੱਤਾ। ਉਦੋਂ ਮਾਰੇ ਜਾਣ ਵਾਲੇ ਕਾਂਗਰਸੀ ਵੱਡੇ ਆਗੂ ਸਨ। ਉਸ ਨੇ ਇਹ ਤਵਾ ਲਾ ਦਿੱਤਾ ਕਿ ਉਸ ਦੀ ਪਾਰਟੀ ਦਾ ਫਲਾਣਾ ਆਗੂ ਸਿਰਫ ਇਸ ਲਈ ਮਾਰ ਦਿੱਤਾ ਗਿਆ ਕਿ ਉਸ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣਾ ਸੀ। ਇਹ ਸਿੱਧਾ ਇਲਜ਼ਾਮ ਹੈ ਕਿ ਨਕਸਲੀਆਂ ਨੇ ਭਾਜਪਾ ਆਗੂਆਂ ਲਈ ਸਿਆਸੀ ਖਤਰਾ ਬਣ ਰਹੇ ਕਾਂਗਰਸੀ ਆਗੂ ਨੂੰ ਮਿਥ ਕੇ ਮਾਰਿਆ ਹੈ। ਇਸ਼ਾਰਾ ਨਕਸਲੀਆਂ ਤੇ ਭਾਜਪਾ ਦੀ ਮਿਲੀਭੁਗਤ ਵੱਲ ਹੁੰਦਾ ਸੀ। ਰਾਹੁਲ ਗਾਂਧੀ ਨੂੰ ਇਹ ਗੱਲ ਕਹਿਣ ਤੋਂ ਸੰਕੋਚ ਕਰਨਾ ਚਾਹੀਦਾ ਸੀ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਦੂਸਰਿਆਂ ਦੀ ਵੀ ਜਵਾਬੀ ਚਾਂਦਮਾਰੀ ਕਰਨ ਦੀ ਇੱਛਾ ਹੱਦਾਂ ਤੋੜਨ ਤੱਕ ਜਾ ਸਕਦੀ ਹੈ।

ਦੂਸਰੇ ਪਾਸੇ ਨਰਿੰਦਰ ਮੋਦੀ ਦੀ ਪਹਿਲਾਂ ਹੀ ਹੱਦਾਂ ਵਿਚ ਰਹਿਣ ਦੀ ਆਦਤ ਨਹੀਂ। ਉਹ ਆਪਣੀ ਪਾਰਟੀ ਦੇ ਲਾਲ ਕ੍ਰਿਸ਼ਨ ਅਡਵਾਨੀ ਤੇ ਅਟਲ ਬਿਹਾਰੀ ਵਾਜਪਾਈ ਵਰਗੇ ਲੀਡਰਾਂ ਨੂੰ ਖੂੰਜੇ ਬਿਠਾਉਣ ਲਈ ਵੀ ਸਾਰੀਆਂ ਹੱਦਾਂ ਲੰਘ ਜਾਂਦਾ ਹੈ, ਕਾਂਗਰਸ ਦਾ ਕਿਉਂ ਲਿਹਾਜ ਕਰੇਗਾ? ਉਤਰ ਪ੍ਰਦੇਸ਼ ਦੀ ਚੋਣ ਰੈਲੀ ਵਿਚ ਉਸ ਨੇ ਇਹ ਕਹਿਣ ਲੱਗੇ ਨੇ ਸ਼ਰਮ ਨਹੀਂ ਕੀਤੀ ਕਿ ਮੇਰੇ ਖਿਲਾਫ ਅੱਗੇ ਜਾਂਚ ਏਜੰਸੀ ਸੀ ਬੀ ਆਈ ਨੂੰ ਵਰਤਿਆ ਜਾਂਦਾ ਰਿਹਾ, ਹੁਣ ਇੰਡੀਅਨ ਮੁਜਾਹਿਦੀਨ ਨੂੰ ਵਰਤਿਆ ਜਾ ਰਿਹਾ ਹੈ। ਸੰਸਾਰ ਵਿਚ ਫੈਲੀ ਹੋਈ ਇਸਲਾਮੀ ਦਹਿਸ਼ਤਗਰਦੀ ਨਾਲ ਜੁੜਦਾ ਭਾਰਤ ਦੇ ਅਤਿਵਾਦੀਆਂ ਦਾ ਟੋਲਾ ਇੰਡੀਅਨ ਮੁਜਾਹਿਦੀਨ ਕਈ ਕਾਂਡ ਕਰ ਚੁੱਕਾ ਹੈ। ਉਨ੍ਹਾਂ ਨੇ ਹਰ ਦੇਸ਼ ਵਿਚ ਏਦਾਂ ਦੇ ਟੋਲੇ ਬਣਾਏ ਹੋਏ ਹਨ, ਜਿਨ੍ਹਾਂ ਵਿਚੋਂ ਪਾਕਿਸਤਾਨ ਵਿਚ ਤਹਿਰੀਕ-ਇ-ਤਾਲਿਬਾਨ ਪਾਕਿਸਤਾਨ ਹੈ, ਕੀਨੀਆ ਵਿਚ ਅਲ ਸ਼ਬਾਬ ਅਤੇ ਅਫਗਾਨੀ ਤਾਲਿਬਾਨ ਵੀ ਹਨ। ਮੋਦੀ ਨੂੰ ਪਤਾ ਹੈ ਕਿ ਇਨ੍ਹਾਂ ਦਹਿਸ਼ਤਗਰਦ ਟੋਲਿਆਂ ਨੂੰ ਵਰਤ ਲੈਣ ਦੀ ਭਾਰਤ ਦੀ ਕਿਸੇ ਸਿਆਸੀ ਜਮਾਤ ਦੀ ਹਿੰਮਤ ਨਹੀਂ, ਫਿਰ ਵੀ ਇਹ ਗੱਲ ਉਸ ਨੇ ਇੰਜ ਕਹੀ ਹੈ, ਜਿਵੇਂ ਕਾਂਗਰਸ ਪਾਰਟੀ ਅਤੇ ਇੰਡੀਅਨ ਮੁਜਾਹਿਦੀਨ ਦਾ ਪਾਰਲੀਮੈਂਟ ਚੋਣਾਂ ਲਈ ਰਾਜਸੀ ਗੱਠਜੋੜ ਬਣ ਗਿਆ ਹੋਵੇ।

ਕੋਈ ਤੀਸਰੀ ਧਿਰ ਇਸ ਚੋਣ ਵਿਚ ਉਭਰਦੀ ਹੈ ਤਾਂ ਕਿੰਨੀ ਕੁ ਉਭਰਦੀ ਹੈ, ਇਹ ਗੱਲ ਸਪੱਸ਼ਟ ਹੋਣ ਲਈ ਕੁਝ ਸਮਾਂ ਲੱਗੇਗਾ। ਹਾਲ ਦੀ ਘੜੀ ਜਿਹੜੀਆਂ ਦੋਵੇਂ ਮੁੱਖ ਧਿਰਾਂ ਪੂਰੇ ਜ਼ੋਰ ਨਾਲ ਲੱਗੀਆਂ ਹੋਈਆਂ ਹਨ, ਉਨ੍ਹਾਂ ਦੋਵਾਂ ਦੀ ਚੋਣ ਸ਼ਬਦਾਵਲੀ ਇਹੋ ਜਿਹੇ ਮੁੱਦਿਆਂ ਦੇ ਦੁਆਲੇ ਘੁੰਮ ਰਹੀ ਹੈ, ਜਿਹੜੇ ਦੇਸ਼ ਅਤੇ ਦੇਸ਼ ਵਾਸੀਆਂ ਦੇ ਹਿੱਤਾਂ ਦੀ ਬਜਾਏ ਉਨ੍ਹਾਂ ਦੀ ਆਪਣੀ ਸ਼ਖਸੀਅਤ ਨਾਲ ਸਬੰਧਤ ਜਾਪਦੇ ਹਨ। ਜੇ ਉਹ ਕਿਸੇ ਹੋਰ ਦਾ ਜ਼ਿਕਰ ਵੀ ਕਰਦੇ ਹਨ ਤਾਂ ਗੱਲ ਘੁਮਾ ਕੇ ਆਪਣੇ ਆਪ ਨੂੰ ਉਭਾਰਨ ਤੱਕ ਪਹੁੰਚ ਜਾਂਦੀ ਹੈ। ਇਹ ਭਾਰਤੀ ਰਾਜਨੀਤੀ ਦਾ ਦੁਖਾਂਤ ਹੈ। ਦੁਖਾਂਤ ਵੀ ਇਹ ਭਾਰਤੀ ਰਾਜਨੀਤੀ ਦਾ ਅੱਜ ਦਾ ਨਹੀਂ, ਯੁੱਗਾਂ ਤੋਂ ਚੱਲਿਆ ਆ ਰਿਹਾ ਹੈ।

ਕਦੀ ਇਥੇ ਪਾਣੀਪਤ ਦੀ ਜੰਗ ਹੋਈ ਸੀ, ਜਦੋਂ ਇੱਕ ਪਾਸੇ ਦਿੱਲੀ ਦਾ ਮੁਸਲਮਾਨ ਸੁਲਤਾਨ ਇਬਰਾਹੀਮ ਲੋਧੀ ਤੇ ਦੂਸਰੇ ਪਾਸੇ ਚੜ੍ਹਾਈ ਕਰ ਕੇ ਦਿੱਲੀ ਦਾ ਤਖਤ ਸਾਂਭਣ ਲਈ ਆਇਆ ਉਸੇ ਦਾ ਧਰਮ ਭਾਈ ਬਾਬਰ ਸੀ, ਪਰ ਦੋਵੇਂ ਜਣੇ ਆਪ ਨਹੀਂ ਸਨ ਲੜ ਰਹੇ, ਉਨ੍ਹਾਂ ਦੀ ਥਾਂ ਕੁੱਲੀਆਂ-ਢਾਰਿਆਂ ਵਿਚ ਰਹਿਣ ਵਾਲੇ ਲੜਦੇ ਤੇ ਮਰਦੇ ਫਿਰਦੇ ਸਨ। ਫਿਰ ਸਿੱਖ ਮਿਸਲਾਂ ਦੇ ਸਮੇਂ ਸਰਦਾਰਾਂ ਦੀ ਸਰਦਾਰਾਂ ਨਾਲ ਜੰਗ ਵਿਚ ਇਸ ਦੇਸ਼ ਨੇ ਪੰਜਾਬ ਦੇ ਸਿੱਖਾਂ ਨੂੰ ਸਿੱਖਾਂ ਨਾਲ ਲੜਦੇ ਵੇਖਿਆ, ਪਰ ਜਿਹੜੀ ਵੀ ਧਿਰ ਜਿੱਤ ਗਈ, ਉਸ ਨੇ ਸਰਦਾਰੀਆਂ ਹੀ ਮਾਣੀਆਂ ਸਨ, ਮਰਨ ਵਾਲਿਆਂ ਦੇ ਪਰਿਵਾਰਾਂ ਦੀ ਸਾਰ ਨਹੀਂ ਸੀ ਲਈ। ਇਨ੍ਹਾਂ ਦੋਵਾਂ ਲੜਾਈਆਂ ਵਿਚ ਤਾਂ ਦੋਵੇਂ ਪਾਸੇ ਇੱਕੋ ਧਰਮ ਦੀਆਂ ਫੌਜਾਂ ਸਨ, ਇਸ ਦੇਸ਼ ਵਿਚ ਇੱਕ ਜੰਗ ਮਹਾਂਭਾਰਤ ਵਾਲੀ ਵੀ ਹੋਈ ਸੀ, ਜਿਸ ਵਿਚ ਇੱਕੋ ਧਰਮ ਨਹੀਂ, ਇੱਕੋ ਘਰਾਣੇ ਦੇ ਸਕੇ ਤਾਏ ਤੇ ਚਾਚੇ ਪੁੱਤਰ ਇਸ ਦੇਸ਼ ਉਤੇ ਰਾਜ ਕਰਨ ਦੇ ਹੱਕ ਲਈ ਲੜੇ ਸਨ। ਲੜਾਈ ਮੁੱਕਣ ਦੇ ਨਾਲ ਰਾਜ ਕਰਨ ਦਾ ਹੱਕ ਜਾਂ ਕੌਰਵਾਂ ਕੋਲ ਕਾਇਮ ਰਹਿਣਾ ਸੀ ਤੇ ਜਾਂ ਪਾਂਡਵਾਂ ਨੂੰ ਮਿਲ ਜਾਣਾ ਸੀ, ਪਰ ਤੀਰਾਂ ਤੇ ਤਲਵਾਰਾਂ ਦੇ ਨਾਲ ਸੀਨੇ ਪੜਵਾਉਣ ਵਾਲੇ ਲੋਕ ਉਹੋ ਸਨ, ਜਿਹੜੇ ਕੁੱਲੀਆਂ ਵਿਚੋਂ ਆਏ ਤੇ ਜੰਗ ਪਿੱਛੋਂ ਉਥੇ ਚਲੇ ਜਾਣੇ ਸਨ। ਲੜਾਈ ਉਦੋਂ ਵੀ ਆਮ ਆਦਮੀ ਦੀ ਨਹੀਂ ਸੀ ਤੇ ਹੁਣ ਵੀ ਆਮ ਆਦਮੀ ਦੀ ਨਹੀਂ, ਸਗੋਂ ਉਸ ਨੂੰ ਵਰਤ ਕੇ ਤਖਤਾਂ ਤੇ ਤਾਜਾਂ ਤੱਕ ਪਹੁੰਚਣ ਦੇ ਖਾਹਿਸ਼ਮੰਦਾਂ ਦੀ ਹੈ ਤੇ ਉਨ੍ਹਾਂ ਵਿਚਾਲੇ ਹੀ ਰਹਿਣੀ ਹੈ।

ਹੁਣ ਫਿਰ ਇੱਕ ਜੰਗ ਹੋਣ ਲੱਗੀ ਹੈ। ਇਹ ਜੰਗ ਪਾਣੀਪਤ ਜਾਂ ਮਹਾਂਭਾਰਤ ਵਾਲੀ ਨਹੀਂ, ਲੋਕਤੰਤਰ ਦੇ ਮਿਥੇ ਹੋਏ ਚੋਣ-ਅਖਾੜੇ ਦੀ ਹੈ। ਅਸੀਂ ਕਦੀ-ਕਦੀ ਇਹ ਵੇਖਦੇ ਹਾਂ ਕਿ ਮੁਕਾਬਲੇ ਦਾ ਮੈਡਲ ਜਿੱਤਣ ਲਈ ਅਖਾੜੇ ਵਿਚ ਉਤਰੇ ਮੁੱਕੇਬਾਜ਼ ਆਪਣੇ ਨੇਮ ਤੋੜ ਕੇ ਇੱਕ ਦੂਸਰੇ ਨੂੰ ਸਿੱਧੀ ਮੁੱਕੇਬਾਜ਼ੀ ਕਰਨ ਦੇ ਰਾਹ ਪੈ ਕੇ ਮਰਨ-ਮਾਰਨ ਤੱਕ ਪਹੁੰਚ ਜਾਂਦੇ ਹਨ। ਇਸ ਵਾਰੀ ਚੋਣ-ਜੰਗ ਵੀ ਜਿਸ ਪਾਸੇ ਜਾ ਰਹੀ ਹੈ, ਇਹ ਖਿਡਾਰੀਆਂ ਦੇ ਜਜ਼ਬੇ ਨਾਲ ਲੜਨ ਦੀ ਥਾਂ ਜਿਵੇਂ ਮੁੱਢ ਤੋਂ ਹੀ ਜੰਗੀ ਲਲਕਾਰਿਆਂ ਦੇ ਰਾਹ ਪੈਣ ਲੱਗੀ ਹੈ, ਉਸ ਤੋਂ ਆਮ ਆਦਮੀ ਨੂੰ ਸੰਭਲ ਜਾਣਾ ਚਾਹੀਦਾ ਹੈ।

ਧਿਆਨ ਵਿਚ ਰੱਖਣ ਦੀ ਗੱਲ ਸਿਰਫ ਇੱਕੋ ਹੈ ਕਿ ਇਸ ਚੱਕਰ ਵਿਚ ਕੋਈ ਧਿਰ ਇਸ ਭੇੜ ਨੂੰ ਹਿਟਲਰੀ ਜਨੂੰਨ ਦੇ ਰਾਹ ਪਾ ਕੇ ਇੱਕ ਭਾਈਚਾਰੇ ਨੂੰ ਦੂਸਰੇ ਦਾ ਘਾਣ ਕਰਨ ਲਈ ਤੋਰਨ ਵਾਸਤੇ ਨਾ ਵਰਤ ਜਾਵੇ। ਰੋਕੀ ਹਿਟਲਰ ਦੀ ਉਠਾਣ ਵੀ ਜਾ ਸਕਦੀ ਹੈ, ਪਰ ਜਿਹੜੇ ਰੋਕ ਸਕਦੇ ਹਨ, ਉਹ ਅਜੇ ਚੁੱਪ ਨਹੀਂ ਤੋੜ ਰਹੇ। ਭਾਰਤ ਦਾ ਲੋਕਤੰਤਰ ਕਈ ਗੱਲਾਂ ਵਿਚ ਨਿਰਾਸ਼ ਕਰਨ ਵਾਲਾ ਹੈ, ਪਰ ਇਹ ਏਨਾ ਕੱਚਾ-ਕੂਲਾ ਮੰਨ ਲੈਣਾ ਮੁਸ਼ਕਲ ਹੈ ਕਿ ਇਸ ਨੂੰ ਉਧਾਲ ਕੇ ਕੋਈ ਧਰਮ ਨਿਰਪੱਖਤਾ ਦੀ ਅਸਲ ਲੀਹ ਤੋਂ ਹੋਰ ਪਾਸੇ ਲੈ ਜਾਵੇਗਾ। ਏਦਾਂ ਦਾ ਉਬਾਲਾ ਵੀ ਕਈ ਵਾਰੀ ਉਠਿਆ ਹੈ ਤੇ ਉਛਾਲਾ ਵੀ ਕਈ ਵਾਰੀ ਆਇਆ ਹੈ, ਪਰ ਇਕਬਾਲ ਇੱਕ ਗੱਲ ਠੀਕ ਕਹਿ ਗਿਆ ਸੀ ਕਿ 'ਕੁਛ ਰਾਜ਼ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ।' ਭਾਰਤ ਦੀ ਹਸਤੀ ਦਾ ਉਹੋ ਰਾਜ਼ ਹੁਣ ਵੀ ਸਾਰੇ ਉਬਾਲੇ ਝੱਲ ਸਕਦਾ ਹੈ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫ਼ਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268

732-983-4332/4333

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

## ਵਾਹਿਗੁਰੂ ਨੂੰ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਅਤੇ ਮ੍ਰਿਗਾਵਲੀ ਵਿਚ ਸਿੰਘ ਦੀ ਗਰਜ ਦੇਣ ਵਾਲੇ

# ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਜਗਤ ਨੂੰ

# ਲੱਖ-ਲੱਖ ਵਧਾਈ ਹੋਵੇ



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਐਤਵਾਰ 17 ਨਵੰਬਰ 2013 ਨੂੰ ਸੰਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਰਾਗੀ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕਥਾਵਾਚਕ ਤੇ ਰਾਗੀ ਜਥੇ ਸੰਗਤਾਂ ਨੂੰ ਗੁਰ ਸ਼ਬਦ ਅਤੇ ਸਿੱਖ ਇਤਿਹਾਸ ਸਰਵਣ ਕਰਵਾਉਣਗੇ। ਸਮੂਹ ਸੰਗਤਾਂ ਨੂੰ ਸਮੇਂ ਸਿਰ ਗੁਰੂ ਘਰ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਦੀ ਬੇਨਤੀ ਹੈ ਜੀ।

### ਸੰਗਤਾਂ ਦੇ ਦਾਸ

ਪ੍ਰਧਾਨ ਇੰਦਰਜੀਤ ਕੌਰ ਸੰਧੂ, ਮਲ੍ਹਾਗਰ ਸਿੰਘ, ਰਘਬੀਰ ਸਿੰਘ, ਗੁਰਦਿਆਲ ਸਿੰਘ ਕਲੇਰ
ਮਨਦੀਪ ਸਿੰਘ, ਅਮਰੀਕ ਸਿੰਘ ਰੰਧਾਵਾ ਅਤੇ ਜਗਰੂਪ ਸਿੰਘ

# ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਕੈਲੀਫੋਰਨੀਆ

ਫੋਨ: 510-223-1102, 510-223-9987

3550 Hillcrest Rd., El Sobrante, CA 94804

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਸ਼ਹੀਦੀ ਸਮਾਗਮ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਇਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਕਰਵਾਏ ਗਏ ਸ਼ਹੀਦੀ ਸਮਾਗਮ ਵਿਚ ਜਿਥੇ ਸ਼ਹੀਦ ਸਰਾਭਾ ਦੀ ਕੁਰਬਾਨੀ ਅਤੇ ਗਦਰ ਲਹਿਰ ਦੇ ਹੋਰ ਯੋਧਿਆਂ ਨੂੰ ਚੇਤੇ ਕੀਤਾ ਗਿਆ, ਉਥੇ ਗੀਤ-ਸੰਗੀਤ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।







ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸ਼ਹੀਦ ਸਾਥੀਆਂ ਦੀ ਜੀਵਨੀ ਬਾਰੇ ਚਾਨਣਾ ਪਾਇਆ। ਉਪਰੰਤ ਉਘੇ ਕਹਾਣੀਕਾਰ ਕਰਮ ਸਿੰਘ ਮਾਨ, ਰਮਾ ਕਾਂਤ ਡਾਬਰ, ਕੌਂਸਲਰ ਬਲੌਂਗ ਜੋਗ, ਕ੍ਰਿਪਾਲ ਸਿੰਘ ਸੰਧੂ, ਉਘੇ ਚਿੰਤਕ ਡਾ. ਗੁਰੂਮੇਲ ਸਿੱਧੂ, ਲੇਖਕ ਸੰਤੋਖ ਸਿੰਘ ਮਿਨਹਾਸ, ਅਵਤਾਰ ਸਿੰਘ ਗੋਧਰਾ, ਰਣਜੀਤ ਸਿੰਘ ਗਿੱਲ, ਮਾਸਟਰ ਲਛਮਣ ਸਿੰਘ ਰਠੌੜ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਰਾਜ ਬਰਾੜ ਨੇ ਦੇਸ਼ ਭਗਤੀ ਦੇ ਗੀਤ ਨਾਲ ਕੀਤੀ। ਤਮੰਨਾ ਔਜਲਾ ਨੇ ਸ਼ਹੀਦ ਊਧਮ ਸਿੰਘ ਦੀ ਕਵਿਤਾ ਪੜ੍ਹੀ ਜਦੋਂਕਿ ਆਂਚਲ ਹੇਅਰ ਨੇ ਕਵਿਤਾ 'ਕਿਤਾਬਾਂ ਵਿਚ ਹੀ ਮਿਲਦੇ ਨੇ ਹੁਣ ਨਾਮ ਸ਼ਹੀਦਾਂ ਦੇ' ਬਹੁਤ ਹੀ ਜੋਸ਼ੀਲੇ ਢੰਗ ਨਾਲ ਪੇਸ਼ ਕੀਤੀ। ਉਪਰੰਤ ਲਗਾਏ ਸ਼ਹੀਦ ਕਰਤਾਰ ਸਿੰਘ ਸਰਾਭਾ ਜਿੰਦਾਬਾਦ ਅਤੇ ਇਨਕਲਾਬ ਜਿੰਦਾਬਾਦ ਦੇ ਨਾਅਰਿਆਂ ਨਾਲ ਹਾਲ ਗੂੰਜਣ ਲਾ ਦਿੱਤਾ। 'ਰੇਡੀਓ ਰੂਹ ਪੰਜਾਬ' ਦੀ ਟੀਮ ਨੇ ਕੋਰੀਓਗ੍ਰਾਫੀ ਪੇਸ਼ ਕੀਤੀ। ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਦੇ ਪਰਮਜੀਤ ਧਾਲੀਵਾਲ ਅਤੇ ਉਦੇਦੀਪ ਸਿੱਧੂ ਵਲੋਂ ਤਿਆਰ ਕੀਤੀ ਗਈ ਟੀਮ ਨੇ ਕਮਾਲ ਦਾ ਭੰਗੜਾ ਪੇਸ਼ ਕੀਤਾ। 'ਹੇਅਰ ਮੀਡੀਆ' ਅਤੇ 'ਰੇਡੀਓ ਵਤਨੋ ਦੂਰ' ਦੀ ਗਿੱਧਾ ਟੀਮ 'ਧੀਆਂ ਰਾਣੀਆਂ' ਨੇ ਖੂਬਸੂਰਤ ਗਿੱਧਾ ਪੇਸ਼ ਕਰਕੇ ਸਭ ਨੂੰ ਝੂਮਣ ਲਾ ਦਿੱਤਾ।

ਇਸ ਮੌਕੇ ਕੁਲਦੀਪ ਸਿੰਘ ਅਟਵਾਲ ਅਤੇ ਸਰਬਜੀਤ ਸਿੰਘ ਅਟਵਾਲ ਨੇ ਬੱਚਿਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਹਫਜ਼ਾਈ ਕੀਤੀ। ਅਟਵਾਲ ਭਰਾਵਾਂ ਨੇ ਗੰਨੇ ਦਾ ਤਾਜ਼ਾ ਰਸ ਵਰਤਾਇਆ ਜਿਸ ਦਾ ਸਭ ਨੇ ਅਨੰਦ ਲਿਆ। ਸ਼ਾਇਰ ਦਲਜੀਤ ਸਿੰਘ ਰਿਆੜ ਨੇ ਮੰਚ ਸੰਚਾਲਨ ਕਰਨ ਦੇ ਨਾਲ ਨਾਲ ਸ਼ੇਅਰ ਅਤੇ ਇਕ ਸੁੰਦਰ ਕਵਿਤਾ ਵੀ ਪੜ੍ਹੀ। ਸਮਾਗਮ ਦੇ ਅਖੀਰ ਵਿਚ ਫੋਰਮ ਦੇ ਸੈਕਟਰੀ ਸੁਰਿੰਦਰ ਮੰਡਾਲੀ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ 16 ਨਵੰਬਰ ਨੂੰ ਸੈਨ ਫਰਾਂਸਿਸਕੋ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਸਮਰਪਿਤ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਸਮਾਗਮ ਵਿਚ ਪੁੱਜਣ ਦੀ ਬੇਨਤੀ ਕੀਤੀ।

## ਹਰੀਕੇ ਪੱਤਣ 'ਚ ਪਰਵਾਸੀ ਪੰਛੀਆਂ ਦੀਆਂ ਰੌਣਕਾਂ

**ਹਰੀਕੇ ਪੱਤਣ:** ਧੁੰਦ, ਸੀਤ ਲਹਿਰ ਤੇ ਹਜ਼ਾਰਾਂ ਮੀਲਾਂ ਦੂਰ ਦੇਸ਼ ਦਾ ਸਫਰ ਕਰਦੇ ਹੋਏ ਹਰ ਸਾਲ ਦੀ ਤਰ੍ਹਾਂ ਹਰੀਕੇ ਝੀਲ ਵਿਚ ਸਰਦ ਰੁੱਤ ਦੇ ਮਹਿਮਾਨ ਪਰਵਾਸੀ ਪੰਛੀ ਪਹੁੰਚ ਚੁੱਕੇ ਹਨ। ਮੌਸਮ ਦੇ ਕਰਵਟ ਬਦਲਦਿਆਂ ਹੀ ਹਰੀਕੇ ਝੀਲ ਵਿਚ ਰੌਣਕਾਂ ਸ਼ੁਰੂ ਹੋ ਗਈਆਂ ਹਨ। ਵੱਖ-ਵੱਖ ਕਿਸਮਾਂ ਦੇ ਰੰਗ ਬਿਰੰਗੇ ਪੰਛੀਆਂ ਦੇ ਝੁੰਡ ਕਲੋਲਾਂ ਕਰਦੇ ਹੋਏ ਵੱਖਰਾ ਹੀ ਨਜ਼ਾਰਾ ਪੇਸ਼ ਕਰਦੇ ਹਨ।

ਜ਼ਿਕਰਯੋਗ ਹੈ ਕਿ ਇਹ ਮਹਿਮਾਨ ਪੰਛੀ ਯੂਰਪ ਦੇ ਵੱਖ ਵੱਖ ਦੇਸ਼ਾਂ ਸਾਇਬੇਰੀਆ, ਰੂਸ, ਕਜਾਕਿਸਤਾਨ ਤੋਂ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਝੀਲ ਵਿਚ ਪਹੁੰਚਦੇ ਹਨ ਕਿਉਂਕਿ ਭਾਰੀ ਸਰਦੀ ਕਾਰਨ ਯੂਰਪ ਵਿਚ ਝੀਲਾਂ ਜੰਮ ਜਾਂਦੀਆਂ ਹਨ ਜਿਸ ਕਾਰਨ ਇਹ ਪੰਛੀ ਪੰਜਾਬ ਦੀਆਂ ਵੱਖ ਵੱਖ ਝੀਲਾਂ ਵਿਚ ਪਹੁੰਚਦੇ ਹਨ ਤੇ ਸਭ ਤੋਂ ਵੱਧ ਪੰਛੀ ਹਰੀਕੇ ਝੀਲ ਵਿਚ ਪਹੁਚੰਦੇ ਹਨ। ਇਸ ਵਾਰ ਸ਼ਾਵਲਰ, ਸਪੂਨ ਬਿੱਲ, ਕੂਟ ਰੇਕ ਲੈੱਗ ਗੀਜ਼, ਗ੍ਰੇਟ ਈ ਗ੍ਰੇਟ, ਪਿਨਟੇਲ ਕਿਸਮਾਂ ਦੇ ਪੰਛੀ ਵੱਡੀ ਗਿਣਤੀ ਵਿਚ ਪਹੁੰਚ ਚੁੱਕੇ ਹਨ ਤੇ ਸਰਦੀ ਵਧਣ ਦੇ ਨਾਲ ਨਾਲ ਇਨ੍ਹਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਜਦ ਹਰੀਕੇ ਝੀਲ ਦਾ ਦੌਰਾ ਕੀਤਾ ਗਿਆ ਤਾਂ ਝੀਲ ਦੇ ਖਤਾਨ ਖੇਤਰ ਵਿਚ ਪੰਛੀਆਂ ਦੇ ਵੱਡੇ ਵੱਡੇ ਝੁੰਡ ਝੀਲ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੇ ਸਨ ਤੇ ਕੂਟ (ਮੁਰਗਾਬੀ) ਦੀ ਤਦਾਦ ਹਜ਼ਾਰਾਂ ਵਿਚ ਦਿਖਾਈ ਦੇ ਰਹੀ ਸੀ। ਇਸ ਤੋਂ ਇਲਾਵਾ ਝੀਲ ਦੇ ਭੂਤੀਵਾਲਾ ਖੇਤਰ ਦੇ ਨਜ਼ਦੀਕ ਸਤਲੁਜ ਦਰਿਆ ਵਿਚ ਵੀ ਪੰਛੀ ਕਾਫੀ ਗਿਣਤੀ ਵਿਚ ਦਿਖਾਈ ਦਿੱਤੇ, ਜਿਥੇ ਕਿ ਸਪੂਨ ਬਿੱਲ, ਰਕੇ ਲੈਗ ਗੀਜ਼, ਸ਼ਾਵਲਰ ਤੇ ਗ੍ਰੇਟ ਈ ਗ੍ਰੇਟ ਆਦਿ ਕਿਸਮਾਂ ਦੇ ਪੰਛੀ ਝੀਲ ਦੇ ਪਾਣੀ ਵਿਚ ਅਠਖੇਲੀਆਂ ਕਰਦੇ ਹੋਏ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਸਨ। ਹਰ ਸਾਲ ਹਰੀਕੇ ਝੀਲ ਵਿਚ ਇਕ ਲੱਖ ਦੇ ਕਰੀਬ ਪਰਵਾਸੀ ਪੰਛੀ ਪਹੁੰਚਦੇ ਹਨ ਤੇ ਨਵੰਬਰ ਮਹੀਨੇ ਤੋਂ ਫਰਵਰੀ ਮਹੀਨੇ ਤੱਕ ਝੀਲ 'ਤੇ ਇਨ੍ਹਾਂ ਮਹਿਮਾਨ ਪੰਛੀਆਂ ਦੀ ਰੌਣਕ ਲੱਗੀ ਰਹਿੰਦੀ ਹੈ।








ਯੂਨੀਅਨ ਸਿਟੀ, ਕੈਲੀਫੋਰਨੀਆ ਦੇ ਲੋਗਨ ਹਾਈ ਸਕੂਲ ਦੇ ਸਿੱਖ ਬੱਚਿਆਂ ਨੇ ਬੰਦੀਛੋੜ ਦਿਵਸ ਅਤੇ ਦੀਵਾਲੀ ਦਾ ਤਿਓਹਾਰ ਆਪਣੇ ਅਧਿਆਪਕ ਹਰਪਾਲ ਸਿੰਘ ਰਾਣਾ ਦੀ ਅਗਵਾਈ ਹੇਠ ਮਨਾਇਆ। ਇਸ ਮੌਕੇ ਦੀ ਇਕ ਤਸਵੀਰ।

## ਸੱਜਣ ਕੁਮਾਰ ਦੀ ਪਟੀਸ਼ਨ 'ਤੇ ਸੁਣਵਾਈ ਟਲੀ

**ਨਵੀਂ ਦਿੱਲੀ:** ਸਿੱਖ ਕਤਲੇਆਮ ਸਬੰਧੀ ਕੇਸ ਵਿਚ ਆਪਣੇ ਖਿਲਾਫ਼ ਦੋਸ਼ ਤੈਅ ਕੀਤੇ ਜਾਣ ਦੇ ਵਿਰੁੱਧ ਕਾਂਗਰਸੀ ਆਗੂ ਸੱਜਣ ਕੁਮਾਰ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਸੁਪਰੀਮ ਕੋਰਟ ਨੇ 18 ਨਵੰਬਰ ਤੱਕ ਟਾਲ ਦਿੱਤੀ। ਜਸਟਿਸ ਏ.ਕੇ. ਪਟਨਾਇਕ ਤੇ ਜਸਟਿਸ ਜੇ.ਐਸ. ਖੈਹਰ ਦੇ ਬੈਂਚ ਨੇ ਕੇਸ ਸੁਣਨੇ ਸਨ ਤੇ ਇਹ ਕੇਸ ਐਨ ਅਖੀਰ ਵਿਚ ਪੇਸ਼ ਹੋਣ ਕਾਰਨ ਹਫਤੇ ਲਈ ਟਾਲ ਦਿੱਤਾ ਗਿਆ। ਪੀੜਤਾਂ ਵੱਲੋਂ ਪੇਸ਼ ਵਕੀਲ ਦੁਸ਼ਯੰਤ ਦਵੇ ਨੇ ਇਸ ਮੌਕੇ ਕਾਂਗਰਸੀ ਆਗੂ ਵੱਲੋਂ ਕੇਸ ਵਿਚ ਦੇਰੀ ਕਰਨ ਲਈ ਅਪਣਾਏ ਜਾ ਰਹੇ ਤਰੀਕਿਆਂ 'ਤੇ ਇਤਰਾਜ਼ ਉਠਾਇਆ।

Are You Protected?
We are your one stop source for security cameras
Residential & Commercial
* Homes * Retail Stores * Restaurants * Hotels * Motels * Truck Stops * Office Buildings and Much More
- Surveillance Cameras
- Hidden Cameras
- Hi-Definition Cameras
- Night Vision Cameras
- Wireless Cameras
18th ANNIVERSARY SALE
*Limited time Offer*
- PTZ Cameras
- IP Cameras
- Cash Register Monitoring
- Vandalism Prevention Cameras
- Audio Monitoring
$150 OFF
4 CAMERA SET INSTALLED
Satellite Plus
559.226.1510
1.877.593.1510
$300 OFF
8 CAMERA SET INSTALLED

PANNU'S Legal Services
ਵੇਵਰ 601A ਵਾਸਤੇ ਕਾਲ ਕਰੋ
G.S. Pannu
Immigration Consultant - LDA
M.K. Pannu
Manager
ਇਮੀਗਰੇਸ਼ਨ ਸਿਟੀਜਨਸ਼ਿਪ
ਤਲਾਕ ਬੱਚਿਆਂ ਦੀ ਇਮਦਾਦ
ਇੰਡੀਅਨ ਪਾਸਪੋਰਟ
ਇੰਡੀਅਨ ਵੀਜ਼ਾ
ਓ.ਸੀ.ਆਈ. ਕਾਰਡ, ਮੁਖਤਿਆਰਨਾਮਾ ਅਤੇ ਹੋਰ ਸਬੰਧਤ ਮਾਮਲੇ
ਅਸੀਂ ਪੰਜਾਬ ਵਿਚਲੇ ਜਾਇਦਾਦ ਅਤੇ ਤਲਾਕ ਦੇ ਕੇਸ ਵੀ ਹੱਲ ਕਰਦੇ ਹਾਂ
ਹੁਣ ਤੁਹਾਡੀ ਸੇਵਾ ਲਈ ਤਿੰਨ ਸ਼ਹਿਰਾਂ ਵਿੱਚ
ਫਰੀਮੌਂਟ
4127 Bay St., Unit 7
Fremont, CA 94538
(Near Fremont Bharat Bazar)
(510) 677-5200
ਮਨਟੀਕਾ
1381 E. Yosemite Ave
Manteca, CA 95336
(Open Wed & Sat 10:00 am - 4:00 pm)
(209) 679-8025
ਸੈਨ ਫਰਾਂਸਿਸਕੋ
4444 Geary Blvd, Suite 210,
San Francisco, CA 94118
(510) 677-8440
pannugurwant@yahoo.com
Fax: (510) 279-7624
indiavisa123@gmail.com
Fax: (510) 952-4411

# ਸ. ਸਾਧੂ ਸਿੰਘ ਧਰਮਸੋਤ ਦਾ ਸਨਮਾਨ 16 ਤੇ 17 ਨਵੰਬਰ ਨੂੰ

ਅੰਤਰਰਾਸ਼ਟਰੀ ਬਾਜ਼ੀਗਰ-ਵਣਜਾਰਾ ਸਭਾ ਦੇ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਦੇ ਨਾਭਾ ਹਲਕੇ ਤੋਂ ਵਿਧਾਇਕ ਸ. ਸਾਧੂ ਸਿੰਘ ਧਰਮਸੋਤ ਦੀ ਕੈਲੀਫੋਰਨੀਆ ਫੇਰੀ ਦੌਰਾਨ ਉਨ੍ਹਾਂ ਦਾ ਬੇਕਰਜ਼ਫੀਲਡ ਅਤੇ ਸੰਨੀਵੇਲ ਵਿਚ ਕੀਤੇ ਜਾ ਰਹੇ ਸਮਾਗਮਾਂ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ:

**16 ਨਵੰਬਰ 2013 ਸਨਿਚਰਵਾਰ, ਸ਼ਾਮ 6 ਵਜੇ**
ਹਲਕਾ ਨਾਭਾ ਅਤੇ ਅਮਲੋਹ ਦੇ ਨਿਵਾਸੀਆਂ ਵਲੋਂ ਰਾਤਰੀ ਭੋਜ ਅਤੇ ਸਨਮਾਨ
ਜ਼ਾਇਕਾ ਇੰਡੀਅਨ ਕੁਜ਼ੀਨ
5123 ਮਿੰਗ ਐਵਨਿਊ, ਬੇਕਰਜ਼ਫੀਲਡ, ਕੈਲੀਫੋਰਨੀਆ 93309
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਵਰਨ ਸਿੰਘ ਬਿਲਿੰਗ (ਰੁੜਕੀ) ਫੋਨ: 661-300-0121
ਸਤਿੰਦਰ ਸਿੰਘ ਬੌਬੀ (ਬਰੀਮਾ) ਫੋਨ:661-343-2647

**17 ਨਵੰਬਰ 2013 ਐਤਵਾਰ, ਸ਼ਾਮ 6 ਵਜੇ**
ਬੇ ਏਰੀਆ ਵਸਦੇ ਬਾਜ਼ੀਗਰ-ਵਣਜਾਰਾ ਭਾਈਚਾਰੇ ਵਲੋਂ ਰਾਤਰੀ ਭੋਜ
ਸਨੇਹਾ ਇੰਡੀਅਨ ਰੈਸਟੋਰੈਂਟ
1214 ਅਪੋਲੋ ਵੇਅ, ਸੁਈਟ 404 ਬੀ, ਸੰਨੀਵੇਲ, ਕੈਲੀਫੋਰਨੀਆ 93085
ਹੋਰ ਜਾਣਕਾਰੀ ਲਈ ਸੰਪਰਕ ਕਰੋ
ਓਮ ਪ੍ਰਕਾਸ਼ ਕਮਲ ਫੋਨ: 408-708-9590
ਮਨਦੀਪ ਸਿੰਘ ਧਰਮਸੋਤ ਫੋਨ: 408-648-3847



ਸ. ਸਾਧੂ ਸਿੰਘ ਧਰਮਸੋਤ

ਜਾਰੀ ਕਰਤਾ: ਚੰਨਣ ਰਾਮ ਧਰਮਸੋਤ, ਦੇਸ ਰਾਜ ਧਰਮਸੋਤ, ਜਵਾਲਾ ਸਿੰਘ ਮੁਛਾਲ, ਵਾਸੂ ਸਿੰਘ ਮੁਛਾਲ, ਜਗਜੀਤ ਸਿੰਘ ਅਮਲੋਹ, ਬਿੰਦਰ ਧਰਮਸੋਤ, ਗੇਜੂ ਧਰਮਸੋਤ, ਰਿਤੇਸ਼ ਧਰਮਸੋਤ, ਮਿਤੇਸ਼ ਧਰਮਸੋਤ

ੴ ਸਤਿਗੁਰ ਪ੍ਰਸਾਦਿ॥

# Tri Valley Sikh Center

## Gurdwara Sangat Celebrates Parkash Utsav of Guru Nanak Dev Jee

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ ਸੰਗਤਾਂ ਨੂੰ ਲੱਖ ਲੱਖ ਵਧਾਈ

**Sunday, 17th November 2013**
**Dublin Civic Center City Hall**
100 Civic Plaza, Dublin, CA 94568

10:30 ਤੋਂ 11:15 ਕੀਰਤਨ ਬੀਬੀ ਇੰਦਰਜੀਤ ਕੌਰ ਖਾਲਸਾ ਅਤੇ ਜਥਾ
11:15 ਤੋਂ 12:00 ਵਿਚਾਰ/ਬੱਚਿਆਂ ਦਾ ਪ੍ਰੋਗਰਾਮ
12:00 ਤੋਂ 12:45 ਕੀਰਤਨ ਭਾਈ ਗੁਰਪ੍ਰੀਤ ਸਿੰਘ ਅਤੇ ਜਥਾ
12:45 ਤੋਂ 1:30 ਭਾਈ ਗੁਰਨਾਮ ਸਿੰਘ ਭੰਡਾਲ ਦੇ ਜਥੇ ਵਲੋਂ ਢਾਡੀ ਵਾਰਾਂ
1:30 ਤੋਂ 2:00 ਅਰਦਾਸ ਅਤੇ ਹੁਕਮਨਾਮਾ

*ਚਾਹ-ਪਾਣੀ ਸਵੇਰੇ 10:30 ਅਤੇ ਲੰਗਰ 12:00 ਵਜੇ*



ਕਲਿ ਤਾਰਣ ਗੁਰੂ ਨਾਨਕ ਆਇਆ॥
Guru Nanak Came To Redeem The Dark Age

**Phone: 925-364-4125**
Email: TriValleySikhCenter@gmail.com
Website: TriValleySikhCenter.com



## ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਭਨਾਂ ਨੂੰ ਲੱਖ-ਲੱਖ ਵਧਾਈ ਹੋਵੇ

# Kash Fabrics

**One Stop Shopping Center**
29576 Mission Blvd, Hayward, CA 94544 Phone: 510-538-1138

## ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

*30 ਸਾਲ ਤੋਂ ਤੁਹਾਡੀ ਸੇਵਾ ਵਿਚ*
The Name You Can Trust

ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ

***Bridal *Boutique *Jewelry***

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਸੂਟਾਂ, ਸਾੜੀਆਂ ਤੇ ਲਹਿੰਗਿਆਂ ਨਾਲ ਮੈਚ ਕਰਦੀ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

visit us on our facebook page, Kash Farbrics
**Ph: 510-538-1138**

# ਪੰਜਾਬ ਦੀ ਨਿਆਰੀ ਗਾਇਕਾ ਮੀਨੂ ਪੁਰਸ਼ੋਤਮ

**ਖ਼ਾਮੋਸ਼ ਸੁਰਾਂ 5**

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

ਮੀਨੂ ਪੁਰਸ਼ੋਤਮ ਨੇ ਪੇਸ਼ੇਵਰ ਗਾਇਕੀ ਤੋਂ ਚੰਦ ਕੁ ਸਾਲ ਪਹਿਲਾਂ ਹੀ ਕਿਨਾਰਾਕਸ਼ੀ ਕੀਤੀ ਹੈ। ਫ਼ਿਲਮ ਸੰਗੀਤ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਉਹ ਕਈ ਸਾਲਾਂ ਤਕ ਮਹਿਫ਼ਿਲਾਂ, ਸੰਗੀਤ ਸ਼ੋਆਂ ਅਤੇ ਜਗਰਾਤਿਆਂ ਦੀ ਸ਼ਾਨ ਬਣਦੀ ਰਹੀ। ਉਸ ਵੱਲੋਂ ਗਾਈਆਂ ਗ਼ਜ਼ਲਾਂ, ਭਜਨ ਜਾਂ ਮਾਤਾ ਦੀਆਂ ਭੇਟਾਂ ਦੀਆਂ ਸੀ.ਡੀ'ਜ਼ ਤਾਂ ਹੁਣ ਵੀ ਮਾਰਕੀਟ ਵਿਚੋਂ ਮਿਲ ਜਾਂਦੀਆਂ ਹਨ ਪਰ ਉਸ ਦੇ ਫ਼ਿਲਮੀ ਗੀਤਾਂ ਦੀਆਂ

ਸੁਰਿੰਦਰ ਸਿੰਘ ਤੇਜ
ਫੋਨ: 91-98555-01488

ਸੀ.ਡੀ'ਜ਼ ਜਾਂ ਰਿਕਾਰਡ ਲੱਭਣੇ ਮੁਸ਼ਕਿਲ ਹਨ। ਇਸ ਦੀ ਇਕ ਵਜ੍ਹਾ ਹੈ: ਉਸ ਨੇ ਜਿਹੜੇ ਸੋਲੋ ਗੀਤ ਗਾਏ, ਉਹ ਬਹੁਤੇ ਮਕਬੂਲ ਨਹੀਂ ਹੋਏ। ਜਿਹੜੇ ਗੀਤ ਮਕਬੂਲ ਹੋਏ, ਉਹ ਦੋਗਾਣੇ ਸਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਦੋਗਾਣਿਆਂ 'ਤੇ ਉਸ ਦੀ ਆਵਾਜ਼ ਦੀ ਨਿਵੇਕਲੀ ਛਾਪ ਮੌਜੂਦ ਸੀ ਅਤੇ ਇਸੇ ਲਈ ਗਾਇਕਾ ਦੇ ਰੂਪ ਵਿਚ ਉਸ ਦੀ ਵੱਖਰੀ ਪਛਾਣ ਸਥਾਪਤ ਹੋਈ। ਫ਼ਿਲਮ 'ਤਾਜ ਮਹੱਲ' ਦਾ ਗੀਤ 'ਨਾ ਨਾ ਨਾ ਰੇ ਨਾ ਨਾ, ਹਾਥ ਨਾ ਲਗਾਨਾ' (ਸਾਹਿਰ ਲੁਧਿਆਣਵੀ, ਰੌਸ਼ਨ), 'ਹਜ਼ੂਰੇ ਵਾਲਾ, ਜੋ ਹੋਗੀ ਇਜਾਜ਼ਤ' (ਯੇਹ ਰਾਤ ਫਿਰ ਨਾ ਆਏਗੀ; ਅਜ਼ੀਜ਼ ਕਸ਼ਮੀਰੀ, ਓ.ਪੀ. ਨਈਅਰ) ਅਤੇ 'ਨੀ ਮੈਂ ਯਾਰ ਮਨਾਉਣਾ ਨੀ, ਚਾਹੇ ਲੋਗ ਬੋਲੀਆਂ ਬੋਲੇ' (ਦਾਗ਼; ਸਾਹਿਰ ਲੁਧਿਆਣਵੀ, ਲਕਸ਼ਮੀਕਾਂਤ ਪਿਆਰੇਲਾਲ), ਉਹ ਦੋਗਾਣੇ ਹਨ ਜੋ ਉਸ ਨੇ ਸੁਮਨ ਕਲਿਆਣਪੁਰ, ਆਸ਼ਾ ਭੌਂਸਲੇ ਜਾਂ ਲਤਾ ਮੰਗੇਸ਼ਕਰ ਨਾਲ ਮਿਲ ਕੇ ਗਾਏ, ਪਰ ਇਨ੍ਹਾਂ ਨੂੰ ਮੀਨੂ ਪੁਰਸ਼ੋਤਮ ਦੀ ਪਛਾਣ ਵੀ ਮੰਨਿਆ ਜਾਂਦਾ ਹੈ।

ਦਰਅਸਲ ਫ਼ਿਲਮ ਗਾਇਕੀ ਦੇ ਖੇਤਰ ਵਿਚ ਮੀਨੂ ਪੁਰਸ਼ੋਤਮ ਦੀ ਆਮਦ ਗ਼ਲਤ ਸਮੇਂ 'ਤੇ ਹੋਈ। ਉਹ 1960ਵਿਆਂ ਦੇ ਦਹਾਕੇ ਵਿਚ ਗਾਇਕੀ ਦੇ ਅੰਬਰ 'ਤੇ ਉਭਰਨੀ ਸ਼ੁਰੂ ਹੋਈ। ਉਹ ਸਮਾਂ ਮੰਗੇਸ਼ਕਰ ਭੈਣਾਂ ਦਾ ਯੁੱਗ ਸੀ। ਜੋ ਕੁਝ ਉਨ੍ਹਾਂ ਦੀ ਝੋਲੀ ਵਿਚ ਨਹੀਂ ਸੀ ਸਮਾ ਸਕਦਾ, ਉਹ ਗੀਤਾ ਦੱਤ ਜਾਂ ਸੁਮਨ ਕਲਿਆਣਪੁਰ ਤਕ ਪਹੁੰਚ ਜਾਂਦਾ ਸੀ। ਬਾਕੀ ਜੋ ਬਚਦਾ ਸੀ, ਉਹ ਬੁਰਕੀਆਂ ਦੇ ਰੂਪ ਵਿਚ ਹੀ ਹੁੰਦਾ ਸੀ। ਲਿਹਾਜ਼ਾ, ਮੀਨੂ ਪੁਰਸ਼ੋਤਮ ਤੇ ਉਸ ਦੀਆਂ ਹਮਜੋਲੀਆਂ- ਕ੍ਰਿਸ਼ਨਾ ਕੱਲੇ, ਕਮਲ ਬਾਰੋਟ, ਲਕਸ਼ਮੀ ਸ਼ੰਕਰ ਆਦਿ ਨੂੰ ਇਨ੍ਹਾਂ ਬੁਰਕੀਆਂ ਨਾਲ ਹੀ ਗੁਜ਼ਾਰਾ ਚਲਾਉਣਾ ਪਿਆ।

ਮੀਨੂ ਦੀ ਆਵਾਜ਼ ਫ਼ਿਲਮ ਗਾਇਕੀ ਲਈ ਢੁਕਵੀਂ ਸੀ ਪਰ ਇਹ ਲਤਾ, ਆਸ਼ਾ, ਗੀਤਾ ਜਾਂ ਸੁਮਨ ਦੀ ਆਵਾਜ਼ ਵਾਂਗ ਸਧੀ ਹੋਈ ਨਹੀਂ ਸੀ। ਇਸ ਵਿਚ ਕੁਝ ਬੇਪੁਖ਼ਤਗੀ ਸੀ। ਇਹ ਬੇਪੁਖ਼ਤਗੀ ਜਾਂ ਕੱਚਾਪਣ ਸੰਗੀਤ ਦੀ ਪੇਸ਼ੇਵਾਰਾਨਾ ਸਿਖਲਾਈ ਜਾਂ ਰਿਆਜ਼ ਦੀ ਘਾਟ ਕਾਰਨ ਨਹੀਂ ਸੀ ਬਲਕਿ ਇਹ ਆਤਮ-ਵਿਸ਼ਵਾਸ ਦੀ ਘਾਟ ਦਾ ਨਤੀਜਾ ਸੀ। ਉਸ ਨੂੰ 1970ਵਿਆਂ ਦੇ ਅੰਤ ਤਕ ਇੱਕ ਵੀ ਅਜਿਹਾ ਸੋਲੋ ਨਹੀਂ ਮਿਲਿਆ ਜਿਹੜਾ ਉਸ ਦੇ ਗਲੇ ਅੰਦਰਲੇ ਸੋਜ਼ ਨਾਲ ਨਿਆਂ ਕਰ ਸਕਦਾ ਹੋਵੇ। ਇਹ ਨਹੀਂ ਕਿ ਉਸ ਨੂੰ ਸੋਲੋ ਗੀਤ ਮਿਲੇ ਨਹੀਂ; ਮਿਲੇ ਜ਼ਰੂਰ ਅਤੇ ਉਹ ਵੀ ਰਵੀ, ਐਸ. ਮਹਿੰਦਰ, ਹੰਸਰਾਜ ਬਹਿਲ ਅਤੇ ਬੱਪੀ ਲਹਿਰੀ ਵਰਗੇ ਸੰਗੀਤਕਾਰਾਂ ਦੇ ਸੰਗੀਤ ਵਿਚ ਢਲੇ ਹੋਏ, ਪਰ ਇਨ੍ਹਾਂ ਸਾਰੇ ਗੀਤਾਂ ਵਿਚ ਮਕਬੂਲ ਹੋਣ ਵਾਲੀ ਛੋਹ, ਭਾਵ ਪਾਪੂਲਰ ਫੀਲ ਨਹੀਂ ਸੀ। ਇਹੀ ਤੱਥ ਮੀਨੂ ਨੂੰ ਮਕਬੂਲ ਗਾਇਕਾ ਦਾ ਦਰਜਾ ਨਾ ਦਿਵਾ ਸਕਿਆ।

ਸੰਗੀਤਕਾਰ ਜੈਦੇਵ ਹਟਵੀਂ ਕਿਸਮ ਦਾ ਸੰਗੀਤ ਦੇਣ ਵਾਲੇ ਸਨ। ਉਹ ਗੀਤ ਦੀ ਰੂਹ ਤਕ ਉਤਰਨਾ ਤਾਂ ਪਸੰਦ ਕਰਦੇ ਸਨ ਪਰ ਮਕਬੂਲੀਅਤ ਦੀ ਖਾਤਰ ਸੰਗੀਤਕ ਸ਼ੁੱਧਤਾ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਸੀ ਹੁੰਦੇ। 1974 ਵਿਚ ਲੇਖਕ ਵੇਦ ਰਾਹੀ ਦੀ ਫ਼ਿਲਮਸਾਜ਼ ਵਜੋਂ ਪਹਿਲੀ ਫ਼ਿਲਮ 'ਪ੍ਰੇਮ ਪਰਬਤ' ਵਿਚ ਜੈਦੇਵ ਨੇ ਜਾਨ ਨਿਸਾਰ ਅਖ਼ਤਰ ਦੇ ਖ਼ੂਬਸੂਰਤ ਗੀਤ 'ਰਾਤ ਪੀਆ ਕੇ ਸੰਗ ਜਾਗੀ ਰੇ ਸਖੀ, ਚੈਨ ਪੜਾ ਜੋ ਅੰਗ ਲਾਗੀ ਰੇ ਸਖੀ' ਰਾਹੀਂ ਮੀਨੂ ਪੁਰਸ਼ੋਤਮ ਨੂੰ ਲੋਕਪ੍ਰਿਅਤਾ ਗ੍ਰਹਿਣ ਕਰਨ ਲਈ ਮੰਚ ਮੁਹੱਈਆ ਕੀਤਾ, ਪਰ ਇਹ ਗੀਤ ਇਸੇ ਫ਼ਿਲਮ ਦੇ ਦੋ ਹੋਰ ਗੀਤਾਂ 'ਯੇਹ ਦਿਲ ਔਰ ਉਨਕੀ ਨਿਗਾਹੋਂ ਕੇ ਸਾਏ' ਅਤੇ 'ਯੇਹ ਨੀਰ ਕਹਾਂ ਸੇ ਬਰਸੇ, ਦੇਖੋ ਬਦਰੀ ਕਹਾਂ ਸੇ ਆਈ' ਦੀ ਰਸੀਲੀ ਪਾਪੂਲਰ ਫੀਲ ਅੱਗੇ



*ਮੀਨੂ ਪੁਰਸ਼ੋਤਮ ਦਾ ਸਕੈਚ*

ਫਲੈਟ ਹੋ ਗਿਆ। ਜੈਦੇਵ ਪਹਿਲਾਂ ਮੀਨੂ ਨੂੰ ਖਵਾਜਾ ਅਹਿਮਦ ਅੱਬਾਸ ਦੀ ਫ਼ਿਲਮ 'ਦੋ ਬੂੰਦ ਪਾਨੀ' ਦੇ ਖਿਆਲਨੁਮਾ ਗੀਤ 'ਪੀਤਲ ਕੀ ਮੇਰੀ ਗਾਗਰੀ' (ਕੈਫੀ ਆਜ਼ਮੀ) ਵਿਚ ਸ਼ਾਸਤਰੀ ਗਾਇਕਾ ਪਰਵੀਨ ਸੁਲਤਾਨਾ ਨਾਲ ਅਜ਼ਮਾ ਚੁੱਕੇ ਸਨ। ਉਹ ਮੀਨੂ ਪੁਰਸ਼ੋਤਮ ਦੇ ਗਲੇ ਦੇ ਰੇਂਜ ਤੇ ਪਕੜ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਉਨ੍ਹਾਂ ਨੇ ਮੀਨੂ ਨੂੰ 'ਪ੍ਰੇਮ ਪਰਬਤ' ਦਾ 'ਯੇਹ ਨੀਰ ਕਹਾਂ ਸੇ ਬਰਸੇ' ਗੀਤ ਗਾਉਣ ਲਈ ਚੁਣਿਆ ਸੀ, ਪਰ ਗੀਤ ਦੀ ਰਚੇਤਾ ਪਦਮਾ ਸਚਦੇਵ (ਜੋ ਭਾਰਤੀ ਸ਼ਾਸਤਰੀ ਸੰਗੀਤ ਦੀ ਮਸ਼ਹੂਰ ਸਿੰਘ ਬੰਧੂ ਜੋੜੀ ਦੇ ਬੰਧੂ ਸੁਰਿੰਦਰ ਸਿੰਘ ਦੀ ਪਤਨੀ ਹੈ) ਆਪਣਾ ਪਲੇਠਾ ਫ਼ਿਲਮੀ ਗੀਤ ਲਤਾ ਮੰਗੇਸ਼ਕਰ ਤੋਂ ਹੀ ਗਵਾਉਣ ਦੀ ਚਾਹਤ ਰੱਖਦੀ ਸੀ। ਜੈਦੇਵ ਨੇ ਇਸ ਚਾਹਤ ਦੀ ਕਦਰ ਪਾਈ, ਪਰ ਮੀਨੂ ਲਈ ਇਹ ਫੈਸਲਾ ਤਕਦੀਰ ਦਾ ਪੁੱਠਾ ਗੇੜ ਸਾਬਤ ਹੋਇਆ।

20 ਨਵੰਬਰ 1944 ਵਿਚ ਪਟਿਆਲਾ ਦੇ ਜ਼ਿਮੀਂਦਾਰ ਪਰਿਵਾਰ ਵਿਚ ਜਨਮੀ ਮੀਨੂ ਪੁਰਸ਼ੋਤਮ ਨੂੰ ਸੰਗੀਤ ਦਾ ਸ਼ੌਕ ਬਚਪਨ ਵਿਚ ਹੀ ਲੱਗ ਗਿਆ। ਉਸ ਨੇ ਭਾਰਤੀ ਸ਼ਾਸਤਰੀ ਸੰਗੀਤ ਦੀ ਸਿਖਲਾਈ ਲੈਣ ਲਈ ਬੰਬਈ ਜਾ ਰਹਿਣਾ ਚੁਣਿਆ ਜਿੱਥੇ ਉਸ ਨੇ ਉਸ ਜ਼ਮਾਨੇ ਦੇ ਪ੍ਰਸਿੱਧ ਸ਼ਾਸਤਰੀ ਗਾਇਕ ਤੇ ਗੁਰੂ ਪੰਡਤ ਲਕਸ਼ਮਣ ਪ੍ਰਸਾਦ ਜੈਪੁਰਵਾਲੇ ਤੋਂ ਤਾਲੀਮ ਹਾਸਲ ਕੀਤੀ ਅਤੇ ਨਾਲ ਹੀ ਵਿਸ਼ਾਰਦ ਦੀ ਡਿਗਰੀ ਪ੍ਰਾਪਤ ਕੀਤੀ। ਉਹ ਸ਼ਾਸਤਰੀ ਸੰਗੀਤ ਦੇ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਕਰਦੀ ਸੀ। ਅਜਿਹੇ ਹੀ ਇੱਕ ਪ੍ਰੋਗਰਾਮ ਵਿੱਚ ਉਸ ਦੀ ਆਵਾਜ਼ ਅੰਦਰਲੀ ਲੈਅ ਤੋਂ ਪ੍ਰਭਾਵਿਤ ਹੋ ਕੇ ਸੰਗੀਤਕਾਰ ਰਵੀ ਨੇ ਉਸ ਨੂੰ ਫ਼ਿਲਮ 'ਚਾਈਨਾ ਟਾਊਨ' (1962) ਵਿਚ ਗਾਇਕਾ ਵਜੋਂ ਬ੍ਰੇਕ ਦਿੱਤਾ। ਮੀਨੂ ਨੇ ਇਸ ਫ਼ਿਲਮ ਲਈ ਮੁਹੰਮਦ ਰਫ਼ੀ ਦੇ ਨਾਲ ਡੁਏਟ 'ਦੇਖੋ ਜੀ ਏਕ ਬਾਲਾ ਜੋਗੀ ਮਤਵਾਲਾ' (ਮਜਰੂਹ ਸੁਲਤਾਨਪੁਰੀ) ਗਾਇਆ। ਇਸ ਤੋਂ ਅਗਲੇ ਸਾਲ (1963 ਵਿੱਚ) ਗੀਤਕਾਰ ਸਾਹਿਰ ਲੁਧਿਆਣਵੀ ਦੀ 'ਸਿਫਾਰਸ਼' ਉੱਤੇ ਸੰਗੀਤਕਾਰ ਰੌਸ਼ਨ ਨੇ 'ਤਾਜ ਮਹੱਲ' ਦੇ ਗੀਤ 'ਨਾ ਨਾ ਨਾ ਰੇ ਨਾ ਨਾ' ਵਿਚ ਸੁਮਨ ਕਲਿਆਣਪੁਰ ਤੇ ਮੀਨੂ ਦੀ ਸੰਗਤ ਕਰਵਾਈ। ਇਹ ਗੀਤ ਹੁਣ ਵੀ ਹਿੱਟ ਗੀਤ ਮੰਨਿਆ ਜਾਂਦਾ ਹੈ।

ਮੀਨੂ ਪੁਰਸ਼ੋਤਮ ਨੇ ਗਾਇਕਾ ਵਜੋਂ ਆਪਣੇ ਸਰਗਰਮ ਜੀਵਨ ਦੌਰਾਨ ਸਵਾ ਸੌ ਦੇ ਕਰੀਬ ਫ਼ਿਲਮੀ ਗੀਤ ਗਾਏ ਜਿਨ੍ਹਾਂ ਵਿਚੋਂ ਦੋ-ਤਿਹਾਈ ਡੁਏਟ ਸਨ। ਕਮਾਲ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਬਹੁ-ਗਿਣਤੀ ਦੋਗਾਣੇ ਗਾਇਕਾਵਾਂ ਦੇ ਨਾਲ ਹਨ, ਗਾਇਕਾਂ ਦੇ ਨਾਲ ਨਹੀਂ। ਜਿੱਥੋਂ ਤਕ ਸੋਲੋ ਗੀਤ ਗਵਾਉਣ ਦਾ ਸਵਾਲ ਹੈ, ਸੰਗੀਤਕਾਰ ਰਵੀ ਨੇ ਫ਼ਿਲਮ 'ਅਮਾਨਤ' (1963) ਵਿਚ ਉਸ ਪਾਸੋਂ 'ਹਰ ਏਕ ਦਿਲ ਮੇਂ ਕੋਈ ਅਮਾਨਤ ਹੈ' ਅਤੇ 'ਮਹਿਮਾਨ' (1970) ਵਿਚ 'ਖੁਲੇ ਗਗਨ ਕੇ ਨੀਚੇ ਪੰਛੀ ਝੂਮੇਂ' ਗੀਤ ਗਵਾਏ ਪਰ ਇਹ ਹਿੱਟ ਨਹੀਂ ਹੋਏ। ਸੰਗੀਤਕਾਰ ਸੀ. ਅਰਜੁਨ ਨੇ ਮੀਨੂ ਨੂੰ ਫ਼ਿਲਮ 'ਲਵ ਇਨ ਕਸ਼ਮੀਰ' ਵਿਚ ਇਕ ਖ਼ੂਬਸੂਰਤ ਸੋਲੋ 'ਆਈ ਫਿਰ ਏਕ ਸ਼ਾਮ, ਦਿਲਬਰ ਤੁਮਹਾਰੇ ਨਾਮ' ਦਿੱਤਾ, ਪਰ ਫ਼ਿਲਮ ਦੇ ਪਿੱਟ ਜਾਣ ਕਾਰਨ ਇਹ ਗੀਤ ਵੀ ਪਿੱਟ ਗਿਆ।

ਮੀਨੂ ਦੇ ਕੁਝ ਹੋਰ ਸੋਲੋ ਗੀਤ ਹਨ: 'ਹਾਲ ਪਰ ਯੇਹ ਗ਼ਮ ਕਿਆ ਹੈ' (ਫਿਲਮ ਹਮ ਭੀ ਕੁਛ ਕਮ ਨਹੀਂ, ਸੰਗੀਤਕਾਰ ਹਰੀ ਅਰਜੁਨ), 'ਜਾਨੇ ਨਾ ਦੂੰਗੀ' (ਨਾਗਿਨ ਔਰ ਸਪੇਰਾ, ਹਰਬੰਸ ਲਾਲ), 'ਭੋਲੇ ਭੋਲੇ ਜਵਾਬ ਨਹੀਂ ਤੇਰਾ' (ਚਾਰ ਚਕਰਮ, ਸੁਰੇਸ਼ ਤਲਵਾੜ), 'ਵਈ ਵਈ ਸਰਮਸਤਮ' (ਦੁਨੀਆ ਹੈ ਦਿਲਵਾਲੋਂ ਕੀ, ਜਿਮੀ ਨਰੂਲਾ), 'ਛੇੜੇਗਾ ਮੁਝ ਕੋ ਤੋ ਕਾਟੂੰਗੀ ਤੁਝ ਕੋ' (ਰੰਗਾ ਖੁਸ਼, ਸੋਨਿਕ ਓਮੀ) ਅਤੇ 'ਦਿਲ ਕੀਏ ਗੁੰਮ, ਆਂਖ ਬਚਾ ਕੇ' (ਯੇਹ ਚੋਰ, ਯੇਹ ਲੁਟੇਰੇ; ਸ਼ੰਕਰ-ਗਣੇਸ਼)। ਸੰਗੀਤਕਾਰ ਜੋੜੀ ਲਕਸ਼ਮੀਕਾਂਤ ਪਿਆਰੇਲਾਲ ਨੇ 'ਚੁਨੌਤੀ' (1979) ਵਿਚ ਮੀਨੂ ਤੋਂ ਸੋਲੋ 'ਹਰ ਸੁਬ੍ਹਾ ਤੇਰੀ ਮਹਿਫਿਲ ਮੇਂ' ਗਵਾਇਆ। ਐਸ. ਮਹਿੰਦਰ ਨੇ ਪਹਿਲਾਂ 'ਦਹੇਜ' (1981) ਅਤੇ ਫਿਰ 'ਸੰਦਲੀ' (1986) ਵਿਚ ਮੀਨਾ ਪੁਰਸ਼ੋਤਮ ਤੋਂ ਸੋਲੋ ਗਵਾਏ।

ਮੀਨੂ ਨੇ ਆਪਣੀ ਮਾਂ-ਬੋਲੀ ਪੰਜਾਬੀ ਤੋਂ ਇਲਾਵਾ ਸਿੰਧੀ, ਮਰਾਠੀ, ਗੁਜਰਾਤੀ, ਭੋਜਪੁਰੀ ਤੇ ਬੰਗਲਾ ਵਿੱਚ ਵੀ ਗੀਤ ਗਾਏ। ਉਹ 1970ਵਿਆਂ ਵਿਚ ਸੰਗੀਤਕਾਰ ਹੰਸ ਰਾਜ ਬਹਿਲ ਦੀ ਸਹਾਇਕ ਵੀ ਰਹੀ। ਜਿਨ੍ਹਾਂ ਪੰਜਾਬੀ ਫ਼ਿਲਮਾਂ ਦੇ ਗੀਤ ਉਸ ਨੇ ਗਾਏ, ਉਨ੍ਹਾਂ ਵਿਚ 'ਗੁਰੂ ਮਾਨਿਓ ਗ੍ਰੰਥ', 'ਭਗਤ ਧੰਨਾ ਜੱਟ', 'ਮੁਗ਼ਲਾਣੀ ਬੇਗਮ' ਵਰਨਣਯੋਗ ਹਨ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-91



*ਅਨਪੜ੍ਹਤਾ ਤੇ ਮਾਰ ਗਰੀਬੀ ਕੱਢ ਦਿੰਦੀ ਏ ਧੂੰਆਂ,*
*ਨ੍ਹੌਣ-ਧੋਣ ਦੀ ਸੁਧ ਬੁਧ ਹੈ ਨ੍ਹੀਂ ਤਾਹੀਂਉਂ ਕੱਢਣ ਜੂੰਆਂ!*

## ਕੈਪਸ਼ਨ ਮੁਕਾਬਲਾ-89



ਤਿੰਨ ਪਹੀਆ ਤੇ ਸ਼ਕਲ ਨਿਰਾਲੀ,
ਤਾਹੀਓਂ ਭੂੰਡ ਇਹ ਅਖਵਾਵਣ।
ਮਨ ਦੀ ਮਰਜ਼ੀ ਦੇ ਇਹ ਮਾਲਕ,
ਰੂਲ ਅਸੂਲ ਨਾ ਨੇੜੇ ਆਵਣ।
ਅੰਦਰ ਬਾਹਰੋਂ ਉਪਰ ਥੱਲਿਓਂ,
ਲੱਦੇ ਆਵਣ, ਲੱਦੇ ਜਾਵਣ।
ਮਸਤ ਤੋਰ ਨਾਲ ਤੁਰਦੇ ਤੁਰਦੇ,
ਪਿੰਡ ਨੂੰ ਸ਼ਹਿਰ ਦੇ ਨਾਲ ਮਿਲਾਵਣ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਬੁੱਢੇ ਬਾਪੂ ਵਾਂਗੂੰ ਖਿੱਚੇ
ਇਹ ਵੀ ਟੱਬਰ ਭਾਰਾ।
ਸਰਦੀ ਰੁੱਤੇ ਨੰਗਾ ਪਿੰਡਾ
ਵਿੰਗਾ ਟੇਢਾ ਸਾਰਾ।
ਪਿੰਡਾਂ ਨੂੰ ਜਦ ਆਉਣਾ ਪੈ ਜਾਏ
ਫਿਰ ਇਹਦਾ ਮੁੱਲ ਪੈਂਦਾ।
ਉਤਰ ਹੇਠਾਂ ਮੋਹਣ ਸਿਹਾਂ ਤੂੰ
ਸੁਣ ਟੈਂਪੂ ਕੀ ਕਹਿੰਦਾ।

***-ਮਨਵੀਰ, ਫਰੀਮਾਂਟ***

---

ਇਕ ਚਲਾ ਗਿਆ ਇਕ ਆ ਗਿਆ
ਢਿਚਕੂੰ ਢਿਚਕੂੰ ਕਰਦਾ।
ਪਿੰਡਾਂ ਵਾਲਿਆਂ ਦਾ ਤਾਂ ਸੱਚੀਂ
ਇਹਦੇ ਬਿਨਾ ਨਹੀਂ ਸੀ ਸਰਦਾ।
ਨਹੀਂ ਆਉਂਦੀ ਕੋਈ ਲਾਰੀ ਮਿੱਤਰੋ
ਏਸ ਰੂਟ 'ਤੇ ਓਦਾਂ।
ਟੈਂਪੂ ਬਸ ਸਹਾਰਾ ਦਿੰਦਾ
ਮੁੱਲਾਂਪੁਰ ਤੋਂ ਜੋਧਾਂ।

***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫਰਨੀਆ***

---

ਸ਼ਹਿਰੀ ਮੈਨੂੰ ਟੈਂਪੂ ਆਖਦੇ
ਪੇਂਡੂ ਭੂੰਡ ਸੀ ਕਹਿੰਦੇ।
ਦਸ ਸਵਾਰੀ ਲਈ ਪਾਸ ਸੀ ਮੈਂ
ਪਰ ਵੀਹ-ਪੱਚੀ ਸੀ ਬਹਿੰਦੇ।
ਸੰਨ ਸੱਤਰ ਤੋਂ ਦੋ ਹਜ਼ਾਰ ਤੱਕ
ਲਿੰਕ ਸੜਕਾਂ 'ਤੇ ਸੀ ਸਰਦਾਰੀ।
ਪਰ ਹੁਣ ਮਿੰਨੀ ਬੱਸਾਂ ਵਾਲਿਆਂ
ਮੱਤ ਮੇਰੀ ਹੈ ਮਾਰੀ।
ਮਾੜਾ ਬੋਲ ਵਾਧੂ ਸਵਾਰੀ ਨੂੰ
ਮਾਲਕ ਸੀ ਉਤੋਂ ਲਾਹੁੰਦਾ।
ਪਰ ਸਮੇਂ ਦਾ ਗੇੜ ਤੱਕ ਲਓ
ਹੁਣ ਮਿੰਨਤਾਂ ਕਰ ਚੜ੍ਹਾਉਂਦਾ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਹੇਠਾਂ ਉਪਰ ਬੈਠਦੀ ਕਈ ਪਾਸਿਆਂ 'ਤੇ
ਲਮਕਦੀ ਸੀ ਸੁਆਰੀ।
ਉਸ ਟਾਈਮ ਤੇ ਇਹੋ ਹੁੰਦੀ ਸੀ
ਸ਼ਾਨੇ-ਪੰਜਾਬ ਪਿਆਰੀ।
ਬਸ ਆਉਣ ਤੋਂ ਕੁਝ ਮਿੰਟ ਤੋਰਨਾ ਟੈਂਪੂ
ਇਨ੍ਹਾਂ ਦੀ ਆਦਤ ਸੀ ਵੱਖਰੀ
ਇਸ ਤਰ੍ਹਾਂ ਕਰਦਾ ਹੁੰਦਾ ਸੀ
ਸਾਡੇ ਪਿੰਡ ਵਾਲਾ ਸ਼ਿੰਦਾ ਖੱਤਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8408***

# ਕੈਂਸਰ ਦੇ ਇਲਾਜ ਲਈ ਦਵਾਈ ਦੀ ਖੋਜ

**ਸਿੰਗਾਪੁਰ:** ਵਿਗਿਆਨੀਆਂ ਨੇ ਇਕ ਅਜਿਹੀ ਦਵਾਈ ਦੀ ਖੋਜ ਕੀਤੀ ਹੈ ਜੋ ਮਨੁੱਖੀ ਸਰੀਰ 'ਚ ਵਧ ਰਹੇ ਕੈਂਸਰ ਨੂੰ ਅੱਗੇ ਵਧਣ ਤੋਂ ਰੋਕਦਾ ਹੈ। ਏ ਐਸ ਟੀ ਏ ਆਰ ਇੰਸਟੀਚਿਊਟ ਆਫ ਮਾਲੀਕਿਊਲਰ ਅਤੇ ਸੈਲ ਬਾਇਆਲੋਜੀ ਸਿੰਗਾਪੁਰ ਦੇ ਵਿਗਿਆਨੀ ਡਾ. ਡਮਿਟਰੀ ਬੁਲਾਵਿਨ ਅਤੇ ਉਸ ਦੀ ਟੀਮ ਨੇ ਇਸ ਵਿਪ-1 ਨਾਮੀ ਦਵਾਈ ਦੀ ਖੋਜ ਕੀਤੀ ਹੈ ਜੋ ਮਨੁੱਖੀ ਸਰੀਰ 'ਚ ਕੈਂਸਰ ਨੂੰ ਫੈਲਣ ਤੋਂ ਰੋਕਣ 'ਚ ਮਦਦਗਾਰ ਸਾਬਤ ਹੋਵੇਗਾ। ਇਸ ਦਵਾਈ ਨਾਲ ਸਰੀਰ 'ਚੋਂ ਕੈਂਸਰ ਦੀਆਂ ਜੜ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ ਜਾ ਸਕੇਗਾ ਤੇ ਕੈਂਸਰ ਦਾ ਇਲਾਜ ਕਾਫੀ ਹੱਦ ਤਕ ਸੁਖਾਲਾ ਹੋ ਜਾਵੇਗਾ।




## SCHEDULE

November 14 - 17

- Asa Ki Vaar
- Kirtan Divaan
- Interviews
- Speeches



### Listen Via:

- Radio Sets
- Mobile App
- Website
- Dial-in
  - 832.551.5029 (US)
  - 605.475.6868 (US)
  - 203.519.0455 (UK)
  - 511.80.90.40.41 (Germany)

ਪੰਜਾਬੀ ਰੇਡੀਓ ਯੂਐਸਏ
Punjabi RADIO USA
*Uniting Punjabi's All Over*

- First Punjabi Network to broadcast Gurbani from Nankana Sahib
- Connect to the birthplace of Guru Nanak Dev ji

Please do your share to support Punjabi Radio USA and all of its efforts.

To donate, call 408-722-7698
www.PunjabiRadioUSA.com

3750 Mckee Road, San Jose, CA 95127 | 408-272-5200 | info@PunjabiRadioUSA.com

# ਗੁਹਾਟੀ ਹਾਈਕੋਰਟ ਵੱਲੋਂ ਸੀ.ਬੀ.ਆਈ. ਗੈਰਸੰਵਿਧਾਨਕ ਕਰਾਰ

**ਨਵੀਂ ਦਿੱਲੀ:** ਗੁਹਾਟੀ ਹਾਈਕੋਰਟ ਵੱਲੋਂ ਦੇਸ਼ ਦੀ ਮੋਹਰੀ ਤਫਤੀਸ਼ੀ ਏਜੰਸੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਗੈਰ-ਸੰਵਿਧਾਨਕ ਕਰਾਰ ਦਿੱਤੇ ਜਾਣ ਤੋਂ ਪ੍ਰੇਸ਼ਾਨ ਕੇਂਦਰ ਸਰਕਾਰ ਨੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਸਰਕਾਰ ਵੱਲੋਂ ਇਸ ਫੈਸਲੇ ਉਤੇ ਫੌਰੀ ਸਟੇਅ ਲਾਏ ਜਾਣ ਦੀ ਮੰਗ ਕੀਤੀ ਗਈ ਜਿਸ ਮਗਰੋਂ ਸੁਪਰੀਮ ਕੋਰਟ ਨੇ ਜਾਂਚ ਏਜੰਸੀ ਨੂੰ ਗੈਰ-ਸੰਵਿਧਾਨਕ ਕਰਾਰ ਦੇਣ ਵਾਲੇ ਗੁਹਾਟੀ ਹਾਈ ਕੋਰਟ ਦੇ ਫ਼ੈਸਲੇ ਉਤੇ ਰੋਕ ਲਾ ਦਿੱਤੀ। ਸੁਪਰੀਮ ਕੋਰਟ ਦੇ ਚੀਫ ਜਸਟਿਸ ਪੀ. ਸਦਾਸ਼ਿਵਮ ਤੇ ਜਸਟਿਸ ਰੰਜਨਾ ਦੇਸਾਈ ਦੇ ਬੈਂਚ ਨੇ ਇਹ ਹੁਕਮ ਅਮਲਾ ਤੇ ਟਰੇਨਿੰਗ ਵਿਭਾਗ (ਡੀ.ਓ.ਪੀ.ਟੀ.) ਵੱਲੋਂ ਦਾਇਰ ਹੰਗਾਮੀ ਪਟੀਸ਼ਨ ਦੇ ਆਧਾਰ 'ਤੇ ਜਾਰੀ ਕੀਤਾ।

ਸੀ.ਬੀ.ਆਈ. ਦੇ ਪ੍ਰਸ਼ਾਸਕੀ ਕੰਟਰੋਲ ਲਈ ਜ਼ਿੰਮੇਵਾਰ ਡੀ.ਓ.ਪੀ.ਟੀ. ਵੱਲੋਂ ਪੇਸ਼ ਅਟਾਰਨੀ ਜਨਰਲ ਜੀ.ਈ. ਵਾਹਨਵਤੀ ਨੇ ਮੰਗ ਕੀਤੀ ਕਿ ਗੁਹਾਟੀ ਹਾਈ ਕੋਰਟ ਦੇ ਛੇ ਨਵੰਬਰ ਦੇ ਫੈਸਲੇ ਉੱਤੇ ਫੌਰੀ ਰੋਕ ਲਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਫੈਸਲੇ ਦਾ ਸੀ.ਬੀ.ਆਈ. ਵੱਲੋਂ ਦਾਇਰ ਕਰੀਬ 9000 ਕੇਸਾਂ ਤੇ ਹੋਰ 1000 ਕੇਸਾਂ ਦੀ ਜਾਂਚ ਉਤੇ ਸਿੱਧਾ ਅਸਰ ਪੈ ਰਿਹਾ ਹੈ। ਸ੍ਰੀ ਵਾਹਨਵਤੀ ਨੇ ਸੁਪਰੀਮ ਕੋਰਟ ਨੇ ਫੈਸਲੇ ਨੂੰ ਸਟੇਅ ਕਰ ਦਿੱਤਾ ਹੈ ਤੇ ਇਸ ਤਰ੍ਹਾਂ ਸੀ.ਬੀ.ਆਈ. ਦੇ ਕਾਨੂੰਨੀ ਰੁਤਬੇ ਸਬੰਧੀ ਉਠ ਰਹੇ ਸਾਰੇ ਸ਼ੱਕ-ਸ਼ੁਬਹੇ ਖ਼ਤਮ ਹੋ ਗਏ ਹਨ। ਮਾਮਲੇ ਦੀ ਅਗਲੀ ਸੁਣਵਾਈ 6 ਦਸੰਬਰ ਨੂੰ ਹੋਵੇਗੀ ਤੇ ਅਦਾਲਤ ਨੇ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।




ਗੁਹਾਟੀ ਹਾਈ ਕੋਰਟ ਦੇ ਇਕ ਡਿਵੀਜ਼ਨ ਬੈਂਚ ਨੇ ਬੀਤੇ ਦਿਨ ਸੁਣਾਏ ਇਸ ਫੈਸਲੇ ਵਿਚ ਗ੍ਰਹਿ ਮੰਤਰਾਲੇ ਦੇ 1963 ਦੇ ਉਸ ਮਤੇ ਨੂੰ ਹੀ ਖਾਰਜ ਕਰ ਦਿੱਤਾ ਜਿਸ ਤਹਿਤ ਸੀ.ਬੀ.ਆਈ. ਕਾਇਮ ਕੀਤੀ ਗਈ ਸੀ। ਜਸਟਿਸ ਆਈ.ਏ. ਅਨਸਾਰੀ ਤੇ ਜਸਟਿਸ ਇੰਦਰਾ ਸ਼ਾਹ ਦੀ ਅਦਾਲਤ ਨੇ ਇਹ ਕਾਰਵਾਈ ਨਵੇਂਦਰ ਕੁਮਾਰ ਨਾਮੀ ਵਿਅਕਤੀ ਦੀ ਪਟੀਸ਼ਨ ਦੇ ਆਧਾਰ ਉਤੇ ਕੀਤੀ ਜਿਸ ਖਿਲਾਫ ਸੀਬੀਆਈ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

## ਸੱਜਣ ਕੁਮਾਰ ਵੱਲੋਂ ਫੌਰੀ ਲਾਹਾ ਲੈਣ ਦੀ ਕੋਸ਼ਿਸ਼

**ਨਵੀਂ ਦਿੱਲੀ:** ਗੁਹਾਟੀ ਹਾਈ ਕੋਰਟ ਵੱਲੋਂ ਸੀਬੀਆਈ ਨੂੰ ਗ਼ੈਰ ਸੰਵਿਧਾਨਕ ਕਰਾਰ ਦਿੱਤੇ ਜਾਣ ਦੀ 1984 ਦੇ ਸਿੱਖ ਵਿਰੋਧੀ ਦਿੱਲੀ ਦੰਗਿਆਂ ਸਬੰਧੀ ਕੇਸ ਦੇ ਮੁਲਜ਼ਮ ਕਾਂਗਰਸੀ ਆਗੂ ਸੱਜਣ ਕੁਮਾਰ ਨੇ ਫੌਰੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ।

ਜ਼ਿਲ੍ਹਾ ਜੱਜ ਜੇ.ਆਰ. ਆਰਿਅਨ ਦੀ ਅਦਾਲਤ ਵਿਚ ਜਦੋਂ ਉਸ ਖ਼ਿਲਾਫ਼ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਉਸ ਦੇ ਵਕੀਲ ਨੇ ਹਾਈ ਕੋਰਟ ਦੇ ਫੈਸਲੇ ਦਾ ਹਵਾਲਾ ਦੇ ਕੇ ਕਿਹਾ ਕਿ ਸੀ.ਬੀ.ਆਈ. ਤੇ ਉਸ ਦੀ ਸਾਰੀ ਕਾਰਵਾਈ ਹੁਣ ਗ਼ੈਰਕਾਨੂੰਨੀ ਹੈ ਪਰ ਅਦਾਲਤ ਅੱਗੇ ਇਹ ਦਲੀਲ ਕੰਮ ਨਾ ਆਈ।

ਜੱਜ ਨੇ ਕਿਹਾ ਕਿ ਇਸ ਫੈਸਲੇ ਦਾ ਪ੍ਰਭਾਵ ਹਾਲੇ ਸਪਸ਼ਟ ਨਹੀਂ ਹੈ ਤੇ ਇਸ ਬਾਰੇ ਕੁਝ ਵੀ ਕਹਿਣਾ ਕਾਹਲੀ ਹੋਵੇਗੀ। ਉਨ੍ਹਾਂ ਵਕੀਲ ਨੂੰ ਉਤੇ ਅੱਗੇ ਤੁਰਨ ਲਈ ਕਿਹਾ ਪਰ ਵਕੀਲ ਨੇ ਕਿਸੇ ਹੋਰ ਵਕੀਲ ਦੇ ਤੰਦਰੁਸਤ ਨਾ ਹੋਣ ਦਾ ਹਵਾਲਾ ਦਿੰਦਿਆਂ ਸੁਣਵਾਈ ਅੱਗੇ ਪਾਏ ਜਾਣ ਦੀ ਮੰਗ ਕੀਤੀ ਜਿਸ ਪਿੱਛੋਂ ਅਦਾਲਤ ਨੇ ਮਾਮਲਾ 15 ਨਵੰਬਰ ਤਕ ਟਾਲ ਦਿੱਤਾ।

## ਮਹਿਲਾ ਨੂੰ 11 ਸਾਲ ਨਿਰਵਸਤਰ ਕੈਦ ਰੱਖਿਆ

**ਸ਼ਿਕਾਗੋ:** ਮਿਸ਼ੇਲ ਨਾਈਟ ਨਾਂ ਦੀ ਔਰਤ ਨੇ 11 ਸਾਲ ਤਕ ਨਿਰਵਸਤਰ ਹਾਲਤ ਵਿਚ ਜ਼ੰਜੀਰਾਂ ਨਾਲ ਜਕੜੀ ਰੱਖਿਆ ਗਿਆ। ਇਹ ਦਿਲ ਕੰਬਾਊ ਦਾਸਤਾਨ ਉਸ ਨੇ ਡਾ. ਫਿਲ ਸ਼ੋਅ ਨਾਲ ਇਕ ਪੇਡ ਇੰਟਰਵਿਊ ਵਿਚ ਸੁਣਾਈ।

ਮਿਸ਼ੇਲ ਨੂੰ ਜਿਹੜੇ ਮਕਾਨ ਵਿਚ ਕੈਦ ਰੱਖਿਆ ਗਿਆ ਸੀ, ਉਸ ਨੂੰ ਹੁਣ ਕਲੀਵਲੈਂਡ ਦੇ ਡਰਾਉਣੇ ਘਰ ਵਜੋਂ ਜਾਣਿਆ ਜਾਂਦਾ ਹੈ। ਬਲਾਤਕਾਰੀ ਏਰੀਅਲ ਕਾਸਤਰੋ ਵੱਲੋਂ ਕੈਦ ਕਰਕੇ ਰੱਖੀਆਂ ਗਈਆਂ ਤਿੰਨ ਮਹਿਲਾਵਾਂ ਵਿਚੋਂ ਇਕ ਔਰਤ ਨੇ ਪਹਿਲੀ ਵਾਰ ਜਨਤਕ ਤੌਰ 'ਤੇ ਇੰਟਰਵਿਊ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਇਹ ਮਹਿਲਾ ਇਸ ਸਾਲ ਛੇ ਮਈ ਨੂੰ ਨਾਟਕੀ ਢੰਗ ਨਾਲ ਉਸ ਘਰ ਵਿਚੋਂ ਭੱਜਣ ਵਿਚ ਕਾਮਯਾਬ ਹੋ ਗਈ ਸੀ। ਮਿਸ਼ੇਲ ਨੂੰ ਕਾਸਤਰੋ ਨੇ ਸਾਲ 2002 ਵਿਚ ਸੜਕ ਤੋਂ ਚੁੱਕ ਲਿਆ ਸੀ। ਉਸ ਸਮੇਂ ਉਹ 20 ਸਾਲਾਂ ਦੀ ਸੀ। ਇਕ ਸਾਲ ਬਾਅਦ ਕਾਸਤਰੋ ਨੇ 16 ਸਾਲਾ ਪਮਾਂਡਾ ਬੈਰੀ ਨੂੰ ਬੰਦੀ ਬਣਾ ਲਿਆ। ਇਸ ਬਾਅਦ 2004 ਵਿਚ ਉਸ ਨੇ 14 ਸਾਲਾ ਜੀਨਾ ਡੀ ਜੀਸਸ ਨੂੰ ਅਗਵਾ ਕਰ ਲਿਆ।

ਜ਼ਿਕਰਯੋਗ ਹੈ ਕਿ 53 ਸਾਲਾ ਕਾਸਤਰੋ ਨੂੰ ਪਹਿਲੀ ਅਗਸਤ ਨੂੰ ਅਦਾਲਤ ਨੇ ਦੋਸ਼ੀ ਠਹਿਰਾ ਦਿੱਤਾ ਸੀ ਤੇ ਇਕ ਮਹੀਨੇ ਬਾਅਦ ਦੋਸ਼ੀ ਨੇ ਜੇਲ੍ਹ ਵਿਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ।

# ਜ਼ਹਿਰ ਨਾਲ ਕੀਤੀ ਸੀ ਯਾਸਰ ਅਰਾਫਾਤ ਦੀ ਹੱਤਿਆ

**ਪੈਰਿਸ:** ਫਲਸਤੀਨੀ ਨੇਤਾ ਯਾਸਿਰ ਅਰਾਫਾਤ ਦੀ ਸਾਲ 2004 ਵਿਚ ਰੇਡੀਓਧਰਮੀ ਪੋਲੋਨਿਅਮ ਜ਼ਹਿਰ ਦੇ ਕੇ ਹੱਤਿਆ ਕੀਤੀ ਗਈ ਸੀ। ਇਹ ਜਾਣਕਾਰੀ ਅਰਾਫਾਤ ਦੀ ਪਤਨੀ ਸੁਹਾ ਅਰਾਫਾਤ ਨੇ ਪੈਰਿਸ ਵਿਚ ਦਿੱਤੀ। ਸਵਿਟਜ਼ਰਲੈਂਡ ਫੋਰੈਂਸਿਕ ਵਿਭਾਗ ਨੇ ਪਿਛਲੇ ਸਾਲ ਨਵੰਬਰ ਵਿਚ ਅਰਾਫਾਤ ਦੀ ਕਬਰ ਵਿਚੋਂ ਉਸ ਦੀ ਲਾਸ਼ ਦੇ ਲਏ ਨਮੂਨਿਆਂ ਦੀ ਜਾਂਚ ਕੀਤੀ ਸੀ। ਜਾਂਚ ਵਿਚ ਵੀ ਇਹ ਸਾਬਤ ਹੋ ਗਿਆ ਸੀ ਕਿ ਫਲਸਤੀਨੀ ਨੇਤਾ ਨੂੰ ਪੋਲੋਨਿਅਮ ਜ਼ਹਿਰ ਦੇ ਕੇ ਮਾਰਿਆ ਗਿਆ ਸੀ।

ਗੌਰਤਲਬ ਹੈ ਕਿ 'ਲੌਸੇਨ ਯੂਨੀਵਰਸਿਟੀ ਹੌਸਪੀਟਲ ਇੰਸਟੀਚਿਊਟ ਆਫ ਰੇਡੀਏਸ਼ਨ ਫਿਜ਼ਿਕਸ' ਦੇ ਮਾਹਿਰਾਂ ਨੇ ਪਿਛਲੇ ਸਾਲ ਨਵੰਬਰ ਵਿਚ ਰਾਮੱਲਾ ਸ਼ਹਿਰ ਵਿਚ ਸਥਿਤ ਅਰਾਫਾਤ ਦੀ ਕਬਰ ਖੋਦ ਕੇ ਲਾਸ਼ ਦੇ ਨਮੂਨੇ ਤੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਸੀ ਕਿ ਕਿਤੇ ਉਸ ਨੂੰ ਜ਼ਹਿਰ ਦੇ ਕੇ ਤਾਂ ਨਹੀਂ ਮਾਰਿਆ ਗਿਆ। ਜਨੇਵਾ ਵਿਚ ਫੋਰੈਂਸਿਕ ਮਾਹਿਰਾਂ ਨਾਲ ਮਿਲਣ ਬਾਅਦ ਸੁਹਾ ਨੇ ਕਿਹਾ ਕਿ ਰਿਪੋਰਟ ਆਉਣ ਤੋਂ ਬਾਅਦ ਇਹ ਸਾਬਤ ਹੋ ਗਿਆ ਹੈ ਕਿ ਅਰਾਫਾਤ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ ਸੀ।

ਉਸ ਨੇ ਕਿਹਾ ਕਿ ਇਹ ਵਿਗਿਆਨਕ ਤੌਰ 'ਤੇ ਸਾਬਤ ਹੋ ਗਿਆ ਹੈ ਕਿ ਉਸ ਦੀ ਕੁਦਰਤੀ ਮੌਤ ਨਹੀਂ ਹੋਈ ਸੀ ਤੇ ਸਾਡੇ ਕੋਲ ਵਿਗਿਆਨਕ ਸਬੂਤ ਹਨ ਕਿ ਉਸ ਦੀ ਹੱਤਿਆ ਕੀਤੀ ਗਈ ਸੀ। ਹਾਲਾਂਕਿ ਅਰਾਫਾਤ ਦੀ ਮੌਤ ਲਈ ਸੁਹਾ ਨੇ ਕਿਸੇ ਦੇਸ਼ ਜਾਂ ਵਿਅਕਤੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ। ਫਲਸਤੀਨੀਆਂ ਨੂੰ ਸ਼ੱਕ ਸੀ ਕਿ ਉਨ੍ਹਾਂ ਦੇ ਨੇਤਾ ਦੀ ਹੱਤਿਆ ਪਿੱਛੇ ਇਸਰਾਈਲ ਦਾ ਹੱਥ ਹੈ ਜਿਸ ਨੇ ਉਨ੍ਹਾਂ ਨੂੰ ਢਾਈ ਸਾਲ ਤੱਕ ਰਾਮੱਲਾ ਮੁੱਖ ਦਫਤਰ ਵਿਚ ਨਜ਼ਰਬੰਦ ਰੱਖਿਆ ਸੀ।

## ਪਾਕਿ ਘੱਟਗਿਣਤੀਆਂ ਬਾਰੇ ਪੁਸਤਕ ਲਿਖੀ

**ਨਵੀਂ ਦਿੱਲੀ:** ਹਾਰੂਨ ਖਾਲਿਦ ਦੀ ਪੁਸਤਕ ਏ ਵ੍ਹਾਈਟ ਟਰੇਲ ਪਾਕਿਸਤਾਨ ਦੇ ਉਨ੍ਹਾਂ ਧਾਰਮਿਕ ਘੱਟ ਗਿਣਤੀਆਂ ਦੀ ਕਹਾਣੀ ਹੈ ਜੋ ਖ਼ੁਦ ਨੂੰ ਸੁਰੱਖਿਅਤ ਰੱਖਣ ਤੇ ਆਪਣੀ ਤਰੱਕੀ ਦੀ ਆਸ ਕਾਰਨ ਮੁਸਲਿਮ ਨਾਮ ਰੱਖ ਲੈਂਦੇ ਹਨ ਤੇ ਉਹ ਇਸਲਾਮਿਕ ਗਣਰਾਜ ਵਿਚ ਸਭਿਆਚਾਰਕ ਤੌਰ 'ਤੇ ਚੰਗੀ ਤਰ੍ਹਾਂ ਰਚਮਿਚ ਗਏ ਹਨ। ਪਾਕਿਸਤਾਨ ਦੇ ਧਾਰਮਿਕ ਘੱਟ ਗਿਣਤੀਆਂ ਬਾਰੇ ਜਾਣਨ ਲਈ ਖਾਲਿਦ ਨੇ ਗੁਰਦੁਆਰਿਆਂ, ਗਿਰਜਾਘਰਾਂ ਤੇ ਮੰਦਰਾਂ ਦਾ ਦੌਰਾ ਕੀਤਾ।

ਇਨ੍ਹਾਂ ਵਿਚੋਂ ਬਹੁਤੇ ਧਾਰਮਿਕ ਸਥਾਨ 1947 ਦੀ ਵੰਡ ਮਗਰੋਂ ਹੋਏ ਦੰਗਿਆਂ ਤੇ 1992 ਵਿਚ ਅਯੋਧਿਆ ਵਿਚ ਬਾਬਰੀ ਮਸਜਿਦ ਢਾਹੇ ਜਾਣ ਦਾ ਬਦਲਾ ਲੈਣ ਲਈ ਨਸ਼ਟ ਕਰ ਦਿੱਤੇ ਗਏ ਸਨ। ਖਾਲਿਦ ਲਈ ਘੱਟ ਗਿਣਤੀਆਂ ਦੀਆਂ ਧਾਰਮਿਕ ਆਸਥਾਵਾਂ ਤੇ ਲੋਕ ਕਥਾਵਾਂ ਨੂੰ ਲਿਖਤੀ ਰੂਪ ਦੇਣਾ ਸੌਖਾ ਨਹੀਂ ਸੀ।

## ਓਬਾਮਾ ਨੇ ਮੰਗੀ ਅਮਰੀਕੀਆਂ ਤੋਂ ਮੁਆਫੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਗ਼ੈਰਮਾਮੂਲੀ ਕਦਮ ਚੁੱਕਦਿਆਂ ਉਨ੍ਹਾਂ ਲੱਖਾਂ ਭੈਅਭੀਤ ਅਮਰੀਕੀਆਂ ਤੋਂ ਮੁਆਫੀ ਮੰਗੀ ਹੈ ਜਿਨ੍ਹਾਂ ਦੀਆਂ ਸਿਹਤ ਬੀਮਾ ਪਾਲਿਸੀਆਂ ਨੂੰ ਦੇਸ਼ ਦੇ ਹਾਲ ਹੀ ਵਿਚ ਬਣੇ ਸਿਹਤ ਕਾਨੂੰਨ ਕਾਰਨ ਰੱਦ ਕਰ ਦਿੱਤਾ ਗਿਆ ਹੈ। ਸ੍ਰੀ ਓਬਾਮਾ ਨੇ ਇਹ ਕਦਮ ਕਰੀਬ 1.20 ਕਰੋੜ ਅਮਰੀਕੀਆਂ ਨੂੰ ਬੀਮਾ ਕੰਪਨੀਆਂ ਵੱਲੋਂ ਉਨ੍ਹਾਂ ਦੀਆਂ ਪਾਲਿਸੀਆਂ ਓਬਾਮਾ ਕੇਅਰ ਵਜੋਂ ਜਾਣੇ ਜਾਂਦੇ ਕਾਨੂੰਨ ਦੀਆਂ ਸ਼ਰਤਾਂ ਉਤੇ ਖਰੀਆਂ ਨਾ ਉਤਰਨ ਕਾਰਨ ਰੱਦ ਕਰਨ ਦੇ ਨੋਟਿਸ ਜਾਰੀ ਹੋਣ ਤੋਂ ਬਾਅਦ ਚੁੱਕਿਆ ਹੈ।

ਇਸ ਕਾਨੂੰਨ ਉਤੇ ਸ੍ਰੀ ਓਬਾਮਾ ਨੇ ਪਿੱਛੇ ਜਿਹੇ ਸਹੀ ਪਾਈ ਸੀ। ਉਨ੍ਹਾਂ ਐਨਬੀਸੀ ਨਿਊਜ਼ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਇਸ ਕਾਨੂੰਨ ਨੂੰ ਬਣਾਉਣ ਸਮੇਂ ਬਹੁਤਾ ਵਧੀਆ ਕੰਮ ਨਹੀਂ ਕੀਤਾ। ਉਸ ਲਈ ਅਫ਼ਸੋਸ ਹੈ। ਇਸ ਮਸਲੇ ਦੇ ਹੱਲ ਲਈ ਜੋ ਵੀ ਜ਼ਰੂਰੀ ਹੋਇਆ, ਕੀਤਾ ਜਾਵੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਭਾਵੇਂ ਇਸ ਕਾਰਨ ਕੁਝ ਕੁ ਫੀਸਦੀ ਲੋਕਾਂ ਨੂੰ ਹੀ ਨੁਕਸਾਨ ਪੁੱਜਾ ਹੈ ਪਰ ਉਨ੍ਹਾਂ ਲਈ ਇਹ ਕਾਫੀ ਮਾਅਨੇ ਰੱਖਦਾ ਹੈ। ਸ੍ਰੀ ਓਬਾਮਾ ਨੇ ਇਹ ਟਿੱਪਣੀਆਂ ਇਸ ਕਾਨੂੰਨ ਤਹਿਤ ਬਣਾਈ ਗਈ ਵੈੱਬਸਾਈਟ ਹੈਲਥਕੇਅਰ ਡਾਟ ਗੌਰਮਿੰਟ ਵਿਚ ਕੁਝ ਹਫਤੇ ਪਹਿਲਾਂ ਆਈਆਂ ਗੰਭੀਰ ਸਮੱਸਿਆਵਾਂ ਤੋਂ ਬਾਅਦ ਕੀਤੀਆਂ ਹਨ।

# ਪ੍ਰਸ਼ਾਂਤ ਮਹਾਂਸਾਗਰ 15 ਗੁਣਾ ਵੱਧ ਰਫਤਾਰ ਨਾਲ ਗਰਮ

**ਵਾਸ਼ਿੰਗਟਨ:** ਪ੍ਰਸ਼ਾਂਤ ਮਹਾਸਾਗਰ ਦੇ ਅੰਦਰਲੇ ਹਿੱਸੇ ਪਿਛਲੇ 10,000 ਸਾਲਾਂ ਦੌਰਾਨ ਜਿੰਨਾ ਗਰਮ ਹੋਏ ਸਨ, ਹੁਣ ਉਸ ਤੋਂ 15 ਗੁਣਾ ਵਧੇਰੇ ਤੇਜ਼ੀ ਨਾਲ ਗਰਮ ਹੋ ਰਹੇ ਹਨ। ਇਹ ਖੁਲਾਸਾ ਨਵੇਂ ਅਧਿਐਨ ਵਿਚ ਹੋਇਆ ਹੈ। ਹਾਲ ਹੀ ਵਿਚ ਆਲਮੀ ਤਪਸ਼ ਦੀ ਰਫ਼ਤਾਰ ਥੋੜ੍ਹੀ ਮੱਠੀ ਪੈਣ ਨਾਲ ਕੁਝ ਸ਼ੰਕਾਵਾਦੀਆਂ ਦੇ ਇਹ ਦਾਅਵੇ ਮੁੜ ਪੱਕੇ ਹੋਏ ਹਨ ਕਿ ਸਨਅਤੀ ਕਾਰਬਨ ਦੀ ਨਿਕਾਸੀ ਧਰਤੀ ਦੀ ਸਤ੍ਹਾ ਦੇ ਇਕ ਸਦੀ ਤੋਂ ਵਧ ਰਹੇ ਤਾਪਮਾਨ ਦਾ ਕਾਰਨ ਨਹੀਂ ਹੈ।

ਇਹ ਅਧਿਐਨ ਇਸ ਧਾਰਨਾ ਦਾ ਵੀ ਪੱਖ ਪੂਰਦਾ ਹੈ ਕਿ ਘੱਟੋ ਘੱਟ ਆਰਜ਼ੀ ਤੌਰ 'ਤੇ ਹੀ ਸਹੀ, ਸਮੁੰਦਰ ਵਧੀਕ ਤਪਸ਼ ਦਾ ਕੁਝ ਹਿੱਸਾ ਚੂਸ ਰਹੇ ਹਨ। ਪਿਛਲੇ 10,000 ਸਾਲ ਦੌਰਾਨ ਪ੍ਰਸ਼ਾਂਤ ਮਹਾਸਾਗਰ ਵਿਚਲੇ ਤਾਪਮਾਨ 'ਤੇ ਮੁੜ ਨਜ਼ਰਸਾਨੀ ਦੌਰਾਨ ਖੋਜੀਆਂ ਨੇ ਦੇਖਿਆ ਕਿ ਇਸ ਦੀਆਂ ਵਿਚਕਾਰਲੀਆਂ ਡੂੰਘਾਣਾਂ ਪਿਛਲੇ 60 ਸਾਲ ਵਿਚ 15 ਗੁਣਾ ਵੱਧ ਰਫ਼ਤਾਰ ਨਾਲ ਗਰਮ ਹੋਈਆਂ ਹਨ ਜਿੰਨਾ ਕਿ ਪਿਛਲੇ 10,000 ਸਾਲ ਦੌਰਾਨ ਇਹ ਕੁਦਰਤੀ ਢੰਗ ਨਾਲ ਤਪਸ਼ ਵਧਣ ਦੌਰਾਨ ਹੋਈਆਂ ਸਨ।

ਕੋਲੰਬੀਆ ਯੂਨੀਵਰਸਿਟੀ ਦੀ ਲੇਮੋਂਟ-ਡੋਹਰਟੀ ਅਰਥ ਅਬਜ਼ਰਵੇਟਰੀ ਤੇ ਬਰੈਡੌਕ ਲਿੰਸਲੇ ਜੋ ਇਸ ਅਧਿਐਨ ਦੇ ਸਹਿ-ਲੇਖਕ ਵੀ ਹਨ, ਨੇ ਦੱਸਿਆ ਕਿ ਇਹ ਟੀਮ ਸਾਰੀ ਗਰਮੀ ਮਹਾਸਾਗਰ ਵੱਲ ਧੱਕੀ ਜਾ ਰਹੀ ਹੈ ਤੇ ਇਸ ਦੌਰਾਨ ਇਹ ਵੀ ਨਹੀਂ ਦੇਖਿਆ ਜਾ ਰਿਹਾ ਕਿ



ਇਸ ਦਾ ਕੀ ਸਿੱਟਾ ਨਿਕਲੇਗਾ ਜਾਂ ਇਸ ਦਾ ਵਾਤਾਵਰਨ 'ਤੇ ਕੀ ਅਸਰ ਪਏਗਾ। ਲਿੰਸਲੇ ਅਨੁਸਾਰ ਇਹ ਅਹਿਮ ਨਹੀਂ ਹੈ ਕਿ ਤਬਦੀਲੀ ਕਿੰਨੀ ਵਾਪਰੀ, ਬਲਕਿ ਤਬਦੀਲੀ ਦੀ ਦਰ ਵਧੇਰੇ ਜ਼ਿਕਰਯੋਗ ਹੈ।

## ਮਿਸ਼ੇਲ ਓਬਾਮਾ ਨੇ ਮਨਾਈ ਦੀਵਾਲੀ

**ਵਾਸ਼ਿੰਗਟਨ:** ਮੁੰਬਈ ਵਿਚ ਆਪਣੇ ਡਾਂਸ ਨਾਲ ਭਾਰਤੀਆਂ ਦੇ ਦਿਲ ਜਿੱਤਣ ਤੋਂ ਤਿੰਨ ਸਾਲ ਬਾਅਦ ਅਮਰੀਕੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ ਵ੍ਹਾਈਟ ਹਾਊਸ ਵਿਚ ਭਾਰਤੀ-ਅਮਰੀਕੀ ਬੱਚਿਆਂ ਨਾਲ ਰਲ ਕੇ ਹਿੰਦੀ ਫਿਲਮੀ ਗੀਤਾਂ ਦੀ ਤਰਜ਼ 'ਤੇ ਖ਼ੂਬ ਠੁਮਕੇ ਲਾਏ। ਵ੍ਹਾਈਟ ਹਾਊਸ ਵਿਚ ਪਹਿਲੀ ਵਾਰ ਦੀਵਾਲੀ ਦਾ ਤਿਓਹਾਰ ਮਨਾਉਂਦਿਆਂ ਮਿਸ਼ੇਲ ਨੇ ਵੈਦਿਕ ਮੰਤਰਾਂ ਦੇ ਜਾਪ ਦੌਰਾਨ ਦੀਵਾ ਬਾਲਿਆ। 2009 ਵਿਚ ਰਾਸ਼ਟਰਪਤੀ ਓਬਾਮਾ ਨੇ ਪਹਿਲੀ ਵਾਰ ਵ੍ਹਾਈਟ ਹਾਊਸ ਵਿਚ ਦੀਵਾਲੀ ਦੇ ਜਸ਼ਨਾਂ ਵਿਚ ਸ਼ਿਰਕਤ ਕੀਤੀ ਸੀ।



ਮਿਸ਼ੇਲ ਨੇ ਕਿਹਾ ਕਿ ਛੁੱਟੀ ਦਾ ਇਹ ਦਿਨ ਦੁਨੀਆ ਦੇ ਸਭ ਤੋਂ ਪ੍ਰਾਚੀਨ ਧਰਮਾਂ ਵਿਚ ਸ਼ੁਮਾਰ ਭਾਈਚਾਰਿਆਂ ਦੇ ਮੈਂਬਰਾਂ ਵੱਲੋਂ ਪੂਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ। ਦੀਵਾ ਬਾਲਣ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਇਹ ਸਮਾਂ ਹੈ ਕਿ ਮਾਨਵਜਾਤੀ ਖ਼ਾਸ ਕਰਕੇ ਦੱਬੇ-ਕੁਚਲੇ ਤੇ ਸਾਧਨਾਂ ਤੋਂ ਮਰਹੂਮ ਲੋਕਾਂ ਪ੍ਰਤੀ ਆਪਣੇ ਫਰਜ਼ਾਂ ਬਾਰੇ ਸੋਚਿਆ ਜਾਵੇ। ਬੀਬੀ ਮਿਸ਼ੇਲ ਨੂੰ ਕੌਂਸਲ ਆਫ ਹਿੰਦੂ ਟੈਂਪਲ ਆਫ ਨੌਰਥ ਅਮਰੀਕਾ ਦੀ ਮੁਖੀ ਮੈਥਲੀ ਬਾਬੂ ਨੇ ਭਾਰਤੀ-ਅਮਰੀਕੀ ਭਾਈਚਾਰੇ ਦੀ ਹਾਜ਼ਰੀ ਵਿਚ ਹਾਰ ਪਹਿਨਾਇਆ।

# ਭਾਰਤ ਦਾ ਅਰਬਪਤੀਆਂ ਪੱਖੋਂ ਵਿਸ਼ਵ ਵਿਚ ਛੇਵਾਂ ਸਥਾਨ

**ਲੰਡਨ:** ਫਰਾਂਸ, ਸਾਊਦੀ ਅਰਬ, ਸਵਿਟਜ਼ਰਲੈਂਡ ਤੇ ਹਾਂਗਕਾਂਗ ਦੇ ਮੁਕਾਬਲੇ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਜ਼ਿਆਦਾ ਹੈ ਤੇ ਇਹ ਦੁਨੀਆ ਭਰ ਵਿਚ ਰਈਸਾਂ ਪੱਖੋਂ ਛੇਵਾਂ ਸਭ ਤੋਂ ਵੱਡਾ ਸਮੂਹ ਹੈ। ਭਾਰਤ ਦੀ ਮਾਲੀ ਰਾਜਧਾਨੀ ਮੁੰਬਈ ਵਿਚ 30 ਅਰਬਪਤੀ ਹਨ ਜਦਕਿ ਨਿਊਯਾਰਕ 96 ਅਰਬਪਤੀਆਂ ਨਾਲ ਸਭ ਤੋਂ ਉੱਪਰ ਹੈ। ਹਾਂਗਕਾਂਗ, ਮਾਸਕੋ ਤੇ ਲੰਡਨ ਵਿਚ ਕ੍ਰਮਵਾਰ 75, 74 ਤੇ 67 ਅਰਬਪਤੀ ਹਨ। ਇਹ ਅੰਕੜੇ ਵੈਲਥ ਐਕਸ ਐਂਡ ਯੂਬੀਐਸ ਬਿਲੀਅਨੇਅਰ ਸੈਂਸਸ ਰਿਪੋਰਟ-2013 ਵਿਚ ਦਰਜ ਕੀਤੇ ਗਏ ਹਨ।

ਹਾਲਾਂਕਿ ਭਾਰਤ ਵਿਚ ਜੁਲਾਈ 2012 ਤੋਂ ਜੁਲਾਈ 2013 ਤੱਕ ਅਰਬਪਤੀਆਂ ਦੀ ਗਿਣਤੀ ਘਟੀ ਹੈ ਪਰ ਤਾਂ ਵੀ ਇਹ 103 ਅਰਬਪਤੀਆਂ ਨਾਲ ਛੇਵੇਂ ਨੰਬਰ 'ਤੇ ਹੈ। ਜਰਮਨੀ (148), ਬਰਤਾਨੀਆ (135) ਤੇ ਰੂਸ (108) ਚੋਟੀ ਦੇ ਪੰਜ ਮੁਲਕਾਂ ਵਿਚ ਆਉਂਦੇ ਹਨ। ਅਮਰੀਕਾ 515 ਬੇਹੱਦ ਧਨਾਢ ਵਿਅਕਤੀਆਂ ਨਾਲ ਪਹਿਲੇ ਤੇ ਚੀਨ 157 ਅਰਬਪਤੀਆਂ ਨਾਲ ਦੂਜੇ ਨੰਬਰ 'ਤੇ ਹੈ। ਰਿਪੋਰਟ ਮੁਤਾਬਕ ਭਾਰਤ ਦੇ ਅਰਬਪਤੀਆਂ ਦੀ ਗਿਣਤੀ ਵਿਚ 5.5 ਫੀਸਦੀ ਕਮੀ ਆਈ ਹੈ ਤੇ ਇਨ੍ਹਾਂ ਦੀ ਕੁੱਲ ਸੰਪਤੀ 10 ਅਰਬ ਡਾਲਰ ਘਟ ਕੇ 180 ਅਰਬ ਡਾਲਰ 'ਤੇ ਆ ਗਈ ਹੈ।



ਉਂਜ, ਦੁਨੀਆਂ ਦੇ ਕੁੱਲ ਅਰਬਪਤੀਆਂ ਦੀ ਗਿਣਤੀ 0.5 ਫੀਸਦ ਵਧੀ ਹੈ ਤੇ ਇਨ੍ਹਾਂ ਦੀ ਕੁੱਲ ਧਨ-ਸੰਪਦਾ ਵਿਚ 5.3 ਫੀਸਦ ਵਾਧਾ ਹੋਇਆ ਹੈ। 2013 ਦੁਨੀਆਂ ਭਰ ਵਿਚ ਕੁੱਲ 2173 ਅਰਬਪਤੀ ਸਨ ਜਿਨ੍ਹਾਂ ਦੀ ਕੁੱਲ ਧਨ-ਸੰਪਦਾ 6.5 ਖਰਬ ਡਾਲਰ ਸੀ ਜੋ ਅਮਰੀਕਾ ਤੇ ਚੀਨ ਨੂੰ ਛੱਡ ਕੇ ਬਾਕੀ ਕਿਸੇ ਵੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਤੋਂ ਜ਼ਿਆਦਾ ਹੈ। ਰਿਪੋਰਟ ਵਿਚ ਦਰਜ ਕੀਤਾ ਗਿਆ ਹੈ ਕਿ ਭਾਰਤੀ ਅਰਬਪਤੀਆਂ ਲਈ ਸਨਅਤੀ ਸਮੂਹ ਤੇ ਫਾਰਮਾਸਿਊਟੀਕਲ ਕੰਪਨੀਆਂ ਸਭ ਤੋਂ ਅਹਿਮ ਹਨ। ਪਿਛਲੇ ਮਹੀਨੇ ਅਮਰੀਕਾ ਦੇ ਕਾਰੋਬਾਰੀ ਮੈਗਜ਼ੀਨ ਫੋਰਬਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਭਾਰਤ ਵਿਚ ਕੁੱਲ 65 ਅਰਬਪਤੀ ਹਨ ਜਿਨ੍ਹਾਂ ਵਿਚੋਂ 21 ਅਰਬ ਡਾਲਰ ਦੀ ਸੰਪਤੀ ਨਾਲ ਰਿਲਾਇੰਸ ਇੰਡਸਟਰੀਜ਼ ਦਾ ਮਾਲਕ ਮੁਕੇਸ਼ ਅੰਬਾਨੀ ਲਗਾਤਾਰ ਛੇਵੇਂ ਸਾਲ ਸਭ ਤੋਂ ਉੱਪਰ ਚੱਲ ਰਿਹਾ ਸੀ।

## ਵੈਨੇਜ਼ੁਏਲਾ ਦੀ ਗੈਬਰੀਏਲਾ ਬਣੀ ਮਿਸ ਯੂਨੀਵਰਸ

**ਮਾਸਕੋ:** ਰੂਸ ਦੀ ਰਾਜਧਾਨੀ ਮਾਸਕੋ ਵਿਚ ਮਿਸ ਯੂਨੀਵਰਸ 2013 ਦਾ ਤਾਜ ਵੈਨਜ਼ੁਏਲਾ ਦੀ ਟੈਲੀਵਿਜ਼ਨ ਹੋਸਟ ਗੈਬਰੀਏਲਾ ਇਜ਼ਲਰ ਨੇ ਪਹਿਨ ਲਿਆ। ਗੈਬਰੀਏਲਾ, ਵੈਨਜ਼ੁਏਲਾ ਦੀ ਸੱਤਵੀਂ ਅਜਿਹੀ ਲੜਕੀ ਹੈ ਜਿਸ ਨੇ ਮਿਸ ਯੂਨੀਵਰਸ ਦਾ ਖ਼ਿਤਾਬ ਹਾਸਲ ਕੀਤਾ।

86 ਪ੍ਰਤੀਯੋਗੀਆਂ ਨਾਲ ਮੁਕਾਬਲੇ ਤੋਂ ਬਾਅਦ ਮਿਸ ਯੂਨੀਵਰਸ ਦਾ ਤਾਜ ਪ੍ਰਾਪਤ ਕਰਕੇ ਗੈਬਰੀਏਲਾ ਖ਼ੁਸ਼ੀ ਨਾਲ ਖੀਵੀ ਹੋ ਰਹੀ ਸੀ। ਪਿਛਲੇ ਸਾਲ ਦੀ ਜੇਤੂ ਅਮਰੀਕਾ ਦੀ ਓਲੀਵੀਆ ਕੁਲਪੋ ਨੇ ਜਦੋਂ ਹੀਰਿਆਂ ਜੜਿਆ ਤਾਜ ਉਸ ਦੇ ਸਿਰ 'ਤੇ ਰੱਖਿਆ ਤਾਂ ਉਸ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ।

# ਕਿਊਬੈਕ ਵੱਲੋਂ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਬਾਰੇ ਬਿੱਲ ਪੇਸ਼



**ਵੈਨਕੂਵਰ:** ਦੇਸ਼ ਭਰ ਵਿਚ ਹੋ ਰਹੇ ਤਿੱਖੇ ਵਿਰੋਧ ਦੇ ਬਾਵਜੂਦ ਕੈਨੇਡਾ ਦੀ ਵੱਖਵਾਦੀ ਕਿਊਬੈਕ ਸਰਕਾਰ ਵੱਲੋਂ ਵਿਵਾਦ ਪੂਰਨ ਬਿੱਲ 'ਚਾਰਟਰ ਆਫ਼ ਵੈਲਿਊਜ਼' ਵਿਧਾਨ ਸਭਾ ਵਿਚ ਪੇਸ਼ ਕਰ ਦਿੱਤਾ ਗਿਆ। ਪਾਰਟੀ ਕਿਊਬੈਕ ਦੇ ਲੋਕ-ਰਾਜੀ ਸੰਸਥਾਵਾਂ ਦੇ ਮੰਤਰੀ ਬਰਨਾਰਡ ਡਰੇਨਵਿੱਲ ਵੱਲੋਂ ਬਿੱਲ 60 ਨੂੰ 'ਨੈਸ਼ਨਲ ਅਸੈਂਬਲੀ' ਵਿਚ ਜਿਉਂ ਹੀ ਪੇਸ਼ ਕੀਤਾ ਗਿਆ ਤਾਂ ਹਾਊਸ ਲੀਡਰ ਸਰੈਫੀਨ ਬਡਾਰਡ ਨੇ ਪਹਿਲੀ ਪੜ੍ਹਤ ਨੂੰ ਸਰਕਾਰ ਦੇ ਵਿਸ਼ਵਾਸ ਮੱਤ ਵਜੋਂ ਕਰਾਰ ਦੇਣ ਦਾ ਐਲਾਨ ਕੀਤਾ।

ਇਸ ਦਾ ਤਿੱਖਾ ਵਿਰੋਧ ਕਰਦਿਆਂ ਲਿਬਰਲ ਹਾਊਸ ਲੀਡਰ ਪੈਰੀ ਮੌਰੀਉ ਨੇ ਕਿਹਾ ਕਿ ਪਹਿਲੀ ਪੜ੍ਹਤ ਦਾ ਅਰਥ ਸਿਰਫ਼ ਇਹ ਹੈ ਕਿ ਨੈਸ਼ਨਲ ਅਸੈਂਬਲੀ ਬਿੱਲ ਰੱਖਣ ਲਈ ਸਹਿਮਤ ਹੈ ਨਾ ਕਿ ਸਰਕਾਰ ਦੇ ਹੱਕ ਵਿਚ ਵਿਸ਼ਵਾਸ ਮਤੇ ਲਈ। ਵਿਧਾਨ ਸਭਾ ਵਿਚ ਤਿੰਨੇ ਵਿਰੋਧੀ ਪਾਰਟੀਆਂ ਡਰੇਨਵਿੱਲ ਦੇ ਬਿੱਲ ਨੂੰ ਰੱਦ ਕਰਵਾਉਣ ਲਈ ਬਜ਼ਿੱਦ ਹਨ। ਇਸ ਤੋਂ ਪਹਿਲਾਂ ਮੰਤਰੀ ਨੇ ਕੈਨੇਡਾ ਭਰ ਵਿਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਦੀ ਮਦ ਖ਼ਿਲਾਫ਼ ਹੋਏ ਰੋਸ ਪ੍ਰਦਰਸ਼ਨਾਂ ਮਗਰੋਂ ਯਕੀਨ ਦੁਆਇਆ ਸੀ ਕਿ ਉਹ ਬਿੱਲ ਵਿਚ ਇਸ ਬਾਰੇ ਸੋਧਾਂ ਕਰਨਗੇ ਪਰ ਉਨ੍ਹਾਂ ਵੱਲੋਂ ਪੇਸ਼ ਬਿੱਲ 60 ਕਿਊਬੈਕ ਵਿਚ ਸਰਕਾਰੀ ਨੌਕਰੀਆਂ ਉਪਰ ਧਾਰਮਿਕ ਚਿੰਨ੍ਹ ਪਾਉਣ 'ਤੇ ਪਾਬੰਦੀ ਲਾਉਂਦਾ ਹੈ। ਇਸ ਤੋਂ ਇਲਾਵਾ ਫਰਾਂਸ ਵਾਂਗ ਸਕੂਲਾਂ ਵਿਚ ਵੀ ਧਾਰਮਿਕ ਪੁਸ਼ਾਕ 'ਤੇ ਰੋਕ ਲਾਉਣਾ ਇਸ ਬਿੱਲ ਦਾ ਹਿੱਸਾ ਹੈ।

ਇਸ ਬਾਰੇ ਕੈਨੇਡਾ ਦੇ ਬਹੁ-ਸੱਭਿਆਚਾਰਕ ਰਾਜ ਮੰਤਰੀ ਟਿਮ ਉਪਲ ਨੇ ਕਿਹਾ ਕਿਊਬੈਕ ਸਰਕਾਰ ਵੱਲੋਂ ਦਸਤਾਰ, ਹਿਜਾਬ, ਬੁਰਕੇ ਆਦਿ ਸਮੇਤ ਘੱਟ ਗਿਣਤੀਆਂ ਦੇ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਵਾਲਾ ਬਿੱਲ ਸਿਆਸਤ ਤੋਂ ਪ੍ਰੇਰਿਤ ਹੈ ਜਿਸ ਨੂੰ ਕਿਸੇ ਵੀ ਸੂਰਤ ਵਿਚ ਪਾਸ ਨਹੀਂ ਹੋਣ ਦਿੱਤਾ ਜਾਵੇਗਾ। ਸ. ਉਪਲ ਨੇ ਕਿਹਾ ਕਿ ਕੈਨੇਡਾ ਦੀ ਹਾਰਪਰ ਸਰਕਾਰ ਇਸ ਨੂੰ ਅਦਾਲਤ 'ਚ ਚੁਣੌਤੀ ਦੇਵੇਗੀ। ਉਨ੍ਹਾਂ ਕਿਹਾ ਕਿ ਉਹ ਕੈਨੇਡਾ ਦੀ ਬਹੁ-ਸੱਭਿਆਚਾਰਕਤਾ ਦੇ ਪੱਖੋਂ ਦਸਤਾਰ ਸਮੇਤ ਹਰੇਕ ਧਾਰਮਿਕ ਵਿਸ਼ਵਾਸ ਲਈ ਬਰਾਬਰ ਦਾ ਸਤਿਕਾਰ ਰੱਖਦੇ ਹਨ।

## ਤਾਨਾਸ਼ਾਹੀ ਨੀਤੀਆਂ ਦਾ ਸਬੂਤ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਊਬਕ ਦੀ ਸੂਬਾਈ ਸਰਕਾਰ ਵੱਲੋਂ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਬਾਰੇ ਪੇਸ਼ ਕੀਤੇ ਬਿੱਲ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿਚ ਹੋ ਰਹੇ ਵਿਰੋਧ ਦੇ ਬਾਵਜੂਦ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣਾ ਸਿੱਖਾਂ ਤੇ ਦੂਸਰੇ ਧਰਮਾਂ ਨਾਲ ਸਰਾਸਰ ਧੱਕਾ ਹੈ। ਉਨ੍ਹਾਂ ਕਿਹਾ ਕਿ ਕਿਊਬੇਕ ਦੀ ਸੂਬਾਈ ਸਰਕਾਰ ਵੱਲੋਂ ਸਿੱਖਾਂ ਤੇ ਦੂਜੇ ਧਰਮਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਖਿਆਲ ਰੱਖੇ ਬਿਨਾਂ ਹੀ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਵਾਲੇ 'ਚਾਰਟਰ ਆਫ਼ ਕਿਊਬੇਕ ਵੈਲਿਊਜ਼' ਦੇ ਖਰੜੇ ਨੂੰ ਅੰਤਿਮ ਰੂਪ ਦੇਣਾ ਸਰਕਾਰ ਦੀਆਂ ਤਾਨਾਸ਼ਾਹੀ ਨੀਤੀਆਂ ਦਾ ਸਬੂਤ ਪੇਸ਼ ਕਰਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਪੱਤਰ ਲਿਖ ਕੇ ਸਿੱਖਾਂ ਨਾਲ ਹੋ ਰਹੀ ਬੇਇਨਸਾਫ਼ੀ ਖ਼ਿਲਾਫ਼ ਤੁਰੰਤ ਕਰਵਾਈ ਕਰਵਾਉਣ।

## ਕਿਸਾਨ ਨੂੰ ਜਿਉਂਦਾ ਸਾੜਿਆ

**ਬਾਜਾਖਾਨਾ:** ਥਾਣਾ ਬਾਜਾਖਾਨਾ ਅਧੀਨ ਪੈਂਦੇ ਪਿੰਡ ਗੁਰੂਸਰ ਵਿਚ ਇਕ ਕਿਸਾਨ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ ਗਈ ਜਿਸ ਕਾਰਨ ਉਸ ਦੀ ਮੌਤ ਹੋ ਗਈ।

ਪੁਲਿਸ ਅਨੁਸਾਰ ਜਸਕਰਨ ਸਿੰਘ ਪੁੱਤਰ ਗੁਰਾਦਿੱਤਾ ਸਿੰਘ ਸਵੇਰੇ ਖੇਤ ਵਿਚ ਕੰਮ ਕਰ ਰਿਹਾ ਸੀ ਕਿ ਕੁਝ ਵਿਅਕਤੀਆਂ ਨੇ ਮਸ਼ੀਨ ਲਾ ਕੇ ਉਥੇ ਬੋਰ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਜਸਕਰਨ ਸਿੰਘ ਨੇ ਇਸ ਦਾ ਵਿਰੋਧ ਕੀਤਾ ਤਾਂ ਉਹ ਉਸ ਦੇ ਗਲ ਪੈ ਗਏ। ਇਸ ਤੋਂ ਬਾਅਦ ਉਹ ਆਪਣੇ ਦੋ ਮੁੰਡਿਆਂ ਨੂੰ ਨਾਲ ਲੈ ਕੇ ਆਪਣੇ ਖੇਤ ਵਿਚ ਆ ਗਿਆ ਤਾਂ ਉਥੇ ਮੌਜੂਦ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਕੁੱਟਮਾਰ ਸ਼ੁਰੂ ਕਰ ਦਿੱਤੀ।

ਇਸ ਦੌਰਾਨ ਉਨ੍ਹਾਂ ਜਸਕਰਨ ਸਿੰਘ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ। ਪਰਿਵਾਰਕ ਮੈਂਬਰ ਉਸ ਨੂੰ ਤੁਰੰਤ ਹਸਪਤਾਲ ਲੈ ਆਏ ਜਿਥੇ ਉਸ ਦੀ ਮੌਤ ਗਈ। ਮ੍ਰਿਤਕ ਕਿਸਾਨ ਨੇ ਇਕ ਸਾਲ ਪਹਿਲਾਂ ਇਹ ਜ਼ਮੀਨ ਵੀਰਪਾਲ ਕੌਰ ਪਤਨੀ ਗੁਰਨਾਮ ਸਿੰਘ, ਵਾਸੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਨੂੰ ਵੇਚ ਦਿੱਤੀ ਸੀ ਪਰ ਜ਼ਮੀਨ ਦੀ ਪੂਰੀ ਕੀਮਤ ਨਾ ਮਿਲਣ ਕਰ ਕੇ ਜਸਕਰਨ ਸਿੰਘ ਤੇ ਵੀਰਪਾਲ ਕੌਰ ਵਿਚਾਲੇ ਵਿਵਾਦ ਚੱਲ ਰਿਹਾ ਸੀ ਤੇ ਜਸਕਰਨ ਸਿੰਘ ਨੇ ਸਟੇਅ ਲਿਆ ਹੋਇਆ ਸੀ।

ਪੁਲਿਸ ਨੇ ਕੁਲਦੀਪ ਸਿੰਘ ਦੇ ਬਿਆਨ ਦੇ ਆਧਾਰ 'ਤੇ ਵੀਰਪਾਲ ਕੌਰ, ਗੁਰਨਾਮ ਸਿੰਘ ਵਾਸੀ ਭੈਣੀ ਸਾਹਿਬ, ਲਖਵੀਰ ਸਿੰਘ ਵਾਸੀ ਬਰਗਾੜੀ, ਪੰਮਾ ਸਿੰਘ ਵਾਸੀ ਜਲਾਲਾਬਾਦ, ਬਲਕਾਰ ਸਿੰਘ ਵਾਸੀ ਗੁਰੂਸਰ, ਅੰਮ੍ਰਿਤਪਾਲ ਉਰਫ਼ ਅੰਬੂ ਵਾਸੀ ਬਰਗਾੜੀ ਵਿਰੁੱਧ ਧਾਰਾ ਕੇਸ ਦਰਜ ਕਰ ਲਿਆ ਹੈ।

*To Advertise with Punjab Times*
***Call: 847-359-0746***

# ਨਸਲੀ ਹਮਲੇ ਦੇ ਸ਼ਿਕਾਰ ਬਜ਼ੁਰਗ ਨੇ ਦਮ ਤੋੜਿਆ

**ਲੰਡਨ:** ਬਰਤਾਨੀਆ ਵਿਚ ਇਕ ਗੋਰੀ ਲੜਕੀ ਹੱਥੋਂ ਕੁੱਟਮਾਰ ਦਾ ਸ਼ਿਕਾਰ ਹੋਏ ਸਿੱਖ ਬਜ਼ੁਰਗ ਨੇ ਦਮ ਤੋੜ ਦਿੱਤਾ ਹੈ। ਵੈਸਟ ਮਿਡਲੈਂਡਜ਼ ਪੁਲਿਸ ਮੁਤਾਬਕ ਕੈਨਲੇ ਵਾਸੀ ਜੋਗਿੰਦਰ ਸਿੰਘ ਨੂੰ ਘਾਤਕ ਹਮਲੇ ਪਿੱਛੋਂ ਹਸਪਤਾਲ ਦਾਖਲ ਕਰਾਇਆ ਗਿਆ ਸੀ। ਇਹ ਹਮਲਾ ਟਰਾਈਨਿਟੀ ਸਟਰੀਟ ਵਿਚ 10 ਅਗਸਤ ਨੂੰ ਕੀਤਾ ਗਿਆ ਸੀ। ਇਲਾਜ ਤੋਂ ਬਾਅਦ ਬਜ਼ੁਰਗ ਨੂੰ ਭਾਵੇਂ ਇਕ ਵਾਰ ਹਸਪਤਾਲ ਤੋਂ ਛੁੱਟੀ ਮਿਲ ਗਈ ਪਰ ਉਹ ਛੇਤੀ ਹੀ ਬੀਮਾਰ ਹੋ ਗਿਆ ਤੇ ਮੁੜ ਹਸਪਤਾਲ ਦਾਖਲ ਕਰਵਾਇਆ ਗਿਆ ਤੇ ਫਿਰ ਹਸਪਤਾਲ ਵਿਚ ਹੀ ਜੋਗਿੰਦਰ ਸਿੰਘ ਦੀ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ ਜੋਗਿੰਦਰ ਸਿੰਘ ਉਤੇ 10 ਅਗਸਤ ਨੂੰ ਟਰਾਈਨਿਟੀ ਸਟਰੀਟ ਵਿਚ ਇਕ ਗੋਰੀ ਕੋਰਲ ਮਿਲਰਚਿਪ ਵੱਲੋਂ ਹਮਲਾ ਕੀਤਾ ਗਿਆ। ਉਸ ਨੇ ਪਹਿਲਾਂ ਬਜ਼ੁਰਗ ਦੇ ਮੂੰਹ ਉਤੇ ਮੁੱਕੇ ਮਾਰੇ ਤੇ ਫਿਰ ਡਿੱਗਣ ਉਪਰੰਤ ਠੁੱਡੇ ਮਾਰੇ ਤੇ ਉਸ ਦੇ ਮੂੰਹ ਉਤੇ ਵੀ ਥੁੱਕਿਆ ਸੀ। ਇਸ ਦਿਲ ਕੰਬਾਊ ਘਟਨਾ ਨੂੰ ਕਿਸੇ ਨੇ ਮੋਬਾਈਲ ਫੋਨ ਉਤੇ ਰਿਕਾਰਡ ਕਰ ਲਿਆ ਸੀ। ਗੋਰੀ ਮਿਲਰਚਿਪ 'ਤੇ ਬਜ਼ੁਰਗ ਉਤੇ ਬੁਰੀ ਤਰ੍ਹਾਂ ਹਮਲਾ ਕਰਨ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਜਾ ਰਿਹਾ ਹੈ ਤੇ ਅਗਲੇ ਮਹੀਨੇ ਉਸ ਨੂੰ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਉਮੀਦ ਹੈ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

**Pinnacle Carriers Inc., San Jose, CA**

**Now Hiring Company Drivers**

(With Two Yr Experience )

**Owner Operators**

Specialized in Reefer & Dry Loads.
Run All 48 States



*Trailer rentals
*Fuel advance
*Also provide fuel cards

ਕੰਪਨੀ ਡਰਾਈਵਰਾਂ

(ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)

ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ
*ਕਿਰਾਏ ਦੇ ਟਰੇਲਰ ਉਪਲਬਧ *ਫਿਊਲ ਐਂਡਵਾਂਸ ਅਤੇ ਫਿਊਲ ਕਾਰਡ

Sharanbeer Atwal

**Call: 408-373-4168**

www.pinnaclecarriers.com

# ਮੋਦੀ ਨੇ ਅਕਾਲੀਆਂ ਦੀ ਯੋਜਨਾ 'ਤੇ ਫੇਰਿਆ ਪਾਣੀ

## ਮੋਗਾ ਰੈਲੀ ਵਿਚ ਆਉਣ ਤੋਂ ਇਨਕਾਰ



**ਚੰਡੀਗੜ੍ਹ:** ਗੁਜਰਾਤ ਦੇ ਮੁੱਖ ਮੰਤਰੀ ਤੇ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਅੱਠ ਦਸੰਬਰ ਨੂੰ ਆਪਣਾ ਜਨਮ ਦਿਨ ਮੋਗਾ ਵਿਚ ਵਿਸ਼ਾਲ ਰੈਲੀ ਕਰਕੇ ਮਨਾਉਣ ਤੇ ਸੂਬੇ ਵਿਚ ਲੋਕ ਸਭਾ ਚੋਣ ਮੁਹਿੰਮ ਦਾ ਆਗਾਜ਼ ਕਰਨ ਦੀਆਂ ਯੋਜਨਾਵਾਂ ਉਤੇ ਪਾਣੀ ਫੇਰ ਦਿੱਤਾ ਹੈ। ਸ੍ਰੀ ਮੋਦੀ ਨੇ ਇਸ ਦਿਨ ਮੋਗਾ ਪੁੱਜਣ ਵਿਚ ਅਸਮਰੱਥਾ ਜ਼ਾਹਰ ਕੀਤੀ ਹੈ ਜਦੋਂਕਿ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਹ ਰੈਲੀ ਮੁਲਤਵੀ ਕਰ ਦਿੱਤੀ ਹੈ ਜਿਸ ਦੀ ਨਵੀਂ ਤਰੀਕ ਛੇਤੀ ਹੀ ਐਲਾਨੇ ਜਾਣ ਦੀ ਗੱਲ ਕਹੀ ਗਈ ਹੈ।

ਗੌਰਤਲਬ ਹੈ ਕਿ ਪੰਜ ਸੂਬਿਆਂ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਐਲਾਨ ਅੱਠ ਦਸੰਬਰ ਨੂੰ ਹੋਣਾ ਹੈ ਤੇ ਇਸ ਦੇ ਮੱਦੇਨਜ਼ਰ ਸ. ਮੋਦੀ ਨੇ ਉਸ ਦਿਨ ਪੰਜਾਬ ਆਉਣ ਵਿਚ ਅਸਮਰੱਥਾ ਜ਼ਾਹਰ ਕੀਤੀ ਹੈ। ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਚੋਣ ਨਤੀਜਿਆਂ ਦੇ ਮੱਦੇਨਜ਼ਰ ਉਸ ਦਿਨ ਸ੍ਰੀ ਮੋਦੀ ਨੇ ਆਪਣਾ ਕੋਈ ਰੁਝੇਵਾਂ ਨਹੀਂ ਰੱਖਿਆ। ਸ੍ਰੀ ਮੋਦੀ ਦੇ ਨਿੱਜੀ ਸਕੱਤਰ ਜਗਦੀਸ਼ ਠੱਕਰ ਨੇ ਵੀ ਪੁਸ਼ਟੀ ਕਰਦਿਆਂ ਕਿਹਾ ਕਿ ਭਾਜਪਾ ਆਗੂ ਨੇ ਉਸ ਦਿਨ ਲਈ ਕੋਈ ਰੁਝੇਵਾਂ ਨਹੀਂ ਰੱਖਿਆ। ਇਸੇ ਦੌਰਾਨ ਅਕਾਲੀ ਦਲ (ਬ) ਦੇ ਤਰਜਮਾਨ ਡਾ. ਦਲਜੀਤ ਸਿੰਘ ਚੀਮਾ ਨੇ ਵੀ ਐਲਾਨ ਕੀਤਾ ਹੈ ਕਿ ਦਲ ਨੇ ਮੋਗਾ ਰੈਲੀ ਮੁਲਤਵੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨਵੀਂ ਤਾਰੀਖ਼ ਦਾ ਐਲਾਨ ਛੇਤੀ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਂਜ ਹੁਣ ਰੈਲੀ 15 ਦਸੰਬਰ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਨਹੀਂ। ਗੌਰਤਲਬ ਹੈ ਕਿ ਆਈਬੀ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਵੱਲੋਂ ਖਾੜਕੂਆਂ ਦੀ ਮਦਦ ਨਾਲ ਸ੍ਰੀ ਮੋਦੀ ਉਤੇ ਹਮਲੇ ਦੀ ਸਾਜ਼ਿਸ਼ ਘੜੇ ਜਾਣ ਬਾਰੇ ਸੁਰੱਖਿਆ ਅਲਰਟ ਜਾਰੀ ਕੀਤਾ ਸੀ। ਉਂਜ ਭਾਜਪਾ ਦੇ ਪੰਜਾਬ ਪ੍ਰਧਾਨ ਕਮਲ ਸ਼ਰਮਾ ਨੇ ਸੂਬੇ ਵਿਚ ਸ੍ਰੀ ਮੋਦੀ ਦੀ ਜਾਨ ਨੂੰ ਖਤਰਾ ਹੋਣ ਦੀ ਗੱਲ ਨੂੰ ਜਨਤਕ ਤੌਰ 'ਤੇ ਖਾਰਜ ਕਰ ਦਿੱਤਾ ਸੀ।

### ਖੁਫੀਆ ਏਜੰਸੀਆਂ ਵੱਲੋਂ ਚੇਤਾਵਨੀ

ਆਈਬੀ (ਇੰਟੈਲੀਜੈਂਸ ਬਿਊਰੋ) ਦੇ ਸੂਤਰਾਂ ਨੇ ਦੱਸਿਆ ਕਿ ਭਾਜਪਾ ਆਗੂ ਦੀ ਸੁਰੱਖਿਆ ਨੂੰ ਤਕਨੀਕੀ ਤੌਰ 'ਤੇ ਮਜ਼ਬੂਤ ਕਰਨ ਲਈ ਕੁਝ ਹਫਤੇ ਲੱਗ ਜਾਣਗੇ। ਇਸ ਕਾਰਨ ਉਨ੍ਹਾਂ ਵੱਲੋਂ ਸ. ਬਾਦਲ ਦੇ ਜਨਮ ਦਿਨ ਮੌਕੇ ਰੈਲੀ ਵਿਚ ਸ਼ਮੂਲੀਅਤ ਕਰਨ ਨੂੰ ਸਹੀ ਨਹੀਂ ਸੀ ਮੰਨਿਆ ਜਾ ਰਿਹਾ।

ਦੂਜੇ ਪਾਸੇ ਬੀਤੇ 27 ਅਕਤੂਬਰ ਨੂੰ ਸ. ਮੋਦੀ ਦੀ ਪਟਨਾ ਰੈਲੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਬੰਬ ਧਮਾਕਿਆਂ ਕਾਰਨ ਉਨ੍ਹਾਂ ਦੀ ਸੁਰੱਖਿਆ ਬਾਰੇ ਖੁਫੀਆ ਏਜੰਸੀਆਂ ਵੱਧ ਚੌਕਸ ਹੋ ਗਈਆਂ ਹਨ। ਇਨ੍ਹਾਂ ਧਮਾਕਿਆਂ ਤੋਂ ਬਾਅਦ ਕੇਂਦਰ ਸਰਕਾਰ ਨੂੰ ਸ੍ਰੀ ਮੋਦੀ ਦੀ ਸੁਰੱਖਿਆ ਵਧਾਉਣੀ ਪਈ ਹੈ। ਹਾਲਾਂਕਿ ਭਾਜਪਾ ਦੀ ਇਸ ਤੋਂ ਵੀ ਤਸੱਲੀ ਨਹੀਂ ਹੋਈ ਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਬਰਾਬਰ ਸੁਰੱਖਿਆ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਸੁਰੱਖਿਆ ਏਜੰਸੀਆਂ ਲਈ ਉਨ੍ਹਾਂ ਦੇ ਜਨਤਕ ਸਮਾਗਮਾਂ ਬਾਰੇ ਵਿਸ਼ੇਸ਼ ਸੁਰੱਖਿਆ ਡਰਿਲ ਤੇ ਕੇਂਦਰੀ ਤੇ ਸੂਬਾਈ ਏਜੰਸੀਆਂ ਦਾ ਤਾਲਮੇਲ ਜ਼ਰੂਰੀ ਕਰ ਦਿੱਤਾ ਗਿਆ ਹੈ।

# ਪੰਜਾਬੀਆਂ ਦਾ ਬਾਹਰਲੇ ਸੂਬਿਆਂ ਵਿਚ ਸਿਆਸੀ ਪ੍ਰਭਾਵ ਵਧਿਆ

## ਸ੍ਰੀਗੰਗਾਨਗਰ 'ਚ 50 ਫੀਸਦੀ ਸੀਟਾਂ 'ਤੇ ਸਿੱਖ ਉਮੀਦਵਾਰ



**ਅਬੋਹਰ:** ਰਾਜਸਥਾਨ ਦੇ ਜ਼ਿਲ੍ਹੇ ਸ੍ਰੀਗੰਗਾਨਗਰ ਵਿਚ ਭਾਰਤੀ ਜਨਤਾ ਪਾਰਟੀ ਨੇ ਰਾਜ ਵਿਧਾਨ ਸਭਾ ਚੋਣਾਂ ਵਿਚ ਆਪਣੇ ਪੰਜਾਬ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਖੁਸ਼ ਕਰਨ ਦੀ ਮਨਸ਼ਾ ਨਾਲ ਸਿੱਖਾਂ ਨੂੰ 50 ਫੀਸਦੀ ਸੀਟਾਂ 'ਤੇ ਉਮੀਦਵਾਰ ਬਣਾਇਆ ਹੈ। ਜ਼ਿਕਰਯੋਗ ਹੈ ਕਿ ਸ੍ਰੀਗੰਗਾਨਗਰ ਨੂੰ 'ਰਾਜਸਥਾਨ ਦਾ ਪੰਜਾਬ' ਕਿਹਾ ਜਾਂਦਾ ਹੈ ਕਿਉਂਕਿ ਇਸ ਜ਼ਿਲ੍ਹੇ ਵਿਚ ਵੱਡੀ ਗਿਣਤੀ ਪੰਜਾਬੀ ਲੋਕ ਰਹਿੰਦੇ ਹਨ। ਇਸ ਜ਼ਿਲ੍ਹੇ ਵਿਚ ਜ਼ਿਆਦਾਤਰ ਲੋਕ ਜਾਂ ਤਾਂ ਮਲਵਈ ਪੁੱਠ ਵਾਲੀ ਪੰਜਾਬੀ ਭਾਸ਼ਾ ਹੀ ਬੋਲਦੇ ਹਨ ਤੇ ਜਾਂ ਫਿਰ ਸੇਰਾਇਕੀ ਪੁੱਠ ਵਾਲੀ ਪੰਜਾਬੀ।

ਭਾਜਪਾ ਨੇ ਆਪਣੇ ਦੋ ਸਾਬਕਾ ਮੰਤਰੀਆਂ ਗੁਰਜੰਟ ਸਿੰਘ ਤੇ ਸੁਰਿੰਦਰ ਸਿੰਘ ਨੂੰ ਕ੍ਰਮਵਾਰ ਹਲਕਾ ਸਾਦੂਲ ਸ਼ਹਿਰ ਤੇ ਸ੍ਰੀਕਰਨਪੁਰ ਤੋਂ ਉਮੀਦਵਾਰ ਐਲਾਨਿਆ। ਇਸ ਤੋਂ ਇਲਾਵਾ ਪਾਰਟੀ ਨੇ ਕੁਝ ਨਵੇਂ ਚਿਹਰੇ ਵੀ ਮੈਦਾਨ ਵਿਚ ਉਤਾਰੇ ਹਨ। ਭਾਜਪਾ ਨੇ ਬਲਬੀਰ ਸਿੰਘ ਲੂਥਰਾ ਨੂੰ ਰਾਏ ਸਿੰਘ ਨਗਰ (ਰਾਖਵਾਂ) ਹਲਕੇ ਤੋਂ ਉਮੀਦਵਾਰ ਬਣਾਇਆ ਹੈ। ਬਲਬੀਰ ਸਿੰਘ ਨੇ ਬੀਤੀ 31 ਜੁਲਾਈ ਨੂੰ ਹੀ ਬੈਂਕ ਦੀ ਨੌਕਰੀ ਤੋਂ ਸੇਵਾਮੁਕਤੀ ਲਈ ਹੈ ਤੇ ਉਸ ਦੀ ਪਤਨੀ ਜੋਗਿੰਦਰ ਕੌਰ ਭਾਜਪਾ ਮਹਿਲਾ ਮੋਰਚਾ ਦੀ ਉਪ ਪ੍ਰਧਾਨ ਹੈ।

ਭਾਜਪਾ ਨੇ ਇਕ ਹੋਰ ਨਵਾਂ ਚਿਹਰਾ ਪ੍ਰਿਅੰਕਾ ਬਾਲਨ ਨੂੰ ਅਨੂਪਗੜ੍ਹ (ਰਾਖਵਾਂ) ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਪ੍ਰਿਅੰਕਾ ਦਾ ਸਬੰਧ ਪੱਟੀਦਰਜ ਪਰਿਵਾਰ ਨਾਲ ਸੀ ਪਰ ਹੁਣ ਉਸ ਦਾ ਪਤੀ ਪ੍ਰਿੰਸ ਨਾਗਪਾਲ ਪੰਜਾਬੀ ਅਰੋੜਾ ਹੈ। ਪ੍ਰਿਅੰਕਾ ਨੇ ਹਾਲ ਹੀ ਵਿਚ ਐਮਬੀਏ ਕੀਤੀ ਹੈ। ਇਸੇ ਤਰ੍ਹਾਂ ਸ੍ਰੀਗੰਗਾਨਗਰ ਸ਼ਹਿਰ ਵਿਚ ਭਾਰਤੀ ਜਨਤਾ ਪਾਰਟੀ ਨੇ ਅਰੋੜਾ ਭਾਈਚਾਰੇ (ਅਰੋੜਵੰਸ਼ ਬਿਰਾਦਰੀ) ਦੇ ਇਕ ਆਗੂ ਰਾਧੇਸ਼ਿਆਮ ਅਰੋੜਾ ਨੂੰ ਟਿਕਟ ਦਿੱਤੀ ਹੈ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਅਰੋੜਾ ਆਗੂ ਨੂੰ ਇਸ ਹਲਕੇ ਤੋਂ ਪਾਰਟੀ ਨੇ ਉਮੀਦਵਾਰ ਬਣਾਇਆ ਹੈ। ਰਾਧੇਸ਼ਿਆਮ 2008 ਵਿਚ ਕਾਂਗਰਸ ਤੋਂ ਦਲਬਦਲੀ ਕਰਕੇ ਭਾਜਪਾ ਵਿਚ ਆਇਆ ਸੀ।

### ਭਾਜਪਾ ਵਲੋਂ ਦਿੱਲੀ 'ਚ 10 ਪੰਜਾਬੀਆਂ ਨੂੰ ਟਿਕਟਾਂ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ 62 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਜਿਨ੍ਹਾਂ ਵਿਚੋਂ 10 ਪੰਜਾਬੀ ਹਨ। ਇਨ੍ਹਾਂ ਵਿਚ ਸੁਭਾਸ਼ ਸਚਦੇਵਾ (ਮੋਤੀ ਨਗਰ), ਰਾਜੀਵ ਬੱਬਰ (ਤਿਲਕ ਨਗਰ), ਜਗਦੀਸ਼ ਮੁਖੀ (ਜਨਕਪੁਰੀ), ਆਰ.ਪੀ. ਸਿੰਘ (ਰਾਜਿੰਦਰ ਨਗਰ), ਅਜੇ ਮਲਹੋਤਰਾ (ਗ੍ਰੇਟਰ ਕੈਲਾਸ਼), ਆਰਤੀ ਮੇਹਰਾ (ਮਾਲਵੀਆ ਨਗਰ), ਵਿਜੈ ਭਗਤ (ਬਦਲੀ), ਰਵਿੰਦਰ ਬਾਂਸਲ (ਸ਼ਾਲੀਮਾਰ ਬਾਗ), ਮਹਿੰਦਰ ਨਾਗਪਾਲ (ਵਜ਼ੀਰਪੁਰ) ਤੇ ਸ਼ਿਖਾ ਰਾਏ (ਕਸਤੂਰਬਾ ਨਗਰ)।

ਇਸ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਚਾਰ ਸੀਟਾਂ ਦਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਭਾਜਪਾ ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਬਾਦਲ ਦਲ ਨੂੰ ਚਾਰ ਸੀਟਾਂ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਫੈਸਲੇ ਅਨੁਸਾਰ ਅਕਾਲੀ ਦਲ ਦੇ ਉਮੀਦਵਾਰ ਪੂਰਬੀ ਦਿੱਲੀ ਦੇ ਸ਼ਾਹਦਰਾ, ਦੱਖਣੀ ਦਿੱਲੀ ਦੇ ਕਾਲਕਾ ਜੀ, ਪੱਛਮੀ ਦਿੱਲੀ ਦੇ ਰਜੌਰੀ ਗਾਰਡਨ ਤੇ ਹਰੀ ਨਗਰ ਚੋਣ ਹਲਕਿਆਂ ਤੋਂ ਚੋਣਾਂ ਲੜਨਗੇ।

# ਮਾਨ ਵੱਲੋਂ ਕੇ.ਪੀ.ਐਸ. ਗਿੱਲ ਦਾ ਬਿਆਨ ਰੱਦ



**ਧੂਰੀ:** ਪੰਜਾਬ ਦੇ ਸਾਬਕਾ ਪੁਲਿਸ ਅਫਸਰ ਕੇ.ਪੀ.ਐਸ. ਗਿੱਲ ਵੱਲੋਂ ਸਾਕਾ ਨੀਲਾ ਤਾਰਾ ਲਈ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਜ਼ਿੰਮੇਵਾਰ ਨਾ ਦੱਸਦੇ ਹੋਏ ਸਗੋਂ ਇਹ ਹਮਲਾ ਗਾਂਧੀ ਦੇ ਸਲਾਹਕਾਰ ਦੀ ਗਲਤ ਸੋਚ ਦਾ ਸਿੱਟਾ ਦੱਸੇ ਜਾਣ ਬਾਰੇ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਤਿੱਖੀ ਪ੍ਰਤੀਕਿਰਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਸ. ਗਿੱਲ ਇਹ ਦੱਸਣ ਕਿ ਇੰਦਰਾ ਗਾਂਧੀ ਕੋਲ ਆਪਣਾ ਦਿਲ ਦਿਮਾਗ ਨਹੀਂ ਸੀ।

ਸ. ਮਾਨ ਨੇ ਸ. ਗਿੱਲ ਨੂੰ ਸਵਾਲ ਕਰਦੇ ਕਿਹਾ ਕਿ ਨਰਿੰਦਰ ਮੋਦੀ ਦੀ ਸਰਕਾਰ ਵਿਚ ਗੁਜਰਾਤ ਦੇ 6000 ਸਿੱਖ ਪਰਿਵਾਰਾਂ ਨਾਲ ਜੋ ਕੁਝ ਵਾਪਰ ਰਿਹਾ ਹੈ, ਉਸ ਲਈ ਕੌਣ ਜ਼ਿੰਮੇਵਾਰ ਹੈ। ਸ. ਮਾਨ ਨੇ ਕਿਹਾ ਕਿ ਕਾਂਗਰਸ ਦੀ ਸੋਚ ਹੁਣ ਤਕ ਸਿੱਖ ਕੌਮ ਤੇ ਪੰਜਾਬ ਦੇ ਵਿਰੁੱਧ ਰਹੀ ਹੈ। ਉਨ੍ਹਾਂ ਕਿਹਾ ਕਿ ਕੇ.ਪੀ.ਐਸ. ਗਿੱਲ ਨਾਮਵਰ ਲਿਖਾਰੀ ਖੁਸ਼ਵੰਤ ਸਿੰਘ, ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਪ੍ਰਤਾਪ ਸਿੰਘ ਬਾਜਵਾ ਤੋਂ ਸਿੱਖ ਕੌਮ ਨੂੰ ਹਮੇਸ਼ਾ ਖ਼ਤਰਾ ਬਣਿਆ ਰਹੇਗਾ ਕਿਉਂਕਿ ਇਨ੍ਹਾਂ ਸਾਰੇ ਆਗੂਆਂ ਨੇ ਪੰਜਾਬ ਦੇ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਥਾਂ ਆਪਣੇ ਨਿੱਜੀ ਹਿੱਤ ਪੂਰੇ ਹਨ। ਉਨ੍ਹਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵੱਲੋਂ ਰਾਹੁਲ ਗਾਂਧੀ ਦੇ ਹੱਕ ਵਿਚ ਦਿੱਤੇ ਬਿਆਨ ਨੂੰ ਰਾਜਨੀਤੀ ਭਰਪੂਰ ਦੱਸਿਆ।

# ਪੰਜਾਬ ਸਰਕਾਰ ਬਾਜਵਾ ਵਿਰੁਧ ਕਾਰਵਾਈ ਤੋਂ ਟਲੀ?

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਸ਼ਾਇਦ ਹੀ ਕੋਈ ਕਾਰਵਾਈ ਕੀਤੀ ਜਾਵੇ ਕਿਉਂਕਿ ਉਸ ਨੂੰ ਇਹ ਬਾਜ਼ੀ ਪੁੱਠੀ ਪੈਂਦੀ ਨਜ਼ਰ ਆਉਂਦੀ ਹੈ। ਸ. ਬਾਜਵਾ ਵਿਰੁੱਧ ਕਾਰਵਾਈ ਕਰਨ ਨਾਲ ਅਨੇਕ ਰਾਜਸੀ ਲੋਕਾਂ, ਅਫਸਰਸ਼ਾਹਾਂ ਨੂੰ ਵੀ ਨੁਕਸਾਨ ਉਠਾਉਣਾ ਪੈ ਸਕਦਾ ਹੈ ਜੋ ਸਰਕਾਰ ਦੇ ਨੇੜੇ ਸਮਝੇ ਜਾਂਦੇ ਹਨ।

ਸੂਤਰਾਂ ਅਨੁਸਾਰ ਪ੍ਰਤਾਪ ਸਿੰਘ ਬਾਜਵਾ, ਉਨ੍ਹਾਂ ਦੇ ਭਰਾ ਤੇ ਭਰਜਾਈ ਵਿਰੁੱਧ ਨਾਡਾ, ਸਲਾਮਤਪੁਰ ਤੇ ਭੜੌਂਜੀਆਂ ਪਿੰਡਾਂ ਵਿਚ ਜ਼ਮੀਨਾਂ ਦੀ ਖਰੀਦੋ-ਫਰੋਖ਼ਤ ਬਾਰੇ ਮੁਹਾਲੀ ਦੇ ਡਿਪਟੀ ਕਮਿਸ਼ਨਰ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ ਪਰ ਅਜੇ ਤਕ ਸਰਕਾਰ ਕੋਲ ਅਧਿਕਾਰਤ ਤੌਰ 'ਤੇ ਕੋਈ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਵੇਂ ਰਿਪੋਰਟ ਪੇਸ਼ ਕਰ ਵੀ ਦਿੱਤੀ ਜਾਂਦੀ ਹੈ ਤਾਂ ਵੀ ਸਿਰਫ਼ ਸ. ਬਾਜਵਾ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਕਾਰਵਾਈ ਕਰਕੇ ਗੱਲ ਨਹੀਂ ਮੁੱਕੇਗੀ ਸਗੋਂ ਚੰਡੀਗੜ੍ਹ ਪੇਰੀਫੇਰੀ ਵਿਚ ਹੋਰ ਵੀ ਅਨੇਕਾਂ ਵੀ.ਆਈ.ਪੀਜ਼, ਰਾਜਸੀ ਆਗੂ ਤੇ ਉਨ੍ਹਾਂ ਦੇ ਸਬੰਧੀ, ਉੱਚ ਅਫਸਰਸ਼ਾਹੀ, ਪੁਲਿਸ ਅਧਿਕਾਰੀ ਵੀ ਪੰਚਾਇਤੀ ਜ਼ਮੀਨਾਂ ਉੱਤੇ ਗੈਰਕਾਨੂੰਨੀ ਕਬਜ਼ੇ ਕਰੀ ਬੈਠੇ ਹਨ ਤੇ ਉਨ੍ਹਾਂ ਵਿਰੁੱਧ ਵੀ ਕਾਰਵਾਈ ਕਰਨੀ ਪੈ ਸਕਦੀ ਹੈ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪੇਰੀਫੇਰੀ ਵਿਚ ਪੰਚਾਇਤੀ ਜਾਂ ਸ਼ਾਮਲਾਟ ਜ਼ਮੀਨਾਂ ਹਥਿਆਉਣ ਬਾਰੇ ਜਸਟਿਸ ਕੁਲਦੀਪ ਸਿੰਘ ਟ੍ਰਿਬਿਊਨਲ ਵੱਲੋਂ ਦੋ ਅੰਤਰਿਮ ਰਿਪੋਰਟਾਂ ਦਾਖਲ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਰਿਪੋਰਟਾਂ ਵਿਚ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ, ਸੇਵਾਮੁਕਤ ਡੀ.ਜੀ.ਪੀ. ਪਰਮਦੀਪ ਸਿੰਘ, ਪੰਜਾਬ ਦੇ ਸਾਬਕਾ ਰਾਜਪਾਲ ਬੀ.ਕੇ. ਛਿੱਬਰ ਦੇ ਪੁੱਤਰ ਸੋਨਮ ਕੁਮਾਰ, ਯੂ.ਪੀ.ਏ. ਸਰਕਾਰ ਦੇ ਸਾਬਕਾ ਮੰਤਰੀ ਪਵਨ ਬਾਂਸਲ ਦੇ ਰਿਸ਼ਤੇਦਾਰ ਚੇਤਨ ਸਿੰਗਲਾ ਸਮੇਤ ਹੋਰਾਂ ਦੇ ਨਾਂ ਇਸ ਰਿਪੋਰਟ ਵਿਚ ਸ਼ਾਮਲ ਹਨ। ਇਸ ਤਰ੍ਹਾਂ ਹੀ ਇਕ ਰਿਪੋਰਟ ਵਿਚ ਪ੍ਰਤਾਪ ਸਿੰਘ ਬਾਜਵਾ ਦੇ ਪਰਿਵਾਰਕ ਮੈਂਬਰਾਂ ਦੇ ਨਾਂ ਵੀ ਸ਼ਾਮਲ ਹਨ।

ਪ੍ਰਤਾਪ ਸਿੰਘ ਬਾਜਵਾ ਦਾ ਨਾਂ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਵੱਲੋਂ ਪੇਸ਼ ਕੀਤੀ ਰਿਪੋਰਟ ਵਿਚ ਸ਼ਾਮਲ ਨਹੀਂ ਹੈ। ਅਧਿਕਾਰੀਆਂ ਦੇ ਅਨੁਸਾਰ ਜ਼ਮੀਨ ਦੇ ਇਕ ਵਿਸ਼ੇਸ਼ ਹਿੱਸੇ ਨੂੰ ਲੈ ਕੇ ਕਿਸੇ ਇਕ ਦੇ ਵਿਰੁੱਧ ਕਾਰਵਾਈ ਨਹੀਂ ਹੋ ਸਕਦੀ ਤੇ ਨਾ ਹੀ ਬਾਕੀ ਉਨ੍ਹਾਂ ਲੋਕਾਂ ਨੂੰ ਛੱਡਿਆ ਜਾ ਸਕਦਾ ਹੈ ਜਿਨ੍ਹਾਂ ਦੇ ਨਾਂ ਇਨ੍ਹਾਂ ਰਿਪੋਰਟਾਂ ਵਿਚ ਦਰਜ ਹਨ। ਜ਼ਿਕਰਯੋਗ ਹੈ ਕਿ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਖਰੀਦਣ ਤੇ ਸਟੈਂਪ ਡਿਊਟੀ ਚੋਰੀ ਕਰਨ ਵਰਗੇ ਲੱਗੇ ਦੋਸ਼ਾਂ ਤੋਂ ਬਾਅਦ ਕਾਂਗਰਸ ਪ੍ਰਧਾਨ ਇਹ ਸਪਸ਼ਟੀਕਰਨ ਵੀ ਦੇ ਚੁੱਕੇ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਜ਼ਮੀਨਾਂ ਦੇ ਟਾਈਟਲ ਵਿਵਾਦਮਈ ਹੋਣ ਬਾਰੇ ਪਤਾ ਨਹੀਂ ਸੀ।

## ਬਾਜ਼ੀ ਪੁੱਠੀ ਪੈਣ ਲੱਗੀ



### ਬਾਜਵਾ ਨੂੰ ਕਾਂਗਰਸੀ ਹੀ ਫਸਾਉਣ ਦੇ ਚਾਹਵਾਨ: ਬਾਦਲ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਚਾਇਤੀ ਜ਼ਮੀਨ ਦੱਬਣ ਤੇ ਵੇਚਣ ਦੇ ਮਾਮਲੇ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਕਾਂਗਰਸੀ ਆਪ ਹੀ ਫਸਾਉਣਾ ਚਾਹੁੰਦੇ ਹਨ। ਸ. ਬਾਦਲ ਨੇ ਦੋਸ਼ ਲਾਇਆ ਕਿ ਵਿਧਾਨ ਸਭਾ ਵਿਚ ਜਦੋਂ ਬਾਜਵਾ 'ਤੇ ਪੰਚਾਇਤੀ ਜ਼ਮੀਨਾਂ ਦੱਬਣ ਦੇ ਦੋਸ਼ ਲੱਗ ਰਹੇ ਸਨ, ਉਦੋਂ ਕੋਈ ਕਾਂਗਰਸੀ ਵਿਧਾਇਕ ਨਹੀਂ ਬੋਲਿਆ ਸਗੋਂ ਸਾਰੇ ਚੁੱਪ ਬੈਠ ਕੇ ਆਨੰਦ ਲੈ ਰਹੇ ਸਨ।

ਵਿਧਾਨ ਸਭਾ ਵਿਚ ਸ. ਬਾਜਵਾ ਨੂੰ ਨਿਸ਼ਾਨਾ ਬਣਾਉਣ ਤੇ ਮੁੱਖ ਸੰਸਦੀ ਸਕੱਤਰ ਐਨ.ਕੇ. ਸ਼ਰਮਾ ਨਾਲ ਵਰਤੀ ਗਈ ਨਰਮੀ ਬਾਰੇ ਸ. ਬਾਦਲ ਨੇ ਕਿਹਾ ਕਿ ਉਹ ਨਾ ਤਾਂ ਕਿਸੇ ਦੇ ਪੱਖ ਵਿਚ ਹਨ ਤੇ ਨਾ ਹੀ ਇਸ ਮਾਮਲੇ ਵਿਚ ਕਿਸੇ ਨੂੰ ਬਖ਼ਸ਼ਣਗੇ। ਉਨ੍ਹਾਂ ਕਿਹਾ ਕਿ ਅਜੇ ਕਿਸੇ ਵਿਰੁੱਧ ਜਾਂਚ ਦੇ ਹੁਕਮ ਨਹੀਂ ਕੀਤੇ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਬਦਲਾਖੋਰੀ ਦੀ ਸਿਆਸਤ ਨਹੀਂ ਕਰਨਾ ਚਾਹੁੰਦੇ, ਇਸੇ ਲਈ ਬਾਜਵਾ ਦੇ ਮਾਮਲੇ ਵਿਚ ਵੀ ਉਹ ਹਾਊਸ ਕੋਲ ਗਏ ਸਨ।

### ਬਾਜਵਾ 'ਤੇ ਦੋਸ਼ ਸਿਆਸੀ ਸਟੰਟ: ਕੈਪਟਨ

**ਮੁਹਾਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਅਜੇ ਤਾਈਂ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨਾਲ ਮਿਲ ਕੇ ਚੱਲਣ ਦੀ ਬਜਾਏ ਵੱਖਰੇ ਪ੍ਰੋਗਰਾਮ ਉਲੀਕ ਰਹੇ ਹਨ ਪਰ ਉਨ੍ਹਾਂ ਨੇ ਦਬੀ ਜ਼ੁਬਾਨ ਵਿਚ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਾਜਵਾ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦੇ ਹੋਏ ਸਪਸ਼ਟ ਆਖਿਆ ਕਿ ਸੱਤਾਧਾਰੀ ਗੱਠਜੋੜ ਵੱਲੋਂ ਬਾਜਵਾ 'ਤੇ ਸ਼ਾਮਲਾਤ ਜ਼ਮੀਨਾਂ ਹੜੱਪਣ ਦੇ ਲਾਏ ਜਾ ਰਹੇ ਦੋਸ਼ ਨਿਰਾ ਸਿਆਸੀ ਸਟੰਟ ਹਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕਿਸੇ 'ਤੇ ਦੋਸ਼ ਲਾਉਣੇ ਤਾਂ ਬਹੁਤ ਸੌਖੇ ਹਨ ਪਰ ਉਨ੍ਹਾਂ ਦੋਸ਼ਾਂ ਨੂੰ ਸੱਚ ਸਾਬਤ ਕਰਨਾ ਬਹੁਤ ਔਖਾ ਹੈ। ਮੁਹਾਲੀ ਅਦਾਲਤ ਵਿਚ ਪੇਸ਼ੀ ਭੁਗਤਣ ਆਏ ਕੈਪਟਨ ਨੇ ਸ. ਬਾਜਵਾ 'ਤੇ ਲੱਗ ਰਹੇ ਸ਼ਾਮਲਾਤ ਜ਼ਮੀਨਾਂ ਦੱਬਣ ਦੇ ਦੋਸ਼ਾਂ ਬਾਰੇ ਕਿਹਾ ਕਿ ਅਕਾਲੀ ਬਿਨਾਂ ਵਜ੍ਹਾ ਕਾਂਗਰਸੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਤੇ ਇਹ ਸਾਰਾ ਕੁਝ ਸਿਆਸੀ ਸਟੰਟ ਹੈ।

# ਚਮਕੀਲੇ ਨੂੰ ਪੰਜਾਬੀ ਗਾਇਕੀ 'ਚੋਂ ਮਨਫੀ ਕਰਨਾ ਸੌਖਾ ਨਹੀਂ

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



ਐਸ. ਅਸ਼ੋਕ ਭੌਰਾ

ਮੌਤ ਹਮੇਸ਼ਾਂ ਹਰ ਇਕ ਆਦਮੀ ਦੇ ਸਿਰਹਾਣੇ ਕੋਲ ਬੈਠੀ ਹੁੰਦੀ ਹੈ। ਇਸ ਦੇ ਹਮਲੇ ਤੋਂ ਕੋਈ ਬਚ ਨਹੀਂ ਸਕਦਾ ਪਰ ਯਾਦ ਅਸੀਂ ਇਕੋ ਗੱਲ ਰੱਖਦੇ ਹਾਂ ਕਿ ਹੋਣੀ ਨੇ ਹਮਲਾ ਕਿਨ੍ਹਾਂ ਹਾਲਾਤ ਵਿਚ ਕੀਤਾ ਹੈ। ਕੁਫ਼ਰ ਦੇ ਕੱਚੇ ਫਲ ਨ੍ਹੇਰੀ ਹੀ ਝਾੜਦੀ ਆਈ ਹੈ। ਅਮਰ ਸਿੰਘ ਚਮਕੀਲਾ ਤੇ ਅਮਰਜੋਤ ਬੇਨਿਆਈਂ, ਬੇਵਕਤ ਤੇ ਬੇਰਜ਼ਾ ਤੁਰੇ ਸਨ ਪਰ ਜਿਹੜੇ ਅਸਾਲਟਾਂ ਨਾਲ ਹੋਣੀ ਨੂੰ ਘੇਰ ਕੇ ਇਨ੍ਹਾਂ ਉਤੇ ਹੱਲਾ ਬੋਲਣ ਲਈ ਲੈ ਕੇ ਆਏ ਸਨ, ਜਿਸ ਮਿਸ਼ਨ ਤੇ ਮਕਸਦ ਲਈ ਲੈ ਕੇ ਆਏ ਸਨ, ਕੀ ਇਸ ਜੋੜੀ ਨੂੰ ਇੰਨੀ ਬੇਰਹਿਮੀ ਨਾਲ ਮਾਰ ਕੇ ਪੂਰਾ ਹੋ ਸਕਦਾ ਸੀ? ਇਹ ਸੁਆਲ ਜੁਆਬ ਮੰਗਦੇ ਹੀ ਰਹਿਣਗੇ। ਕਹਿਣ ਵਾਲੇ ਫਿਰ ਇਹੀ ਤਰਕ ਦੇਣਗੇ ਕਿ ਉਦੋਂ ਬਥੇਰੇ ਲੋਕ ਗੋਲੀਆਂ, ਬੰਬਾਂ ਤੇ ਸੱਚੇ-ਝੂਠੇ ਮੁਕਾਬਲਿਆਂ ਵਿਚ ਮੌਤ ਦੀ ਬੁੱਕਲ ਵਿਚ ਜਾ ਵੜੇ ਸਨ। ਕੀ ਹੋਇਆ ਜੇ ਚਮਕੀਲਾ ਤੇ ਅਮਰਜੋਤ ਰੋੜ੍ਹ ਦਿੱਤੇ ਗਏ? ਅਜਿਹੀਆਂ ਤਰਕਹੀਣ ਦਲੀਲਾਂ ਉਠਦੀਆਂ ਰਹੀਆਂ ਹਨ, ਉਠਦੀਆਂ ਵੀ ਰਹਿਣਗੀਆਂ। ਕੋਇਲਾਂ ਦਾ ਸ਼ਿਕਾਰ ਕਰਨ ਦੀ ਕਲਪਨਾ ਕਿਸੇ ਯੁੱਗ ਵਿਚ ਨਹੀਂ ਕੀਤੀ ਗਈ।

ਤਕਰੀਬਨ ਇਕ ਸਾਲ ਦਾ ਸਮਾਂ, ਸੰਨ ਸਤਾਸੀ ਦੇ ਅਕਤੂਬਰ ਨਵੰਬਰ ਤੱਕ ਇੰਦਾਂ ਦਾ ਸੀ ਜਦੋਂ ਚਮਕੀਲਾ ਸਮਝਦਾ ਸੀ ਕਿ ਮੌਤ ਰਾਹ ਬਦਲ ਗਈ ਹੈ। ਉਹਦੀਆਂ ਦੋਵੇਂ ਧਾਰਮਿਕ ਰੀਲਾਂ 'ਨਾਮ ਜਪ ਲੈ' ਅਤੇ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਉਹਦੇ ਦੂਜੇ ਗੀਤ ਚੱਲਣ ਦੇ ਰਿਕਾਰਡ ਵੀ ਤੋੜ ਗਈਆਂ ਸਨ। ਕੁਲਦੀਪ ਮਾਣਕ ਦੀ 'ਮੱਸਾ ਰੰਘੜ' ਤੇ 'ਡੰਡੇ ਖਾਲਸਾ ਰਾਜ' ਤੋਂ ਵੀ ਉਹ ਅੱਗੇ ਚਲੇ ਗਿਆ ਸੀ। ਇਕ ਦਮ ਸਤਿਕਾਰ ਦੇ ਖੇਤਰ ਵਿਚ ਦਾਖਲ ਹੋਇਆ ਚਮਕੀਲਾ ਫਿਰ ਵੀ ਕਿਉਂ ਮਾਰਿਆ ਗਿਆ? ਇਸ ਬਾਰੇ ਤਾਂ ਮਾਰਨ ਵਾਲਿਆਂ ਨੂੰ ਵੱਧ ਪਤਾ ਹੋਵੇਗਾ ਜਾਂ ਉਨ੍ਹਾਂ ਨੂੰ ਜਿਹੜੇ ਅੱਜ ਵੀ ਇਹ ਦਾਅਵਾ ਕਰਦੇ ਹਨ ਕਿ ਅਸੀਂ ਮਾਰਿਆ, ਫਲਾਣੇ-ਫਲਾਣੇ ਸਿੰਘ ਨੇ ਮਾਰਿਆ ਪਰ ਇਸ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਇਹ ਲਗਦਾ ਹੈ ਕਿ ਉਹਨੇ ਵਾਅਦਾ ਤਾਂ ਧਾਰਮਿਕ ਗੀਤ ਗਾਉਣ ਦਾ ਕੀਤਾ ਸੀ ਪਰ ਸੰਗੀਤ ਦੀ ਇਕ ਵੱਡੀ ਰਿਕਾਰਡਿੰਗ ਕੰਪਨੀ ਨੇ ਉਹਦਾ ਇਕ ਐਲ.ਪੀ. ਦੂਜੇ ਗੀਤਾਂ ਦਾ ਰਿਲੀਜ਼ ਕਰ ਦਿੱਤਾ। ਕੰਪਨੀ ਨੂੰ ਇਹ ਵਹਿਮ ਸੀ ਕਿ ਉਹਦੀਆਂ ਹੋਰ ਕੰਪਨੀਆਂ ਵੱਲੋਂ ਰਿਲੀਜ਼ ਕੀਤੀਆਂ ਐਲਬਮਾਂ ਨੂੰ ਪੰਜਾਬੀਆਂ ਨੇ ਹੱਥੀਂ ਛਾਂਵਾਂ ਕੀਤੀਆਂ ਹਨ ਤੇ ਇਹ ਐਲ.ਪੀ. ਹੋਰ ਵੀ ਵੱਧ ਬਿਜ਼ਨੈਸ ਕਰੇਗੀ; ਜਦੋਂ ਕਿ ਸੱਚ ਇਹ ਸੀ ਕਿ ਪੰਜਾਬੀ ਦੋ-ਗਾਣੇ ਉਨ੍ਹਾਂ ਹਾਲਾਤ ਤੋਂ ਪਹਿਲਾਂ ਰਿਕਾਰਡ ਕੀਤੇ ਗਏ ਸਨ ਜਿਨ੍ਹਾਂ ਵਿਚ ਉਹਦੇ ਪਹਿਲਾਂ ਜ਼ਿਕਰ ਕੀਤੇ ਮੁਆਫੀਨਾਮੇ ਦਾ ਸਮਾਂ ਸੀ। ਹੁਣ ਤੱਕ ਉਸ ਕੰਪਨੀ ਨੂੰ ਰੱਜ ਕੇ ਰੈਵਿਨਿਊ ਦੇਣ ਵਾਲੇ ਚਮਕੀਲੇ ਦੀ ਜ਼ਿੰਦਗੀ ਦਾ ਭੋਰਾ ਖਿਆਲ ਨਹੀਂ ਸੀ ਰੱਖਿਆ ਗਿਆ। ਇਸ ਐਲ.ਪੀ. ਨੇ ਚੰਦ ਇਹ ਚੜ੍ਹਾਇਆ ਕਿ ਤਸਵੀਰ ਦਾ ਪੁੱਠਾ ਪਾਸਾ ਫਿਰ ਸਿੱਧਾ ਹੋ ਗਿਆ। ਬਾਈ ਨਵੰਬਰ ਉਨੀ ਸੌ ਸਤਾਸੀ ਵਾਲੇ ਦਿਨ ਉਹਦਾ ਗੜ੍ਹਸ਼ੰਕਰ ਲਾਗਲੇ ਪਿੰਡ ਵਿਚ ਪ੍ਰੋਗਰਾਮ ਸੀ। ਉਹ ਮੈਨੂੰ ਗੜ੍ਹਸ਼ੰਕਰ ਮਿਲਿਆ। ਉਹਦੀ ਆਪਣੀ ਜ਼ੁਬਾਨੀ ਇਹ ਖੁਲਾਸਾ ਸੀ ਕਿ ਖਾੜਕੂ ਸਫਾਂ ਵਿਚ ਫਿਰ ਉਹਦੇ ਖਿਲਾਫ ਅੱਗ ਦੀ ਨਾਲ ਵਰਗਾ ਗੁੱਸਾ ਸੁਲਗਣ ਲੱਗਾ ਹੈ; ਇਸ ਕਰ ਕੇ ਕਿ ਉਹ ਸੋਚਦੇ ਹਨ ਕਿ ਇਨ੍ਹਾਂ ਸਾਡੀ ਪ੍ਰਵਾਹ ਨਹੀਂ ਕੀਤੀ ਪਰ ਮੇਰਾ ਕੋਈ ਕਸੂਰ ਨਹੀਂ। ਉਹਨੇ ਕੰਪਨੀ ਕੋਲ ਹੱਥੀਂ ਤੇ ਕਾਨੂੰਨੀ ਚਾਰਾਜੋਈ ਕੀਤੀ ਪਰ ਉਹਦੀ ਸੁਣੀ ਨਹੀਂ ਗਈ ਕਿ ਇਹ ਰਿਕਾਰਡਿੰਗ ਪਹਿਲਾਂ ਦੀ ਹੈ। ਮੈਂ ਉਹਨੂੰ ਦਲੀਲ ਦਿੱਤੀ ਕਿ ਉਸੇ ਬਠਿੰਡੇ ਵਾਲੇ ਸਿੰਘ ਨੂੰ ਨਾਲ ਲੈ ਕੇ ਫਿਰ ਉਨ੍ਹਾਂ ਅੱਗੇ ਹੱਥ ਜੋੜ ਲੈਂਦੇ ਹਾਂ। ਉਦਣ ਉਹਨੇ ਦੱਸਿਆ ਕਿ ਜੇ ਉਹ ਹੁੰਦਾ ਤਾਂ ਫਿਰ ਗੱਲ ਕਿਹੜੀ ਸੀ। ਉਹ ਪੁਲਿਸ ਮੁਕਾਬਲੇ ਵਿਚ ਮਾਰਿਆ ਜਾ ਚੁੱਕਾ ਸੀ।

ਵਕਤ ਨੇ ਅਜਿਹੀ ਦੀਵਾਰ ਖੜ੍ਹੀ ਕਰ ਦਿੱਤੀ ਸੀ ਕਿ ਉਹਦੇ ਲਈ ਸਾਰੇ ਰਾਹ ਕਰੀਬ ਬੰਦ ਹੋ ਗਏ ਸਨ। ਉਸੇ ਦਿਨ ਉਹਨੇ ਇਹ ਵੀ ਦੱਸਿਆ ਸੀ ਕਿ ਮੈਂ ਪ੍ਰੋਗਰਾਮ ਜਿਹੜੇ ਪਹਿਲਾਂ ਬੁੱਕ ਹਨ, ਉਹੀ ਕਰ ਰਿਹਾ ਹਾਂ; ਅੱਗਿਉਂ ਬੰਦ ਕਰ ਦਿੱਤੇ ਸਨ, ਜਦੋਂ ਕਿ ਉਨ੍ਹਾਂ ਦਿਨਾਂ ਵਿਚ ਸਮਾਂ ਅਣਸੁਖਾਵਾਂ ਹੋਣ ਦੇ ਬਾਵਜੂਦ ਉਹਦੇ ਕੋਲ ਅਗਲੇ ਛੇ ਮਹੀਨਿਆਂ ਤੱਕ ਵਾਰ-ਫੇਰ ਨਹੀਂ ਸੀ। ਗੜ੍ਹਸ਼ੰਕਰ ਨੇੜਲੇ ਪਿੰਡ ਬਗਵਾਈਂ ਲਾਗੇ ਨਹਿਰ ਕਿਨਾਰੇ ਗੱਡੀ ਵਿਚ ਹੀ ਇਹ ਸਾਡੀ ਲੰਬੀ ਮੁਲਾਕਾਤ ਹੋਈ ਸੀ।

ਉਸੇ ਵਰ੍ਹੇ ਦੇ ਦਸੰਬਰ ਜਨਵਰੀ ਮਹੀਨੇ ਲਈ ਮੈਂ ਵਿਦੇਸ਼ ਚਲੇ ਗਿਆ। ਆ ਕੇ ਵੀ ਮਹੀਨਾ ਮੁਲਾਕਾਤ ਨਾ ਹੋਈ। ਮੈਂ ਉਹਨੂੰ ਅਮਰਜੋਤ ਦੇ ਪੇਟੋਂ ਜਨਮੇ ਦੂਜੇ ਪੁੱਤਰ ਦੀ ਵਧਾਈ (ਜਿਸ ਦੀ ਮੌਤ ਵੀ ਉਨ੍ਹਾਂ ਦੇ ਮਰਨ ਉਪਰੰਤ ਹੋ ਗਈ ਸੀ) ਵੀ ਨਹੀਂ ਦੇ ਸਕਿਆ। ਇਹ ਸਮਾਂ ਇੰਨਾ ਮਨਹੂਸ ਸੀ ਕਿ ਉਦੋਂ ਕਿਸੇ ਸਰਕਾਰ ਜਾਂ ਪ੍ਰਸ਼ਾਸਨ ਦਾ ਰਾਜ ਨਹੀਂ ਸੀ ਸਗੋਂ ਚਾਰੇ ਪਾਸੇ ਮੌਤ ਹੀ ਹਰਲ-ਹਰਲ ਕਰਦੀ ਫਿਰਦੀ ਸੀ।

ਸੱਤ ਮਾਰਚ ਅਠਾਸੀ ਵਾਲੇ ਦਿਨ ਉਹਦਾ ਵਿਆਹ 'ਤੇ ਪ੍ਰੋਗਰਾਮ ਸੀ, ਸਾਡੇ ਪਿੰਡੋਂ ਮਸਾਂ ਤਿੰਨ ਕੁ ਮੀਲ 'ਤੇ ਸ਼ਹੀਦ ਭਗਤ ਸਿੰਘ ਦੇ ਨਾਨਕੇ ਪਿੰਡ ਮੋਰਾਂਵਾਲੀ। ਮੈਨੂੰ ਪਤਾ ਸੀ, ਇਸੇ ਲਈ ਸਕੂਲੋਂ ਪੜ੍ਹਾ ਕੇ ਛੇਤੀ ਘਰ ਪਰਤਣ ਦਾ ਪ੍ਰੋਗਰਾਮ ਬਣਾ ਲਿਆ ਸੀ। ਸਫ਼ਰ ਖਤਮ ਕਰ ਕੇ ਮੈਂ ਦੇਰੀ ਨਾਲ ਘਰ ਪਹੁੰਚਿਆ ਤੇ ਮੈਨੂੰ ਪਤਾ ਲੱਗਾ ਕਿ ਉਹ ਘਰੋਂ ਹੋ ਕੇ ਇਹ ਕਹਿ ਕੇ ਚਲਾ ਗਿਆ ਕਿ ਪ੍ਰੋਗਰਾਮ 'ਤੇ ਮੈਂ ਪਹੁੰਚ ਜਾਵਾਂ। ਚਾਰ ਕੁ ਵਜੇ ਮੈਂ ਵਿਆਹ ਦੇ ਉਸ ਪ੍ਰੋਗਰਾਮ 'ਤੇ ਪੁੱਜ ਗਿਆ। ਅੱਧਾ ਕੁ ਸਮਾਂ ਹੋ ਗਿਆ ਸੀ। ਇਲਾਕਾ ਭਾਵੇਂ ਮੇਰਾ ਸੀ, ਸਾਰੇ ਮੈਨੂੰ ਜਾਣਦੇ ਸਨ ਪਰ ਚਮਕੀਲੇ ਨੇ ਜੋ ਮੇਰੀ ਵਡਿਆਈ ਕੀਤੀ, ਉਹਦਾ ਜ਼ਿਕਰ ਕਰਨ ਲਈ ਮੇਰੇ ਕੋਲ ਜਿਵੇਂ ਸ਼ਬਦ ਵੀ ਗਿਠਮੁਠੀਏ ਹੋਣ। ਉਥੋਂ ਸਕੂਟਰ ਮੇਰਾ ਉਹਨੇ ਆਪਣੇ ਇਕ ਸਾਜ਼ਿੰਦੇ ਹੱਥ ਫੜਾ ਦਿੱਤਾ ਤੇ ਮੈਂ ਉਨ੍ਹਾਂ ਦੀ ਗੱਡੀ ਵਿਚ ਬਹਿ ਗਿਆ। ਰਾਹ ਵਿਚ ਆਉਂਦੇ ਮਹਿਲ ਗਹਿਲਾਂ ਪਿੰਡ ਦੇ ਠੇਕੇ ਤੋਂ ਮੈਂ ਬੋਤਲ ਤੇ ਦਰਜਨ ਉਬਾਲੇ ਆਂਡੇ ਚਮਕੀਲੇ ਦੇ ਮਨ੍ਹਾਂ ਕਰਦਿਆਂ ਵੀ ਖਰੀਦ ਲਏ। ਉਸ ਦਿਨ ਉਨ੍ਹਾਂ ਦੇ ਨਾਲ ਢੋਲਕ ਮਾਸਟਰ ਲਾਲ ਚੰਦ ਸਤਨੌਰ ਅਤੇ ਕਾਮੇਡੀਅਨ ਮਣਕੂ ਵੀ ਸੀ। ਘਰੇ ਪਹੁੰਚੇ। ਮੇਰੀ ਮਾਂ ਤੇ ਭਤੀਜੀ ਹੀ ਸਨ ਘਰੇ। ਡਰਾਇਵਰ ਤੇ ਅਮਰਜੋਤ ਨੇ ਚਾਹ ਪੀਤੀ ਤੇ ਬਾਕੀਆਂ ਨੇ ਤੇਰ੍ਹਵਾਂ ਰਤਨ ਛਕਿਆ। ਮੈਨੂੰ ਇਹ ਵੀ ਯਾਦ ਹੈ ਕਿ ਮਾਹਾਂ ਦੀ ਦਾਲ ਤੇ ਗੋਭੀ ਦੀ ਸਬਜ਼ੀ ਨਾਲ ਉਨ੍ਹਾਂ ਨੂੰ ਰੋਟੀ ਖੁਆਈ। ਹਨ੍ਹੇਰਾ ਕਾਫੀ ਹੋ ਗਿਆ ਸੀ। ਤੁਰਨ ਲੱਗਿਆਂ ਦੋਹਾਂ ਨੇ ਕਿਹਾ ਕਿ ਅਸੀਂ ਪਾਸੇ ਹੋ ਕੇ ਇਕ ਗੱਲ ਥੋੜੇ ਨਾਲ ਕਰਨੀ ਹੈ ਤੇ ਅਸੀਂ ਅਲੱਗ ਕਮਰੇ ਵਿਚ ਚਲੇ ਗਏ। ਇਕ ਮਿੰਟ ਦੀ ਚੁੱਪ ਤੋਂ ਪਿੱਛੋਂ ਚਮਕੀਲੇ ਤੋਂ ਪਹਿਲਾਂ ਅਮਰਜੋਤ ਨੇ ਭੁੱਬ ਮਾਰ ਕੇ ਕਿਹਾ, "ਭਾਜੀ ਭੌਰੇ, ਕੋਈ ਰਾਹ ਹੈ ਥੋੜੇ ਕੋਲ?"

ਮੈਂ ਕਿਹਾ, "ਕਿਹੜਾ?"

"ਮੌਤ ਸਾਡੇ ਨਾਲ-ਨਾਲ ਤੁਰੀ-ਫਿਰ ਰਹੀ ਹੈ।"

ਤੇ ਚਮਕੀਲੇ ਨੇ ਦੋ ਦਿਨ ਪਹਿਲਾਂ ਆਈ ਚਿੱਠੀ ਪੈਂਟ ਦੀ ਜੇਬ ਵਿਚੋਂ ਕੱਢ ਕੇ ਮੇਰੇ ਅੱਗੇ ਕਰ ਦਿੱਤੀ, "ਲਓ, ਪੜ੍ਹ ਲਓ।"

ਚਿੱਠੀ ਦੀ ਵਾਰਤਾ ਤਾਂ ਲੰਬੀ ਸੀ ਪਰ ਉਹਦੀ ਇਕ ਸਤਰ ਮੈਨੂੰ ਹਾਲੇ ਤੀਕਰ ਚੇਤੇ ਹੈ। ਲਿਖਿਆ ਸੀ, 'ਅਸੀਂ ਦੋ ਵਾਰ ਉਕ ਚੁੱਕੇ ਹਾਂ ਤੇ ਹੁਣ ਅਗਲਾ ਵਾਰ ਸਿੰਘਾਂ ਦਾ ਖਾਲੀ ਨਹੀਂ ਜਾਵੇਗਾ। ਜਿੱਥੇ ਲੁਕਣਾ, ਲੁਕ ਲੈ। ਬਰਸਟ ਮਾਰ ਕੇ ਛਲਣੀ ਕਰ ਦਿਆਂਗੇ ਸਭ ਕੁਝ।'

ਮੇਰੇ ਕੋਲ ਕੋਈ ਉਤਰ ਨਹੀਂ ਸੀ। ਅੱਧੀ ਰਾਤ ਹੋਣ ਵਾਲੀ ਸੀ। ਮੈਨੂੰ ਡਰ ਸੀ, ਰਾਹ ਵਿਚ ਹੀ ਨਾ ਕੁਝ ਹੋ ਜਾਵੇ। ਮੈਂ ਸਿਰਫ ਦਿਲਾਸਾ ਹੀ ਦਿੱਤਾ ਕਿ 'ਚਲੋ ਕਰਦੇ ਹਾਂ ਕੁਝ।' ਮੈਂ ਤੇ ਮੇਰੀ ਮਾਂ ਨੇ ਉਸ ਰਾਤ ਬਹੁਤ ਰੋਕਿਆ ਕਿ ਉਹ ਹੁਣ ਨਾ ਜਾਣ, ਹਾਲਾਤ ਠੀਕ ਨਹੀਂ ਤੇ ਉਨ੍ਹਾਂ ਲਈ ਤਾਂ ਬਿਲਕੁਲ ਹੀ ਨਹੀਂ ਪਰ ਉਹ ਓਦਰੇ ਹੋਏ ਇਹ ਕਹਿ ਕੇ ਗੱਡੀ ਵਿਚ ਬਹਿ ਗਏ, "ਰਹਿ ਤਾਂ ਲੈਣਾ ਸੀ ਪਰ ਭਲਕੇ ਮਹਿਸਮਪੁਰ ਪ੍ਰੋਗਰਾਮ ਐ।" ...ਤੇ ਜਿਉਂਦੇ ਚਮਕੀਲੇ ਤੇ ਅਮਰਜੋਤ ਦਾ ਚਿਹਰਾ ਆਖਰੀ ਵਾਰ ਮੇਰੀਆਂ ਅੱਖਾਂ ਸਾਹਮਣਿਓਂ ਹਨ੍ਹੇਰੇ 'ਚ ਗੁੰਮ ਹੋ ਗਿਆ।

ਅਗਲੇ ਦਿਨ, ਅੱਠ ਮਾਰਚ ਉਨੀ ਸੌ ਅਠਾਸੀ ਨੂੰ ਮੈਂ ਸਕੂਲ ਤੋਂ ਛੁੱਟੀ 'ਤੇ ਸਾਂ; ਇਸ ਕਰ ਕੇ ਕਿ ਪਿੰਡ ਨਗਰ ਕੀਰਤਨ ਸੀ। ਕਰੀਬ ਸਾਰਾ ਦਿਨ ਮੈਂ ਉਧਰ ਰਿਹਾ। ਸੂਰਜ ਮਿਟਦੇ ਸਾਰ ਸਾਡੇ ਗੁਆਂਢੀਆਂ ਦਾ ਮੁੰਡਾ ਆ ਕੇ ਕਹਿਣ ਲੱਗਾ, "ਤਾਈ (ਮੇਰੀ ਮਾਂ) ਨੇ ਹੁਣੇ ਘਰੇ ਬੁਲਾਇਆ ਹੈ।" ਪਲ ਦੋ ਪਲ ਵਿਚ ਮੈਂ ਘਰੇ ਪਹੁੰਚ ਗਿਆ ਹੋਵਾਂਗਾ। ਮਾਂ ਰੋ ਰਹੀ ਸੀ। ਆਂਹਦੀ, "ਪੁੱਤ ਚਮਕੀਲਾ ਤੇ ਅਮਰਜੋਤ ਮਾਰ 'ਤੇ ਜਿਹੜੇ ਸਾਡੇ ਕੋਲ ਸਨ ਰਾਤੀਂ।"

ਘਾਬਰੇ ਨੇ ਮੈਂ ਪੁੱਛਿਆ, "ਤੈਨੂੰ ਕੀਹਨੇ ਦੱਸਿਆ?"

ਹੁਣੇ ਜਲੰਧਰੋਂ ਟੈਲੀਵਿਜ਼ਨ ਤੋਂ ਖ਼ਬਰਾਂ 'ਚ ਦੇਖ ਲਿਆ ਸਭ ਕੁਝ। ਮੇਰੀ ਜਿਵੇਂ ਜਾਨ ਨਿਕਲ ਗਈ ਹੋਵੇ! ਜਿਵੇਂ ਸਹਿਆ, ਬਘਿਆੜ ਦੇ ਅੜਿੱਕੇ ਆ ਗਿਆ ਹੋਵੇ! ਉਹੀ ਕੁਝ ਹੋ ਤਾਂ ਗਿਆ ਜਿਹਦਾ ਡਰ ਸੀ ਪਰ ਕੁਝ ਘੰਟਿਆਂ 'ਚ ਹੀ ਹੋ ਜਾਵੇਗਾ, ਇਹ ਚਿਤ-ਚੇਤੇ ਵੀ ਨਹੀਂ ਸੀ। ਖ਼ਬਰ ਆ ਗਈ ਸੀ। ਦੋਹਾਂ ਦੇ ਸੱਚੀਂ ਹੀ ਬਰਸਟ ਮਾਰੇ ਗਏ ਸਨ ਤੇ ਦੋ ਹੋਰ ਹਰਜੀਤ ਗਿੱਲ ਤੇ ਗੁਰਦੇਵ ਦੇਬੂ ਦੇ ਵੀ ਮਾਰੇ ਗਏ ਸਨ। ਚਮਕੀਲਾ ਨਾ ਮੇਰਾ ਰਿਸ਼ਤੇਦਾਰ ਸੀ, ਨਾ ਪੇਂਡੂ ਪਰ ਇਕ ਦੋਸਤੀ ਤੇ ਉਹਦਾ ਬੀਬਾਪਣ! ਮੌਤ ਦਾ ਸਹਿਮ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ। ਸੱਚ ਇਹ ਵੀ ਸੀ ਕਿ ਉਸ ਰਾਤ ਕੁਝ ਖਾਣਾ ਤਾਂ ਕੀ ਸੀ, ਚੁੱਲ੍ਹਾ ਵੀ ਨਹੀਂ ਤਪਿਆ। ਮੇਰੀ ਮਾਂ ਮੈਨੂੰ ਸਾਰੀ ਰਾਤ ਇਕੋ ਗੱਲ ਕਹਿੰਦੀ ਰਹੀ, "ਚਮਕੀਲਾ ਹੁਣ ਤੇਰੇ ਵਿਆਹ 'ਤੇ ਨਹੀਂ ਗਾਏਗਾ ਪਰ ਹੁਣ ਮੇਰੀ ਮਿੰਨਤ ਮੰਨ; ਛੱਡ ਦੇ ਇਹ ਅਖ਼ਬਾਰਾਂ ਅਖ਼ਬੂਰਾਂ ਵਿਚ ਲਿਖਣਾ। ਪਿਉ ਥੋਡਾ ਨਿੱਕੇ ਹੁੰਦਿਆਂ ਦਾ ਮਰ ਗਿਆ ਸੀ, ਮੈਨੂੰ ਪਤਾ ਕਿਵੇਂ ਪਾਲੇ ਆ। ਰਾਤੀਂ ਚਮਕੀਲੇ ਨੂੰ ਪਤਾ ਸੀ ਕਿ ਮੈਂ ਕੱਲ੍ਹ ਤੱਕ ਨਹੀਂ ਰਹਿਣਾ।"

ਸਵੇਰੇ ਮੈਂ ਸਵਖਤੇ ਜਮਾਲਪੁਰ ਪੁੱਜ ਗਿਆ ਸਾਂ। ਉਸੇ ਘਰ ਵਿਚ ਜਿਥੇ ਉਹਨੇ ਮੇਰੇ ਨਾਲ ਬਰੰਗ ਖਤਾਂ ਦੀ ਦਰਦਨਾਕ ਕਹਾਣੀ ਸਾਂਝੀ ਕੀਤੀ ਸੀ; ਉਹੀ ਘਰ ਜਿਥੇ ਜਿਸ ਅਮਰਜੋਤ ਦੀ ਪੱਕੀਆਂ ਖਾਧੀਆਂ, ਉਹ ਲੋਥ ਬਣ ਕੇ ਪਈ ਸੀ। ਬੋਰੀਆਂ ਸੀਣ ਵਾਲੇ ਸੇਬੇ ਨਾਲ ਪੋਸਟਮਾਰਟਮ ਤੋਂ ਬਾਅਦ ਚੌਹਾਂ ਦੀਆਂ ਲਾਸ਼ਾਂ ਫਰਸ਼ 'ਤੇ ਪਈਆਂ ਸਨ। ਮੈਂ ਹੋਰਨਾਂ ਨਾਲ ਰੱਜ ਕੇ ਰੋਇਆ। ਫਿਰ ਸੰਦੀਲਾ ਤੇ ਮਾਣਕ ਆ ਗਏ। ਦੇਬੂ ਦੀ ਲਾਸ਼ ਉਹਦੇ ਵਾਰਿਸ ਲੈ ਗਏ ਤੇ ਤਿੰਨ ਲਾਸ਼ਾਂ ਚਮਕੀਲੇ ਦੇ ਪਿੰਡ ਦੁੱਗਰੀ ਲਿਆਂਦੀਆਂ ਗਈਆਂ। ਹਰਜੀਤ ਜਿਸ ਨੇ ਜਗਮੋਹਣ ਨਾਲ ਲੰਬਾ ਸਮਾਂ ਕੰਮ ਕੀਤਾ, ਸ਼ਿੰਦੇ ਦੇ ਜਿਉਣਾ ਮੌੜ ਵਿਚ ਚਤਰੇ ਦੇ ਡਾਇਲਾਗ ਬੋਲੇ, ਅਮਰ ਨੂਰੀ ਲਈ 'ਭਾਬੀ ਮੇਰੀ ਗੁੱਤ ਕਰਦੇ' ਗੀਤ ਲਿਖਿਆ, ਕਦੇ-ਕਦੇ ਚਮਕੀਲੇ ਨਾਲ ਚਲੇ ਜਾਂਦਾ ਸੀ; ਉਸ ਦੀ ਚਿਤਾ ਵੀ ਚਿਣ ਦਿੱਤੀ ਗਈ। ਉਹਦਾ ਪਿੰਡ ਮੇਰੇ ਸਹੁਰੇ ਪਿੰਡ ਮਖਸੂਸਪੁਰ ਦੇ ਨਾਲ ਚੇਲਾ ਸੀ। ਦੁਪਹਿਰੇ ਕਿਤੇ ਉਹਦੇ ਦੇਸੀ ਜੱਟ ਭਰਾ ਨੂੰ ਕਿਸੇ ਨੇ ਅਖ਼ਬਾਰ ਪੜ੍ਹ ਕੇ ਦੱਸਿਆ, ਹਰਜੀਤ ਦੀ ਮੌਤ ਬਾਰੇ। ਉਹ ਲਾਂਬੂ ਲਾਉਣ ਤੋਂ ਪਹਿਲਾਂ ਧਾਹਾਂ ਮਾਰਦਾ ਦੁੱਗਰੀ ਪੁੱਜਿਆ। ਖੈਰ! ਮਾਣਕ ਨੇ ਪੈਸੇ ਦਿੱਤੇ ਤੇ ਇਕ ਫੋਰ-ਵ੍ਹੀਲਰ ਕਿਰਾਏ 'ਤੇ ਲੈ ਕੇ ਹਰਜੀਤ ਦੀ ਲਾਸ਼ ਉਹਦੇ ਭਰਾ ਹੱਥ ਚੇਲੇ ਪਿੰਡ ਤੋਰ ਦਿੱਤੀ।



ਪਿੰਡ ਦੁੱਗਰੀ ਵਿਚ ਚਿਤਾ ਨੂੰ ਲਾਂਬੂ ਲਾਉਣ ਤੋਂ ਪਹਿਲਾਂ ਸ਼ਮਸ਼ਾਨਘਾਟ 'ਚ ਪਈਆਂ ਅਮਰ ਸਿੰਘ ਚਮਕੀਲੇ ਤੇ ਅਮਰਜੋਤ ਦੀਆਂ ਲਾਸ਼ਾਂ। ਚਮਕੀਲੇ ਦੀ ਪਹਿਲੀ ਪਤਨੀ ਗੁਰਮੇਲ ਕੌਰ ਤੇ ਕੁਲਦੀਪ ਮਾਣਕ ਅੰਤਿਮ ਦਰਸ਼ਨਾਂ ਵਕਤ। ਗੁਰਮੇਲ ਕੌਰ ਦਾ ਸਿਆਪੇ 'ਚ ਬੋਲਿਆ ਇਕ ਵਾਕ ਹਾਲੇ ਤੱਕ ਚੇਤੇ ਹੈ। ਉਹ ਅਮਰਜੋਤ ਨੂੰ ਕਹਿ ਰਹੀ ਸੀ, "ਤੂੰ ਤਾਂ ਗਾਉਂਦੀ ਹੁੰਦੀ ਸੀ, 'ਤਾਹੀਉਂ ਅੱਜ ਖਾਲਸੇ ਦੇ ਸਿਰ ਸੋਂਹਦੀਆਂ ਨੇ ਦਸਤਾਰਾਂ ਕੇਸਰੀ', ਪਰ ਤੇਰੀ ਚੁੰਨੀ ਕੀਹਨੇ ਲੀਰਾਂ ਕੀਤੀ ਐ ਤੇ ਮੇਰੀ ਦਾ ਰੰਗ ਚਿੱਟਾ ਕੀਹਨੇ ਕੀਤਾ ਐ?"



QAUMI RAJNITI
(A Punjabi Monthly)
Rajniti Bhawan,
14-B, Sargodha Colony,
LUDHIANA-141002.

18/3/88

ਪੰਜਾਬ ਦੇ ਹਾਲਾਤ 'ਤੇ ਇਕਪਾਸੜ ਨਜ਼ਰ ਰੱਖਣ ਵਾਲੇ 'ਕੌਮੀ ਰਾਜਨੀਤੀ' ਮਾਸਿਕ ਪਰਚੇ ਦੇ ਸੰਪਾਦਕ ਦਾ ਖ਼ਤ ਜੋ ਉਹਨੇ ਮੈਨੂੰ ਚਮਕੀਲੇ ਦੀ ਮੌਤ ਤੋਂ ਬਾਅਦ 10 ਮਾਰਚ 1988 ਨੂੰ 'ਅਜੀਤ' 'ਚ ਛਪੇ ਮੇਰੇ ਲੇਖ 'ਤੇ ਟਿੱਪਣੀ ਵਜੋਂ ਲਿਖਿਆ ਸੀ।

ਦੁੱਗਰੀ ਦੇ ਸ਼ਮਸ਼ਾਨਘਾਟ ਦਾ ਦ੍ਰਿਸ਼ ਬੜਾ ਕਰੁਣਾਮਈ ਸੀ। ਹਰ ਅੱਖ ਰੋ ਹੀ ਨਹੀਂ ਸੀ ਰਹੀ, ਸਰਾਪ ਵਾਂਗ ਸਿਆਪਾ ਵੀ ਕਰ ਰਹੀ ਸੀ ਕਿ ਮਿਲੇਗਾ ਕੋਨੂੰ ਚਮਕੀਲਾ ਮਾਰ ਕੇ...ਹਾਏ ਵੇ ਬੇਰਹਿਮਿਓ...!

ਇੰਦਾਂ ਲਗਦਾ ਸੀ ਜਿਵੇਂ ਸੂਰਜ ਤੇ ਕੁਦਰਤ ਵੀ ਸਹਿਮ ਗਏ ਹੋਣ! ਕੋਈ ਕਿਸੇ ਨਾਲ ਗੱਲ ਨਹੀਂ ਸੀ ਕਰ ਰਿਹਾ। ਮਾਣਕ ਨਾਲ ਜਾਂਦੇ-ਜਾਂਦੇ ਨੂੰ ਮੈਨੂੰ ਖਿੱਚ ਕੇ ਜੱਸੋਵਾਲ (ਜਗਦੇਵ ਸਿੰਘ) ਨੇ ਆਪਣੀ ਕਾਰ ਵਿਚ ਇਹ ਕਹਿ ਕੇ ਬਿਠਾ ਲਿਆ ਕਿ ਕੋਈ ਜ਼ਰੂਰੀ ਗੱਲ ਕਰਨੀ ਹੈ। ਲੁਧਿਆਣੇ ਉਹਦੇ ਘਰ ਦੇ ਦਰਵਾਜ਼ੇ 'ਤੇ ਦਸਤਕ ਹੀ ਦਿੱਤੀ ਸੀ ਕਿ ਉਹ ਕਹਿਣ ਲੱਗਾ, "ਅਸ਼ੋਕ, ਇੰਦਾਂ ਈ ਕਾਰ ਲੈ ਜਾ ਜਲੰਧਰ ਨੂੰ। 'ਅਜੀਤ' ਵਿਚ ਲਿਖ ਕੇ ਕੁਝ ਲਾ ਦੇ ਚਾਰ ਸ਼ਬਦ। ਜਾਹ ਚਲੇ ਜਾਹ। ਆਹ ਲੈ ਸੌ ਦਾ ਨੋਟ, ਰਾਹ ਵਿਚ ਭਨਾ ਕੇ ਚਾਹ ਪੀ ਲਈਂ ਤੇ ਬਾਕੀ ਤੇਲ ਪੁਆ ਲਈਂ। ਖਾਣਾ ਤੇਰੇ ਆਏ 'ਤੇ 'ਕੱਠੇ ਖਾਵਾਂਗੇ।" ਤੇ ਦੁੱਖ ਦੀ ਪੰਡ ਲੈ ਕੇ ਮੈਂ ਰਾਤ ਅੱਠ ਕੁ ਵਜੇ 'ਅਜੀਤ' ਦੇ ਦਫ਼ਤਰ ਜਲੰਧਰ ਪੁੱਜ ਗਿਆ। ਉਥੇ ਟੇਬਲ 'ਤੇ ਬਹਿ ਕੇ ਲੇਖ ਲਿਖਿਆ, 'ਚਮਕੀਲੇ ਦੇ ਕਤਲ ਨਾਲ ਪੰਜਾਬੀ ਗਾਇਕੀ ਨੂੰ ਢਾਅ'। 'ਅਜੀਤ' ਦੇ ਤਤਕਾਲੀਨ ਸਮਾਚਾਰ ਸੰਪਾਦਕ ਰਜਿੰਦਰ ਰਾਜਨ ਤੇ ਦਰਸ਼ਨ ਮਕਤ ਨੇ ਹਾਲਾਂਕਿ ਮੈਨੂੰ ਅਜਿਹਾ ਕਰਨ ਤੋਂ ਵਰਜਿਆ ਵੀ, ਕਿਉਂਕਿ ਕਈ ਖਾੜਕੂ ਜਥੇਬੰਦੀਆਂ ਨੇ ਇਸ ਕਤਲ ਦੀ ਜ਼ਿੰਮੇਵਾਰੀ ਲੈ ਲਈ ਸੀ ਪਰ ਲੇਖ ਦਸ ਮਾਰਚ ਉਨੀ ਸੌ ਅਠਾਸੀ ਦੇ ਅੰਕ ਵਿਚ ਸਮਾਚਾਰ ਪੰਨੇ 'ਤੇ ਛਪ ਗਿਆ। ਬੱਸ ਫਿਰ ਕੀ ਸੀ, ਧਮਕੀਆਂ ਨਿਆਣੀ ਉਮਰੇ ਮੇਰੇ ਪੱਲੇ ਪੈ ਗਈਆਂ।

ਜਿੰਦਣ ਦੁਗਰੀ ਵਿਚ ਇਸ ਜੋੜੀ ਦਾ ਭੋਗ ਸੀ, ਦਿਲਸ਼ਾਦ ਅਖ਼ਤਰ ਸਮੇਤ ਹਰ ਕੋਈ ਗਾਇਕ, ਗੀਤਕਾਰ, ਸਾਜ਼ੀ ਪੁੱਜਿਆ; ਦਿੱਲਿਓਂ ਸੰਗੀਤ

(ਬਾਕੀ ਸਫ਼ਾ 32 'ਤੇ)

## ਵਾਰਦਾਤ ਦੀ ਚਸ਼ਮਦੀਦ ਗਵਾਹੀ

ਅਮਰ ਸਿੰਘ ਚਮਕੀਲੇ ਨਾਲ ਢੋਲਕ ਵਜਾਉਣ ਵਾਲਾ ਲਾਲ ਕਈ ਮਹੀਨੇ ਲਗਭਗ ਲੋਪ ਹੀ ਰਿਹਾ। ਉਹ ਸਭ ਤੋਂ ਵੱਧ ਡਰ ਇਸ ਕਰ ਕੇ ਗਿਆ ਸੀ ਕਿ ਇਹ ਕਤਲੋਗਾਰਤ ਉਹਨੇ ਅੱਖੀਂ ਵੇਖੀ ਸੀ। ਉਹ ਖੁਦ ਵੀ ਬਾਂਹ ਵਿਚ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ ਸੀ। ਉਸ ਚਸ਼ਮਦੀਦ ਗਵਾਹ ਨੇ ਜਿਵੇਂ ਉਹ ਦਰਦਨਾਕ ਦ੍ਰਿਸ਼ ਮੇਰੇ ਨਾਲ ਸਾਂਝਾ ਕੀਤਾ ਸੀ, ਇਨ-ਬਿਨ ਤੁਹਾਡੇ ਅੱਗੇ ਪੇਸ਼ ਕਰ ਰਿਹਾ ਹਾਂ। ਉਹਨੇ ਦੱਸਿਆ, "ਜਦੋਂ ਅਸੀਂ ਜਲੰਧਰ ਜ਼ਿਲ੍ਹੇ ਦੇ ਪਿੰਡ ਮਹਿਸਮਪੁਰ ਪੁੱਜੇ ਤਾਂ ਜਿਥੇ ਪ੍ਰੋਗਰਾਮ ਹੋਣਾ ਸੀ, ਆਲੇ-ਦੁਆਲੇ ਹਲਕੀ ਠੰਢ ਹੋਣ ਕਾਰਨ ਲੋਕਾਂ ਨੇ ਕੰਬਲੀਆਂ-ਖੇਸੀਆਂ ਦੀਆਂ ਬੁੱਕਲਾਂ ਮਾਰੀਆਂ ਹੋਈਆਂ ਸਨ। ਵਿਆਹ ਵਾਲਿਆਂ ਦੇ ਘਰੋਂ ਜਦੋਂ ਅਸੀਂ ਚਾਹ ਪੀ ਕੇ ਉਥੇ ਪੁੱਜੇ, ਖੱਬੇ ਪਾਸੇ ਕਾਰ ਵਿਚੋਂ ਪਹਿਲਾਂ ਅਮਰਜੋਤ ਪਿਛਲੀ ਬਾਰੀ 'ਚੋਂ ਨਿਕਲੀ ਤਾਂ ਗੋਲੀਆਂ ਦਾ ਮੀਂਹ ਵਰ੍ਹ ਪਿਆ। ਆਵਾਜ਼ ਬਿਲਕੁਲ ਮੱਧਮ ਸੀ। ਅਮਰਜੋਤ ਨੂੰ ਘਰ ਵਿਚ ਲਾਡ ਨਾਲ ਬੱਬੀ ਕਹਿੰਦੇ ਸਨ। ਕਈ ਵਾਰ ਉਹਦੀਆਂ ਲੱਤਾਂ ਸੌ ਜਾਂਦੀਆਂ ਸਨ। ਜਦੋਂ ਉਹ ਗੋਲੀਆਂ ਲੱਗਣ ਨਾਲ ਡਿੱਗੀ ਤਾਂ ਚਮਕੀਲੇ ਨੂੰ ਬਿਲਕੁਲ ਪਤਾ ਨਾ ਲੱਗਾ। ਉਹ ਦੂਜੀ ਬਾਰੀ 'ਚੋਂ ਉਤਰ ਕੇ ਘੁੰਮ ਕੇ ਆਇਆ ਤਾਂ ਪੁੱਛਿਆ, 'ਬੱਬੀ ਕੀ ਹੋਇਆ ਤੈਨੂੰ?' ਇਕ ਹੋਰ ਸਿੰਘ ਨੇ ਬੁੱਕਲ 'ਚੋਂ ਇਹ ਕਹਿ ਕੇ ਅਸਾਲਟ ਕੱਢੀ ਕਿ 'ਠਹਿਰ ਜਾ, ਤੈਨੂੰ ਵੀ ਦੱਸਦੇ ਆਂ', ਤੇ ਛਾਤੀ ਗੋਲੀਆਂ ਨਾਲ ਛਲਣੀ ਕਰ ਦਿੱਤੀ। ਹਫੜਾ-ਦਫੜੀ ਵਿਚ ਲੋਕ ਭੱਜਣ ਲੱਗੇ। ਫਿਰ ਦੇਬੂ ਦੀ ਵਾਰੀ ਆਈ। ਉਹਦੇ ਵਰ੍ਹਦੀਆਂ ਗੋਲੀਆਂ 'ਚੋਂ ਇਕ ਮੇਰੀ ਬਾਂਹ 'ਚੀਂ ਨਿਕਲ ਗਈ। ਮੈਂ ਭੱਜ ਕੇ ਮੰਜਿਆਂ 'ਤੇ ਪਈਆਂ ਰਜਾਈਆਂ ਵਿਚ ਲੁਕ ਗਿਆ। ਹਰਜੀਤ ਕਾਰ ਦੀ ਅਗਲੀ ਸੀਟ 'ਤੇ ਬੈਠਾ ਸੀ। ਉਹਨੂੰ ਕਹਿੰਦੇ ਰਹੇ, 'ਭੱਜੀਂ ਨਾ, ਤੈਨੂੰ ਕੁਝ ਨਹੀਂ ਕਹਿੰਦੇ।' ਤੇ ਜਾਣ ਲੱਗਿਆਂ ਨੇ ਉਹਦੀ ਧੌਣ ਉਪਰ ਨੂੰ ਚੁਕਾਈ ਤੇ ਸਾਹ ਰਗ ਕੋਲੋਂ ਗੋਲੀ ਲੰਘਾ'ਤੀ। ਉਹਦੀ ਗਰਦਨ ਵਿਚੋਂ ਪਿਛਲੇ ਪਾਸਿਓਂ ਚੀਥੜੇ ਉਡਦੇ ਮੈਂ ਵੇਖੇ।

ਤੇ ਪੁਲਿਸ ਆਉਣ ਤੱਕ ਲਾਸ਼ਾਂ ਹੇਠਾਂ ਪਈਆਂ ਸਨ ਤੇ ਘਰ ਦੇ ਰਿਸ਼ਤੇਦਾਰ ਤੇ ਅਸੀਂ ਲੁਕੇ ਬੈਠ ਰਹੇ।

# ਵਰਤਮਾਨ ਸੰਦਰਭ 'ਚ ਗੁਰਦੁਆਰਾ, ਸਿੱਖ ਤੇ ਸਿੱਖਿਆ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਹਾਲ ਹੀ ਵਿਚ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਸਿੱਖ ਸੰਗਤ ਦੇ ਨਾਂ ਇੱਕ ਸੁਨੇਹਾ ਅਖਬਾਰਾਂ ਵਿਚ ਦੇਖਿਆ ਕਿ ਸਿੱਖ ਹੋਰ ਗੁਰਦੁਆਰੇ ਬਣਾਉਣ ਦੀ ਥਾਂ ਬੱਚਿਆਂ ਦੀ ਪੜ੍ਹਾਈ ਵਾਸਤੇ ਸਕੂਲ ਖੋਲ੍ਹਣ ਅਤੇ ਵਿੱਦਿਆ ਦਾ ਦਾਨ ਦੇਣ ਲਈ ਖ਼ਰਚ ਕਰਨ। ਇਸ ਪੱਤਰ ਵਿਚ ਗੁਰਦੁਆਰਿਆਂ ਦੀ ਗਿਣਤੀ ਅਤੇ ਸਕੂਲਾਂ ਦੀ ਘਾਟ ਅਤੇ ਮੌਜੂਦਾ ਸਕੂਲਾਂ ਵਿਚ ਸਹੂਲਤਾਂ ਦੀ ਕਮੀ ਦਾ ਵੀ ਲੇਖਾ-ਜੋਖ਼ਾ ਕੀਤਾ ਗਿਆ ਸੀ। ਇਹ ਗੱਲ ਬਿਲਕੁਲ ਸਹੀ ਹੈ ਕਿ ਪੰਜਾਬ ਪਿੰਡਾਂ ਵਿਚ ਵੱਸਦਾ ਹੈ ਅਤੇ ਇਸ ਪੱਖੋਂ ਵੀ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ ਕਿ ਪਿੰਡਾਂ ਦੇ ਸਕੂਲਾਂ ਦਾ ਕੋਈ ਵਾਲੀ-ਵਾਰਸ ਨਹੀਂ ਹੈ, ਸਰਕਾਰ ਤਾਂ ਉਕਾ ਹੀ ਨਹੀਂ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਲੋਕਾਂ ਸਿਰ ਭਾਂਤ-ਸੁਭਾਂਤੇ ਟੈਕਸ ਲਾ ਕੇ ਇਕੱਠਾ ਕੀਤਾ ਪੈਸਾ ਭਾਵੇਂ ਉਹ ਸਨਾਵਰ ਸਕੂਲ ਵਰਗੀਆਂ ਸੰਸਥਾਵਾਂ ਨੂੰ ਗਰਾਂਟਾਂ ਵਿਚ ਦੇਣ, ਮੰਤਰੀਆਂ ਲਈ ਨਵੀਆਂ ਗੱਡੀਆਂ, ਸੰਗਤ ਦਰਸ਼ਨਾਂ, ਵਧੀਆ ਹਿਲ-ਸਟੇਸ਼ਨਾਂ ਜਾਂ ਸੈਰਗਾਹਾਂ 'ਤੇ ਵਿਚਾਰ-ਵਟਾਂਦਰੇ ਦੇ ਬਹਾਨੇ ਉਡਾਉਂਦੇ ਰਹਿਣ, ਪਿੰਡਾਂ ਦੀ ਭਲਾਈ ਲਈ ਕੁਝ ਵੀ ਨਾ ਕਰਨ ਤਾਂ ਵੀ ਸਿੱਧੇ-ਸਾਦੇ ਪੇਂਡੂ ਲੋਕਾਂ ਨੇ ਵੋਟਾਂ ਪੰਥ ਦੇ ਨਾਮ 'ਤੇ ਅਕਾਲੀ ਦਲ ਨੂੰ ਹੀ ਪਾਉਣੀਆਂ ਹਨ। ਪੰਥ ਨਾਲੋਂ ਉਹ ਕਿਵੇਂ ਟੁੱਟ ਸਕਦੇ ਹਨ?

ਅੱਜ ਭਾਵੇਂ ਸਿੱਖਾਂ ਨੇ ਬਹੁਤ ਤਰੱਕੀ ਕਰ ਲਈ ਹੈ ਅਤੇ ਦੁਨਿਆਵੀ ਤੌਰ 'ਤੇ ਸਿੱਖਾਂ ਦੀਆਂ ਪ੍ਰਾਪਤੀਆਂ ਕਈ ਪਾਸੇ ਨਜ਼ਰ ਆਉਂਦੀਆਂ ਹਨ ਪਰ ਜਿਥੋਂ ਤੱਕ ਸਾਡੀਆਂ ਮੁੱਢਲੀਆਂ ਸੰਸਥਾਵਾਂ ਦਾ ਸਵਾਲ ਹੈ, ਅਸੀਂ ਬਹੁਤ ਬੁਰੀ ਤਰ੍ਹਾਂ ਫੇਲ੍ਹ ਹੋਏ ਹਾਂ। ਇਨ੍ਹਾਂ ਸੰਸਥਾਵਾਂ ਵਿਚ ਮੋਟੇ ਤੌਰ 'ਤੇ ਅਕਾਲ ਤਖਤ ਸਾਹਿਬ, ਗੁਰਦੁਆਰਾ, ਵਿੱਦਿਅਕ ਸੰਸਥਾਵਾਂ ਅਤੇ ਪਰਿਵਾਰ ਸ਼ਾਮਲ ਹਨ।

ਸਿੱਖ ਧਰਮ ਦੀ ਸਰਬ-ਉਚ ਸੰਸਥਾ ਅਕਾਲ ਤਖਤ ਸਾਹਿਬ ਦੀ ਹੀ ਗੱਲ ਕਰ ਲਈਏ। ਅਕਾਲ ਤਖਤ ਦੀ ਸਥਾਪਨਾ ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਕੀਤੀ ਸੀ, ਜਿਸ ਨੂੰ ਉਦੋਂ ਅਕਾਲ ਬੁੰਗਾ ਕਿਹਾ ਜਾਂਦਾ ਸੀ। ਜਿਥੇ ਹਰਿਮੰਦਰ ਸਾਹਿਬ ਪੀਰੀ ਅਰਥਾਤ ਅਧਿਆਤਮਕ ਸ਼ਕਤੀ ਦਾ ਪ੍ਰਤੀਕ ਹੈ, ਉਥੇ ਅਕਾਲ ਤਖ਼ਤ ਮੀਰੀ ਅਰਥਾਤ ਦੁਨਿਆਵੀ ਸ਼ਕਤੀ ਦਾ ਪ੍ਰਤੀਕ ਹੈ। ਉਦੋਂ ਮੁਗ਼ਲੀਆ ਸਲਤਨਤ ਦਾ ਬੋਲ-ਬਾਲਾ ਸੀ। ਇਸ ਦੀ ਸਥਾਪਨਾ ਇਸ ਲਈ ਕੀਤੀ ਗਈ ਸੀ ਤਾਂ ਕਿ ਸਿੱਖ ਜਗਤ ਦੇ ਝਗੜੇ ਆਪਣੇ ਘਰ ਵਿਚ ਆਪ ਹੀ ਨਜਿੱਠੇ ਜਾਣ। ਇਸ ਲਈ ਇਹ ਸਿੱਖਾਂ ਦੀ ਪ੍ਰਭੁਸੱਤਾ ਦਾ ਪ੍ਰਤੀਕ ਬਣ ਗਿਆ। ਅਕਾਲ ਤਖ਼ਤ ਅਨਿਆਂ ਦੇ ਖ਼ਿਲਾਫ਼ ਅਤੇ ਸਰਬੱਤ ਦੇ ਭਲੇ ਲਈ ਜੂਝਣ ਦਾ ਪ੍ਰਤੀਕ ਹੈ। ਅਕਾਲ ਤਖਤ ਦਾ ਜਥੇਦਾਰ ਅਧਿਆਤਮਕ ਅਤੇ ਦੁਨਿਆਵੀ-ਦੋਵੇਂ ਤਰ੍ਹਾਂ ਦੀ ਸੂਝ ਦਾ ਮਾਲਕ ਹੋਣ ਦੇ ਨਾਲ ਨਾਲ ਕੌਮ ਦੇ ਸਾਂਝੇ ਹਿਤਾਂ ਪ੍ਰਤੀ ਸੁਹਿਰਦ ਹੋਣਾ ਚਾਹੀਦਾ ਹੈ ਤਾਂ ਕਿ ਸਹੀ ਫ਼ੈਸਲੇ ਲੈ ਸਕੇ ਅਤੇ ਕੌਮ ਨੂੰ ਸਹੀ ਸੇਧ ਦੇ ਸਕੇ। ਕੋਈ ਵੀ ਇਕੱਲਾ ਆਦਮੀ ਇਸ ਦੇ ਸਮਰੱਥ ਨਹੀਂ ਹੁੰਦਾ। ਸਿੱਖ ਧਰਮ ਵਿਚ ਗੁਰੂ ਸਾਹਿਬਾਨ ਨੇ ਇਸ ਦਾ ਪ੍ਰਬੰਧ ਵੀ ਕਰ ਦਿੱਤਾ ਹੋਇਆ ਹੈ। ਇਸੇ ਲਈ ਸਿੱਖ ਧਰਮ ਵਿਚ ਭਗਤੀ ਅਤੇ ਸ਼ਕਤੀ ਦੋਵੇਂ ਸੰਗਤੀ ਹਨ। ਇਕੱਲਤਾ ਅਤੇ ਨਿੱਜਤਾ ਨੂੰ ਇਸ ਵਿਚ ਕੋਈ ਥਾਂ ਨਹੀਂ ਦਿੱਤੀ ਗਈ। ਭਗਤੀ ਕਿਸੇ ਜੰਗਲ ਜਾਂ ਉਜਾੜ ਵਿਚ ਸਮਾਧੀ ਲਾ ਕੇ ਨਹੀਂ ਹੋ ਸਕਣੀ ਅਤੇ ਸ਼ਕਤੀ ਦੀ ਵਰਤੋਂ ਖ਼ਾਲਸਾ-ਪੰਥ ਦੀ ਰਾਇ ਨੂੰ ਧਿਆਨ ਵਿਚ ਰੱਖ ਕੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਅਸੂਲਾਂ ਦੀ ਅਗਵਾਈ ਅਨੁਸਾਰ ਹੀ ਹੋਣੀ ਹੈ।

ਸਿੱਖ ਧਰਮ ਗੁਰੂਆਂ ਰਾਹੀਂ ਦੱਸੀ ਇੱਕ ਜੀਵਨ ਜਾਚ ਹੈ। ਇਸ ਲਈ ਮਨੁੱਖ ਦੀ ਜ਼ਿੰਦਗੀ ਨਾਲ ਸਬੰਧਤ ਹਰ ਪੱਖ 'ਤੇ ਬਾਣੀ ਵਿਚ ਅਗਵਾਈ ਮਿਲ ਜਾਂਦੀ ਹੈ। ਇਹ ਹੀ ਮੀਰੀ ਅਤੇ ਪੀਰੀ ਦਾ ਸੁਮੇਲ ਹੈ। ਇੱਕ ਗੱਲ ਹਮੇਸ਼ਾ ਧਿਆਨ ਦੇਣ ਯੋਗ ਹੈ ਕਿ ਪੀਰੀ ਨੂੰ ਮੀਰੀ ਨੇ ਆਪਣੇ ਅਨੁਸਾਰ ਨਹੀਂ ਚਲਾਉਣਾ ਬਲਕਿ ਮੀਰੀ ਨੇ ਪੀਰੀ ਅਰਥਾਤ ਗੁਰਬਾਣੀ ਤੋਂ, ਅਧਿਆਤਮਕਤਾ ਤੋਂ ਅਗਵਾਈ ਲੈਣੀ ਹੈ। ਪਰ ਅੱਜ ਹਾਲਾਤ ਬਿਲਕੁਲ ਹੀ ਉਲਟ ਦਿਸ਼ਾ ਵੱਲ ਜਾ ਰਹੇ ਹਨ।

ਵਰਤਮਾਨ ਹਾਲਾਤ ਵਿਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਸ ਵਿਚ ਬਹੁਤ ਨੇੜਿਓਂ ਜੁੜੇ ਹੋਏ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਸਿੱਖ ਵੋਟਰਾਂ ਦੀਆਂ ਵੋਟਾਂ ਨਾਲ ਚੁਣੇ ਜਾਂਦੇ ਹਨ ਪਰ ਕੇਂਦਰ ਸਰਕਾਰ ਫ਼ੈਸਲਾ ਕਰਦੀ ਹੈ ਕਿ ਚੋਣ ਕਦੋਂ ਹੋਣੀ ਹੈ? ਵੋਟਰ ਕੌਣ ਬਣ ਸਕਦਾ ਹੈ, ਕੌਣ ਨਹੀਂ? ਇਸ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਦਖ਼ਲ ਬਹੁਤ ਜ਼ਿਆਦਾ ਹੈ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਕਾਰਜਕਾਰਨੀ ਦੇ ਮੈਂਬਰ ਕਹਿਣ ਨੂੰ ਤਾਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਰਾਹੀਂ ਚੁਣੇ ਜਾਂਦੇ ਹਨ ਪਰ ਇਹ ਜੱਗ-ਜ਼ਾਹਿਰ ਹੈ ਕਿ ਇਸ ਦਾ ਫੈਸਲਾ ਵੀ ਬੰਦ ਲਿਫ਼ਾਫ਼ੇ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਮਰਜ਼ੀ ਅਨੁਸਾਰ ਹੁੰਦਾ ਹੈ। ਚੋਣਾਂ ਦੀ ਕਾਰਜ-ਪ੍ਰਣਾਲੀ ਉਹੀ ਅਪਨਾਈ ਜਾਂਦੀ ਹੈ ਜੋ ਆਮ ਚੋਣਾਂ ਦੀ ਹੁੰਦੀ ਹੈ। ਦੇਖਣ ਨੂੰ ਭਾਵੇਂ ਮੈਂਬਰ ਵੱਖ ਵੱਖ ਰਾਜਨੀਤਕ ਪਾਰਟੀਆਂ ਵੱਲੋਂ ਆਉਂਦੇ ਹਨ ਪਰ ਬਹੁਗਿਣਤੀ ਹੁਕਮਰਾਨ ਪਾਰਟੀ ਅਰਥਾਤ ਸ਼੍ਰੋਮਣੀ ਅਕਾਲੀ ਦਲ ਦੀ ਹੀ ਹੁੰਦੀ ਹੈ। ਇਹ ਵੀ ਸਾਰੇ ਜਾਣਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ 'ਤੇ ਇੱਕੋ ਬੰਦੇ ਤੇ ਇੱਕੋ ਪਰਿਵਾਰ ਦਾ ਕਬਜ਼ਾ ਹੈ। ਇਸ ਤਰ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਅਤੇ ਅਹੁਦੇ 'ਤੇ ਬਣੇ ਰਹਿਣਾ ਇੱਕ ਹੀ ਵਿਅਕਤੀ ਅਰਥਾਤ ਪਰਿਵਾਰ ਦੀ ਇਜ਼ਾਰੇਦਾਰੀ ਹੈ। ਜਿੱਥੇ ਅਤੇ ਜਦੋਂ ਉਹ ਚਾਹੇ ਸ਼੍ਰੋਮਣੀ ਕਮੇਟੀ, ਇਸ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣੇ ਰਾਜਨੀਤਕ ਹਿਤਾਂ ਲਈ ਵਰਤ ਸਕਦਾ ਹੈ।

ਹੁਣ ਪ੍ਰਸ਼ਨ ਇਹ ਹੈ ਕਿ ਅੱਜ ਦੇ ਅਜਿਹੇ ਸਿਸਟਮ ਵਿਚ ਕੀ ਅਕਾਲ ਤਖ਼ਤ ਦਾ ਜਥੇਦਾਰ ਸੱਚੇ ਤਖ਼ਤ, ਜਿਸ ਨੂੰ ਸੱਚੇ ਪਾਤਿਸ਼ਾਹ ਨੇ ਕਾਇਮ ਕੀਤਾ ਸੀ, ਦੀ ਪ੍ਰਭੁਸੱਤਾ ਨੂੰ ਕਾਇਮ ਰੱਖ ਸਕਦਾ ਹੈ? ਕੀ ਉਹ ਕੌਮ ਦੇ ਹਿੱਤ ਵਿਚ ਸੁਤੰਤਰ ਫ਼ੈਸਲੇ ਲੈ ਸਕਦਾ ਹੈ? ਇਹੀ ਪ੍ਰਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਦਰਭ ਵਿਚ ਵੀ ਪ੍ਰਸੰਗਕ ਹੈ ਜਿਸ ਦੇ ਅਧਿਕਾਰ ਵਿਚ ਗੁਰਦੁਆਰਿਆਂ ਅਤੇ ਹੋਰ ਸਿੱਖ ਸੰਸਥਾਵਾਂ ਦਾ ਪ੍ਰਬੰਧ ਸ਼ਾਮਲ ਹੈ। ਫੈਸਲੇ ਵੋਟਾਂ ਦੀ ਰਾਜਨੀਤੀ ਨੂੰ ਮੁੱਖ ਰੱਖ ਕੇ ਕੀਤੇ ਜਾਂਦੇ ਹਨ। ਇਸ ਦੀ ਮੌਜੂਦਾ ਉਦਾਹਰਣ ਅਸਲੀ ਨਾਨਕਸ਼ਾਹੀ ਕੈਲੰਡਰ ਦਾ ਹਸ਼ਰ ਹੈ ਜਿਸ ਤੋਂ ਸਾਰਾ ਸਿੱਖ ਜਗਤ ਵਾਕਫ਼ ਹੈ। ਬਹੁਤ ਸਾਰੇ ਅਜਿਹੇ ਅਹਿਮ ਮਸਲੇ ਹਨ ਜਿਨ੍ਹਾਂ ਨੂੰ ਵੋਟਾਂ ਦੀ ਰਾਜਨੀਤੀ ਕਰਕੇ ਹੱਥ ਹੀ ਨਹੀਂ ਪਾਇਆ ਜਾਂਦਾ। ਹਾਂ, ਵਿਰੋਧੀਆਂ ਨੂੰ ਸਜਾ ਦੇਣ ਲਈ ਅਕਾਲ ਤਖ਼ਤ ਦੀ ਵਰਤੋਂ ਅਕਸਰ ਕੀਤੀ ਜਾਂਦੀ ਹੈ। ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਦਾ ਪ੍ਰਬੰਧ ਇਸ ਕਿਸਮ ਦਾ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਵਿਅਕਤੀ ਵਿਸ਼ੇਸ਼ ਜਾਂ ਪਾਰਟੀ ਦੇ ਰਹਿਮੋ-ਕਰਮ 'ਤੇ ਨਾ ਹੋਵੇ ਤੇ ਸਮੁੱਚੀ ਕੌਮ ਦੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਹੀ ਫ਼ੈਸਲੇ ਲੈਣ ਦੇ ਸਮਰੱਥ ਹੋਵੇ। ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਨ ਲਈ ਸ਼ਖ਼ਸ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਨਹੀਂ ਹੋਣਾ ਚਾਹੀਦਾ।

ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ ਨੂੰ ਪਹਿਲੇ-ਪਹਿਲ 'ਧਰਮਸਾਲ' ਕਿਹਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਤਾਂ ਇਸ ਧਰਤੀ ਨੂੰ ਵੀ ਅਕਾਲ ਪੁਰਖ ਵੱਲੋਂ ਸਿਰਜੀ ਗਈ ਧਰਮਸਾਲ ਕਿਹਾ ਹੈ ਜਿਥੇ ਮਨੁੱਖ ਧਰਮ ਕਮਾਉਣ ਲਈ ਆਉਂਦਾ ਹੈ। ਇਸੇ ਸਬੰਧ ਵਿਚ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਇਸ ਸੰਸਾਰ 'ਤੇ ਆਗਮਨ ਨਾਲ ਸਮਾਜ ਵਿਚ ਜੋ ਤਬਦੀਲੀ ਆਈ, ਦਾ ਜ਼ਿਕਰ ਕੀਤਾ ਹੈ,

> ਘਰਿ ਘਰਿ ਅੰਦਰ ਧਰਮਸਾਲ
> ਹੋਵੈ ਕੀਰਤਨੁ ਸਦਾ ਵਿਸੋਆ॥
> ਬਾਬੇ ਤਾਰੇ ਚਾਰਿ ਚਕਿ
> ਨਉ ਖੰਡਿ ਪ੍ਰਿਥਵੀ ਸਚਾ ਢੋਆ॥
> ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥

ਪਿਛੋਂ ਆ ਕੇ ਇਸ ਪਵਿੱਤਰ ਸਥਾਨ ਦਾ ਨਾਮ ਗੁਰਦੁਆਰਾ ਪੈ ਗਿਆ, ਅਰਥਾਤ ਗੁਰੂ ਦਾ ਸਥਾਨ, ਜਿੱਥੇ ਗੁਰੂ ਵੱਸਦਾ ਹੋਵੇ। ਇਹ ਸਿੱਖ ਧਰਮ ਦੀ ਬਹੁਤ ਹੀ ਮਹੱਤਵਪੂਰਨ ਸੰਸਥਾ ਹੈ, ਜਿਸ ਦਾ ਆਗਾਜ਼ ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਹੀ ਹੋ ਗਿਆ ਸੀ, ਜਿਵੇਂ ਕਿ ਉਪਰੋਕਤ ਪੰਕਤੀਆਂ ਵਿਚ ਭਾਈ ਗੁਰਦਾਸ ਨੇ ਦੱਸਿਆ ਹੈ। ਸਿੱਖ ਧਰਮ ਸਮਾਜਿਕ ਧਰਮ ਹੈ, ਜਿਸ ਦਾ ਪ੍ਰਕਾਸ਼ਨ ਹੀ ਸਮੁੱਚੀ ਮਨੁੱਖਤਾ ਦੇ ਉਥਾਨ ਲਈ ਹੋਇਆ। ਇਸੇ ਲਈ ਸਿੱਖ ਧਰਮ ਵਿਚ ਸੰਗਤ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਸਿੱਖ ਧਰਮ ਇੱਕ ਜੀਵਨ-ਜਾਚ ਹੈ ਕਿ ਇਸ ਸੰਸਾਰ ਉਤੇ ਰਹਿੰਦਿਆਂ ਮਨੁੱਖ ਨੇ ਕਿਹੋ-ਜਿਹਾ ਜੀਵਨ ਜਿਉਣਾ ਹੈ? ਮਨੁੱਖ ਨੇ ਧਰਮ ਕਮਾਉਣ ਤੇ ਅਧਿਆਤਮਕਤਾ ਨੂੰ ਅਮਲ ਵਿਚ ਲਿਆਉਣ ਦੀ ਜੁਗਤਿ ਸੰਗਤ ਵਿਚ ਜਾ ਕੇ ਸ਼ਬਦ ਗੁਰੂ ਦੀ ਅਗਵਾਈ ਵਿਚ ਸਿੱਖਣੀ ਹੈ। ਸਮਾਜ ਤੋਂ ਅਲੱਗ ਹੋ ਕੇ ਇਕਾਂਤ ਵਿਚ ਜਾ ਕੇ ਨਿਜੀ ਮੁਕਤੀ ਵਾਸਤੇ ਕਿਸੇ ਕਿਸਮ ਦਾ ਤਰੱਦਦ ਕਰਨ ਦੀ ਸਿਫਾਰਸ਼ ਸਿੱਖ ਧਰਮ ਵਿਚ ਨਹੀਂ ਕੀਤੀ ਗਈ। ਸਿੱਖ ਧਰਮ ਵਿਚ ਮੁਕਤੀ ਦਾ ਅਰਥ ਅਕਾਲ ਪੁਰਖ ਦੇ ਚਰਨ-ਕਮਲਾਂ ਦੀ ਪ੍ਰੀਤ ਹੈ ਅਤੇ ਉਸ ਦੇ ਹੁਕਮ ਦਾ ਅਨੁਸਾਰੀ ਹੋ ਕੇ ਸਮੁੱਚੇ ਸਮਾਜ ਦੀ ਭਲਾਈ ਅਰਥਾਤ ਪਰਉਪਕਾਰ ਲਈ ਕਰਮ ਕਰਨਾ ਹੈ। ਆਪਣੀਆਂ ਚਾਰ ਉਦਾਸੀਆਂ ਸਮੇਂ ਜਿੱਥੇ ਜਿਥੇ ਵੀ ਗੁਰੂ ਨਾਨਕ ਪਾਤਿਸ਼ਾਹ ਗਏ, ਉਥੇ ਉਥੇ ਹੀ ਉਨ੍ਹਾਂ ਨੇ ਧਰਮਸਾਲ ਅਰਥਾਤ ਸੰਗਤ ਸਥਾਪਤ ਕੀਤੀ। ਉਦਾਸੀਆਂ ਤੋਂ ਬਾਅਦ ਜਦੋਂ ਉਨ੍ਹਾਂ ਨੇ ਕਰਤਾਰਪੁਰ ਵਸਾਇਆ ਤਾਂ ਸਿੱਖ ਵਾਸਤੇ ਜੀਵਨ-ਜਾਚ ਦਾ ਪੂਰਾ ਨਮੂਨਾ ਵੀ ਸਥਾਪਤ ਕਰ ਦਿੱਤਾ ਅਰਥਾਤ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ। ਗੁਰੂ ਨਾਨਕ ਦੇਵ ਨੇ ਕਰਤਾਰਪੁਰ ਆ ਕੇ ਆਮ ਸੰਸਾਰੀਆਂ ਦੀ ਤਰ੍ਹਾਂ ਆਪ ਕਿਰਤ ਕਰਨ ਦਾ ਅਰੰਭ ਖੇਤੀਬਾੜੀ ਦੇ ਰੂਪ ਵਿਚ ਸ਼ੁਰੂ ਕੀਤਾ। ਸਮੁੱਚੀ ਸੰਗਤ ਲਈ ਸਾਂਝਾ ਲੰਗਰ ਤਿਆਰ ਹੁੰਦਾ। ਸਵੇਰੇ ਸ਼ਾਮ ਕੀਰਤਨ ਦਾ ਪਰਵਾਹ ਚਲਦਾ ਅਤੇ ਵਿਚਾਰ-ਚਰਚਾ ਹੁੰਦੀ। ਇਸੇ ਨਮੂਨੇ ਦੀ ਰਹਿਣੀ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ,

> ਫਿਰਿ ਬਾਬਾ ਆਇਆ ਕਰਤਾਰਪੁਰਿ
> ਭੇਖੁ ਉਦਾਸੀ ਸਗਲ ਉਤਾਰਾ॥
> ਪਹਿਰਿ ਸੰਸਾਰੀ ਕਪੜੇ
> ਮੰਜੀ ਬੈਠਿ ਕੀਆ ਅਵਤਾਰਾ॥
> ਉਲਟੀ ਗੰਗ ਵਹਾਈਓਨਿ
> ਗੁਰ ਅੰਗਦੁ ਸਿਰਿ ਉਪਰਿ ਧਾਰਾ॥
> ਪੁਤਰੀ ਕਉਲੁ ਨ ਪਾਲਿਆ
> ਮਨਿ ਖੋਟੇ ਆਕੀ ਨਸਿਆਰਾ॥
> ਬਾਣੀ ਮੁਖਹੁ ਉਚਾਰੀਐ
> ਹੁਇ ਰੁਸਨਾਈ ਮਿਟੈ ਅੰਧਾਰਾ॥
> ਗਿਆਨੁ ਗੋਸਟਿ ਚਰਚਾ ਸਦਾ
> ਅਨਹਦਿ ਸਬਦਿ ਉਠੇ ਧੁਨਕਾਰਾ॥
> ਸੋ ਦਰੁ ਆਰਤੀ ਗਾਵੀਐ
> ਅੰਮ੍ਰਿਤ ਵੇਲੇ ਜਾਪੁ ਉਚਾਰਾ॥
> ਗੁਰਮੁਖਿ ਭਾਰਿ ਅਥਰਬਣਿ ਤਾਰਾ॥

ਅਸਲ ਵਿਚ ਗੁਰਦੁਆਰਾ ਸੰਸਥਾ ਦਾ ਮੁੱਖ ਮਕਸਦ ਬਾਣੀ ਵਿਚ ਦਿੱਤੇ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਉਣਾ ਸੀ। ਗੁਰਬਾਣੀ ਵਿਚ ਜੋ ਵੀ ਸਿਧਾਂਤ ਦਿੱਤੇ ਗਏ ਹਨ, ਉਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ। ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਸੰਗਤ ਅਤੇ ਪੰਗਤ ਦੀ ਸੰਸਥਾ ਨੂੰ ਹੋਰ ਪੱਕਿਆਂ ਕੀਤਾ। ਗੁਰੂ ਅੰਗਦ ਦੇਵ ਨੇ ਗੁਰਗੱਦੀ 'ਤੇ ਬੈਠਣ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੀ ਆਗਿਆ ਅਨੁਸਾਰ ਕਰਤਾਰਪੁਰ ਛੱਡ ਕੇ ਖਡੂਰ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਉਨ੍ਹਾਂ ਨੇ ਬਾਣੀ ਦੇ ਪ੍ਰਚਾਰ ਦੇ ਨਾਲ ਨਾਲ ਖਡੂਰ ਸਾਹਿਬ ਵਿਖੇ ਸੰਗਤ ਨੂੰ ਸਿੱਖਿਅਤ ਕਰਨ ਵਾਸਤੇ ਗੁਰਮੁਖੀ ਲਿਪੀ ਵਿਚ ਪੜ੍ਹਾਈ ਕਰਾਉਣ ਦਾ ਪ੍ਰਬੰਧ ਕੀਤਾ ਅਤੇ ਸਿਹਤ-ਸੰਭਾਲ ਤੇ ਸਰੀਰਕ ਕਸਰਤ ਲਈ ਕੁਸ਼ਤੀਆਂ ਆਦਿ ਖੇਡਾਂ ਦਾ ਬਾਕਾਇਦਾ ਪ੍ਰਬੰਧ ਵੀ ਕੀਤਾ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਗੁਰੂ ਅਮਰਦਾਸ ਨੇ ਗੋਇੰਦਵਾਲ ਨੂੰ ਕੇਂਦਰ ਬਣਾਇਆ।

ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ, ਛੂਆ-ਛੂਤ, ਜਨਮ ਦੇ ਆਧਾਰ 'ਤੇ ਮਨੁੱਖ ਨੂੰ ਉਚਾ ਜਾਂ ਨੀਵਾਂ ਸਮਝਣ ਨੂੰ ਸਮਾਜ ਵਾਸਤੇ ਸਭ ਤੋਂ ਵੱਡਾ ਕਲੰਕ ਮੰਨਿਆ ਅਤੇ ਸਮਾਜ ਦੇ ਵਿਕਾਸ ਵਿਚ ਸਭ ਤੋਂ ਵੱਡਾ ਰੋੜਾ। ਸੰਗਤ ਤੇ ਪੰਗਤ ਅਜਿਹੀ ਸੰਸਥਾ ਹੈ ਜਿਥੇ ਮਨੁੱਖ ਦੀ ਬਰਾਬਰੀ ਦੇ ਸਿਧਾਂਤ ਨੂੰ ਬਖੂਬੀ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਲੰਗਰ ਉਹ ਸੰਸਥਾ ਹੈ ਜਿਥੇ ਹਰ ਵਰਗ ਦੇ ਮਨੁੱਖ ਨੂੰ ਬਿਨਾਂ ਕਿਸੇ ਵਖਰੇਵੇਂ ਦੇ ਸੰਗਤ ਵਾਸਤੇ ਲੰਗਰ ਦੀ ਸੇਵਾ ਕਰਨ ਦੀ ਆਗਿਆ ਹੈ ਅਤੇ ਸਭ ਨੂੰ ਪੰਗਤਿ ਵਿਚ ਬਰਾਬਰ ਬੈਠ ਕੇ ਪ੍ਰਸ਼ਾਦਾ ਛਕਣ ਦੀ ਆਗਿਆ ਗੁਰੂ ਵੱਲੋਂ ਕੀਤੀ ਗਈ ਹੈ। ਸੰਗਤਿ ਵਿਚ ਸਭ ਨੇ ਇਕੱਠੇ ਬੈਠ ਕੇ ਗੁਰੂ ਦੇ ਉਪਦੇਸ਼ ਨੂੰ ਸੁਣਨਾ ਹੈ। ਇਸ ਨੂੰ ਪੱਕਿਆਂ ਕਰਨ ਲਈ ਗੁਰੂ ਅਮਰਦਾਸ ਨੇ ਹੁਕਮ ਕਰ ਦਿੱਤਾ 'ਪਹਲੇ ਪੰਗਤਿ ਪਾਛੇ ਸੰਗਤਿ।' ਗੁਰੂ ਦਰਸ਼ਨਾਂ ਨੂੰ ਆਉਣ ਵਾਲੇ ਵਿਅਕਤੀ ਲਈ ਪਹਿਲਾਂ ਪੰਗਤਿ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਨੂੰ ਲਾਜ਼ਮੀ ਕਰਾਰ ਕਰ ਦਿੱਤਾ।

ਗੁਰੂ ਰਾਮਦਾਸ ਨੇ ਰਾਮਦਾਸ ਚੱਕ ਵਸਾਇਆ, ਸਰੋਵਰ ਦੀ ਖੁਦਾਈ ਸ਼ੁਰੂ ਕੀਤੀ, ਰਾਮਦਾਸ ਚੱਕ ਅੰਮ੍ਰਿਤਸਰ ਦੇ ਰੂਪ ਵਿਚ ਸਿੱਖ ਧਰਮ ਦਾ ਮਹਾਨ ਕੇਂਦਰ ਹੈ। ਗੁਰੂ ਅਰਜਨ ਦੇਵ ਨੇ ਹਰਿਮੰਦਰ ਸਾਹਿਬ ਬਣਾਇਆ, ਆਪਣੀ ਅਤੇ ਆਪਣੇ ਪੂਰਵਜ ਗੁਰੂ ਸਾਹਿਬਾਨ ਦੀ ਬਾਣੀ, ਭਗਤਾਂ ਤੇ ਸੂਫੀ ਸੰਤਾਂ, ਭੱਟਾਂ ਦੀ ਬਾਣੀ ਦਾ ਸੰਕਲਨ ਕਰਕੇ 'ਗ੍ਰੰਥ' ਸਾਹਿਬ ਦੇ ਰੂਪ ਵਿਚ ਹਰਿਮੰਦਰ ਸਾਹਿਬ ਵਿਖੇ 1604 ਈ. ਨੂੰ ਪਹਿਲਾ ਪ੍ਰਕਾਸ਼ ਕੀਤਾ ਅਤੇ ਗੁਰਦੁਆਰਾ ਸੰਸਥਾ ਨੂੰ ਪੂਰਨ ਰੂਪ ਬਖਸ਼ਿਸ਼ ਕੀਤਾ। ਗੁਰੂ ਗੋਬਿੰਦ ਸਿੰਘ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਉਣ ਵਾਲੇ ਸਰਬ ਸਮਿਆਂ ਵਾਸਤੇ ਸਿੱਖਾਂ ਦੀ ਅਗਵਾਈ ਦਾ ਸੋਮਾ ਬਣਾ ਦਿੱਤਾ। ਇਸ ਤਰ੍ਹਾਂ ਸਾਰੀ ਪਰੰਪਰਾ ਅਤੇ ਸੰਸਥਾ ਨੂੰ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਪੂਰੀ ਤਰ੍ਹਾਂ ਸਥਾਪਤ ਕਰ ਦਿੱਤਾ ਜੋ ਕਿ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵਿਲੱਖਣ ਕਾਰਜ ਹੈ।

ਕਿਸੇ ਭਾਈਚਾਰੇ ਦੇ ਵਿਕਾਸ ਦੇ ਅਮਲ ਵਿਚ ਪਰਮਾਤਮ-ਅਨੁਭਵ 'ਤੇ ਜ਼ੋਰ ਦਿੱਤਾ ਜਾਂਦਾ ਹੈ ਅਰਥਾਤ ਪਰਮਾਤਮਾ ਨਾਲ ਰਿਸ਼ਤਾ ਕਾਇਮ ਕਰਨ ਦਾ ਅਨੁਭਵ ਬਾਕੀ ਸਾਰੇ ਰਿਸ਼ਤਿਆਂ ਤੋਂ ਉਤੇ ਹੁੰਦਾ ਹੈ। ਪ੍ਰੰਤੂ ਧਾਰਮਿਕ ਜੀਵਨ ਦੇ ਵਿਕਾਸ ਅਤੇ ਨਵੇਂ ਭਾਈਚਾਰੇ ਵਿਚ ਇਸ ਦੇ ਮਜ਼ਬੂਤ ਹੋ ਜਾਣ ਤੋਂ ਬਾਅਦ, ਇਸ ਅਨੁਭਵ ਦਾ ਸੰਚਾਰ ਹੋਰ ਮੁਸ਼ਕਿਲ ਹੋ ਜਾਂਦਾ ਹੈ। ਚਿੰਨ੍ਹ ਜੋ ਕਿ ਵਿਕਾਸ ਦੇ ਅਰੰਭ ਵਿਚ ਪ੍ਰਗਟਾਵੇ ਦਾ ਸਾਂਝਾ ਸਾਧਨ ਹੁੰਦੇ ਹਨ, ਸ਼ੁਰੂ ਵਿਚ ਉਨ੍ਹਾਂ ਦੀ ਵਿਆਖਿਆ ਵਿਚ ਕੁਝ ਲਚਕ ਦੀ ਗੁੰਜਾਇਸ਼ ਹੋ ਸਕਦੀ ਹੈ ਪਰ ਜਦੋਂ ਤਾਰਕਿਕ ਸੰਕਲਪਾਂ ਅਤੇ ਰਸਮਾਂ ਦੇ ਵਧਣ ਨਾਲ ਇਨ੍ਹਾਂ ਦਾ ਬੋਧ ਮੁਸ਼ਕਿਲ ਅਤੇ ਗੁੰਝਲਦਾਰ ਹੋ ਜਾਂਦਾ ਹੈ, ਅਰਥਾਤ ਜੇ ਪਰੰਪਰਕ ਚਿੰਨਾਂ ਨੇ ਭਾਈਚਾਰੇ ਦੇ ਅਧਾਰ-ਰੂਪ ਵਿਚ ਅੱਗੇ ਕੰਮ ਆਉਣਾ ਹੈ ਤਾਂ ਉਨ੍ਹਾਂ ਦੀ ਹੋਰ ਸਹੀ ਅਤੇ ਪਾਇਦਾਰ ਵਿਆਖਿਆ ਹੋਣੀ ਜ਼ਰੂਰੀ ਹੈ। ਬਾਹਰੀ ਦੁਨੀਆਂ ਦੀ ਪ੍ਰਤਿਕਿਰਿਆ, ਜੋ ਨਵੇਂ ਭਾਈਚਾਰੇ ਨੂੰ ਜਿਆਦਾ ਡੂੰਘੀ ਤਰ੍ਹਾਂ ਸੰਗਠਿਤ ਹੋਣ ਲਈ ਸਹਾਈ ਹੁੰਦੀ ਹੈ, ਨੂੰ ਵੀ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਸ ਤੱਥ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਜਿਸ ਦੇ ਮੋਢਿਆ 'ਤੇ ਅੰਦਰੂਨੀ ਭਾਈਚਾਰੇ ਨਾਲ ਸੰਚਾਰ ਅਤੇ ਬਾਹਰਲੀ ਦੁਨੀਆਂ ਦੇ ਵਿਚਾਰਧਾਰਕ ਹਮਲਿਆਂ ਨਾਲ ਟੱਕਰ ਲੈਣ ਦੀ ਜ਼ਿੰਮੇਵਾਰੀ ਪੈਣੀ ਹੈ, ਉਸ ਨੂੰ ਪਰੰਪਰਾ, ਇਤਿਹਾਸ, ਧਰਮ-ਗ੍ਰੰਥ ਅਤੇ ਇਸ ਦੀ ਵਿਚਾਰਧਾਰਾ ਅਤੇ ਸੰਕਲਪਾਂ ਦੀ ਵਿਆਖਿਆ ਦੀ ਪੂਰੀ ਅਤੇ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ।

*(ਚਲਦਾ)*

## ਗੁਰਬਾਣੀ ਗਿਆਨ

# ਰਤਨੁ ਛਾਡਿ ਕਉਡੀ ਸੰਗਿ ਲਾਗੇ

**ਸੋਰਠਿ ਮਹਲਾ ੫**

> ਰਤਨੁ ਛਾਡਿ ਕਉਡੀ ਸੰਗਿ ਲਾਗੇ
> ਜਾ ਤੇ ਕਛੂ ਨਾ ਪਾਈਐ॥
> ਪੂਰਨ ਪਾਰਬ੍ਰਹਮ ਪਰਮੇਸੁਰ
> ਮੇਰੇ ਮਨ ਸਦਾ ਧਿਆਈਐ॥੧॥
> ਸਿਮਰਹੁ ਹਰਿ ਹਰਿ ਨਾਮੁ ਪਰਾਨੀ॥
> ਬਿਨਸੈ ਕਾਚੀ ਦੇਹ ਅਗਿਆਨੀ॥ਰਹਾਉ॥
> ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ
> ਤਾ ਕੀ ਕਛੁ ਨਾ ਵਡਾਈ॥
> ਰਾਮ ਭਜਨ ਬਿਨੁ ਕਾਮਿ ਨ ਆਵਸਿ
> ਸੰਗਿ ਨਾ ਕਾਹੂ ਜਾਈ॥੨॥
> ਹਉ ਹਉ ਕਰਤ ਬਿਹਾਇ ਅਵਰਦਾ
> ਜੀਅ ਕੋ ਕਾਮੁ ਨ ਕੀਨਾ॥
> ਧਾਵਤ ਧਾਵਤ ਨਹ ਤ੍ਰਿਪਤਾਸਿਆ
> ਰਾਮ ਨਾਮੁ ਨਹੀ ਚੀਨਾ॥੩॥
> ਸਾਦ ਬਿਕਾਰ ਬਿਖੈ ਰਸ ਮਾਤੋ
> ਅਸੰਖ ਖਤੇ ਕਰਿ ਫੇਰੇ॥
> ਨਾਨਕ ਕੀ ਪ੍ਰਭ ਪਾਹਿ ਬਿਨੰਤੀ
> ਕਾਟਹੁ ਅਵਗੁਣ ਮੇਰੇ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਆਖਦੇ ਹਨ- ਰਤਨੁ ਛਾਡਿ ਕਉਡੀ ਸੰਗਿ ਲਾਗੇ, ਹੇ ਭਾਈ! ਉਸ ਮਿਹਰਬਾਨ ਪ੍ਰਭ ਜੀ ਦੇ ਨਾਮ ਰੂਪੀ ਰਤਨ ਨੂੰ ਛੱਡ ਕੇ ਜੋ ਜੀਵ ਕਉਡੀ ਦੇ ਮੁੱਲ ਦੀ ਮਾਇਆ ਪਿੱਛੇ ਦੌੜੇ ਫਿਰਦੇ ਹਨ; ਜਾ ਤੇ ਕਛੁ ਨਾ ਪਾਈਐ, ਅਖੀਰ 'ਤੇ ਉਨ੍ਹਾਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ; ਪੂਰਨ ਪਾਰਬ੍ਰਹਮ ਪਰਮੇਸੁਰ, ਉਹ ਸਰਬ ਵਿਆਪਕ ਜੋ ਪਾਰਬ੍ਰਹਮ ਪਰਮੇਸ਼ਰ ਪਿਤਾ ਹੈ; ਮੇਰੇ ਮਨ ਸਦਾ ਧਿਆਈਐ, ਹੇ ਮੇਰੇ ਮਨ! ਉਸ ਜਗਤ ਦੇ ਮਾਲਕ ਦੇ ਨਾਮ ਦਾ ਸਿਮਰਨ ਕਰ ਜੋ ਸਭ ਸੰਸਾਰ ਦਾ ਪ੍ਰਤਿਪਾਲਕ ਹੈ।

> ਸਿਮਰਹੁ ਹਰਿ ਹਰਿ ਨਾਮੁ ਪਰਾਨੀ॥
> ਬਿਨਸੈ ਕਾਚੀ ਦੇਹ ਅਗਿਆਨੀ॥ਰਹਾਉ॥

ਪੰਜਵੇਂ ਪਾਤਸ਼ਾਹ ਸਾਨੂੰ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜਨ ਲਈ ਆਵਾਜ਼ ਦੇ ਰਹੇ ਹਨ- ਸਿਮਰਹੁ ਹਰਿ ਨਾਮੁ ਪਰਾਨੀ, ਹੇ ਜੀਵ! ਤੂੰ ਹਰ ਵੇਲੇ, ਸਦਾ ਹੀ ਉਸ ਹਰੀ ਦੇ ਨਾਮ ਦਾ ਸਿਮਰਨ ਕਰਿਆ ਕਰ; ਬਿਨਸੈ ਕਾਚੀ ਦੇਹ ਅਗਿਆਨੀ, ਹੁਣ ਗੁਰਦੇਵ ਇਸ਼ਾਰਾ ਕਰਦੇ ਹਨ- ਹੇ ਗਿਆਨ ਤੋਂ ਸੱਖਣੇ ਜੀਵ! ਇਹ ਤੇਰੀ ਦੇਹ, ਸਰੀਰ ਹੈ, ਇਹ ਤਾਂ ਕੱਚੀ ਮਿੱਟੀ ਦੀ ਹੈ, ਕਿਸੇ ਵੇਲੇ ਵੀ ਖ਼ਤਮ ਹੋ ਜਾਵੇਗੀ ਤੇ ਇਸ ਦਾ ਅੰਤ ਹੋ ਜਾਵੇਗਾ, ਸਮਾਂ ਦੌੜਿਆ ਜਾ ਰਿਹਾ ਹੈ, ਤੂੰ ਨਾਮ ਜਪ।

> ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ
> ਤਾ ਕੀ ਕਛੁ ਨਾ ਵਡਾਈ॥
> ਰਾਮ ਭਜਨ ਬਿਨੁ ਕਾਮਿ ਨ ਆਵਸਿ
> ਸੰਗਿ ਨਾ ਕਾਹੂ ਜਾਈ॥੨॥

ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ, ਹੇ ਭਾਈ! ਜਿਵੇਂ ਪਿਆਸੇ ਹਿਰਨ ਨੂੰ ਮਾਰੂਥਲ ਦੀ ਚਮਕਦੀ ਰੇਤ ਪਾਣੀ ਦਾ ਭੁਲੇਖਾ ਦਿੰਦੀ ਹੈ ਪਰ ਪਾਣੀ ਉਥੇ ਹੈ ਨਹੀਂ, ਤਿਵੇਂ ਸੁਪਨੇ ਵਿਚ ਮਿਲੇ ਪਦਾਰਥ ਅਸਲ ਜੀਵਨ ਵਿਚ ਕੁਝ ਵੀ ਨਹੀਂ ਦੇ ਸਕਦੇ; ਤਾ ਕੀ ਕਛੁ ਨਾ ਵਡਾਈ, ਜਿਵੇਂ ਇਨ੍ਹਾਂ ਝੂਠੀਆਂ ਚੀਜ਼ਾਂ ਦੀ ਅਸਲ ਜੀਵਨ ਵਿਚ ਕੋਈ ਮਹੱਤਤਾ ਨਹੀਂ; ਰਾਮ ਭਜਨ ਬਿਨੁ ਕਾਮਿ ਨ ਆਵਸਿ, ਉਸ ਪ੍ਰਭੂ ਦੇ ਨਾਮ ਬਿਨਾਂ ਹੋਰ ਕੋਈ ਵੀ ਚੀਜ਼ ਤੇਰੇ ਕੰਮ ਨਹੀਂ ਆਉਣੀ ਅਤੇ ਇਹ ਮਾਇਆ ਰੂਪੀ ਦਿਖਾਵਾ ਅਖੀਰ 'ਤੇ ਨਾਲ ਵੀ ਨਹੀਂ ਜਾਣਾ।

> ਹਉ ਹਉ ਕਰਤ ਬਿਹਾਇ ਅਵਰਦਾ
> ਜੀਅ ਕੋ ਕਾਮੁ ਨ ਕੀਨਾ॥
> ਧਾਵਤ ਧਾਵਤ ਨਹ ਤ੍ਰਿਪਤਾਸਿਆ
> ਰਾਮ ਨਾਮੁ ਨਹੀ ਚੀਨਾ॥੩॥

ਹੁਣ ਗੁਰਦੇਵ ਆਖਦੇ ਹਨ- ਹਉ ਹਉ ਕਰਤ ਬਿਹਾਇ ਅਵਰਦਾ, ਹੇ ਭਾਈ! ਮਾਇਆ ਵਿਚ ਫਸੇ ਜੀਵ ਦੀ ਉਮਰ ਤਾਂ ਮਾਇਆ ਦੇ ਹੰਕਾਰ ਵਿਚ ਹੀ ਗੁਜ਼ਰ ਜਾਂਦੀ ਹੈ; ਜੀਅ ਕੋ ਕਾਮੁ ਨ ਕੀਨਾ, ਭਾਵ ਜੀਵ ਮਾਇਆ ਵਿਚ ਫਸਿਆ ਹੋਇਆ ਉਹ ਕੰਮ ਨਹੀਂ ਕਰਦਾ ਜੋ ਉਸ ਦੀ ਭਲਾਈ ਵਾਸਤੇ ਹੋਵੇ; ਧਾਵਤ ਧਾਵਤ ਨਹ ਤ੍ਰਿਪਤਾਸਿਆ, ਜੀਵ ਸਾਰੀ ਉਮਰ ਮਾਇਆ ਇਕੱਠੀ ਕਰਨ ਲਈ ਦੌੜਿਆ ਫਿਰਦਾ ਹੈ ਪਰ ਕਦੀ ਰੱਜਦਾ ਨਹੀਂ; ਰਾਮ ਨਾਮੁ ਨਹੀ ਚੀਨਾ, ਇਉਂ ਭਟਕਿਆ ਹੋਇਆ ਜੀਵ ਪ੍ਰਭੂ ਦੇ ਨਾਮ ਨੂੰ ਪਛਾਣਦਾ ਨਹੀਂ।

> ਸਾਦ ਬਿਕਾਰ ਬਿਖੈ ਰਸ ਮਾਤੋ
> ਅਸੰਖ ਖਤੇ ਕਰਿ ਫੇਰੇ॥
> ਨਾਨਕ ਕੀ ਪ੍ਰਭ ਪਾਹਿ ਬਿਨੰਤੀ
> ਕਾਟਹੁ ਅਵਗੁਣ ਮੇਰੇ॥੪॥

ਗੁਰਦੇਵ ਆਖਦੇ ਹਨ- ਮਾਇਆ ਵਿਚ ਫਸਿਆ ਜੀਵ ਭੈੜੇ ਚਸਕਿਆਂ, ਵਿਕਾਰਾਂ ਤੇ ਜਗਤ ਦੇ ਪਦਾਰਥਾਂ ਦੇ ਸੁਆਦਾਂ ਵਿਚ ਹੀ ਮਸਤ ਰਹਿੰਦਾ ਹੈ; ਅਸੰਖ ਖਤੇ ਕਰਿ ਫੇਰੇ, ਅਰਥਾਤ ਜੀਵ ਬੇਅੰਤ ਪਾਪ ਕਰਮ ਕਰ ਕਰ ਕੇ ਜਨਮ ਅਤੇ ਮਰਨ ਦੇ ਗੇੜ ਵਿਚ ਹੀ ਤੁਰਿਆ ਰਹਿੰਦਾ ਹੈ; ਨਾਨਕ ਕੀ ਪ੍ਰਭ ਪਾਹਿ ਬਿਨੰਤੀ, ਹੇ ਮੇਰੇ ਮਿਹਰਬਾਨ ਪ੍ਰਭ ਜੀਉ! ਇਸ ਨਾਨਕ ਦੀ ਆਪ ਦੇ ਕੋਲ ਬੇਨਤੀ ਹੈ ਕਿ ਮਿਹਰ ਕਰੋ ਪ੍ਰਭ ਜੀ! ਮੇਰੇ ਸਾਰੇ ਹੀ ਅਵਗੁਣ ਬਖ਼ਸ਼ ਦਿਉ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੇਬੇ ਜੀ

***ਮਾਂ ਤੇ ਔਲਾਦ ਦਾ ਰਿਸ਼ਤਾ ਨਾ ਸਿਰਫ ਇਨਸਾਨਾਂ ਵਿਚ ਹੀ ਅਟੁੱਟ ਹੈ ਸਗੋਂ ਪਸ਼ੂ-ਪੰਛੀਆਂ ਅਤੇ ਜਾਨਵਰਾਂ ਵਿਚ ਵੀ। ਜਾਨਵਰਾਂ ਵਿਚ ਵੀ ਮਾਂ ਆਪਣੇ ਬੱਚਿਆਂ ਦੀ ਖਾਤਰ ਆਪਣੀ ਜਾਨ ਤੱਕ ਵਾਰ ਦਿੰਦੀ ਹੈ। ਇਨਸਾਨ ਤਾਂ ਫਿਰ ਕੁਦਰਤ ਦਾ ਸਮਝਦਾਰ ਜੀਅ ਹੈ। ਇਹ ਵੀ ਸੱਚ ਹੈ ਕਿ ਬਹੁਤੀ ਵਾਰ ਮਾਂ ਦਾ ਵਿਗੋਚਾ ਮਾਂ ਦੇ ਇਸ ਜਹਾਨੋਂ ਤੁਰ ਜਾਣ ਪਿਛੋਂ ਬਹੁਤ ਜ਼ਿਆਦਾ ਚੁਭਦਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਦੀਆਂ ਲਿਖਤਾਂ ਪਾਠਕ ਅਕਸਰ ਇਨ੍ਹਾਂ ਕਾਲਮਾਂ ਵਿਚ ਪੜ੍ਹਦੇ ਰਹਿੰਦੇ ਹਨ। ਇਸ ਲੇਖ ਲੜੀ ਵਿਚ ਉਨ੍ਹਾਂ ਆਪਣੀ ਮਾਂ ਨਾਲ ਜੁੜੀਆਂ ਯਾਦਾਂ ਦਾ ਬਿਆਨ ਲਫਜ਼ਾਂ ਵਿਚ ਉਕਰਿਆ ਹੈ। ਇਹ ਕੇਵਲ ਪ੍ਰੋ. ਪੰਨੂ ਦੀ ਆਪਣੀ ਮਾਂ ਪ੍ਰਤੀ ਹੀ ਸ਼ਰਧਾਂਜਲੀ ਨਹੀਂ ਸਗੋਂ ਸਾਡੇ ਜਿਹੇ ਬਹੁਤ ਉਨ੍ਹਾਂ ਲੋਕਾਂ ਦੀ ਵੀ ਆਪਣੀ ਮਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਦੀਆਂ ਮਾਂਵਾਂ ਇਸ ਜਹਾਨ 'ਤੇ ਨਹੀਂ ਰਹੀਆਂ। ਪ੍ਰੋ. ਪੰਨੂ ਨੇ ਨਾ ਸਿਰਫ ਆਪਣੀ ਮਾਂ ਨੂੰ ਹੀ ਚੇਤੇ ਕੀਤਾ ਹੈ ਸਗੋਂ ਪੁਰਾਣੇ ਵੇਲਿਆਂ ਦੇ ਸਮਾਜਿਕ ਰਿਸ਼ਤਿਆਂ ਦਾ ਚਿਤਰਣ ਵੀ ਇਸ ਲੇਖ ਲੜੀ ਵਿਚ ਕੀਤਾ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਮਾਂਵਾਂ ਬੜੀਆਂ ਅਜੀਬ ਸ਼ੈਆਂ ਹੁੰਦੀਆਂ ਹਨ। ਮੈਂ ਪੰਦਰਾਂ ਏਕੜ ਜ਼ਮੀਨ ਸਸਤੀ ਜਾਣ ਕੇ ਟਿੱਬੀਆਂ ਖਰੀਦੀਆਂ ਤੇ ਪੱਧਰ ਕਰਨ ਲਈ ਅੱਠ ਟਰੈਕਟਰ ਚਲਾ ਦਿਤੇ। ਇਕ ਟਟੀਹਰੀ ਬੜੀ ਤੇਜ਼ੀ ਨਾਲ ਇਧਰ ਉਧਰ ਦੌੜਦੀ ਰੌਲਾ ਪਾਉਂਦੀ ਦੇਖੀ। ਮੈਂ ਜਾਣ ਗਿਆ ਕਿ ਇਸ ਦੇ ਇਥੇ ਨੇੜੇ ਕਿਧਰੇ ਬੱਚੇ ਹਨ। ਸਾਰੇ ਕਿਤੇ ਫਿਰ ਤੁਰ ਕੇ ਦੇਖਿਆ ਕਿਤੇ ਨਾਂ ਦਿਸੇ। ਟਰੈਕਟਰ ਫਿਰ ਚਲਾ ਦਿਤੇ। ਇਕ ਥਾਂ ਅਜਿਹੀ ਆਈ ਜਿਵੇਂ ਟਟੀਹਰੀ ਵੱਡੇ ਦਿਉ ਕੱਦ ਟਰੈਕਟਰ ਦੇ ਟੱਕਰ ਮਾਰ ਦਏਗੀ। ਮੈਂ ਟਰੈਕਟਰ ਵਾਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ। ਦੋ ਬੱਚੇ ਸਹਿਮੇ ਬੈਠੇ ਲੱਭ ਗਏ ਦੁਬਕੇ। ਬੱਚਿਆਂ ਨੇੜੇ ਸੋਟੀ ਗੱਡ ਦਿੱਤੀ ਤੇ ਉਸ ਉਪਰ ਪਰਨਾ ਬੰਨ੍ਹ ਦਿੱਤਾ। ਐਲਾਨ ਹੋ ਗਿਆ ਕਿ ਸੋਟੀ ਉਪਰਲਾ ਪਰਨਾ ਟਟੀਹਰੀ ਦਾ ਵਿਜੈ ਝੰਡਾ ਹੈ ਤੇ ਇਕ ਵਿਘੇ ਥਾਂ ਉਪਰ ਟਰੈਕਟਰ ਉਦੋਂ ਚੱਲਣਗੇ ਜਦੋਂ ਇਥੋਂ ਬੱਚਿਆਂ ਸਮੇਤ ਚਲੀ ਜਾਵੇਗੀ। ਮੈਂ ਨਿਕੇ ਚੂਚਿਆਂ ਦੀ ਰਾਖੀ ਕਰਦੀ

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਮੁਰਗੀ ਨੂੰ ਕੁੱਤੇ ਉਪਰ ਹਮਲਾ ਕਰਦਿਆਂ ਦੇਖਿਆ ਹੈ। ਆਪਣੀ ਔਲਾਦ ਖਾਤਰ ਮਾਂਵਾਂ ਕੋਈ ਵੀ ਖਤਰਾ ਸਹੇੜ ਸਕਦੀਆਂ ਹਨ। ਮਾਂ ਗੁਜਰੀ ਦਾ ਕਾਰਨਾਮਾ ਸਾਬਤ ਕਰਦਾ ਹੈ ਕਿ ਉਹ ਕੁਲ ਮਨੁੱਖਤਾ ਦੀ ਮਾਂ ਹੋਣ ਕਰਕੇ ਸਾਰਿਆਂ ਨੂੰ ਬਚਾ ਗਈ।

ਕੁਰਕਸ਼ੇਤਰ ਦੇ ਮੈਦਾਨ ਵਿਚ ਅਰਜਣ ਡੋਲ ਗਿਆ ਸੀ। ਉਹ ਵੱਡਾ ਯੋਧਾ ਸੀ ਤੇ ਤੀਖਣ ਬੁੱਧ ਵੀ। ਉਸ ਨੂੰ ਸਮਝਾਉਣ ਵਾਲਾ ਕੋਈ ਆਮ ਵਿਅਕਤੀ ਨਹੀਂ ਭਗਵਾਨ ਖੁਦ ਸੀ। ਫਿਰ ਵੀ ਕਾਫੀ ਦੇਰ ਲੱਗੀ ਸੀ। ਦਲੀਲਾਂ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਦੁਬਾਰਾ ਹਥਿਆਰ ਨਹੀਂ ਚੁੱਕੇ ਸਨ। ਭਗਵਾਨ ਕ੍ਰਿਸ਼ਨ ਨੇ ਆਪਣਾ ਤ੍ਰੈਕਾਲੀ ਵਿਰਾਟ ਰੂਪ ਦਿਖਾਇਆ ਤੇ ਦੱਸਿਆ ਕਿ ਇਹ ਸਭ ਮਰ ਚੁੱਕੇ ਹਨ। ਮਰਿਆਂ ਹੋਇਆਂ ਨੂੰ ਮਾਰ ਦੇਣ ਨਾਲ ਤੈਨੂੰ ਪਾਪ ਨਹੀਂ ਲੱਗੇਗਾ। ਇਥੇ ਸਰਹੰਦ ਵਿਚ ਜਿਹੜਾ ਧਰਮ ਯੁੱਧ ਹੋਇਆ ਉਸ ਵਿਚਲੇ ਜਰਨੈਲ ਬਹੁਤ ਛੋਟੀ ਉਮਰ ਦੇ ਸਨ ਤੇ ਭਗਵਾਨ ਕ੍ਰਿਸ਼ਨ ਦੀ ਜ਼ਿੰਮੇਵਾਰੀ ਮਾਂ ਗੁਜਰੀ ਨੇ ਨਿਭਾਈ। ਗੀਤਾ ਦਾ ਉਪਦੇਸ਼ ਦੇਣ ਦੀ ਲੋੜ ਨਹੀਂ ਪਈ। ਸਾਹਿਬਜ਼ਾਦਿਆਂ ਦੇ ਪਿਤਾ ਨੇ ਨੌਂ ਸਾਲ ਦੀ ਉਮਰ ਵਿਚ ਸਾਬਤ ਕਰ ਦਿੱਤਾ ਸੀ ਕਿ ਉਸ ਨੇ ਅਨੰਤ ਸੱਚ ਦੇਖ ਲਿਆ ਹੈ-ਉਹ ਦੇਸ ਜਿਥੇ ਨਾ ਜੀਵਨ ਹੈ ਨਾ ਮੌਤ, ਉਹ ਉਸ ਦੇਸ ਦਾ ਵਸਨੀਕ ਸੀ। ਇਥੇ ਛੋਟਿਆਂ ਦੀ ਸੱਤ ਤੇ ਵੱਡਿਆਂ ਬਾਬਿਆਂ ਦੀ ਉਮਰ ਨੌਂ ਸਾਲ ਸੀ। ਮੇਰੇ ਮੰਨਣ ਵਿਚ ਨਹੀਂ ਆਉਂਦਾ ਕਿ ਮਾਂ ਨੇ ਸਾਹਿਬਜ਼ਾਦਿਆਂ ਨੂੰ ਲੰਮਾ ਸਮਾਂ ਕੋਈ ਸਿੱਖਿਆਵਾਂ ਦਿੱਤੀਆਂ। ਇਸ ਮਾਂ ਨੇ ਯੁੱਗਾਂ ਦੀ ਤਪੱਸਿਆ ਕੀਤੀ ਹੋਈ ਸੀ। ਉਸ ਤਪੱਸਿਆ ਦਾ ਕੁਝ ਹਿੱਸਾ ਗੁਰੂ ਦਸਮ ਪਾਤਸ਼ਾਹ ਹਜ਼ੂਰ ਦੇ ਹਿੱਸੇ ਆਇਆ ਤੇ ਬਾਕੀ ਦਾ ਸਾਹਿਬਜ਼ਾਦਿਆਂ ਦੇ ਹਿੱਸੇ। ਮਾਪਿਆਂ ਦੀ ਜਾਇਦਾਦ ਬੱਚਿਆਂ ਨੂੰ ਮਿਲਣੀ ਹੁੰਦੀ ਹੈ।

ਪ੍ਰੋ. ਪੂਰਨ ਸਿੰਘ ਨੂੰ ਇਕ ਸਨਿਆਸੀ ਨੇ ਪੁੱਛਿਆ, "ਸੁਆਮੀ ਜੀ ਆਪ ਕਿਆ ਸਾਧਨਾ ਕਰਤੇ ਹੈਂ, ਕੌਨਸੀ ਬੰਦਗੀ, ਕੌਨ ਸਾ ਤਪ ਕੀਆ ਹੈ ਜੋ ਆਪ ਕੇ ਚਿਹਰੇ ਪਰ ਇਤਨਾ ਨੂਰ ਹੈ।" ਪ੍ਰੋ. ਪੂਰਨ ਸਿੰਘ ਨੇ ਕਿਹਾ, "ਤਪ, ਸਾਧਨਾ, ਬੰਦਗੀ ਕਰਨੀ ਤਾਂ ਕੀ, ਮੈਨੂੰ ਤਾਂ ਇਹ ਪਤਾ ਨਹੀਂ ਕਿ ਇਹ ਹੁੰਦੀ ਕੀ ਹੈ? ਪਰ ਇਕ ਗੱਲ ਦਾ ਪਤਾ ਹੈ ਕਿ ਬਾਦਸ਼ਾਹ ਦੇ ਘਰ ਬੱਚਾ ਜਨਮ ਲੈਣ ਸਾਰ ਰਾਜਕੁਮਾਰ ਹੁੰਦਾ ਹੈ। ਤਪ ਕੀਤਾ ਸੀ ਗੁਰੂ ਕਲਗੀਧਰ ਹਜ਼ੂਰ ਨੇ। ਉਨ੍ਹਾਂ ਦੇ ਘਰ ਸਾਡਾ ਜਨਮ ਹੋ ਗਿਆ ਤਾਂ ਉਨ੍ਹਾਂ ਦੀ ਕਮਾਈ ਸਾਨੂੰ ਖ਼ੁਦ-ਬ-ਖ਼ੁਦ ਵਿਰਸੇ ਵਿਚ ਮਿਲ ਗਈ।"

ਮਾਤਾ ਗੁਜਰੀ ਬਾਰੇ ਘੱਟ ਲਿਖਿਆ ਗਿਆ ਹੈ ਕਿਉਂਕਿ ਉਸ ਬਾਰੇ ਲਿਖਣ ਦੀ ਸਮਰੱਥਾ ਲੋੜੀਂਦੀ ਹੈ। ਉਸ ਬਾਰੇ ਲਿਖਣ ਲਈ ਕੋਈ ਕਾਲੀਦਾਸ ਚਾਹੀਦਾ ਹੈ। ਕਾਲੀਦਾਸ ਨੇ ਮੇਘਦੂਤ ਵਿਚ ਲਿਖਿਆ ਹੈ, "ਹੇ ਮੇਘ, ਜਦੋਂ ਸ੍ਰਿਸ਼ਟੀ ਦਾ ਵਿਨਾਸ਼ ਕਰਨਾ ਹੋਏ ਤਦ ਸ਼ਿਵ ਜੀ ਆਪਣੇ ਲੱਕ ਦੁਆਲੇ ਹਾਥੀ ਦੀ ਤਾਜ਼ੀ ਖੱਲ ਲਪੇਟ ਕੇ ਡਮਰੂ ਵਜਾਉਂਦੇ ਹਨ। ਪਰਲੋ ਆ ਜਾਂਦੀ ਹੈ। ਕਿਸੇ ਸ਼ਾਮ ਅਸਮਾਨ ਦੇ ਇਕ ਕੋਨੇ ਵਿਚ ਖਲੋਤਾ ਤੂੰ ਹਾਥੀ ਦੀ ਲਹੂ ਲਿਬੜੀ ਖੱਲ ਦਾ ਟੋਟਾ ਲੱਗੇਂਗਾ। ਉਸ ਵੇਲੇ ਗੱਜੀਂ ਨਾਂਹ। ਗੋਰੀ ਮਾਂ ਨੂੰ ਦਹਿਲ ਪੈ ਸਕਦਾ ਹੈ। ਵੱਡੇ ਸੰਕਟਾਂ ਦੀਆਂ ਕਨਸੋਆਂ ਬਾਕੀਆਂ ਨਾਲੋਂ ਮਾਂਵਾਂ ਪਾਸ ਪਹਿਲਾਂ ਪੁੱਜ ਜਾਂਦੀਆਂ ਹਨ ਹੇ ਮੇਘ।"

ਰੂਹਾਨੀ ਮਾਂਵਾਂ ਦੀਆਂ ਗੱਲਾਂ ਕਿਸੇ ਸਮਰੱਥਾਵਾਨ ਲੇਖਕ ਲਈ ਛੱਡ ਕੇ ਆਪਾਂ ਆਪਣੀ ਦੇਸੀ ਮਾਂ ਬਾਰੇ ਕੁਝ ਗੱਲਾਂ ਕਰਦੇ ਹਾਂ।

ਵੱਡੇ ਬੇਟੇ ਨੇ ਜਿਸ ਦਿਨ ਕੰਪਿਊਟਰ ਇੰਜਨੀਅਰਿੰਗ ਕੋਰਸ ਦੀ ਡਿਗਰੀ ਪਾਸ ਕਰ ਲਈ ਤਾਂ ਉਹ ਬੇਬੇ ਜੀ ਨੂੰ ਮਠਿਆਈ ਦਾ ਡੱਬਾ ਦੇਣ ਲਈ ਗਿਆ। ਅਸੀਸਾਂ ਦੇ ਕੇ ਕਿਹਾ, "ਪਰ ਹੁਸਨਬੀਰ ਸੁਣਿਐਂ ਇੰਜਨੀਅਰ ਬਣ ਕੇ ਤਾਂ ਤੂੰ ਅਮਰੀਕਾ ਚਲਾ ਜਾਵੇਗਾ। ਫਿਰ ਤੇਰੇ ਬਗੈਰ ਅਸੀਂ ਕਿਵੇਂ ਜੀ ਲਾਵਾਂਗੇ?" ਹੁਸਨਬੀਰ ਨੇ ਕਿਹਾ, "ਫੋਨ ਕਰਿਆ ਕਰਾਂਗਾ। ਚਿੱਠੀਆਂ ਲਿਖਿਆ ਕਰਾਂਗਾ।" ਬੇਬੇ ਨੇ ਕਿਹਾ "ਸੁਖਬੀਰ ਵੀ ਇਹੀ ਕਿਹਾ ਕਰਦਾ ਸੀ (ਵੱਡੇ ਭਰਾ ਦਾ ਡਾਕਟਰ ਪੁੱਤਰ)। ਨਾ ਫੋਨ ਕਰਦਾ ਹੈ ਨਾ ਚਿਠੀ ਲਿਖਦਾ ਹੈ ਨਾ ਮਿਲਣ ਆਉਂਦਾ ਹੈ। ਤੇਰੇ 'ਤੇ ਕਿਵੇਂ ਇਤਬਾਰ ਕਰੀਏ? ਹੁਸਨਬੀਰ ਨੇ ਕਿਹਾ, "ਉਹਦਾ ਦਿਲ ਹੋਰ ਤਰ੍ਹਾਂ ਦਾ ਹੈ ਮੇਰਾ ਹੋਰ ਤਰ੍ਹਾਂ ਦਾ। ਮੈਂ ਜੋ ਕਹਿੰਦਾ ਹਾਂ ਉਹੀ ਕਰਾਂਗਾ।" ਬੇਬੇ ਨੇ ਕਿਹਾ, "ਤੁਹਾਡੇ ਖਾਨਦਾਨ ਦੇ ਮੁੰਡਿਆਂ ਕੋਲ ਇਕ ਇਕ ਨਹੀਂ ਕਈ ਕਈ ਦਿਲ ਨੇ। ਸਾਰੇ ਦਿਲ ਕਲੀ ਕਰਾ ਕੇ ਰੱਖੇ ਹੋਏ ਨੇ। ਜਿਹੋ ਜਿਹਾ ਖਰੀਦਦਾਰ ਟੱਕਰਿਆ ਉਸ ਨੂੰ ਉਸ ਦੀ ਪਸੰਦ ਦਾ ਦਿਲ ਦਿਖਾ ਦਿੱਤਾ। ਅਸੀਂ ਪੁਰਾਣੇ ਬੰਦੇ ਸਿਧੇ-ਸਾਦੇ ਹਾਂ ਕਿਉਂਕਿ ਸਾਡੇ ਕੋਲ ਇਕੋ ਦਿਲ ਹੈ ਸਭ ਨੂੰ ਦਿਖਾਉਣ ਵਾਸਤੇ। ਕਿਸੇ ਨੂੰ ਚੰਗਾ ਲੱਗੇ ਨਾ ਲੱਗੇ। ਆਪਣੇ ਕੀ ਮੁਕਾਬਲੇ ਤੁਹਾਡੇ ਨਾਲ?"

ਨਾਨਕਿਆਂ ਦੇ ਰਾਹ ਵਿਚ ਘੱਗਰ ਹੈ। ਕੋਈ ਖਾਸ ਦਰਿਆ ਨਹੀਂ ਹੈ ਇਹ, ਪਰ ਇਸੇ ਕਾਰਨ ਸਾਡੀ ਬੋਲੀ ਵਿਚ ਪੱਤਣ, ਘਾਟ, ਬੇੜੀ ਮਲਾਹ ਆਦਿਕ ਸ਼ਬਦ ਆ ਰਲੇ। ਬੇਬੇ ਆਮ ਆਖਦੀ-ਫਲਾਣੀ ਨੇ ਘਾਟ ਘਾਟ ਦਾ ਪਾਣੀ ਪੀਤਾ ਹੋਇਐ, ਉਸ ਨਾਲ ਆਪਣੀ ਕੀ ਰੀਸ। ਨਾਨਕਿਆਂ ਵਾਲੇ ਪਾਸਿਉਂ ਚਾਹੇ ਕੋਈ ਆਉਂਦਾ, ਉਹ ਇਹ ਸਵਾਲ ਜਰੂਰ ਪੁਛਦੀ-ਕਿਹੜੇ ਘਾਟ ਆਇਆਂ? ਕਿੰਨਾ ਪਾਣੀ ਹੈ ਘੱਗਰ 'ਚ? ਜੇ ਉਤਰ ਮਿਲਦਾ-ਘੱਗਰ ਚੜ੍ਹ ਗਿਆ ਹੈ, ਤਾਂ ਪੁਛਦੀ, ਬੇੜੀ ਹੈ ਲੱਗੀ ਹੋਈ? ਮਲਾਹ ਬੈਠਾ ਹੁੰਦਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਉਸ ਨੂੰ ਧਰਵਾਸ ਦਿੰਦੇ ਕਿ ਪੇਕਿਓਂ ਕੋਈ ਆਏਗਾ ਤਾਂ ਘੱਗਰ ਰੋਕ ਨਹੀਂ ਸਕੇਗਾ। ਬਨੇਰੇ ਉਪਰ ਕਾਂ ਬੋਲਣ ਅਤੇ ਪਰਾਤ ਵਿਚੋਂ ਆਟਾ ਭੁੜਕਣ ਦੇ ਸੰਕੇਤ ਉਸ ਵਾਸਤੇ ਕੀਮਤੀ ਹੁੰਦੇ।

ਮੈਂ ਕਿਹਾ-ਬੇਬੇ ਗੱਲਾਂ ਸੁਣਾ ਪੁਰਾਣੀਆਂ। ਤੇਰੀ ਕਹਾਣੀ ਲਿਖੀਏ।

ਬੋਲੀ-ਇਹ ਖੋਟਾ ਪੈਸਾ ਨਹੀਂ ਚਲਦਾ। ਕੋਈ ਹੋਰ ਕੰਮ ਕਰ।

ਮੈਂ ਕਿਹਾ-ਖੋਟਾ ਪੈਸਾ ਨਾ ਚੱਲੇ, ਖੋਟੇ ਪੈਸੇ ਦੀ ਕਹਾਣੀ ਚੱਲ ਸਕਦੀ ਹੈ। ਕਹਾਣੀ ਖਰੀ ਹੋ ਸਕਦੀ ਹੈ।

ਮੇਰੇ ਨਾਨਕੇ ਘਰ ਦੇ ਜੀਅ ਏਨੇ ਸੁਹਣੇ ਸਨ ਕਿ ਦੇਖ ਕੇ ਭੁੱਖ ਲਹਿੰਦੀ। ਉਚੇ ਲੰਮੇ ਕੱਦਾਵਰ ਗੋਰੇ ਸੂਹੇ ਰੰਗਾਂ ਦੇ ਲੋਕ। ਪੁਰਾਤਨ ਯੂਨਾਨੀਆਂ ਦੀ ਟੋਲੀ ਜਿਵੇਂ ਜਾਂਦੀ ਜਾਂਦੀ ਰੁਕ ਗਈ ਹੋਵੇ, ਇਥੇ ਹਰਿਆਣੇ ਖਰੌਦੀ ਪਿੰਡ ਵਿਚ। ਹੌਲੀ ਹੌਲੀ ਕਦਮ ਪੁਟਦੇ, ਸਹਿਜ ਨਾਲ ਰੋਟੀ ਖਾਂਦੇ, ਸੁਹਜ ਨਾਲ ਗੱਲ ਕਰਦੇ, ਧੀਰਜ ਨਾਲ ਗੱਲ ਸੁਣਦੇ। ਉਨ੍ਹਾਂ ਦੀ ਸੂਰਤ ਵਿਚ ਕਾਹਲ ਦਾ ਨਾਂ ਨਿਸ਼ਾਨ ਨਹੀਂ ਸੀ। ਮੈਨੂੰ ਕਈ ਵਾਰ ਕਹਿੰਦੇ, "ਤੂੰ ਭੱਜੂੰ ਭੱਜੂੰ ਕਿਉਂ ਕਰਦਾ ਰਹਿਨੈ? ਤੂੰ ਤਾਂ ਰੋਟੀ ਵੀ ਇਉਂ ਖਾਨੈ ਜਿਵੇਂ ਕਿਸੇ ਦੀ ਚੁੱਕ ਭਜਿਆ ਹੋਵੇਂ।" ਹਸੂੰ ਹਸੂੰ ਕਰਦੇ ਉਨ੍ਹਾਂ ਦੇ ਹੋਠ, ਮਿਹਰਬਾਨੀਆਂ ਨਾਲ ਭਰੀਆਂ ਨੀਵੀਆਂ ਅੱਖਾਂ।

ਬੇਬੇ ਦੱਸਿਆ ਕਰਦੀ ਹੈ-ਤੇਰੀ ਛੋਟੀ ਮਾਮੀ ਗੁਰਦਿਆਲ ਕੁਰ ਦਾ ਰੰਗ ਧੁਪ ਵਰਗਾ ਸੀ। ਲਾਲੀਆਂ ਝਗੜਦੀਆਂ ਸਨ ਮੂੰਹ 'ਤੇ। ਹੀਰ ਸੀ ਬਸ। ਮਿਹਨਤ ਨਾਲ ਘੜੀ ਰੱਬ ਨੇ। ਕੰਧ ਤੋਂ ਉਤਰ ਕੇ ਜਿਵੇਂ ਕੋਈ ਤਸਵੀਰ ਤੁਰਨ ਲੱਗੇ। ਭਾਬੀ ਕਾਹਨੂੰ ਮੇਰੀ ਤਾਂ ਸਹੇਲੀ ਸੀ। ਮੈਂ ਇਕ ਦਿਨ ਕਿਹਾ-ਕੁੜੇ ਖਿਆਲ ਰੱਖੀਂ ਮੇਰਾ। ਤੇਰੀ ਇਹ ਨਣਦ ਗਰੀਬਣੀ ਹੈ।

ਉਹ ਮੇਰੇ ਪੈਰੀਂ ਚੁੰਨੀ ਰੱਖ ਕੇ ਬੋਲੀ, "ਮੈਂ ਕਦ ਆਂ ਏਸ ਘਰ ਦੀ ਮਾਲਕਣ? ਮੈਂ ਤਾਂ ਬਾਂਦੀ ਆਂ ਤੁਹਾਡੀ ਸਾਰਿਆਂ ਦੀ। ਬਾਂਦੀ ਰਹੂੰਗੀ ਉਮਰ ਭਰ।" ਪਹਿਲੇ ਜਣੇਪੇ ਵਕਤ ਚਲ ਵਸੀ। ਤੇਰਾ ਮਾਮਾ ਮਾਨ ਸੂੰ ਕਈ ਕਈ ਹਫਤੇ ਘਰ ਨਹੀਂ ਵੜਦਾ ਸੀ। ਬੜਾ ਧਰਵਾਸ ਦਿੰਦੇ। ਘਰੋਂ ਭੱਜ ਕੇ ਫੇਰ ਉਹ ਚੋਰਾਂ ਡਾਕੂਆਂ ਦੇ ਗਰੋਹ ਵਿਚ ਰਲ ਗਿਆ, ਕਈ ਸਾਲ ਨਾ ਮੁੜਿਆ। ਇਕ ਦਿਨ ਨਾਨੀ ਨੂੰ ਉਸ ਦਾ ਇਕ ਸਾਥੀ ਇਤਫਾਕਨ ਮਿਲ ਗਿਆ ਤਾਂ ਉਸ ਹੱਥ ਇਹ ਸੁਨੇਹਾ ਭੇਜਿਆ, "ਸੱਟ ਖਾਕੇ ਬੰਦਾ ਚੋਰਾਂ ਡਾਕੂਆਂ ਨਾਲ ਰਲ ਜਾਏ, ਸਾਡੇ ਖਾਨਦਾਨ ਵਿਚ ਰਿਵਾਜ ਨਹੀਂ ਇਹ। ਸੱਟ ਖਾਧਾ ਬੰਦਾ ਸਾਧ ਹੋ ਜਾਂਦੈ। ਮਾਨ ਸੂੰ ਨੂੰ ਕਹੀਂ ਘਰੇ ਨਹੀਂ ਆਉਣਾ ਨਾ ਆਏ। ਕਿਸੇ ਦਰਖਤ ਹੇਠ ਬੈਠ ਕੇ ਬੰਦਗੀ ਕਰੇ। ਮੈਂ ਉਹਨੂੰ ਅਪਣੇ ਸਿੱਖ ਰਿਵਾਜ ਬਦਲਣ ਨੀਂ ਦਿਉਂਗੀ।" ਇਹ ਸੁਨੇਹਾ ਸੁਣ ਕੇ ਮਾਮਾ ਘਰ ਪਰਤ ਆਇਆ।



ਬੇਬੇ ਰਾਏ ਕੌਰ

ਤੇਰੀ ਵੱਡੀ ਮਾਮੀ ਦੇ ਦੋ ਬੇਟੇ ਹੋਏ ਇਕ ਤੋਂ ਬਾਦ ਇਕ ਗੁਲਾਬਾਂ ਵਰਗੇ। ਦੋਵਾਂ ਨੂੰ ਰੱਬ ਨੇ ਵਾਪਸ ਬੁਲਾ ਲਿਆ। ਫੇਰ ਕਾਕਾ ਨਾ ਹੋਇਆ। ਧੀਆਂ ਹੋਈਆਂ। ਤੇਰੀ ਨਾਨੀ ਨੂੰ ਤਪਦਿਕ ਹੋ ਗਈ। ਉਸ ਨੇ ਸਾਨੂੰ ਬੜਾ ਕਿਹਾ, "ਮਿਲਣ ਆਉਣਾ ਛੱਡ ਦਿਉ, ਤੁਹਾਡੇ ਨਿਆਣੇ ਨਿਕੇ ਨਿਕੇ ਨੇ। ਇਹ ਬਿਮਾਰੀ ਡੈਣ ਐ ਡੈਣ। ਟੱਬਰਾਂ ਦੇ ਟੱਬਰ ਨਿਗਲਦੀ ਹੈ। ਬਥੇਰੇ ਹੋ ਗਏ ਮੇਲੇ ਗੇਲੇ। ਹੁਣ ਸਬਰ ਕਰ ਕੇ ਘਰ ਬੈਠੋ ਆਪੋ ਆਪਣੇ।" ਅਸੀਂ ਕੋਈ ਹਟਣ ਵਾਲੀਆਂ ਸਾਂ? ਮਾਂ ਨੂੰ ਨਾ ਮਿਲਣ ਦੀ ਜ਼ਿੰਦਗੀ ਨਾਲੋਂ ਤਾਂ ਮਿਲਣਾ ਤੇ ਮਰ ਜਾਣਾ ਹਜਾਰ ਦਰਜੇ ਚੰਗਾ। ਅਗੇ ਕਿਹੜਾ ਇਸ ਘਰ ਵਿਚ ਮੌਤ ਦਾ ਨਾਂ ਨਹੀਂ ਸੁਣਿਆ ਕਦੇ?

ਤੇਰੀ ਮਾਸੀ ਨੂੰ ਤਪਦਿਕ ਦਾ ਰੋਗ ਲੱਗ ਗਿਆ। ਪਹਿਲਾਂ ਨਾਨੀ ਮਰੀ ਫੇਰ ਤੇਰੀ ਮਾਸੀ। ਤੇਰਾ ਛੋਟਾ ਮਾਮਾ ਤੇ ਤੇਰਾ ਵੀਰ ਗੁਰਦਿਆਲ ਇਉਂ ਬਾਂਹ ਛੁਡਾ ਕੇ ਭੱਜੇ ਜਿਵੇਂ ਕਿਸੇ ਦੀਆਂ ਗੱਲਾਂ ਵਿਚ ਆ ਗਏ ਹੋਣ। ਜਿਵੇਂ ਮੈਂ ਉਨ੍ਹਾਂ ਨਾਲ ਬਹੁਤ ਵੱਡੀ ਬੇਈਮਾਨੀ ਕੀਤੀ ਹੋਵੇ ਕੋਈ। ਰੱਬ ਨੂੰ ਪਤਾ ਨੀ ਹੋ ਕੀ ਗਿਆ। ਇਕ ਸੱਟ ਅਜੇ ਰਾਜੀ ਨਾ ਹੁੰਦੀ ਦੂਜੀ ਹੋਰ ਮਾਰਦਾ। ਉਸ ਤੋਂ ਵੀ ਤਕੜੀ। ਸੱਟਾਂ ਈ ਸੱਟਾਂ। ਵਿਛੋੜੇ ਈ ਵਿਛੋੜੇ, ਦਾਗ਼ ਤੇ ਦਾਗ਼। ਆਉਣ ਵਾਲੀ ਹੈ ਮੇਰੀ ਵੀ ਵਾਰੀ। ਪੁੱਛੂੰਗੀ ਜਾ ਕੇ-ਰੱਬਾ ਕੇਹੜਾ ਲਾਚੀਆਂ ਦਾ ਬਾਗ ਉਜਾੜਿਆ ਸੀ ਤੇਰਾ? ਕੀ ਹੱਕ ਸੀ ਤੇਰਾ ਇਹੋ ਜਿਹੀਆਂ ਸਜਾਵਾਂ ਦੇਣ ਦਾ? ਹੋਣ ਵਾਲੀਆਂ ਹਨ ਗੱਲਾਂ ਆਹਮੋ ਸਾਹਮਣੇ।

ਸੁਨੇਹਾ ਮਿਲਿਆ, "ਬੇਬੇ ਜੀ ਨੇ ਸੱਦਿਆ ਹੈ। ਹੁਣੇ ਚਲੇ ਜਾਣਾ।" ਮੈਂ ਤੁਰੰਤ ਗਿਆ ਤੇ ਹਾਲਚਾਲ ਪੁੱਛਿਆ। ਮਾਂ ਕਹਿਣ ਲੱਗੀ, "ਇੰਨੇ ਦਿਨ ਆਇਆ ਕਿਉਂ ਨਹੀਂ?" ਮੈਂ ਦੱਸਿਆ ਕਿ ਡਿਊਟੀ ਦੇ ਕੰਮ ਕਾਜ ਬਹੁਤ ਹਨ ਤੇ ਤੁਹਾਡੇ ਕੋਲ ਰੌਣਕ ਤਾਂ ਲੱਗੀ ਹੀ ਰਹਿੰਦੀ ਹੈ। ਬੇਬੇ ਨੇ ਕਿਹਾ, "ਇਹ ਰੌਣਕਾਂ ਮੈਂ ਕੀ ਕਰਨੀਆਂ ਹਨ? ਮੈਂ ਉਹ ਜੰਦਰਾ ਹਾਂ ਜਿਹੜਾ ਕਿਸੇ ਵੱਡੇ ਕਿਲੇ ਨੂੰ ਲੱਗਾ ਹੁੰਦਾ ਹੈ। ਮੇਰੇ ਬੱਚੇ ਇਸ ਜੰਦਰੇ ਦੀਆਂ ਕੁੰਜੀਆਂ ਹਨ। ਤੁਹਾਡੇ ਆਉਣ ਨਾਲ ਇਹ ਜੰਦਰਾ ਖੁਲ੍ਹਦਾ ਹੈ ਰੌਣਕਾਂ ਰੂਣਕਾਂ ਨਾਲ ਨਹੀਂ। ਮੈਂ ਹੁਣ ਮਿੱਟੀ ਦਾ ਬਹੁਤ ਵੱਡਾ ਤੇ ਪੁਰਾਣਾ ਥੇਹ ਹਾਂ। ਇਸ ਨੂੰ ਫਰੋਲੇਂਗਾ ਤਾਂ ਕਈ ਕੁਝ ਮਿਲੇਗਾ। ਠੀਕਰੇ ਨਿਕਲਣਗੇ, ਹੱਡੀਆਂ ਮਿਲਣਗੀਆਂ, ਵੱਡਾ ਖਜ਼ਾਨਾ ਨਾ ਸਹੀ, ਕੋਈ ਸਿੱਕਾ ਕੋਈ ਗਹਿਣਾ ਲੱਭ ਸਕਦਾ ਹੈ। ਆਖਰ ਇਥੇ ਇਕ ਦੇਸ ਵਸਦਾ ਸੀ ਕਦੀ ਜੋ ਹੁਣ ਥੇਹ ਹੋ ਗਿਆ ਹੈ। ਕਦੀ ਕਦਾਈਂ ਆ ਕੇ ਇਸ ਨੂੰ ਫਰੋਲ-ਫਰਾਲ ਜਾਇਆ ਕਰ।"

ਬੇਬੇ ਨੂੰ ਹੁਣ ਘੱਟ ਸੁਣਦਾ, ਘੱਟ ਦਿਸਦਾ ਹੈ। ਸਾਨੂੰ ਦੇਖ ਕੇ ਕਦੀ ਖੁਸ਼ ਹੋ ਜਾਂਦੀ ਹੈ ਕਦੀ ਉਦਾਸ। ਮੈਂ ਕਿਹਾ-ਅਸੀਂ ਖੁਸ਼ੀ ਦੀ ਗੱਲ ਤਾਂ ਦੱਸ ਦਿੰਦੇ ਹਾਂ ਕਈ ਵਾਰ ਉਦਾਸ ਕਰਨ ਵਾਲੀ ਗੱਲ ਨਹੀਂ ਦਸਦੇ। ਬੇਬੇ ਨੇ ਕਿਹਾ, "ਮੈਨੂੰ ਪਤਾ ਲੱਗ ਜਾਂਦਾ ਹੈ। ਤੁਹਾਡੀ ਤੋਰ ਤੋਂ। ਗੱਲਾਂ ਕਰਦਿਆਂ ਦੇ ਤੁਹਾਡੇ ਚਿਹਰੇ ਦੇਖਦੀ ਹਾਂ। ਗੱਲ ਨਹੀਂ ਸੁਣਦੀ। ਪਰ ਪਤਾ ਲੱਗ ਜਾਂਦਾ ਹੈ ਤੁਸੀਂ ਦੁੱਖ ਵਿਚ ਹੋ ਕਿ ਸੁਖ ਵਿਚ।"

ਜਦੋਂ ਮੈਂ ਗੱਲ ਤੋਰਦਾ ਹਾਂ ਤਾਂ ਉਸ ਦੇ ਦਿਲ ਜਿਗਰ ਵਿਚਲੀ ਤਪਸ਼ ਤੋਂ ਕਈ ਵਾਰ ਡਰ ਵੀ ਜਾਂਦਾ ਹਾਂ। ਇਸ ਭੱਠੀ ਦਾ ਸੇਕ ਮੱਠਾ ਨਹੀਂ ਹੋਇਆ। ਗੱਲ ਛੇੜੋ ਤਾਂ ਸਹੀ। ਉਹ ਕਦੀ ਇਉਂ ਵੀ ਆਖਿਆ ਕਰਦੀ ਹੈ, "ਮੇਰਾ ਸਸਕਾਰ ਕਰਨ ਪਿਛੋਂ ਕਿਤੇ ਤੀਜੇ ਦਿਨ ਫੁਲ ਚੁਗਣ ਨਾ ਚਲੇ ਜਾਇਉ। ਮੇਰਾ ਸਿਵਾ ਠੰਢਾ ਹੋਣ ਲਈ ਕਈ ਸਦੀਆਂ ਲੱਗਣਗੀਆਂ।"

ਲੱਖਾਂ ਸਾਲ ਬੀਤ ਗਏ ਹਨ। ਧਰਤੀ ਦੀ ਹਿੱਕ ਅੰਦਰ ਫੌਲਾਦ ਅਤੇ ਚਟਾਨਾਂ ਪਾਣੀ ਵਾਂਗ ਉਬੱਲ ਰਹੀਆਂ ਹਨ ਅੱਜ ਤੱਕ।

ਇਕ ਦਿਨ ਬੇਬੇ ਨੇ ਕਿਹਾ, "ਹੁਣ ਮੈਂ ਜਿਉਂਦੀ ਹਾਂ। ਤੁਸੀ ਸਾਰੇ ਭਾਈ ਭੈਣ ਰਿਸ਼ਤੇਦਾਰ ਆ ਕੇ ਮੈਨੂੰ ਮਿਲਦੇ ਹੋ ਤਾਂ ਆਪਸ ਵਿਚ ਹੀ ਮਿਲ ਲੈਂਦੇ ਹੋ। ਜਦੋਂ ਮੈਂ ਨਾ ਰਹੀ ਇਕ ਰਾਜਧਾਨੀ ਟੁੱਟ ਜਾਏਗੀ। ਤੁਸੀਂ ਬੜੀ ਤਰੱਕੀ ਕੀਤੀ। ਹੋਰ ਕਰੋਗੇ। ਤੁਹਾਡੇ ਬੱਚੇ ਤੁਹਾਡੇ ਤੋਂ ਅੱਗੇ ਲੰਘਣਗੇ... ਖੁਸ਼ਹਾਲ ਹੋਵੋਗੇ। ਇਸ ਪਾਸਿਉਂ ਲੰਘਿਆ ਕਰੋਗੇ ਤਾਂ ਹੌਲੀ ਦੇ ਕੇ ਆਪਣੇ ਆਪ ਨੂੰ ਕਿਹਾ ਕਰੋਗੇ, ਇਥੇ ਸਾਡੀ ਮਾਂ ਰਿਹਾ ਕਰਦੀ ਸੀ। ਹੈਗੀ ਤਾਂ ਬੌਲੀ ਜਿਹੀ ਸੀ ਪਰ ਸੀ ਚੰਗੀ। ਇਸ ਘਰ ਵਲ ਦੇਖਦੇ ਦੇਖਦੇ ਤੁਸੀਂ ਅੱਗੇ ਲੰਘ ਜਾਇਆ ਕਰੋਗੇ। ਮੇਰੇ ਪਿਛੋਂ ਇਸ ਘਰ ਵਿਚ ਆਉਣ ਨੂੰ ਤੁਹਾਡਾ ਦਿਲ ਨਹੀਂ ਕਰਿਆ ਕਰੇਗਾ।"

ਹੁਸਨਬੀਰ ਤੇ ਸੁਖਨਬੀਰ ਦੇ ਨਾਨਾ ਜੀ ਸਾਡੇ ਕੋਲ ਰਿਹਾ ਕਰਦੇ ਸਨ। ਉਨ੍ਹਾਂ ਦਾ ਆਪਣੇ ਬੇਟਿਆਂ ਦੇ ਘਰ ਨਹੀਂ ਸਾਡੇ ਨਾਲ ਦਿਲ ਲੱਗਦਾ ਸੀ। ਦੋ-ਤਿੰਨ ਦਿਨ ਲਈ ਬੇਬੇ ਪਿੰਡੋਂ ਆਈ ਤਾਂ ਕਹਿਣ ਲੱਗੀ, "ਤੂੰ ਤੇ ਹਰਮਿੰਦਰ (ਮੇਰੀ ਪਤਨੀ) ਹੁਸਨਬੀਰ ਦੇ ਨਾਨਾ ਜੀ ਨਾਲ ਗੱਲਾਂ ਕਿਉਂ ਨਹੀਂ ਕਰਦੇ? ਉਹ ਦੇਰ ਤੱਕ ਇਕੱਲੇ ਬੈਠੇ ਰਹਿੰਦੇ ਹਨ।" ਮੈਂ ਕਿਹਾ, "ਅਖਬਾਰ ਪੜ੍ਹ ਲੈਂਦੇ ਹਨ। ਕੋਈ ਖਾਸ ਨਵੀਂ ਗੱਲ ਤਾਂ ਹੈ ਨਹੀਂ ਕਰਨ ਵਾਲੀ। ਸੈਰ ਕਰ ਆਉਂਦੇ ਹਨ। ਹੋਰ ਕੀ ਗੱਲਾਂ ਕਰੀਏ?" ਬੇਬੇ ਨੇ ਕਿਹਾ, "ਤੇਰਾ ਛੋਟਾ ਮੁੰਡਾ ਸਾਲ ਕੁ ਦਾ ਹੈ। ਇਹਦੇ ਨਾਲ ਸਾਰਾ ਦਿਨ ਕਿਵੇਂ ਗੱਲਾਂ ਕਰੀ ਜਾਨੇ ਓਂ? ਇਹਨੂੰ ਦੱਸਣ ਜਾਂ ਪੁੱਛਣ ਵਾਸਤੇ ਕਿਹੜੀ ਨਵੀਂ ਗੱਲ ਹੈ ਤੁਹਾਡੇ ਕੋਲ? ਤੁਸੀਂ ਇਸ ਬੱਚੇ ਨਾਲ ਗੱਲਾਂ ਕਰੀ ਜਾਂਦੇ ਹੋ ਕਿਉਂਕਿ ਤੁਸੀਂ ਇਹਨੂੰ ਪਿਆਰ ਕਰਦੇ ਹੋ। ਜੀਹਨੂੰ ਪਿਆਰ ਕਰੀਏ ਉਹਦੀ ਹਰੇਕ ਗੱਲ ਨਵੀਂ ਲਗਦੀ ਹੁੰਦੀ ਹੈ ਤੇ ਪਿਆਰੀ। ਨਵੀਆਂ ਪੁਰਾਣੀਆਂ ਗੱਲਾਂ ਦਾ ਬਹਾਨਾ ਕਿਉਂ ਕਰਦੇ ਹੋ? ਇਹ ਕਹੋ ਕਿ ਬਾਪੂ ਜੀ ਨੂੰ ਪਿਆਰ ਨਹੀਂ ਕਰਦੇ। ਮੈਂ ਤਾਂ ਕੱਟਰੂਆਂ ਵਛਰੂਆਂ ਨਾਲ ਗੱਲਾਂ ਕਰੀ ਜਾਇਆ ਕਰਦੀ ਸੀ। ਤੁਸੀਂ ਬੰਦਿਆਂ ਨਾਲ ਗੱਲ ਕਰਕੇ ਰਾਜੀ ਨੀਂ। ਗੁਰੂ ਮਹਾਰਾਜ ਅਣਜਾਣੇ ਦੇਸਾਂ ਵਿਚ ਅਣਜਾਣ ਲੋਕਾਂ ਨਾਲ ਗੱਲਾਂ ਕਰਨ ਗਏ ਤੇ ਉਨ੍ਹਾਂ ਦੇ ਦੁਖ ਸੁਣੇ। ਤੁਸੀਂ ਜਾਣਕਾਰਾਂ ਨੂੰ ਬੁਲਾ ਕੇ ਰਾਜੀ ਨੀਂ। ਰੱਬ ਨੂੰ ਤੁਹਾਡਾ ਇਹ ਸੁਭਾਅ ਪਸੰਦ ਨਹੀਂ ਹੈ।"

ਮਹਿੰਦਰਾ ਕਾਲਜ ਪੜ੍ਹਨ ਜਾਣ ਲਈ ਮੈਂ ਆਪਣੇ ਜਮਾਤੀ ਅਜੀਤ ਨੂੰ ਵੀ ਮਨਾ ਲਿਆ। ਉਹ ਤਾਂ ਮੰਨਿਆ ਮਨਾਇਆ ਹੀ ਸੀ। ਕਹੋ ਕਿ ਉਸ ਨੇ ਮਾਪਿਆਂ ਨੂੰ ਮਨਾ ਲਿਆ। ਉਨ੍ਹਾਂ ਦੇ ਘਰ ਵੀ ਤੰਗੀ ਸੀ ਸਾਡੇ ਵਾਂਗ। ਬਾਪੂ ਕਿਸੇ ਦੇ ਆਰੇ ਉਪਰ ਮੁਲਾਜ਼ਮ ਸੀ ਤੇ ਮਾਂ ਲੋਕਾਂ ਦੇ ਕੱਪੜੇ ਸਿਉਂਦੀ। ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਪਹਿਲੀਆਂ ਦੋ ਪੁਜ਼ੀਸ਼ਨਾਂ ਅਸੀਂ ਕਿਸੇ ਤੀਜੇ ਕੋਲ ਨਹੀਂ ਜਾਣ ਦਿੱਤੀਆਂ। ਉਹ ਫਸਟ ਅਉਂਦਾ ਤਾਂ ਮੈਂ ਸੈਕੰਡ, ਮੈਂ ਫਸਟ ਹੁੰਦਾ ਤਾਂ ਉਹ ਸੈਕੰਡ। ਮਹੀਨੇ ਬਾਦ ਜਦੋਂ ਉਹ ਘਰ ਜਾ ਕੇ ਆਉਂਦਾ ਤਾਂ ਕੁੱਝ ਨੋਟ ਹੁੰਦੇ ਤੇ ਬਾਕੀ ਕਾਫੀ ਸਾਰੀ ਭਾਨ ਹੁੰਦੀ। ਉਹ ਦਸਦਾ ਕਿ ਨੋਟ ਬਾਪੂ ਦਿੰਦਾ ਹੈ ਤੇ ਭਾਨ ਬੇਬੇ। ਇਹ ਉਹ ਭਾਨ ਹੈ ਜਿਹੜੀ ਜਦੋਂ ਬੇਬੇ ਸਬਜ਼ੀ ਲੈਣ ਲੱਗੀ ਨੋਟ ਸਬਜ਼ੀ ਵਾਲੇ ਨੂੰ ਫੜਾਉਂਦੀ ਹੈ, ਉਹ ਕੁਝ ਭਾਨ ਵਾਪਸ ਕਰਦਾ ਹੈ। ਸਿਲਾਈ ਵਾਸਤੇ ਜੇ ਕੋਈ ਨੋਟ ਦੇ ਜਾਂਦਾ ਤਾਂ ਉਹ ਬਾਪੂ ਨੂੰ ਫੜਾ ਦਿੰਦੀ ਤੇ ਭਾਨ ਥੈਲੀ ਵਿਚ। ਸਭ ਤੋਂ ਚੋਰੀ ਅੱਖ ਬਚਾ ਕੇ ਮੈਨੂੰ ਆਉਣ ਲੱਗਿਆਂ ਉਹ ਸਾਰੀ ਭਾਨ ਫੜਾ ਦਿੰਦੀ ਹੈ। ਇਹ ਪੰਜੀਆਂ ਦਸੀਆਂ ਚੁਆਨੀਆਂ ਅਠਾਨੀਆਂ ਸਭ ਚੋਰੀ ਦਾ ਮਾਲ ਹੈ। ਇਹ ਦਸਦਿਆਂ ਅਜੀਤ ਦੀਆਂ ਅੱਖਾਂ ਛਲਕ ਪੈਂਦੀਆਂ ਤੇ ਆਖਦਾ, "ਜੇ ਹੁਣ ਨਾ ਪੜ੍ਹੇ ਆਪਾਂ ਠੀਕ ਢੰਗ ਨਾਲ ਤਾਂ ਪਾਪ ਬਹੁਤ ਵੱਡਾ ਲਗੇਗਾ।" ਉਹ ਏਅਰਫੋਰਸ ਵਿਚ ਪਾਇਲਟ ਅਫਸਰ ਭਰਤੀ ਹੋਇਆ ਤੇ ਹੁਣ ਤੱਕ ਦੋ ਰਾਸ਼ਟਰਪਤੀ ਮੈਡਲ ਪ੍ਰਾਪਤ ਕਮਾਂਡਿੰਗ ਅਫਸਰ ਹੈ। ਇਨ੍ਹਾਂ ਮਾਂਵਾਂ ਨੇ ਪੈਸੇ ਦਿੱਤੇ, ਦੁਆਵਾਂ ਦਿੱਤੀਆਂ ਅਤੇ ਹੰਝੂਆਂ ਨਾਲ ਸਾਡੇ ਪਾਪ ਧੋਏ।

ਇਸ ਗੱਲ ਨੂੰ ਵਿਕਟਰ ਹਿਊਗੋ 'ਫਾਂਸੀ' ਨਾਵਲ ਵਿਚ ਕੁਝ ਹੋਰ ਢੰਗ ਨਾਲ ਲਿਖਦਾ ਹੈ। ਇਕ ਜੁਆਨ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਉਹ ਉਪਰਲੀ ਅਦਾਲਤ ਅੱਗੇ ਰਹਿਮ ਦੀ ਅਪੀਲ ਕਰਦਿਆਂ ਆਖਦਾ ਹੈ, "ਜੱਜ ਸਾਹਿਬ ਮੇਰੇ ਉਪਰ ਤਿੰਨ ਜਣੀਆਂ ਆਸ਼ਰਿਤ ਹਨ। ਇਕ ਮਾਂ, ਇਕ ਪਤਨੀ ਤੀਜੀ ਨਿਕੀ ਬੇਟੀ। ਮਾਂ ਦਾ ਮੈਨੂੰ ਫਿਕਰ ਨਹੀਂ ਕਿਉਂਕਿ ਉਹ ਬਹੁਤ ਬਿਰਧ ਹੈ। ਇਧਰੋਂ ਮੇਰੀ ਫਾਂਸੀ ਲਟਕੇ ਦੀ ਖਬਰ ਸੁਣੇਗੀ ਉਧਰ ਉਸ ਦੇ ਸਾਹਾਂ ਦੀ ਸੰਗਲੀ ਟੁੱਟ ਜਾਏਗੀ। ਪਤਨੀ ਜੁਆਨ ਹੈ। ਕੁਝ ਦੇਰ ਰੋ ਧੋ ਕੇ ਸਬਰ ਕਰ ਲਏਗੀ। ਹੋ ਸਕਦਾ ਹੈ ਦੁਬਾਰਾ ਵਿਆਹ ਕਰਵਾ ਲਏ। ਉਸ ਵਲੋਂ ਵੀ ਮੈਂ ਵਧੀਕ ਫਿਕਰਮੰਦ ਨਹੀਂ। ਬਹੁਤਾ ਫ਼ਿਕਰ ਮੈਨੂੰ ਆਪਣੀ ਧੀ ਦਾ ਹੈ। ਮਾਪਿਆਂ ਦੇ ਹੁੰਦੇ ਕੁੜੀਆਂ ਲੱਖ ਮਾੜੀਆਂ ਹੋਣ, ਦੁੱਧ ਧੋਤੀਆਂ ਹੁੰਦੀਆਂ ਹਨ ਤੇ ਜਿਨ੍ਹਾਂ ਦੇ ਮਾਪੇ ਨਾ ਹੋਣ ਉਹ ਪੋਤੜਿਆਂ ਵਿਚ ਵੀ ਵਿਗੜੀਆਂ ਹੋਈਆਂ ਮੰਨੀਆਂ ਜਾਂਦੀਆਂ ਹਨ।"

ਬੇਬੇ ਨੂੰ ਜਪੁਜੀ ਸਾਹਿਬ ਯਾਦ ਸੀ। ਗੁਰਦੁਆਰੇ ਵਿਚ ਗੁਰਮੁਖੀ ਪੜ੍ਹਨੀ ਸਿਖੀ ਸੀ ਜਿਸ ਕਰਕੇ ਲਿਖ ਤਾਂ ਨਹੀਂ, ਪੜ੍ਹ ਠੀਕ ਲੈਂਦੀ ਸੀ। ਧਾਰਾਂ ਚੋਣ, ਦੁੱਧ ਰਿੜਕਣ ਜਾਂ ਚੱਕੀ ਝੋਣ ਵਕਤ ਜਪੁਜੀ ਦਾ ਪਾਠ ਹੁੰਦਾ ਰਹਿੰਦਾ। ਜਪੁਜੀ ਦੇ ਬੋਲਾਂ ਨਾਲ ਹੀ ਸਾਡੀ ਨੀਂਦ ਖੁਲ੍ਹਦੀ। ਆਵਾਜ਼ ਸੁਰੀਲੀ ਵੀ ਸੀ ਦਮਦਾਰ ਵੀ। ਵਿਆਹ ਦੇ ਗੀਤ ਨਾਲ ਗਵਾਂਢੀ ਪਿੰਡ ਵਿਚ ਸੁਣਾਈ ਦਿੰਦੇ। ਆਸਾ ਦੀ ਵਾਰ ਵਿਚ ਰਾਗੀ ਸੁਰਜਣ ਸਿੰਘ ਜੀ ਨੇ ਇਕ ਸ਼ਬਦ "ਮਿਲ ਮੇਰੇ ਪਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ" ਗਾਇਆ ਹੈ। ਜਿਹੋ ਜਿਹੀ ਬਿਹਬਲਤਾ ਇਸ ਸ਼ਬਦ ਵਿਚਲੀਆਂ ਧੁਨਾਂ ਦੀ ਹੈ, ਉਨ੍ਹਾਂ ਧੁਨਾਂ ਵਿਚ ਅਸੀਂ ਜਪੁਜੀ ਦਾ ਪਾਠ ਬੇਬੇ ਤੋਂ ਸੁਣ ਸੁਣ ਵੱਡੇ ਹੋਏ। ਜੂੜਾ ਕਰਨ ਵੇਲੇ ਜਦੋਂ ਮੇਰੇ ਵਾਲ ਵਾਹੁੰਦੀ ਤਾਂ ਇਹ ਗੀਤ ਗਾਉਂਦੀ ਹੁੰਦੀ:

ਮੇਰਾ ਵੀਰ ਧਣੀਏ ਦਾ ਬੂਟਾ
ਆਉਂਦੇ ਜਾਂਦੇ ਲੈਣ ਬਾਸ਼ਨਾ।

ਜਿਸ ਔਰਤ ਦੀ ਆਵਾਜ਼ ਦਬਦੀ ਦਿਸਦੀ ਵਿਆਹ ਵਿਚ ਉਸ ਨਾਲ ਜੋੜੀ ਨਾਂ ਬਣਾਉਂਦੀ। ਜਿਸ ਨਾਲ ਸੁਰ ਮਿਲ ਜਾਂਦਾ ਉਸ ਨਾਲ ਰਲ ਕੇ ਗਾਉਂਦੀ ਤਾਂ ਟਿਕੀ ਰਾਤ ਇਹ ਧੁਨਾਂ ਗੂੰਜਦੀਆਂ,

ਚੰਦ ਚੜ੍ਹ ਗਿਆ ਨੀ ਅੜੀਓ ਕਿੱਕਰਾਂ ਦੇ ਸਿਖਰੀਂ।
ਵੀਰ ਫਿਰਦਾ ਨੀ ਅੜੀਓ ਭਾਬੋ ਦੇ ਫਿਕਰੀਂ।

ਉਸ ਨੇ ਸਾਨੂੰ ਕਦੀ ਬੇਟਾ ਜਾਂ ਪੁੱਤਰ ਕਹਿ ਕੇ ਨਹੀਂ ਸੀ ਬੁਲਾਇਆ। ਵੀਰ ਕਿਹਾ ਕਰਦੀ ਸੀ। ਪੁੱਤਰ ਕਹਿਣ ਲਗੇ ਸੰਗ ਜਾਂਦੀ। ਕਦੀ ਕਦੀ ਬੁੜ ਬੁੜ ਕਰਦੀ-ਕੀ ਹੋ ਗਿਆ ਇਨ੍ਹਾਂ ਛੋਕਰੀਆਂ ਨੂੰ? ਦੇਖਿਆ? ਜੁਆਕਾਂ ਨੂੰ ਬੁਲਾਉਣ ਲੱਗਿਆਂ ਕਿਵੇਂ ਬੇਟਾ ਬੇਟਾ, ਪੁੱਤ ਪੁੱਤ ਦੀ ਰਟ ਲਾਉਂਦੀਆਂ ਨੇ? ਸ਼ਰਮ ਨੀ ਆਉਂਦੀ। ਕਲਜੋਗਣਾਂ।

***(ਚਲਦਾ)***

# ਵਗ ਪਿਆ ਵਿਚ ਬਾਰ ਦੇ ਨੂਰਾਂ ਦਾ ਦਰਿਆ

**ਡਾ. ਪਰਮਜੀਤ ਸਿੰਘ ਮਾਨਸਾ**

ਸਿੱਖ ਰਵਾਇਤਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਇਸ ਧਰਤੀ 'ਤੇ 15 ਅਪ੍ਰੈਲ ਸੰਨ 1469 ਈ ਨੂੰ ਰਾਇਭੋਇ ਦੀ ਤਲਵੰਡੀ ਵਿਚ ਹੋਇਆ ਮੰਨਿਆ ਜਾਂਦਾ ਹੈ। ਤਲਵੰਡੀ ਦਾ ਚੌਧਰੀ ਰਾਇ ਬੁਲਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਧਰਤੀ 'ਤੇ ਹੋਣ ਵਾਲੀ ਰਾਤ ਨੂੰ ਇਕ ਸੁਪਨਾ ਦੇਖਦਾ ਹੈ, ਜਿਸ ਨੂੰ ਨਨਕਾਇਣ ਦਾ ਕਰਤਾ ਬਹੁਤ ਸੁੰਦਰ ਸ਼ਬਦਾਂ ਵਿਚ ਅੰਕਿਤ ਕਰਦਾ ਹੈ।

ਉਚੀ ਮਾੜੀ ਆਪਣੀ ਸੁੱਤਾ ਰਾਇ ਬੁਲਾਰ।
ਅੱਲ੍ਹਾ ਅਕਬਰ ਆਖ ਕੇ ਬਰਤਾਇਆ ਤ੍ਰੈ ਵਾਰ।
ਬੇਗਮ ਝੂਟ ਜਗਾਇਆ ਪੁੱਛਿਆ ਨਾਲ ਪਿਆਰ।
ਕੀ ਤਕਦਾ ਹਾਂ ਖ਼ਾਬ 'ਚ ਬੋਲਿਆ ਤੇ ਵਿਚਕਾਰ।
ਅਸਮਾਨਾਂ ਤੋਂ ਟੁੱਟ ਕੇ ਤਾਰਾ ਇਕ ਬਲਕਾਰ।
ਤਲਵੰਡੀ 'ਤੇ ਡਿਗਿਆ ਚਮਕ ਅਜਾਇਬ ਮਾਰ।
ਵਗ ਪਿਆ ਵਿਚ ਬਾਰ ਦੇ ਨੂਰਾਂ ਦਾ ਦਰਿਆ।
ਰੁੜ੍ਹਿਆ ਜਾਵਾਂ ਉਸ ਵਿਚ ਕੰਢਾ ਹੱਥ ਨਾ ਆਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਰੂਪੀ ਤਾਰਾ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੀ ਗੋਦ ਵਿਚ ਚਮਕਣ ਲੱਗ ਪਿਆ। ਇਸੀ ਤਾਰੇ ਨੂੰ ਗੁਰਬਾਣੀ ਵਿਚ 'ਚਰਾਗੁ' ਕਿਹਾ ਗਿਆ ਹੈ। ਇਸ ਚਿਰਾਗ ਸਦਕੇ ਹੀ ਅੰਧਕਾਰ ਵਿਚ ਪ੍ਰਕਾਸ਼ ਹੋਇਆ। ਕਲਯੁੱਗ ਵਿਚ ਨਾਮ ਧਰਮ ਦੀ ਚਰਚਾ ਚੱਲੀ। ਸਾਰੇ ਭਵਣਾਂ ਵਿਚ ਪਾਰਬ੍ਰਹਮ ਦਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੁਸ਼ਨਾਈ ਫੈਲ ਗਈ,

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ
ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ
ਜਨੁ ਨਾਨਕੁ ਗੁਰੁ ਪਾਰਬ੍ਰਹਮ॥
(ਪੰਨਾ 1387)

ਭਾਈ ਗੁਰਦਾਸ ਨੇ ਇਸ ਪ੍ਰਕਾਸ਼ ਨੂੰ ਆਪਣੇ ਸ਼ਬਦਾਂ ਵਿਚ ਸੂਰਜ ਕਿਹਾ, ਕਿਉਂਕਿ ਸੂਰਜ ਦਾ ਪ੍ਰਕਾਸ਼ ਐਸਾ ਹੁੰਦਾ ਹੈ ਜਿਸ ਨਾਲ ਹਰ ਇਕ ਕੋਨੇ ਵਿਚ ਪਸਰਿਆ ਹਨੇਰਾ ਖੰਭ ਲਾ ਕੇ ਉਡ ਜਾਂਦਾ ਹੈ,

ਸਤਿਗੁਰੁ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ। (ਵਾਰ ਪਹਿਲੀ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਧਰਤੀ 'ਤੇ ਗਿਆਨ ਦਾ ਪ੍ਰਕਾਸ਼ ਹੋ ਗਿਆ, ਅਗਿਆਨ ਦੀ ਧੁੰਧ ਖ਼ਤਮ ਹੋਣ ਲੱਗੀ। ਇਸ ਧਰਤੀ ਤੋਂ ਨਵੇਂ ਰਾਗ ਬੋਧ ਸੰਗੀਤ ਦੇ ਵਾਜੇ ਵੱਜਣ ਲੱਗੇ। ਜੋਗੀ-ਜੰਗਮ, ਇੰਦ੍ਰ, ਭਗਤ ਪ੍ਰਹਿਲਾਦ, ਬ੍ਰਹਮਾ ਦੇ ਪੁੱਤਰ ਸਨਕ, ਸਨੰਦਨ, ਸਨਤ ਕੁਮਾਰ, ਸਨਾਤਨ ਆਦਿ ਸਭ ਗਾਉਣ ਲੱਗੇ,

ਗਾਵਹਿ ਗੰਭੀਰ ਧੀਰ ਮਤਿ
ਸਾਗਰ ਜੋਗੀ ਜੰਗਮ ਧਿਆਨੁ ਧਰੇ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ
ਆਤਮ ਰਸੁ ਜਿਨਿ ਜਾਣਿਓ॥
ਕਬਿ ਕਲ ਸੁਜਸੁ ਗਾਵਉ
ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥
(ਗੁਰੂ ਗ੍ਰੰਥ ਸਾਹਿਬ, ਪੰਨਾ 1389)

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਭਾਰਤ ਦੀ ਅੰਦਰੂਨੀ ਹਾਲਤ ਮੰਦੀ ਸੀ। ਰਾਜਨੀਤਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਪੱਖੋਂ ਭਾਰਤ ਆਪਣਾ ਅਸਲੀ ਵਜੂਦ ਖੋ ਚੁਕਾ ਸੀ। ਧਾਰਮਿਕ ਆਗੂ ਆਪਣਾ ਧੀਰਜ ਗਵਾ ਚੁਕੇ ਸਨ। ਕਾਜ਼ੀ, ਬ੍ਰਾਹਮਣ ਅਤੇ ਜੋਗੀ ਤਿੰਨੇ ਹੀ ਲੋਕਾਈ ਨੂੰ ਕੁਰਾਹੇ ਪਾ ਰਹੇ ਸਨ। ਇਨ੍ਹਾਂ ਪ੍ਰਥਾਏ ਗੁਰੂ ਜੀ ਨੇ ਕਿਹਾ,

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥
(ਗੁਰੂ ਗ੍ਰੰਥ ਸਾਹਿਬ, ਪੰਨਾ 662)

ਸਮਾਜ ਵਰਣ-ਵਿਵਸਥਾ ਵਿਚ ਵੰਡਿਆ ਹੋਇਆ ਸੀ। ਸਮਾਜ ਵਿਚ ਬ੍ਰਾਹਮਣਾਂ ਦਾ ਰੁਤਬਾ ਵਧਦਾ ਗਿਆ ਜਿਸ ਨਾਲ ਨੀਵੀਆਂ ਜਾਤਾਂ ਦਾ ਜੀਵਨ ਨਰਕ ਬਣ ਗਿਆ। ਉਨ੍ਹਾਂ ਦੀ ਹਾਲਤ ਦਿਨ-ਬਾਦਿਨ ਨਿਘਰਦੀ ਗਈ ਤੇ ਵਿਕਾਸ ਦੇ ਦਰਵਾਜ਼ੇ ਬੰਦ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣਵਾਦ ਨੂੰ ਨਕਾਰ ਕੇ ਨੀਚ ਕਹੇ ਜਾਂਦੇ ਲੋਕਾਂ ਦੀ ਬਾਂਹ ਫੜ੍ਹੀ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥ (ਪੰਨਾ 15)

ਉਸ ਜ਼ਮਾਨੇ ਵਿਚ ਰਸਮਾਂ-ਰਿਵਾਜਾਂ, ਮੂਰਤੀ-ਪੂਜਾ, ਯੱਗਾਂ, ਊਚ-ਨੀਚ ਅਤੇ ਜਾਤ-ਪਾਤ ਦੇ ਵਿਤਕਰੇ, ਕਰਮਕਾਂਡ, ਪੂਜਾ, ਅਨੇਕਾਂ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਬਾਹਰੀ ਆਚਾਰਾਂ-ਵਿਹਾਰਾਂ ਨੇ ਸਮਾਜ ਨੂੰ ਵਿਕ੍ਰਿਤ ਕਰ ਦਿੱਤਾ ਸੀ। ਕਿਸੇ ਸਮੇਂ ਵਿਸ਼ਵ ਨੂੰ ਪ੍ਰਭਾਵਿਤ ਕਰਨ ਵਾਲੇ ਧਰਮ ਦੇ ਦਾਰਸ਼ਨਿਕ ਪ੍ਰਭਾਵ ਸਮੇਂ ਦੇ ਬੀਤਣ ਨਾਲ ਕੁਰੀਤੀਆਂ ਦਾ ਸ਼ਿਕਾਰ ਹੋ ਗਏ ਸਨ। ਪਰਮਾਤਮਾ ਦੇ ਸਰੂਪ ਨੂੰ ਗੁੰਝਲਦਾਰ ਬਣਾ ਦਿੱਤਾ ਗਿਆ ਸੀ ਅਤੇ ਇਸ ਨੂੰ ਮੰਦਰਾਂ ਵਿਚ ਕੈਦ ਕਰ ਦਿੱਤਾ ਗਿਆ ਸੀ। ਹਿੰਦੂਆਂ ਦੇ ਨਾਲ ਨਾਲ ਥੋਧੀ ਵੀ ਮੂਰਤੀ ਪੂਜਾ ਕਰਨ ਲੱਗੇ ਸਨ।

ਬਾਬੇ ਨਾਨਕ ਨੇ ਧਾਰਮਿਕ ਅਧੋਗਤੀ ਦੀ ਗੰਭੀਰਤਾ ਨੂੰ ਮਹਿਸੂਸ ਕਰਦਿਆਂ ਜਗਤ-ਜਲੰਦੇ ਨੂੰ ਠਾਰਣ ਲਈ ਮਾਨਵੀ ਚੇਤਨਾ ਨੂੰ ਜਾਗ੍ਰਿਤ ਕਰਨ ਵਾਸਤੇ ਤਿੰਨ ਉਦਾਸੀਆਂ ਕੀਤੀਆਂ ਤਾਂ ਜੋ ਜ਼ੁਲਮਾਂ ਥੱਲੇ ਦੱਬੀ ਮਨੁੱਖਤਾ ਨੂੰ ਸਾਰਥਿਕ ਜੀਵਨ-ਮਾਰਗ ਲਈ ਨਵੀਂ ਸੇਧ ਪ੍ਰਾਪਤ ਹੋ ਸਕੇ। ਉਨ੍ਹਾਂ ਰੱਬੀ ਏਕਤਾ ਅਤੇ ਮਾਨਵੀ ਚੇਤਨਾ ਨਾਲ ਲੋਕਾਈ ਨੂੰ ਜਾਗ੍ਰਿਤ ਕੀਤਾ। ਉਨ੍ਹਾਂ ਰੱਤ ਪੀਣੇ ਰਾਜਿਆਂ ਅਤੇ ਉਨ੍ਹਾਂ ਦੇ ਭ੍ਰਿਸ਼ਟ ਕਾਰਿੰਦਿਆਂ ਦੀ ਕਰਤੇ ਸ਼ਬਦਾਂ ਵਿਚ ਆਲੋਚਨਾ ਕੀਤੀ,

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥
(ਪੰਨਾ 1288)

ਉਸ ਸਮੇਂ ਦੀ ਰਾਜਨੀਤੀ ਧਾਰਮਿਕ ਕੱਟੜਪੁਣੇ ਦੀ ਦਾਸੀ ਬਣੀ ਹੋਈ ਸੀ। ਮੁਸਲਮਾਨਾਂ ਦਾ ਅਸਲ ਮਨੋਰਥ ਹਿੰਦੁਸਤਾਨ ਵਿਚ ਇਸਲਾਮੀ ਰਾਜ ਕਾਇਮ ਕਰਨ ਦੇ ਨਾਲ-ਨਾਲ ਆਪਣੇ ਧਰਮ ਨੂੰ ਵੀ ਸਥਾਪਿਤ ਕਰਨਾ ਸੀ। ਉਹ 'ਅੱਲ੍ਹਾ ਹੂ' ਦੀ ਗੂੰਜ ਧਾਰਮਿਕ ਸਥਾਨਾਂ ਵਿਚ ਸੁਣਨਾ ਚਾਹੁੰਦੇ ਸਨ। ਭਾਰਤੀ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਇਕ ਦਿਨ ਵਿਚ ਹੀ ਲੱਖਾਂ ਬੰਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।

ਮੈਕਾਲਿਫ ਨੇ ਲਿਖਿਆ ਹੈ ਕਿ ਫਿਰੋਜ਼ਦੀਨ ਤੁਗਲਕ ਨੇ ਮਾਲਵਾ ਨਗਰ ਨੂੰ ਦੋ ਵਾਰੀ ਇਸ ਤਰ੍ਹਾਂ ਲੁੱਟਿਆ ਕਿ ਸ਼ਹਿਰ ਵਿਚ ਮਿੱਟੀ ਤੋਂ ਇਲਾਵਾ ਕੁਝ ਨਜ਼ਰ ਨਹੀਂ ਸੀ ਆਉਂਦਾ। ਭਾਰਤੀਆਂ ਨੂੰ ਉਚ ਅਹੁਦਿਆਂ ਤੋਂ ਵਾਂਝੇ ਰੱਖਿਆ ਜਾਂਦਾ ਸੀ। ਬਹੁਤ ਭੇਦ-ਭਾਵ ਕੀਤਾ ਜਾਂਦਾ ਸੀ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੁਸਲਮਾਨ ਬਣਾਇਆ ਗਿਆ। ਭਾਰਤੀ ਜਨਤਾ ਦੀ ਦਰਦਨਾਕ ਹਾਲਤ ਨੂੰ ਤੱਕਦਿਆਂ ਗੁਰੂ ਜੀ ਨੇ ਮੋਦੀਖਾਨੇ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਭਾਈ ਮਰਦਾਨੇ ਨੂੰ ਨਾਲ ਲੈ ਕੇ ਦੀਨ-ਦੁਖੀਆਂ ਦੀ ਸਹਾਇਤਾ ਅਤੇ ਆਪਣੇ ਦੈਵੀ ਸੰਦੇਸ਼ ਨੂੰ ਸਮਸਤ ਲੋਕਾਈ ਵਿਚ ਪ੍ਰਚਾਰਨ ਹਿਤ ਸੰਸਾਰ-ਯਾਤਰਾ ਅਰੰਭ ਕੀਤੀ, ਜਿਸ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ,

ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ॥
ਚੜ੍ਹਿਆ ਸੋਧਣਿ ਧਰਤਿ ਲੁਕਾਈ॥
(ਵਾਰ ਪਹਿਲੀ)

ਗੁਰੂ ਜੀ ਵਿਸ਼ਾਲ ਭਾਰਤ ਦੇ ਹਰ ਕੋਨੇ ਵਿਚ ਪਹੁੰਚੇ। ਉਨ੍ਹਾਂ ਮੱਧ ਪੂਰਬ ਵਿਚ ਸਥਿਤ ਇਸਲਾਮੀ ਦੇਸ਼ਾਂ ਦੇ ਲੱਗਭਗ ਸਾਰੇ ਧਰਮ ਕੇਂਦਰਾਂ ਉਤੇ ਜਾ ਕੇ ਵਿਵਿਧ ਪ੍ਰਕਾਰ ਦੀਆਂ ਭਾਰਤੀ ਤੇ ਸ਼ਾਮੀ ਧਰਮੀ ਪਰੰਪਰਾਵਾਂ ਨੂੰ ਨੇੜੇ ਹੋ ਕੇ ਵੇਖਿਆ। ਉਨ੍ਹਾਂ ਨੇ ਦਾਰਸ਼ਨਿਕ ਆਧਾਰਾਂ ਤੇ ਅਭਿਆਸ ਪ੍ਰਣਾਲੀਆਂ ਦਾ ਅਧਿਐਨ ਕੀਤਾ ਅਤੇ ਅਗਿਆਨ-ਗ੍ਰਸਤ ਲੋਕਾਂ ਨੂੰ ਕਿਰਿਆਚਾਰੀ ਖੰਡ ਅਤੇ ਰਿੱਧੀਆਂ-ਸਿੱਧੀਆਂ, ਕਰਾਮਾਤਾਂ ਆਦਿ ਦੀ ਨਿਰਾਰਥਕਤਾ ਦੱਸ ਕੇ ਇਨ੍ਹਾਂ ਨੂੰ ਤਿਆਗਣ ਅਤੇ ਇਕ ਅਕਾਲ ਪੁਰਖ ਦੀ ਓਟ ਵਿਚ ਸੰਜਮਮਈ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੱਤੀ।



ਗੁਰੂ ਨਾਨਕ ਦੀ ਲੋਕ ਉਧਾਰ ਦੀ ਜੁਗਤੀ ਇਹ ਸੀ ਕਿ ਉਹ ਕਿਸੇ ਧਰਮ ਉਤਸਵ 'ਤੇ ਇਕੱਤਰ ਹੋਏ ਲੋਕਾਂ ਵਿਚ ਜਾ ਕੇ ਅਨੋਖੇ ਨਾਟਕੀ ਅੰਦਾਜ਼ ਨਾਲ ਲੋਕਾਂ ਦਾ ਧਿਆਨ ਆਪਣੇ ਵਲ ਖਿੱਚਦੇ ਅਤੇ ਉਨ੍ਹਾਂ ਦੇ ਫੋਕਟ ਕਰਮਾਂ ਦਾ ਖੰਡਨ ਕਰ ਕੇ ਉਨ੍ਹਾਂ ਨੂੰ ਸਤਿ ਵਿਵਹਾਰ ਕਰਨ ਦੀ ਸਿੱਖਿਆ-ਦੀਖਿਆ ਦਿੰਦੇ। ਹਰਿਦੁਆਰ ਵਿਖੇ ਸੂਰਜ ਨੂੰ ਪਾਣੀ ਦੇਣ ਦੀ ਬਜਾਇ ਆਪ ਜੀ ਨੇ ਇਸ ਕਰਮ ਦੀ ਨਿਰਾਰਥਕਤਾ ਦਰਸਾਉਣ ਲਈ ਪੱਛਮ ਵਲ ਆਪਣੇ ਖੇਤਾਂ ਨੂੰ ਪਾਣੀ ਦੇਣਾ ਸ਼ੁਰੂ ਕੀਤਾ। ਇਸ ਭਰਮ ਦਾ ਰਹੱਸਮਈ ਢੰਗ ਨਾਲ ਖੰਡਨ ਕਰ ਕੇ ਗੁਰੂ ਜੀ ਨੇ ਲੋਕਾਂ ਨੂੰ ਵੀ ਪਰਮਾਤਮਾ ਦੇ ਰਾਹੇ ਤੋਰਿਆ।

ਗੁਰੂ ਸਾਹਿਬ ਦੀ ਪਹਿਲੀ ਉਦਾਸੀ ਬਹੁਤ ਲੰਮੇਰੀ ਸੀ। ਪ੍ਰੋ. ਸਾਹਿਬ ਸਿੰਘ ਅਨੁਸਾਰ ਇਹ ਉਦਾਸੀ ਸੰਨ 1507 ਤੋਂ 1515 ਈਸਵੀ (8 ਸਾਲ) ਸੀ। ਇਸ ਯਾਤਰਾ ਦੌਰਾਨ ਆਪ ਨੇ ਛੇ-ਸੱਤ ਹਜ਼ਾਰ ਮੀਲ ਦਾ ਸਫਰ ਕੀਤਾ। ਉਨ੍ਹਾਂ ਪ੍ਰਸਿੱਧ ਹਿੰਦੂ ਤੀਰਥਾਂ-ਹਰਿਦੁਆਰ, ਗੋਰਖ ਮਤਾ, ਅਯੁੱਧਿਆ, ਪ੍ਰਯਾਗ, ਬਨਾਰਸ, ਗਯਾ, ਜਗਨਨਾਥਪੁਰੀ, ਮਦੁਰਾਈ, ਰਾਮੇਸ੍ਵਰਮ, ਸੋਮਨਾਥ, ਦਵਾਰਕਾ, ਪੁਸ਼ਕਰ, ਮਥੁਰਾ, ਬਿੰਦਰਾਬਨ ਅਤੇ ਕੁਰੂਕਸ਼ੇਤਰ ਆਦਿ ਤੋਂ ਇਲਾਵਾ ਸਿੰਗਲਾ ਦੀਪ, ਸਿੱਕਮ, ਆਸਾਮ, ਬੰਗਾਲ, ਉੜੀਸਾ, ਦਰਾਵੜ ਦੇਸ਼ ਬੰਬਈ, ਔਰੰਗਾਬਾਦ, ਉਜੈਨ, ਕੱਛ, ਅਜਮੇਰ ਆਦਿ ਸਥਾਨਾਂ ਦੀ ਯਾਤਰਾ ਕੀਤੀ।

ਇਸ ਉਦਾਸੀ ਦੌਰਾਨ ਹੀ ਸਤਿਗੁਰੂ ਜੀ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਇਕ ਸੁਨਿਸ਼ਚਿਤ ਤੇ ਵਿਧੀਵਤ ਜੀਵਨਦਰਸ਼ਨ ਦਾ ਰੂਪ ਦਿੱਤਾ ਅਤੇ ਇਸ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਬਣਾਈ। ਇਸ ਉਦਾਸੀ ਤੋਂ ਵਾਪਸ ਆ ਕੇ ਆਪ ਜੀ ਆਪਣੇ ਕੁਝ ਕੁ ਪ੍ਰਮੁੱਖ ਸਿੱਖ ਸ਼ਰਧਾਲੂਆਂ ਦੀ ਸਹਾਇਤਾ ਨਾਲ ਗੁਰਦਾਸਪੁਰ ਜ਼ਿਲ੍ਹੇ ਵਿਚ ਰਾਵੀ ਦੇ ਕੰਢੇ 'ਤੇ ਇਕ ਨਵਾਂ ਪਿੰਡ ਕਰਤਾਰਪੁਰ ਵਸਾਇਆ। ਜਦੋਂ ਇਥੇ ਇਕ ਛੋਟੀ ਜਿਹੀ ਧਰਮਸ਼ਾਲਾ ਬਣ ਗਈ ਤਾਂ ਆਪ ਜੀ ਦੇ ਮਾਤਾ-ਪਿਤਾ ਵੀ ਇਥੇ ਹੀ ਆ ਗਏ। ਭਾਈ ਮਰਦਾਨੇ ਦਾ ਪਰਿਵਾਰ ਵੀ ਇਥੇ ਹੀ ਆ ਵਸਿਆ। ਕੁਝ ਚਿਰ ਸਤਿਗੁਰੂ ਜੀ ਨਗਰ ਵਸਾਉਣ ਦੇ ਆਹਰ ਵਿਚ ਰੁੱਝੇ ਰਹੇ ਪਰੰਤੂ ਛੇਤੀ ਹੀ ਦੂਜੀ ਉਦਾਸੀ ਲਈ ਚੱਲ ਪਏ।

ਪ੍ਰੋ. ਸਾਹਿਬ ਸਿੰਘ ਅਨੁਸਾਰ ਇਹ ਉਦਾਸੀ ਸੰਨ 1517 ਤੋਂ 1518 ਤਕ ਦੀ ਸੀ। ਇਸ ਉਦਾਸੀ ਦੌਰਾਨ ਗੁਰਦੇਵ ਨੇ ਜੰਮੂ ਤੇ ਕਸ਼ਮੀਰ ਦੀ ਯਾਤਰਾ ਕੀਤੀ। ਆਪ ਗਿਆਨ ਕੋਟ ਅਤੇ ਜੰਮੂ ਤੋਂ ਹੁੰਦੇ ਹੋਏ ਪਹਿਲਾਂ ਵੈਸ਼ਨੋ ਦੇਵੀ ਗਏ, ਫਿਰ ਮਟਨ ਵਿਚ ਅਮਰਨਾਥ ਤੇ ਉਸ ਤੋਂ ਵੀ ਪਰ੍ਹੇ ਬਰਫ਼ਾਂ ਲੱਦੀ ਪਰਬਤ ਮਾਲਾ ਉਤੇ, ਜਿਥੇ ਕੁਝ ਸਿੱਧਾਂ ਨਾਲ ਉਨ੍ਹਾਂ ਦਾ ਸੰਵਾਦ ਹੋਇਆ। ਭਾਈ ਗੁਰਦਾਸ ਦਾ ਕਥਨ ਹੈ,

ਫਿਰਿ ਜਾਇ ਚੜ੍ਹਿਆ ਸੁਮੇਰ ਪਰਿ
ਸਿਧਿ ਮੰਡਲੀ ਦ੍ਰਿਸਟਿ ਆਈ॥
(ਵਾਰ ਪਹਿਲੀ)

ਤੀਜੀ ਉਦਾਸੀ ਸੰਨ 1518 ਤੋਂ 1521 ਤਕ ਹੈ, ਗੁਰੂ ਸਾਹਿਬ ਕਰਤਾਰਪੁਰ ਤੋਂ ਪੱਛਮ (ਮੱਧ ਪੂਰਬ) ਦੇ ਦੇਸ਼ਾਂ ਦੀ ਯਾਤਰਾ ਲਈ ਚੱਲੇ। ਭਾਈ ਗੁਰਦਾਸ ਕਹਿੰਦੇ ਹਨ,

ਬਾਬਾ ਫਿਰਿ ਮੱਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਰੀ॥
(ਵਾਰ ਪਹਿਲੀ)

ਓਪਰੀਆਂ ਧਰਤੀਆਂ, ਓਪਰੇ ਲੋਕ ਪਰ ਸਤਿਗੁਰੂ ਜੀ ਨੂੰ ਤਾਂ ਕੁਝ ਵੀ ਓਪਰਾ ਨਹੀਂ ਸੀ ਲੱਗਦਾ। ਸਾਰੇ ਹੀ ਆਪਣੇ ਸਨ। ਇਸ ਵਾਰ ਆਪ ਕਰਤਾਰਪੁਰ ਤੋਂ ਤੁਰੇ ਤਾਂ ਕਸੂਰ, ਪਾਕਪਟਨ, ਤੁਲੰਭਾ, ਮੁਲਤਾਨ, ਬਹਾਵਲਪੁਰ, ਸ਼ੱਖਰ ਆਦਿ ਕਈ ਥਾਂਵਾਂ ਤੋਂ ਹੁੰਦੇ ਹੋਏ ਮੁਸਲਿਮ ਹਾਜੀਆਂ ਦੇ ਕਾਫ਼ਿਲੇ ਵਿਚ ਸ਼ਾਮਿਲ ਹੋ ਕੇ ਮਕਰਾਨ ਦੇ ਇਲਾਕੇ ਵਿਚ ਪੁੱਜੇ। ਫਿਰ ਮੱਕੇ ਗਏ। ਮੱਕੇ ਵਿਚ ਹਾਜੀਆਂ ਨਾਲ ਵਿਚਾਰ-ਵਟਾਂਦਰਾ ਹੋਇਆ, ਰੁਕਨਦੀਨ ਨਾਲ ਬਹਿਸ ਹੋਈ। ਉਸ ਨੂੰ ਆਪਣੀ ਖੜਾਂਵ ਨਿਸ਼ਾਨੀ ਦਿੱਤੀ। ਫਿਰ ਮਦੀਨੇ ਤੇ ਬਸਰੇ ਗਏ। ਉਥੋਂ ਕਰਬਲਾ, ਫਿਰ ਬਗ਼ਦਾਦ। ਇਸ ਦਾ ਵਰਣਨ ਭਾਈ ਗੁਰਦਾਸ ਨੇ ਕੀਤਾ ਹੈ,

ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪੁ
ਦੂਜਾ ਰਬਾਬੀ ਮਰਦਾਨਾ॥ (ਵਾਰ ਪਹਿਲੀ)

ਰਾਗ ਨੂੰ ਹਰਾਮ ਸਮਝੇ ਜਾਣ ਵਾਲੇ ਸ਼ਹਿਰ

## ਗੁਰਪੁਰਬ 'ਤੇ ਵਿਸ਼ੇਸ਼

ਵਿਚ ਕੀਰਤਨ, ਸੱਤ ਜ਼ਿਮੀਂ, ਅਸਮਾਨ ਮੰਨਣ ਵਾਲਿਆਂ ਨੂੰ 'ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ' ਦੱਸਦੇ ਹੋਏ ਬਗ਼ਦਾਦ ਤੋਂ ਇਸਫਹਾਨ, ਤਹਿਰਾਨ, ਮਸ਼ਹੱਦ ਬੁਖ਼ਾਰਾ ਤੇ ਸਮਰਕੰਦ ਹੁੰਦੇ ਹੋਏ ਕਾਬੁਲ ਤੇ ਜਲਾਲਾਬਾਦ ਦੇ ਰਸਤੇ ਰਾਵਲਪਿੰਡੀ ਦੇ ਲਾਗੇ ਹਸਨ ਅਬਦਾਲ ਪੁੱਜੇ ਅਤੇ ਉਥੋਂ ਐਮਨਾਬਾਦ ਤੇ ਫਿਰ ਕਰਤਾਰਪੁਰ। ਇਸ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਮੁਸਲਿਮ ਵਿਸ਼ਵਾਸਾਂ, ਰਹੁਰੀਤਾਂ ਤੇ ਧਰਮ-ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ।

ਐਮਨਾਬਾਦ ਬਾਬਰ ਦਾ ਹਮਲਾ ਹੋਇਆ, ਜਿਸ ਦਾ ਵਰਣਨ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੀਤਾ। ਬਾਬਰ ਦੇ ਲੋਕਾਂ ਉਪਰ ਢਾਹੇ ਜ਼ੁਲਮਾਂ ਵਿਰੁਧ ਰੱਬ ਨੂੰ ਉਲਾਮਾ ਦਿੱਤਾ,

ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦੁ ਨਾ ਆਇਆ॥

ਆਪਣੇ ਜੀਵਨ ਦੇ ਅੰਤਿਮ ਅੱਠ-ਦਸ ਸਾਲ ਗੁਰੂ ਜੀ ਨੇ ਕਰਤਾਰਪੁਰ ਵਿਖੇ ਨਿਵਾਸ ਕੀਤਾ ਜਿਥੇ ਉਨ੍ਹਾਂ ਨਿਤਨੇਮ, ਕਥਾ-ਕੀਰਤਨ ਤੇ ਭਜਨ-ਬੰਦਗੀ ਕਰਦੇ ਅਤੇ ਹਰ ਕਿਸੇ ਨੂੰ ਪ੍ਰਭੂ ਹੁਕਮ ਅਨੁਸਾਰ ਜੀਵਨ ਬਿਤਾਉਣ ਤੇ ਸਤਿਨਾਮ ਦਾ ਅਭਿਆਸ ਕਰਨ ਦੀ ਸਿੱਖਿਆ ਦਿੰਦੇ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਲਈ ਆਖਦੇ। ਭਾਈ ਮਰਦਾਨੇ ਨੇ ਆਪਣੇ ਅੰਤਿਮ ਸਵਾਸ ਆਪ ਜੀ ਦੀ ਗੋਦ ਵਿਚ ਲਏ। ਭਾਈ ਗੁਰਦਾਸ ਕਰਤਾਰਪੁਰ ਦੀ ਧਰਮਸ਼ਾਲਾ ਦਾ ਵਰਣਨ ਕਰਦੇ ਫੁਰਮਾਉਂਦੇ ਹਨ,

ਗਿਆਨੁ ਗੋਸਟਿ ਚਰਚਾ ਸਦਾ
ਅਨਹਦਿ ਸਬਦਿ ਉਠੇ ਧੁਨਕਾਰਾ॥
(ਵਾਰ ਪਹਿਲੀ)

ਇਥੇ ਹੀ ਗੁਰੂ ਨਾਨਕ ਦਾ ਦੀਦਾਰ ਕਰਨ ਭਾਈ ਲਹਿਣਾ ਆਏ। ਦੀਦਾਰ ਐਸਾ ਹੋਇਆ ਕਿ ਜੋਤੀ ਜੋਤਿ ਰਲੀ। ਦੋਵੇਂ ਇਕ ਜੋਤਿ ਹੋ ਗਏ। ਭਾਈ ਲਹਿਣਾ ਗੁਰੂ ਨਾਨਕ ਦੇਵ ਦਾ ਅੰਗ ਬਣ ਕੇ ਗੁਰੂ ਅੰਗਦ ਦੇਵ ਹੋ ਨਿਬੜੇ। 7 ਸਤੰਬਰ ਸੰਨ 1539 ਨੂੰ ਸਤਿਗੁਰ ਨਾਨਕ ਦੇਵ ਆਪਣਾ ਜੋਤਿ ਰੂਪੀ ਨੂਰ ਭਾਈ ਲਹਿਣਾ (ਸ੍ਰੀ ਗੁਰੂ ਅੰਗਦ ਦੇਵ) ਵਿਚ ਟਿਕਾ ਕੇ ਅਕਾਲ ਸਤਿ ਵਿਚ ਸਮਾ ਗਏ,

ਸੂਰਜ ਕਿਰਣਿ ਮਿਲੇ
ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ
ਸੰਪੂਰਨੁ ਥੀਆ ਰਾਮ॥ (ਪੰਨਾ 846)

## ਹੇ ਨਾਨਕ

**ਦਲਜੀਤ ਰਿਆੜ, ਫਰਿਜ਼ਨੋ**

ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।
ਤੂੰ ਤੇ ਆਖਿਆ ਸੀ,
"ਮਿਠੱਤ ਨੀਵੀ ਨਾਨਕਾ ਗੁਣ ਚੰਗਿਆਈਆ ਤੱਤ"
ਪਰ ਅਸੀਂ ਤਾਂ
ਤੇਰੇ ਹੀ ਦਰਬਾਰ ਵਿਚ, ਤੇਰੇ ਹੀ ਸਾਹਮਣੇ
ਆਪਣੀ ਹੰਕਾਰ ਭਰੀ ਧੌਣ ਨੂੰ ਨੀਵੀਂ ਨਹੀਂ ਕਰ ਸਕੇ।
ਤੂੰ ਕੀ ਆਖਿਆ ਸੀ? ਅਸੀਂ ਉਸ ਦੇ ਅਰਥ ਸਮਝ ਨਹੀਂ ਸਕੇ।
ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।

ਤੂੰ ਤਾਂ ਸਾਨੂੰ ਪੰਦਰਵੀਂ ਸਦੀ ਵਿਚ
ਧਾਗੇ ਦਾ ਜਨੇਊ ਪਾਉਣ ਤੋਂ ਰੋਕਿਆ ਸੀ।
ਪਰ ਅਸੀਂ ਇਕੀਵੀਂ ਸਦੀ ਵਿਚ ਵੀ
ਡੌਲਿਆਂ 'ਤੇ ਤਾਵੀਜ ਬੰਨੀ ਫਿਰਦੇ ਆਂ,
ਤੂੰ ਕਿਹੜਾ ਜਨੇਊ ਲਾਹੁਣ ਵਾਸਤੇ ਆਖਿਆ ਸੀ?
ਤੂੰ ਕਿਹੜਾ ਜਨੇਊ ਪਾਉਣ ਵਾਸਤੇ ਆਖਿਆ ਸੀ?
ਅਸੀਂ ਸਦੀਆਂ ਬਾਅਦ ਵੀ ਇਹ ਸਮਝ ਨਹੀਂ ਸਕੇ।
ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।

ਤੂੰ ਕਹਿੰਦਾ ਸੀ, ਕਿਰਤ ਕਰੋ, ਵੰਡ ਛਕੋ।
ਕਿਰਤ ਤਾਂ ਸ਼ਾਇਦ ਅਸੀਂ ਕਰ ਲਈਏ,
ਨਹੀਂ ਕਰਾਂਗੇ ਤਾਂ ਭੁੱਖੇ ਮਰਾਂਗੇ।
ਪਰ ਵੰਡ ਛਕਣਾ...
ਅਸੀਂ ਤਾਂ ਦੂਸਰੇ ਦੀ ਰੋਟੀ ਖੋਹ ਕੇ ਖਾਣਾ ਜਾਣਦੇ ਹਾਂ।
'ਵੰਡ ਛਕਣਾ' ਤੂੰ ਕਿਉਂ ਕਿਹਾ? ਅਸੀਂ ਸਮਝ ਨਹੀਂ ਸਕੇ।
ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।

ਤੂੰ ਕਿਵੇਂ ਵੱਡੇ ਵੱਡੇ ਪਾਪੀਆਂ ਨੂੰ
ਸੱਚ ਦਾ ਰਸਤਾ ਦਿਖਾਉਂਦਾ ਸੀ।
ਭੂਮੀਆਂ ਚੋਰ, ਵਲੀ ਕੰਧਾਰੀ ਤੇ ਹੋਰ ਅਨੇਕਾਂ ਲੋਕ...
ਕੀ ਅਸੀਂ ਉਨ੍ਹਾਂ ਤੋਂ ਵੀ ਵੱਡੇ ਪਾਪੀ ਹਾਂ?
ਜੋ ਹਾਲੇ ਤੀਕ ਵੀ ਸੱਚ ਨੂੰ ਸਮਝ ਨਹੀਂ ਸਕੇ।
ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।

ਤੂੰ ਤਾਂ ਸਦੀਆਂ ਪਹਿਲਾਂ ਸਾਨੂੰ ਦੱਸਿਆ ਸੀ
'ਧਰਤੀ ਹੋਰ ਪਰੇ ਹੋਰ ਹੋਰ'
ਪਰ ਅਸੀਂ ਤਾਂ ਇਸ ਧਰਤੀ ਨੂੰ ਵੀ ਹੁਣ ਤੱਕ
ਗਊ ਦੇ ਸਿੰਗਾਂ 'ਤੇ ਬਠਾਈ ਰੱਖਿਆ ਹੈ।
ਤੂੰ ਸੂਰਜ ਨੂੰ ਪਾਣੀ ਪਾਉਣ ਤੋਂ ਰੋਕਿਆ ਸੀ,
ਪਰ ਅਸੀਂ ਤਾਂ ਸਾਰੇ ਗ੍ਰਹਿਆਂ ਨੂੰ ਪਾਣੀ ਪਾਉਂਦੇ ਹਾਂ।
ਅਸੀਂ ਤਾਂ ਹਾਲੇ ਵੀ ਮੜ੍ਹੀਆਂ ਮਸਾਣੀਆਂ ਤੋਂ ਨਿਕਲ ਨਹੀਂ ਸਕੇ
ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।

ਸੁਣਿਆ ਹੈ ਕਿ ਤੂੰ ਸਿੱਧ ਗੋਸ਼ਟਿ ਕੀਤੀ ਸੀ,
ਸਾਧੂ, ਸੰਤਾਂ ਤੇ ਸਿਧਾਂ ਦੇ ਘੁਮੰਡ ਤੋੜੇ ਸੀ।
ਪਰ ਸਾਨੂੰ ਤਾਂ ਸ਼ਾਂਤੀ ਨਹੀਂ ਮਿਲਦੀ,
ਜਦ ਤੱਕ ਕਿਸੇ ਪਾਖੰਡੀ ਸਾਧ ਦੇ
ਚਰਨ ਧੋ ਕੇ ਪੀ ਨਾ ਲਈਏ।
ਤੇਰੀ ਕਰਨੀ ਤੇ ਸਾਡੀ ਕਰਨੀ ਵਿਚ
ਫਰਕ ਕੀ ਐ? ਅਸੀਂ ਸਮਝ ਨਹੀਂ ਸਕੇ।
ਹੇ ਨਾਨਕ! ਅਸੀਂ ਤੇਰੀ ਫਿਲਾਸਫੀ ਨੂੰ ਸਮਝ ਨਹੀਂ ਸਕੇ।

**ਪਾਕਿਸਤਾਨੀ ਕਹਾਣੀ**

# ਜਾਂਦੀ ਬਹਾਰ ਦੀਆਂ ਮਾਈਆਂ

*ਲਹਿੰਦੇ ਪੰਜਾਬ ਦੇ ਨਾਮੀ ਲੇਖਕ ਇਲਿਆਸ ਘੁੰਮਣ ਦੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਹੈ। ਪਾਕਿਸਤਾਨੀ ਪੰਜਾਬ ਵਿਚ ਹਰ ਖੇਤਰ ਵਿਚ ਉਰਦੂ ਦੀ ਮਾਰ ਝੱਲ ਰਹੀ ਮਾਂ-ਬੋਲੀ ਪੰਜਾਬੀ ਲਈ ਉਹਨੇ ਡਟ ਕੇ ਮੁਹਿੰਮ ਚਲਾਈ ਰੱਖੀ ਹੈ। ਨਾਲੋ-ਨਾਲ ਉਹਨੇ ਕਣ ਵਾਲੀ ਸਾਹਿਤ-ਸਿਰਜਣਾ ਵੀ ਕੀਤੀ ਹੈ। ਉਹਦੀਆਂ ਕਹਾਣੀਆਂ ਵਿਚੋਂ ਪੰਜਾਬੀਅਤ ਦੀ ਮਹਿਕ ਦੀਆਂ ਭਾਫਾਂ ਉਠਦੀਆਂ ਜਾਪਦੀਆਂ ਹਨ। ਉਂਜ ਵੀ ਲਹਿੰਦੇ ਪੰਜਾਬ ਦੇ ਸਾਹਿਤ ਵਿਚ ਕਿਸੇ ਹੋਰ ਭਾਸ਼ਾ ਦਾ ਓਪਰਾ ਅਸਰ ਮੁਕਾਬਲਤਨ ਅਜੇ ਘੱਟ ਹੈ ਅਤੇ ਵਾਕ ਬਣਤਰ ਤੇ ਲਹਿਜ਼ੇ ਵਿਚ ਅਜੇ ਪੰਜਾਬੀ ਦਾ ਮੌਲਿਕ ਰੰਗ ਬਚਿਆ ਹੋਇਆ ਹੈ। ਚੜ੍ਹਦੇ ਪੰਜਾਬ ਵਰਗੇ ਪ੍ਰਦੂਸ਼ਣ ਤੋਂ ਇਹ ਅਦੀਬ ਫਿਲਹਾਲ ਬਚੇ ਹੋਏ ਹਨ। ਕਹਾਣੀ 'ਜਾਂਦੀ ਬਹਾਰ ਦੀਆਂ ਮਾਈਆਂ' ਵਿਚ ਇਲਿਆਸ ਘੁੰਮਣ ਨੇ ਹਠ ਦੀ ਬਾਤ ਤਾਂ ਪਾਈ ਹੀ ਹੈ, ਰਿਸ਼ਤਿਆਂ ਦੇ ਨਿੱਘ ਦੀ ਗੱਲ ਜਿਸ ਢੰਗ ਨਾਲ ਸੁਣਾਈ ਹੈ, ਉਸ ਦਾ ਕੋਈ ਜਵਾਬ ਨਹੀਂ। ਇਸ ਵਿਚੋਂ ਠੇਠ ਪੰਜਾਬੀ ਸਭਿਆਚਾਰ ਦਾ ਰੰਗ ਡਲਕਾਂ ਮਾਰਦਾ ਹੈ। -ਸੰਪਾਦਕ*

**ਇਲਿਆਸ ਘੁੰਮਣ**

ਮੇਰੀ ਗ੍ਰਿਫਤਾਰੀ ਦੀ ਖਬਰ ਹਰ ਪਾਸੇ ਖਿਲਰ ਗਈ ਸੀ ਪਰ ਇਸ ਖਬਰ ਨੂੰ ਮੇਰੇ ਜੱਦੀ ਪਿੰਡ ਦੇ ਦੋ ਘਰਾਂ ਦੀਆਂ ਪਿਛਲੀਆਂ ਕੋਠੜੀਆਂ ਵਿਚ ਵੜਨ ਤੀਕ ਏਨਾ ਚਿਰ ਹੋ ਗਿਆ ਸੀ ਕਿ ਮੇਰੀ ਰਿਹਾਈ ਵਿਚ ਵੀ ਦੋ ਈ ਘੰਟੇ ਰਹਿ ਗਏ ਸਨ। ਇਨ੍ਹਾਂ ਦੋ ਘੰਟਿਆਂ ਵਿਚ ਉਥੇ ਜੋ ਵਾਪਰੀ, ਉਹ ਬਾਅਦ ਵਿਚ ਵੱਖ-ਵੱਖ ਵਸੀਲਿਆਂ ਰਾਹੀਂ ਮੇਰੇ ਤੀਕਰ ਪੁੱਜੀ। ਉਨ੍ਹਾਂ ਦੋਹਾਂ ਵਿਚੋਂ ਪਹਿਲਾ ਘਰ ਮੇਰੇ ਨਾਨਕਿਆਂ ਦਾ ਸੀ। ਉਸ ਘਰ ਦੇ ਕੁਝ ਜੀਅ ਮੇਰੀ ਗ੍ਰਿਫਤਾਰੀ ਬਾਬਤ ਭੁੱਲ-ਭੁਲੇਖੇ ਈ ਰਤਾ ਉਚੀ ਆਵਾਜ਼ ਵਿਚ ਵਿਚਾਰ-ਵਟਾਂਦਰਾ ਕਰਦੇ ਰਹੇ। ਉਨ੍ਹਾਂ ਵਿਚੋਂ ਕਿਸੇ ਨੇ ਇਹ ਗਹੁ ਈ ਨਾ ਕੀਤੀ ਪਈ ਉਸ ਵੇਲੇ ਉਹ ਪਿਛਲੀ ਕੋਠੜੀ ਦੇ ਬੂਹੇ ਕੋਲ ਖਲੋਤੇ ਨੇ। ਫੇਰ ਕੀ ਸੀ, ਉਨ੍ਹਾਂ ਦੇ ਮੂੰਹੋਂ ਫੁੱਟਦੇ ਬੋਲ ਬੰਦ ਬੂਹੇ ਦੀਆਂ ਵਿਰਲਾਂ ਥਾਣੀਂ ਰਾਹ ਬਣਾਉਂਦੇ ਪਿਛਲੀ ਕੋਠੜੀ ਵਿਚ ਛੜੱਪੇ ਮਾਰਨ ਲੱਗ ਪਏ। ਉਸ ਹਨੇਰੀ ਕੋਠੜੀ ਦੇ ਅੰਦਰ ਕਿੜਤਲ ਦੀ ਇਕ ਮੰਜੀ ਡੱਠੀ ਹੋਈ ਸੀ। ਕਾਲੇ ਚਮੜੇ ਦੀਆਂ ਕੂਲੀਆਂ ਪੱਟੀਆਂ ਨਾਲ ਉਣੀ ਗਈ ਇਸ ਮੰਜੀ ਉਤੇ ਸਿਰਹਾਣੇ ਨਾਲ ਰਜ਼ਾਈ ਤਲਾਈ ਵਿਛੀ ਹੋਈ ਸੀ। ਤਰਵੀਂ ਨਜ਼ਰ ਨਾਲ ਇਹੋ ਕੁਝ ਈ ਉਥੇ ਦਿਸਦਾ ਸੀ ਪਰ ਇਸ ਖਬਰ ਦੇ ਅੰਦਰ ਵੜਨ ਮਗਰੋਂ ਜਿਵੇਂ ਇਸ ਖਾਲੀ ਪਏ ਬਿਸਤਰੇ ਵਿਚ ਜਾਨ ਪੈ ਗਈ ਸੀ।

ਰਜ਼ਾਈ ਆਪਣੇ ਆਪ ਪਰ੍ਹਾਂ ਖਿਸਕ ਗਈ ਤੇ ਉਹਦੇ ਅੰਦਰੋਂ ਇਕ ਅਜਿਹਾ ਜੀਅ ਪੁੰਗਰ ਪਿਆ, ਜਿਹਨੂੰ ਇਕ ਵਾਰ ਦੇਖਣ ਲਈ ਵੀ ਘੱਟੋ ਘੱਟ ਦੋ ਵਾਰ ਦੇਖਣਾ ਪੈਂਦਾ ਸੀ। ਅਸਲੋਂ ਮਾਸਾ। ਸਾਰੇ ਮਾਸ 'ਤੇ ਵਾਹਵਾ ਵੜੀਆਂ ਹੱਡੀਆਂ ਦੀ ਇਕ ਮੁੱਠ ਮੇਰੀ ਨਾਨੀ ਸੀ। ਇਕੋਤਰ ਸਾਲ ਦੀ ਹੋ ਗਈ ਸੀ ਤੇ ਚਿਰਾਂ ਤੋਂ ਫਰਿਸ਼ਤੇ ਨੂੰ ਉਡੀਕ ਰਹੀ ਸੀ। ਏਨੇ ਆਪੂੰ ਆਖ ਕੇ ਪਿਛਲੀ ਕੋਠੜੀ ਵਿਚ ਮੰਜੀ ਡਵਾਹੀ ਹੋਈ ਸੀ। ਆਖਦੀ ਸੀ ਵਡੇਰੀ ਉਮਰ ਦੇ ਜੀਅ ਕੋਲੋਂ ਮੌਤ ਦਾ ਹਰਕਾਰਾ 'ਜੰਮ' ਵੀ ਖਣਬ ਖਾਂਦਾ ਏ। ਮੈਨੂੰ ਕਿਸੇ ਹਨੇਰੀ ਥਾਂ ਰੱਖੋ, ਖੌਰੇ ਹਿੰਮਤ ਕਰਕੇ ਉਹ ਆ ਈ ਜਾਵੇ, ਪਰ ਕਿਥੇ ਜੀ! ਜੰਮ ਤਾਂ ਏਡਾ ਨਕਾਰਾ ਸੀ ਕਿ ਇਧਰ ਉਧਰ ਫੇਰੇ ਮਾਰ ਕੇ ਆਪਣੀ ਦਿਹਾੜੀ ਬਣਾ ਲੈਂਦਾ ਸੀ ਪਰ ਉਹ ਕੁਰੰਗ ਵਿਚੋਂ ਸਾਹ ਖਿੱਚਣ ਦੀ ਖੇਚਲ ਕਰਨ ਵੱਲ ਮੂੰਹ ਨਹੀਂ ਸੀ ਕਰਦਾ ਪਿਆ। ਹਾਂ ਕਦੀ ਕਦੀ ਨਾਨੀ ਗੱਲ ਸੁਣਾਉਂਦੀ ਕਿ ਫਲਾਣੇ ਦਿਨ ਮੈਂ ਜੰਮ ਦੇ ਖੰਭਾਂ ਦਾ ਖੜਾਕ ਸਾਫ ਸੁਣਿਆ ਸੀ। ਸੋਲ੍ਹਾਂ ਪਹਿਰਾਂ ਪਿਛੋਂ ਆਈ ਦੋ ਘੜੀਆਂ ਦੀ ਨੀਂਦ ਦਾ ਈ ਸਾਰਾ ਦੋਸ਼ ਏ। ਖਬਰੇ ਉਹ ਕਦੋਂ ਦਾ ਮੇਰੇ ਸਿਰਹਾਣੇ ਖੜੋਤਾ ਸੀ। ਇਧਰੋਂ ਮੈਂ ਅੱਖਾਂ ਖੋਹਲੀਆਂ ਉਧਰੋਂ ਉਹ ਤਿੱਤਰ ਹੋ ਗਿਆ। ਜੰਮ ਨੂੰ ਦਾਅ ਲਵਾਉਣ ਲਈ ਨਾਨੀ ਪਹਿਰਾਂ ਤੀਕ ਝੂਠੀ-ਮੂਠੀ ਅੱਖਾਂ ਮੀਟੀ ਰੱਖਦੀ ਪਰ ਉਸ ਉਡਣੇ ਨੇ ਅਜੇ ਤੀਕਰ ਉਹਨੂੰ ਫੜਾਈ ਨਹੀਂ ਸੀ ਦਿੱਤੀ।

ਰੱਬ ਦੀ ਪ੍ਰਾਹੁਣੀ ਬਣਨ ਦੀ ਲੰਮੀ ਉਡੀਕ ਕਰ ਕਰ ਕੇ ਹਾਰੀ ਨਾਨੀ ਨੇ ਅੱਜ ਪਹਿਲੀ ਵਾਰ ਜੰਮ ਦੇ ਨਾ ਬੋਲਣ 'ਤੇ ਸ਼ੱਕ ਕੀਤਾ। ਮੰਜੀ 'ਤੇ ਬਹਿ ਕੇ ਵਾਜਾਂ ਮਾਰੀਆਂ ਪਰ ਕੋਈ ਵੀ ਇਹਦੇ ਕੋਲ ਨਾ ਆਇਆ। ਨਾਨੀ ਨੇ ਇਹ ਵੀ ਤਾੜ ਲਿਆ ਕਿ ਕੁਝ ਚਿਰ ਪਹਿਲਾਂ ਤੀਕ ਤਾਂ ਬਾਹਰੋਂ ਗੱਲਾਂ ਕਰਨ ਦੀਆਂ ਆਵਾਜ਼ਾਂ ਆ ਰਹੀਆਂ ਸਨ ਪਰ ਹੁਣ ਉਹ ਵੀ ਨਹੀਂ ਆ ਰਹੀਆਂ। ਜਾਪਦਾ ਏ ਸਾਰੇ ਝਟਪਟ ਈ ਕਿਧਰੇ ਫੁੱਟ ਗਏ ਨੇ। ਅੱਲ੍ਹਾ, ਖੈਰ ਈ ਕਰੇ।

ਮੇਰੀ ਭੂਆ ਦਾ ਘਰ ਮੇਰੇ ਨਾਨਕਿਆਂ ਦੇ ਘਰ ਦੇ ਨਾਲ ਈ ਜੁੜਿਆ ਹੋਇਐ। ਮੇਰੀ ਨਾਨੀ ਪਿਛਲੀ ਕੋਠੜੀ ਵਿਚੋਂ ਨਿਕਲੀ। ਕੰਧਾਂ ਦੇ ਆਸਰੇ ਲੈਂਦੀ ਹੋਈ ਮੇਰੀ ਫੁਫੀ ਦੇ ਘਰ ਜਾ ਵੜੀ। ਉਥੇ ਇਹ ਦੇਖ ਕੇ ਕੇ ਉਹਦਾ ਮੁੜ ਤ੍ਰਾਹ ਨਿਕਲ ਗਿਆ ਪਈ ਉਹ ਵੀ ਜੀਆਂ ਤੋਂ ਖਾਲੀ ਸੀ। ਅਸਲ ਵਿਚ ਉਸ ਦਿਨ ਅਰਬ ਦੇਸ਼ ਵੱਲ ਕਮਾਈਆਂ ਕਰਨ ਗਏ ਸਾਡੇ ਪਿੰਡ ਦੇ ਦੋ ਗੱਭਰੂਆਂ ਦੀਆਂ ਲਾਸ਼ਾਂ ਆਈਆਂ ਸਨ। ਸਾਡੇ ਸਾਰੇ ਜੀਅ ਸੜਕ ਹਾਦਸੇ ਵਿਚ ਮਾਰੇ ਗਏ। ਇਨ੍ਹਾਂ ਜਵਾਨਾਂ ਦੇ ਘਰਾਂ ਵੱਲ ਈ ਦੂਜੇ ਮੁਹੱਲੇ ਗਏ ਹੋਏ ਸਨ। ਉਹ ਕਾਹਲ ਵਿਚ ਜਿਸ ਤਰ੍ਹਾਂ, ਆਪਣੇ ਘਰਾਂ ਦੇ ਬੂਹੇ ਵੀ ਖੁੱਲ੍ਹੇ ਛੱਡ ਗਏ ਸਨ। ਨਾਨੀ ਨੇ ਉਹਨੂੰ ਵੀ ਆਪਣੇ ਦੋਹਤਰੇ ਨਾਲ ਹੋਈ ਵਰਤੀ ਦਾ ਈ ਸਿੱਟਾ ਜਾਣਿਆ ਸੀ। ਹੁਣ ਤਾਂ ਉਹਦੇ ਹਿਰਦੇ ਨੂੰ ਹੌਲ ਪਏ ਪੈਂਦੇ ਸਨ। ਨਾਨੀ ਨੇ ਇਹ ਗਵੇੜ ਵੀ ਲਾ ਲਿਆ ਸੀ ਕਿ ਦੋਹਤਰੇ ਦੇ ਫੜੇ ਜਾਵਣ ਦੀ ਖਬਰ ਉਹਦੇ ਕੋਲੋਂ ਜਾਣ ਕੇ ਲੁਕਾਈ ਗਈ ਸੀ। ਕਮਲਿਆਂ ਦਾ ਖਿਆਲ ਹੋਣਾ ਏ ਇਸ ਝਟਕੇ ਨਾਲ ਕਿਧਰੇ ਬੁੱਢੇ ਸਾਹਵਾਂ ਦੀ ਕੱਚੀ ਤੰਦ ਈ ਨਾ, ਟੁੱਟ ਜਾਵੇ। ਫੇਰ ਤਾਂ ਇਹ ਸੂਹ ਮੇਰੀ ਕੁੜਮਣੀ ਨੂੰ ਵੀ ਕਿਸੇ ਵੀ ਨਾ ਦਿੱਤੀ ਹੋਣੀ...ਸਾਨੂੰ ਦੋਹਾਂ ਨੂੰ ਤਾਂ ਇਹ ਜਿਉਂਦੇ ਜੀਅ ਈ ਮਾਰ ਬੈਠੇ ਨੇ। ਇਹ ਸੋਚਦੀ ਹੋਈ ਨਾਨੀ ਉਸ ਘਰ ਦੀ ਪਿਛਲੀ ਕੋਠੜੀ ਵੱਲ ਵਧਦੀ ਟੁਰ ਗਈ।

ਮੇਰੀ ਦਾਦੀ ਉਮਰ ਵਿਚ ਮੇਰੀ ਨਾਨੀ ਤੋਂ ਵੀ ਸਾਲ ਦੋ ਸਾਲ ਵੱਡੀ ਸੀ। ਸਾਰੀ ਹਯਾਤੀ ਨਮਾਜ਼ ਦੇ ਨੇੜਿਓਂ ਵੀ ਨਹੀਂ ਸੀ ਲੰਘੀ। ਆਖਦੀ ਹੁੰਦੀ ਸੀ ਹੁਣ ਇਸ ਚਿੱਟੇ ਝਾਟੇ ਨਾਲ ਝੂਠੀਆਂ ਟੱਕਰਾਂ ਮਾਰਦਿਆਂ ਵੀ ਸੰਗ ਆਉਂਦੀ ਏ। ਛੇਕੜਲੇ ਕੁਝ ਵਰ੍ਹਿਆਂ ਤੋਂ ਏਨੇ ਅੰਨ੍ਹੇ ਵਾਹ ਰੋਜ਼ੇ ਰੱਖਣੇ ਛੋਹ ਦਿੱਤੇ ਸਨ। ਰਮਜ਼ਾਨ ਅਜੇ ਢੇਰ ਅਗਾਂਹ ਹੁੰਦਾ ਪਰ ਇਹ ਉਹਦੀ ਤਿਆਰੀ ਫੜਦੇ ਹੋਏ ਕਈ ਦਿਨ ਪਹਿਲਾਂ ਤੋਂ ਈ ਚਾਰ-ਚਾਰ ਪਹਿਰ ਸੰਘੋਂ ਕੁਝ ਨਾ ਲੰਘਾਉਂਦੀ ਫੇਰ ਇਹ ਰਹਿਮਤਾਂ ਵਾਲਾ ਮਹੀਨਾ ਕਦੋਂ ਦਾ ਵਿਦਿਆ ਵੀ ਹੋ ਗਿਆ ਹੁੰਦਾ ਤੇ ਇਹ ਐਵੇਂ ਪੱਜ ਲਾ ਲਾ ਕੇ ਪਿਛਲੀ ਉਮਰੇ ਪਈ ਇਹ ਆਦਤ ਪੂਰੀ ਕਰਦੀ ਰਹਿੰਦੀ। ਵਿਚਲੀ ਗੱਲ ਇਹ ਸੀ ਕਿ ਰੱਬ ਰਾਜ਼ੀ ਕਰਨ ਲਈ ਰੋਜ਼ੇ ਨਹੀਂ ਸੀ ਰੱਖਦੀ। ਇਹਦੇ ਸਿਰ ਉਤੇ ਤਾਂ ਹਰ ਵੇਲੇ ਇਹੋ ਸੋਚ ਸਵਾਰ ਰਹਿੰਦੀ ਸੀ ਕਿ ਬੇਵਾ ਧੀ ਦਾ ਦਿਹਾੜੀ ਸੀਤੀ ਮੇਰੀ ਸਵਾ ਗੁੱਲੀ 'ਤੇ ਆਟਾ ਵਰਤਿਆ ਜਾਂਦਾ ਏ, ਉਹਨੂੰ ਕਿਸੇ ਹੀਲੇ ਕੱਸਾ ਕਰਾਂ। ਇਸ ਲਈ ਆਮ ਕਰਕੇ ਦਹੀਂ ਦੇ ਦੋ ਚਮਚ ਖਾ ਕੇ ਰੋਜ਼ਾ ਰੱਖ ਲੈਂਦੀ ਤੇ ਸ਼ਾਮੀ ਇਕ ਦੋ ਉਬਲੇ ਹੋਏ ਆਲੂਆਂ ਨਾਲ ਈ ਸੰਘ ਤੀਕ ਰੱਜ ਜਾਂਦੀ। ਮੈਨੂੰ ਅੱਜ ਤੀਕ ਇਸ ਗੱਲ ਦੀ ਸਮਝ ਨਹੀਂ ਆਈ ਪਈ ਬਹੁਤ ਈ ਥੋੜ੍ਹਾ ਖਾ ਕੇ ਇਹ ਕਈ ਸਾਲਾਂ ਤੋਂ ਕਿੰਜ ਜਿਉਂਦੀ ਬਚੀ ਆ ਰਹੀ ਸੀ? ਫੇਰ ਇਹਨੂੰ ਇਹ ਸਰਫੇ ਕਰਨ ਦੀ ਲੋੜ ਵੀ ਕਾਹਦੀ ਸੀ ਕਿ ਜਦ ਉਹਦੇ ਧੀਆਂ ਪੁੱਤਰਾਂ ਦੀਆਂ ਜ਼ਮੀਨਾਂ ਹੀ ਪਿੰਡ ਵਿਚ ਸਭ ਤੋਂ ਵਧੇਰੀਆਂ ਸਨ।

ਮੇਰੀ ਨਾਨੀ ਆਪਣੀ ਕੁੜਮਣੀ ਦੀ ਕੋਠੜੀ ਵਿਚ ਪੁੱਜੀ ਤਾਂ ਇਹਨੇ ਜਾਂਦਿਆਂ ਈ ਸਾਰੀ ਗੱਲ ਖੋਲ੍ਹ ਸੁਣਾਈ। ਰੋਜ਼ੇ ਰੱਖ ਰੱਖ ਸੱਜਰੀ ਮੋਈ ਪਈ ਮੇਰੀ ਦਾਦੀ, ਉਹਦੇ ਆਵਣ ਤੋਂ ਪਹਿਲਾਂ ਆਪਣੇ ਪਲੰਘ ਉਤੇ ਤਕੀਏ ਦੀ ਢੋਅ ਲਾ ਕੇ ਬੈਠੀ ਹੋਈ ਸੀ। ਇਹ ਖਬਰ ਸੁਣਦਿਆਂ ਸਾਰ ਈ ਇਹਨੇ ਆਪਣਾ ਸਿਰ ਗੋਡਿਆਂ ਵਿਚ ਦੇ ਲਿਆ ਤੇ ਸੱਜੀ ਬਾਂਹ ਚੁੱਕ ਕੇ ਹਵਾ ਵਿਚ ਅੱਗੇ ਪਿਛੇ ਮਾਰਨ ਲੱਗ ਪਈ। ਸ਼ੋਹਦੀ ਵਿਚ ਏਨਾ ਸਾਹ ਸੱਤ ਵੀ ਨਹੀਂ ਸੀ ਕਿ ਮੂੰਹੋਂ ਕੁਝ ਬੋਲ ਸਕੇ। ਕੁੜਮਣੀ ਏਨੀ ਲਿੱਸੀ ਹੋ ਗਈ ਏ ਮੇਰੀ ਨਾਨੀ ਨੂੰ ਵੀ ਸਾਰ ਨਹੀਂ ਸੀ। ਕਦੇ ਉਹ ਵੇਲਾ ਸੀ ਜਦੋਂ ਮੇਰੀ ਦਾਦੀ ਗੱਜਦੀ ਹੁੰਦੀ ਤਾਂ ਪਿੰਡ ਦੀਆਂ ਕੰਧਾਂ ਤੀਕ ਕੰਬ ਜਾਂਦੀਆਂ। ਲੜਾਕੀ ਤੇ ਇਹ ਹੱਦੋਂ ਵੱਧ ਰਹੀ ਈ ਸੀ, ਪਰ ਇਹਦੀ ਜਿਸ ਗੱਲ ਉਤੇ ਸਾਡੇ ਸਾਰੇ ਜੀਆਂ ਨੂੰ ਮਾਣ ਰਿਹਾ ਸੀ, ਉਹ ਇਹ ਸੀ ਕਿ ਮੇਰੀ ਦਾਦੀ ਵੈਣ ਬੜੇ ਸੁਹਣੇ ਪਾਉਂਦੀ ਸੀ। ਵਿਆਹਵਾਂ, ਖੁਸ਼ੀਆਂ 'ਤੇ ਤਾਂ ਸਾਰੇ ਲੋਕ ਈ ਗਉਂ ਨੱਚ ਕੇ ਆਪਣਾ ਰੂਹ ਰਾਜ਼ੀ ਕਰ ਲੈਂਦੇ ਨੇ ਪਰ ਆਪਣੇ ਮਰਨ ਵਾਲਿਆਂ ਨੂੰ ਸਾਰੇ ਸ਼ਗਨ ਪੂਰੇ ਕਰਕੇ ਟੋਰਨ ਦਾ ਚੱਜ ਸਭਨਾਂ ਨੂੰ ਕਿਥੇ ਆਉਂਦਾ ਏ! ਮੇਰੀ ਦਾਦੀ ਦਾ ਤਾਂ ਇਸ ਪਿੜ ਵਿਚ ਕੋਈ ਜੋੜ ਈ ਨਹੀਂ ਸੀ। ਕੋਈ ਸੱਠ-ਸੱਤਰ ਵਰ੍ਹੇ ਲੰਘਦੀ ਸਾਡੀ ਜੂਹ ਵਿਚ ਮਾਈ ਮੋਇਆਂ ਵੱਲੀ ਇਕ ਲੋਕ ਗਾਇਕਾ ਹੋ ਗੁਜ਼ਰੀ ਏ, ਜੋ ਸਾਰੀ ਉਮਰ ਮਰਨ ਵਿਛੜਨ ਵਾਲਿਆਂ ਦੇ ਆਪ ਈ ਕਬਿੱਤ ਜੋੜ ਕੇ ਗਾਉਂਦੀ ਰਹੀ। ਮੇਰੀ ਦਾਦੀ ਨੂੰ ਮਾਈ ਮੋਇਆਂ ਦੀ ਵੱਲੋਂ ਜੋੜੇ ਸੈਂਕੜੇ ਨਹੀਂ ਹਜ਼ਾਰਾਂ ਬੋਲ ਜ਼ੁਬਾਨੀ ਯਾਦ ਸਨ। ਦਾਦੀ ਆਪਣੇ ਪਰਿਵਾਰ ਵਿਚ ਚਲਾਣਾ ਕਰਨ ਵਾਲੇ ਹਰ ਨਿੱਕੇ ਵੱਡੇ ਲਈ ਤਾਂ ਵੈਣ ਪਾਉਂਦੀ ਈ ਸੀ ਪਰ ਕਦੇ ਬਰਾਦਰੀਓਂ ਬਾਹਰ ਦਾ ਕੋਈ ਵਡੇਰਾ ਜੀਅ ਏਸ ਪਿੰਡ ਵਿਚ ਲੰਮੀ ਹਯਾਤੀ ਦਾ ਹੋ ਕੇ ਵਿਦਿਆ ਹੋ ਜਾਂਦਾ ਤਾਂ ਉਹਦੀ ਰੂਹ ਨੂੰ ਵੀ ਇਹ ਆਪਣੇ ਵਧੀਆ-ਵਧੀਆ ਵੈਣਾਂ ਨਾਲ ਮਾਲੋ ਮਾਲ ਕਰਕੇ ਈ ਟੋਰਦੀ। ਇਹਨੇ ਕਦੇ ਇਹ ਨਿਖੇੜਾ ਵੀ ਨਹੀਂ ਸੀ ਰੱਖਿਆ ਕਿ ਮਰਨ ਵਾਲਾ ਜ਼ਿਮੀਦਾਰ ਸੀ, ਵਾਹਕ ਸੀ ਜਾਂ ਕੋਈ ਹੋਰ ਗ਼ਰੀਬ ਕੰਮੀ ਸੀ। ਮੇਰੀ ਦਾਦੀ ਦੇ ਵੈਣ ਪਾਉਣ ਦੀ ਏਨੀ ਧੁੰਮ ਸੀ ਕਿ ਜਿਸ ਮਰਨੇ 'ਤੇ ਇਹ ਜਾਣਾ ਸ਼ੁਰੂ ਕਰਦੀ ਆਪਣਾ ਪਿੰਡ ਕੀ, ਆਲੇ ਦੁਆਲੇ ਦੇ ਪਿੰਡਾਂ ਦੀਆਂ ਵੀ ਬੇਬਹਾ ਬੀਬੀਆਂ ਉਚੇਚਾ ਉਹਨੂੰ ਸੁਣਨ ਲਈ ਈ ਕਈ-ਕਈ ਡੰਗ ਮਕਾਣੀਂ ਆਉਂਦੀਆਂ ਰਹਿੰਦੀਆਂ। ਸਾਡੇ ਪਿੰਡ ਦੇ ਬਾਲ ਤੇ ਇਥੋਂ ਤੀਕ ਦੁਆਵਾਂ ਮੰਗਦੇ ਸੁਣੇ ਗਏ ਸਨ ਕਿ ਜਦੋਂ ਸਾਡੀ ਵੱਡੀ ਬੇਬੇ ਮੋਈ, ਵੇਖਣਾ ਚੌਧਰਾਣੀ ਮਾਂ ਸਾਡੇ ਘਰ ਵੀ ਵੈਣ ਪਾਉਣ ਜ਼ਰੂਰ ਆਏਗੀ।

ਆਪਣੇ ਮਨ ਦੇ ਜਜ਼ਬਿਆਂ ਦਾ ਏਨੇ ਜ਼ਬਰਦਸਤ ਢੰਗ ਨਾਲ ਵਖਾਲਾ ਕਰਨ ਵਾਲੀ ਮੇਰੀ ਦਾਦੀ ਹੁਣ ਆਪਣੇ ਪੋਤਰੇ ਲਈ ਵੀ ਹਾਲ ਦੁਹਾਈ ਪਾਉਣ ਜੋਗੀ ਨਹੀਂ ਸੀ ਰਹੀ। ਇਹਦੀ ਜੀਭ ਨੂੰ ਲੱਗੇ ਜੰਦਰੇ ਵੇਖ ਕੇ ਮੇਰੀ ਨਾਨੀ ਨੂੰ ਡਾਢਾ ਧੱਕਾ ਲੱਗਾ ਪਰ ਛੇਤੀ ਈ ਆਪਣੇ ਆਪ ਨੂੰ ਸੰਭਾਲ ਕੇ ਏਹਨੇ ਵੈਣ ਦੇ ਸੁਰ ਵਿਚ ਮੇਰੇ ਫੜੇ ਜਾਵਣ 'ਤੇ ਆਪਣੇ ਮਨ ਦਾ ਮਣਖ ਛੋਹਿਆ। ਨਾਨੀ ਵੀ ਤਾਂ ਮਰਨ ਸੇਜ 'ਤੇ ਬੈਠੀ ਸੀ, ਤਦੇ ਦੋ ਚਾਰ ਬੋਲ ਪਾਵਣ ਮਗਰੋਂ ਈ ਉਹਦੇ ਸਾਹ ਟੁੱਟਣ ਲੱਗ ਪਏ। ਉਂਜ ਵੀ ਬਾਤਾਂ ਬੋਲੀਆਂ ਦੀ ਮਹਾਰਾਣੀ ਮੂਹਰੇ ਉਹਦੇ ਅਣਘੜੇ ਬੋਲਾਂ ਤੇ ਰਸ ਤੋਂ ਬਿਨਾ ਆਵਾਜ਼ ਦਾ ਦੀਵਾ ਕੀ ਬਲਣਾ ਸੀ। ਮੇਰੀ ਦਾਦੀ ਨੇ ਗੋਡਿਆਂ ਵਿਚੋਂ ਸਿਰ ਚੁੱਕਿਆ ਤੇ ਬੇਸਵਾਦ ਹੋਈ ਮੱਠੀ ਆਵਾਜ਼ ਵਿਚ ਬੋਲੀ, "ਛੱਡ ਨੀ ਅੜੀਏ ਇਹ ਦੱਸ ਮੁੰਡਾ ਫੜਿਆ ਕਿਉਂ ਗਿਆ?"

ਏਨੀ ਗੱਲ ਦਾ ਨਾਨੀ ਨੂੰ ਵੀ ਪੱਕਾ ਪਤਾ ਸੀ, ਐਵੇਂ ਟੇਵਾ ਲਾਉਂਦੀ ਬੋਲੀ, "ਕਿਸੇ ਨਾਲ ਝਗੜ ਪਿਆ ਹੋਣਾ ਏ।"

ਸਾਰੀ ਉਮਰ ਵੱਡੇ ਵੱਡੇ ਜੰਗੀ ਮਾਅਰਕੇ ਮਾਰਨ ਵਾਲੀ ਦਾਦੀ ਨੇ ਹੱਥਾਂ ਦੇ ਜੰਮਿਆਂ ਦੇ ਬੱਤੀ ਦੇ ਬੱਤੀ ਦੰਦ ਗਿਣੇ ਹੋਏ ਸਨ। ਏਸ ਲਈ ਏਹਨੇ ਝਬਦੇ ਮੇਰੇ 'ਤੇ ਤੁੱਕ ਕੱਸੀ, "ਉਹ ਏਨੇ ਜੋਗਾ ਕਿਥੋਂ?"

ਕਿਧਰੋਂ, ਕੋਈ ਜ਼ਨਾਨੀ ਨਾ ਕੱਢ ਬੈਠਾ ਹੋਵੇ। ਨਾਨੀ ਨੇ ਅਗਲਾ ਤੁੱਕਾ ਲਾਇਆ।

ਹੁਣ ਤਾਂ ਦਾਦੀ ਨੂੰ ਹਾਸਾ ਈ ਆ ਗਿਆ, ਮਾੜਾ ਜਾਨ ਪਾਰੋਂ ਬਿਨਾਂ ਆਵਾਜ਼ ਕੱਢੇ ਹੱਸਦਿਆਂ, ਇਹ ਹੌਲੀ ਜਿਹੀ ਬੋਲੀ, "ਔਤਰੀਆਂ ਪੜ੍ਹਾਈਆਂ ਨੇ, ਉਹਨੂੰ ਕਿਸੇ ਹੋਰ ਪਾਸੇ ਦਾ ਛੱਡਿਆ ਹੁੰਦਾ ਤੇ ਫੇਰ ਵੀ ਗੱਲ ਕਰਦੀਓਂ...ਉਹ ਏਨੇ ਜੋਗਾ ਪੁੱਤਰ ਕਿਥੇ?"

ਪੜ੍ਹਾਈਆਂ ਤੋਂ ਨਾਨੀ ਨੂੰ ਕੁਝ ਹੋਰ ਚੇਤੇ ਆ ਗਿਆ ਤੇ ਇਹ ਆਖਣ ਲੱਗੀ, "ਇਕ ਸ਼ਕ ਜਿਹੇ ਉਤੇ ਤਾਂ ਮੈਂ ਉਨ੍ਹਾਂ ਨੂੰ ਵੀ ਗੱਲਾਂ ਕਰਦੇ ਸੁਣਿਆ ਸੀ, ਉਹੀਓ ਈ ਨਾ ਸੱਚ ਹੋਵੇ। ਅਖੇ ਇਹ ਮੁੰਡਾ ਜੋ ਇਥੇ ਤੇ ਬਾਹਰ ਕਿੱਸੇ ਕਹਾਣੀਆਂ ਲਿਖ ਲਿਖ ਟੋਰਦਾ ਰਹਿੰਦਾ ਤੇ ਪੁੱਠੇ ਸਿੱਧੇ ਰਸਾਲੇ ਛਾਪਦਾ ਰਹਿੰਦਾ, ਕਿਧਰੇ ਉਹ ਈ ਨਾ ਉਹਦੇ ਸਿਰੇ ਚੜ੍ਹ ਗਏ ਹੋਣ। ਉਹ ਆਖ ਰਹੇ ਸਨ ਇਹਦੇ ਕੋਲ ਤਾਂ ਸਿੱਖ ਪ੍ਰਾਹੁਣੇ ਵੀ ਆਮ ਆਏ ਗਏ ਰਹਿੰਦੇ ਨੇ। ਮੁੜ ਸਰਕਾਰ ਨਾਲ ਵੀ ਕੋਈ ਆਢਾ ਲਾਈ ਬੈਠਾ ਏ, ਤਾਈਓਂ ਤਾਂ ਅਗਲੇ ਜ਼ੋਰੀ ਲੈ ਗਏ ਮੋਟਰ ਵਿਚ ਪਾ ਕੇ...।"

ਇਹ ਗੱਲਾਂ ਸੁਣ ਦੇ ਕੇ ਦਾਦੀ ਦੀ ਚਿੰਤਾ ਹੋਰ ਵੱਧ ਗਈ ਤੇ ਉਸ ਆਖਿਆ, "ਸਰਕਾਰ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਸੀ? ਉਹਨੇ ਮੁੰਡੇ ਨੂੰ ਪਹਿਲੋਂ ਕਿਉਂ ਨਹੀਂ ਠਾਕਿਆ।"

"ਸਰਕਾਰ ਦੀ ਤੂੰ ਭਲੀ ਪੁੱਛੀ ਏ, ਤੈਨੂੰ ਪਤਾ ਤੇ ਹੈ ਤੇਰੇ ਵੱਡੇ ਪੁੱਤਰ ਨੇ ਆਪਣੀ ਜਿੰਦ ਇਨ੍ਹਾਂ ਮੁੰਡਿਆਂ ਦੇ ਆਚ ਪੂਰੇ ਕਰਨ ਵਿਚ ਹੀ ਰੋਲ ਛੱਡੀ ਏ। ਇਸ ਮੁੰਡੇ ਦੇ ਤੇ ਉਹ ਮੁੱਢੋਂ ਈ ਕਲਮੇ ਪੜ੍ਹਦਾ ਆਇਆ ਏ। ਆਖਦਾ ਏ ਮੈਨੂੰ ਪਕਾ ਪਤਾ ਤੇ ਨਹੀਂ ਇਹ ਕੀ ਲਿਖਦਾ ਪੜ੍ਹਦਾ ਏ, ਪਰ ਏਨਾ ਜ਼ਰੂਰ ਜਾਣਨਾ ਵਾਂ, ਜੋ ਵੀ ਕਰਦਾ ਏ ਬਿਲਕੁਲ ਠੀਕ ਕਰਦਾ ਏ।" ਮੇਰੀ ਨਾਨੀ ਨੇ ਆਪਣੀ ਕੁੜਮਣੀ ਅੱਗੇ ਆਪਣੇ ਜਵਾਈ ਦੀ ਸ਼ਿਕਾਇਤ ਦੇ ਰੰਗ ਵਿਚ ਵਡਿਆਈ ਕੀਤੀ।

ਦਾਦੀ ਨੇ ਇਹ ਗੱਲ ਗੌਲੀ ਨਾ, ਕਿਉਂ ਜੇ ਇਹਦੀ ਸੋਚ ਹੁਣ ਹੋਰ ਬੰਨੇ ਟੁਰ ਪਈ ਸੀ। ਇਹ ਬੇਖਿਆਲੀ ਵਿਚ ਬੋਲੀ, "ਸਿਆਣੇ ਸੱਚ ਆਖਦੇ ਨੇ, ਬੰਦੇ ਦੇ ਭਾਰ ਜਿੰਨਾ ਧਨ ਖਰਚੋ ਤਾਂ ਸਾਰੇ ਦੋਸ਼ ਈ ਧੁੱਪ ਜਾਂਦੇ ਨੇ। ਪਰ ਜਿਹੜਾ ਅਜੇ ਤੀਕ ਮੁੰਡਾ ਨਹੀਂ ਛੁੱਟਿਆ, ਇਹ ਗੱਲ ਦੱਸਦੀ ਏ ਪਈ ਸਰਦਾਰ ਦੇ ਪੱਲੇ ਜੋ ਕੁਝ ਸੀ ਉਹ ਸਰਕਾਰ ਵਾਲਿਆਂ ਦੀ ਅੱਖ ਚੁਭਾਉਣ ਲਈ ਥੋੜ੍ਹਾ ਪੈ ਗਿਆ ਹੋਣਾ ਏ...ਉਹਨੇ ਤਾਂ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ ਹੋਣੀ।"

ਇਹ ਗੱਲਾਂ ਕਰਨ ਦੇ ਨਾਲ ਨਾਲ ਦਾਦੀ ਤਲਾਈ ਨੂੰ ਇਕ ਲਾਂਭੇ ਕਰਕੇ ਪਲੰਘ ਦੇ ਸੰਘੇ ਵਿਚੋਂ ਕੁਝ ਲੱਭਦੀ ਵੀ ਰਹੀ। ਕੁਝ ਚਿਰ ਮਗਰੋਂ ਉਹਦਾ ਹੱਥ ਬਾਹਰ ਆਇਆ ਤੇ ਉਹਦੇ ਵਿਚ ਇਕ ਗੁੱਥਲੀ ਸੀ। ਇਹਨੇ ਗੁੱਥਲੀ ਦਾ ਸੇਬਾ ਖੋਲ੍ਹ ਕੇ ਇਕ ਹੱਥ ਦੀਆਂ ਉਂਗਲਾਂ ਨਾਲ ਅੰਦਰ ਪਈਆਂ ਵਸਤਾਂ ਨੂੰ ਟੋਹਿਆ। ਨਿੱਕੀਆਂ ਟੂੰਬਾਂ ਦੇ ਨਾਲ ਉਥੇ ਉਹ ਝੁਮਕੇ ਵੀ ਪਏ ਹੋਏ ਸਨ, ਜਿਹੜੇ ਉਹਦੀ ਬੇਬੇ ਦੀ ਨਿਸ਼ਾਨੀ ਸੀ। ਕਈ ਧਿਰਾਂ ਵੱਲੋਂ ਮੰਗੇ ਜਾਵਣ 'ਤੇ ਵੀ ਇਹਨੇ ਇਹ ਝੁਮਕੇ ਆਪਣੀ ਕਿਸੇ ਧੀ, ਨੂੰਹ ਜਾਂ ਉਨ੍ਹਾਂ ਦੀ ਔਲਾਦ ਵਿਚੋਂ ਕਿਸੇ ਨੂੰ ਵੀ ਨਹੀਂ ਸਨ ਦਿੱਤੇ ਪਰ ਸਰਕਾਰੀ ਤਰੱਕੜੀ ਦਾ ਚੁੱਕਿਆ ਹੋਇਆ ਪੱਲ੍ਹਾ ਆਪਣੇ ਪੋਤਰੇ ਦਾ ਭਾਰ ਸਾਵਾਂ ਕਰਨ ਲਈ ਦਾਦੀ ਇਹ ਗਹਿਣੇ ਉਹਦੇ ਵਿਚ ਧਰਨਾ ਚਾਹੁੰਦੀ ਸੀ।

*ਪੜ੍ਹਾਈਆਂ ਤੋਂ ਨਾਨੀ ਨੂੰ ਕੁਝ ਹੋਰ ਚੇਤੇ ਆ ਗਿਆ ਤੇ ਇਹ ਆਖਣ ਲੱਗੀ, "ਇਕ ਸ਼ੱਕ ਜਿਹੇ ਉਤੇ ਤਾਂ ਮੈਂ ਉਨ੍ਹਾਂ ਨੂੰ ਵੀ ਗੱਲਾਂ ਕਰਦੇ ਸੁਣਿਆ ਸੀ, ਉਹੀਓ ਈ ਨਾ ਸੱਚ ਹੋਵੇ। ਅਖੇ, ਇਹ ਮੁੰਡਾ ਜੋ ਇਥੇ ਤੇ ਬਾਹਰ ਕਿੱਸੇ ਕਹਾਣੀਆਂ ਲਿਖ-ਲਿਖ ਟੋਰਦਾ ਰਹਿੰਦਾ ਤੇ ਪੁੱਠੇ-ਸਿੱਧੇ ਰਸਾਲੇ ਛਾਪਦਾ ਰਹਿੰਦਾ, ਕਿਧਰੇ ਉਹ ਈ ਨਾ ਉਹਦੇ ਸਿਰੇ ਚੜ੍ਹ ਗਏ ਹੋਣ। ਉਹ ਆਖ ਰਹੇ ਸਨ ਇਹਦੇ ਕੋਲ ਤਾਂ ਸਿੱਖ ਪ੍ਰਾਹੁਣੇ ਵੀ ਆਮ ਆਏ-ਗਏ ਰਹਿੰਦੇ ਨੇ। ਮੁੜ ਸਰਕਾਰ ਨਾਲ ਵੀ ਕੋਈ ਆਢਾ ਲਾਈ ਬੈਠਾ ਏ, ਤਾਈਓਂ ਤਾਂ ਅਗਲੇ ਜ਼ੋਰੀ ਲੈ ਗਏ ਮੋਟਰ ਵਿਚ ਪਾ ਕੇ... ।" ਇਹ ਗੱਲਾਂ ਸੁਣ ਕੇ ਦਾਦੀ ਦੀ ਚਿੰਤਾ ਹੋਰ ਵਧ ਗਈ ਤੇ ਉਸ ਆਖਿਆ, "ਸਰਕਾਰ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਸੀ? ਉਹਨੇ ਮੁੰਡੇ ਨੂੰ ਪਹਿਲੋਂ ਕਿਉਂ ਨਹੀਂ ਠਾਕਿਆ।"*

ਆਪਣੀ ਕੁੜਮਣੀ ਨੂੰ ਟੂੰਬਾਂ ਵਾਲੀ ਗੁੱਥਲੀ ਫਰੋਲਦੀ ਵੇਖ ਕੇ ਨਾਨੀ ਨੂੰ ਵੀ ਅਣ ਆਖੀ ਗੱਲ ਸਮਝ ਆ ਗਈ। ਇਹਨੇ ਘਾਬਰ ਕੇ ਆਪਣੀਆਂ ਦੋਵੇਂ ਬਾਹਵਾਂ ਹਿਲਾਈਆਂ। ਚੂੜ੍ਹੀਆਂ ਤਾਂ ਕਦੇ ਦੀਆਂ ਨਾਨਕੀ ਛੱਕਾਂ ਨਾਲ ਟੁਰ ਗਈਆਂ ਸਨ ਤੇ ਉਦੋਂ ਵੀ ਪਹਿਲਾਂ ਗੱਲ ਦੀਆਂ ਤਵੀਤੜੀਆਂ ਉਹਦੀਆਂ ਧੀਆਂ ਵਿਚ ਵੰਡੀਆਂ ਗਈਆਂ ਸਨ। ਕੰਨਾਂ ਨੂੰ ਹੱਥ ਲਾ ਕੇ ਇਹਨੂੰ ਹੌਂਸਲਾ ਹੋ ਗਿਆ। ਦੋਹਾਂ ਪਾਸੇ ਚਾਰ ਚਾਰ ਵਾਲੀਆਂ ਲਮਕ ਰਹੀਆਂ ਸਨ। ਸਵਾਰ੍ਹੇ ਅੱਸੀ ਵਰ੍ਹਿਆਂ ਤੋਂ ਲਮਕਦੀਆਂ ਵਾਲੀਆਂ ਦੀਆਂ ਇਨ੍ਹਾਂ ਪਾਲਾਂ ਪਾਰੋਂ, ਉਹਦੇ ਦੋਵਾਂ ਕੰਨਾਂ ਦੀਆਂ ਮੋਰੀਆਂ ਹੁਣ ਮੋਘਾਰੇ ਜਾਪਦੀਆਂ ਸਨ। ਕੰਨਾਂ ਦਾ ਭਾਰ ਵੀ ਹੌਲਾ ਕਰਨ ਦਾ ਇਦੋਂ ਵੱਧ ਢੁੱਕਵਾਂ ਵੇਲਾ ਹੋਰ ਕਿਹੜਾ ਹੋ ਸਕਦਾ ਸੀ, ਨਾਨੀ ਵੀ ਤਿਆਰ ਹੋ ਗਈ।

ਭੂਆ ਦੇ ਮਕਾਨ ਤੋਂ ਸਾਡਾ ਘਰ ਕੋਈ ਡੇਢ ਸੌ ਕੋਹਾਂ ਦੀ ਵਿੱਥ 'ਤੇ ਈ ਸੀ ਪਰ ਰਾਹ ਵਿਚ ਔਖਿਆਈ ਇਹ ਸੀ ਪਈ ਉਧਰ ਜਾਂਦੀ ਗਲੀ ਨੇ ਇਕ ਵਾਰ ਪਿੰਡ ਦੀ ਸਭ ਤੋਂ ਉਚੀ ਘਾਟੀ ਉਤੇ ਚੜ੍ਹ ਕੇ ਲਹਿਣਾ ਸੀ। ਅੱਗੇ ਤਾਂ ਦੋਵੇਂ ਮਾਈਆਂ ਲੋੜ ਪੈਣ ਵੇਲੇ ਕਿਸੇ ਹੋਰ ਜੀਅ ਦੇ ਆਸਰੇ ਨਾਲ ਈ ਬਿਸਤਰੇ ਤੋਂ ਲਹਿੰਦੀਆਂ ਸਨ ਪਰ ਦੋਹਤਰੇ ਪੋਤਰੇ ਨੂੰ ਛੁੱਡ ਆਉਣ ਵਿਚ ਆਪਣੇ ਵਲੋਂ ਸੀਰ ਪਾਵਣ ਲਈ ਅੱਜ ਜਿਵੇਂ ਇਨ੍ਹਾਂ ਦੀਆਂ ਸੁੱਕੀਆਂ ਦੇਹਾਂ ਵਿਚ ਬਿਜਲੀ ਭਰ ਘੱਤੀ ਸੀ। ਦੋਵੇਂ ਬਾਹਰ ਵਲ ਕੀੜੀ ਟੋਰ ਟੁਰ ਪਈਆਂ। ਆਪਣੇ ਦੋਹਾਂ ਘਰਾਂ ਤੋਂ ਅੱਗੇ ਗਲੀ ਨੂੰ ਸੁੰਨਮ-ਸੁੰਨੀ ਪਈ ਵੇਖ ਕੇ ਇਨ੍ਹਾਂ ਦੇ ਦਿਲ ਡੋਬੇ ਖਾਣ ਲੱਗ ਪਏ।

"ਖੈਰ ਹੋਵੇ, ਮੁੰਡੇ ਨਾਲ ਕੋਈ ਅਵੱਲੀ ਨਾ ਵਾਪਰ ਗਈ ਹੋਵੇ।" ਦੋਵੇਂ ਚੜ੍ਹੇ ਹੋਏ ਸਾਹਵਾਂ ਨਾਲ ਦੁਆਈਂ ਮੰਗ ਰਹੀਆਂ ਸਨ। ਗਲੀ ਦੀ ਔਖੀ ਚੜ੍ਹਾਈ ਚੜ੍ਹਦਿਆਂ, ਹਰ ਪੈਰ ਪੁੱਟਣ ਮਗਰੋਂ ਸਾਹ ਜ਼ਰੂਰ ਲਿਆ ਪਰ ਇਨ੍ਹਾਂ ਹਿੰਮਤ ਨਾ ਹਾਰੀ ਜਿਵੇਂ ਆਖਦੇ ਨੇ ਕਿ ਕੁੱਬਾ ਬੰਦਾ ਚੜ੍ਹਾਈ ਬੜੀ ਵਧੀਆ ਚੜ੍ਹਦਾ ਏ। ਇਨ੍ਹਾਂ ਦੇ ਦੂਹਰੇ ਹੋਏ ਲੱਕ ਵੀ ਏਥੇ ਸੁਹਣਾ ਕੰਮ ਦੇਂਦੇ ਰਹੇ। ਗਲੀ ਦੇ ਮਕਾਨਾਂ ਦੇ ਬੂਹਿਆਂ ਤੇ ਕੰਧਾਂ ਨੂੰ ਹੱਥ ਪਾ ਪਾ ਕੇ ਦੋਵੇਂ ਅੱਗੇ ਈ ਅੱਗੇ ਵਧਦੀਆਂ ਨਿਕਲ ਗਈਆਂ ਤੇ ਓੜਕ ਇਨ੍ਹਾਂ ਆਪਣੇ ਸਾਹ ਸੱਤ ਤੋਂ ਢੇਰ ਉਚੇ ਇਸ ਹਿਮਾਲਿਆ ਦੀ ਟੀਸੀ ਉਤੇ ਜਾ ਕੇ ਆਪਣੇ ਪੈਰ ਟਿਕਾਏ।

ਸਾਹ ਨਾਲ ਸਾਹ ਨਹੀਂ ਰਲ ਰਹੇ ਸਨ, ਦੋਹਾਂ ਮਾਈਆਂ ਘਾਟੀ ਉਤੇ ਵਾਹਵਾ ਝੱਟ ਬਹਿ ਕੇ ਆਪਣੇ ਸਾਹਵਾਂ ਦੀ ਗੱਡ ਨੂੰ ਖੋਭਿਆਂ ਵਿਚੋਂ ਕੱਢਿਆ। ਗਲੀ ਦੀ ਚੜ੍ਹਾਈ ਨਾਲ ਘੋਲ ਘੁਲਣ ਤੋਂ ਲੈ ਕੇ ਹੁਣ ਤੀਕ ਉਥੋਂ ਪਿੰਡ ਦਾ ਕੋਈ ਵਸਨੀਕ ਵੀ ਨਹੀਂ ਸੀ ਲੰਘਿਆ, ਇਹ ਦੋਵੇਂ ਸੋਚ-ਸੋਚ ਹੈਰਾਨ ਹੋ ਰਹੀਆਂ ਸਨ। ਕੋਈ ਭੁੱਲਾ-ਚੁੱਕਾ ਵੀ ਇਧਰ ਆ ਜਾਂਦਾ ਤਾਂ ਦੋਹਾਂ ਦਾ ਪੰਧ ਸੁਖਾਲਾ ਹੋ ਜਾਣਾ ਸੀ। ਖੌਰੇ ਕੁਦਰਤ ਇਨ੍ਹਾਂ ਦੀਆਂ ਹੱਡੀਆਂ ਵਿਚਲੇ ਸੱਤ ਦਾ ਗਵੇੜ ਲਾਣਾ ਚਾਹੁੰਦੀ ਸੀ, ਇਸ ਲਈ ਉਹ ਗਲੀ ਹੋਰ ਰਾਹੀਆਂ ਤੋਂ ਵਾਂਝੀ ਈ ਰਹੀ। ਹਰ ਹਾਲ ਅੱਗੇ ਵਧਦੇ ਰਹਿਣ ਲਈ ਇਹ ਤਾਂ ਹੁਣ ਆਪਣੇ ਮੁਕੱਦਰ ਦੀ ਫੱਟੀ ਵਾਲੀਆਂ ਸਾਰੀਆਂ ਲਿਖਾਈਆਂ ਵੀ ਪੋਚਣ ਉਤੇ ਭੁੱਲ ਗਈਆਂ ਸਨ। ਏਸ ਲਈ ਸਿਖਰੇ ਪੁੱਜਾ ਸਰਦੀਆਂ ਦਾ ਟੇਢਾ ਸੂਰਜ ਗਲੀ ਵਿਚੋਂ ਦੋ ਢਾਂਚਿਆਂ ਨੂੰ ਇਕ ਵਾਰ ਫੇਰ ਉਤਾਂਹ ਉਠਦਿਆਂ ਵੇਖ ਕੇ ਪੱਚੀ ਹੋਇਆ ਇਕ ਵਾਸਾ ਹੋ ਗਿਆ।

ਅੱਖਾਂ ਅੱਗੇ ਭੂਮਰ ਤਾਰੇ ਨੱਚਦੇ ਤੇ ਖੋਪੜੀਆਂ ਵਿਚ ਹਨੇਰੇ ਹੁੰਦੇ ਜਾਪ ਕੇ ਵੀ ਇਨ੍ਹਾਂ ਇਕ ਦੂਜੀ ਦੀ ਬਾਂਹ ਫੜ ਕੇ ਟੀਸੀ ਤੋਂ ਥੱਲੇ ਵੱਲ ਪੈਰ ਵਧਾਏ। ਚੜ੍ਹਾਈ ਚੜ੍ਹਦਿਆਂ ਇਨ੍ਹਾਂ ਦੀਆਂ ਕੰਡਾਂ ਦੇ ਕੁੱਬ ਜਿੰਨੇ ਲਾਹੇਵੰਦ ਬਣ ਗਏ ਸਨ। ਚੜ੍ਹਾਈ ਲਹਿੰਦਿਆਂ ਉਹੋ ਈ ਇਨ੍ਹਾਂ ਲਈ ਅਜ਼ਾਬ ਹੋ ਗਏ ਸਨ। ਥੱਲੇ ਨੂੰ ਪਹਿਲਾਂ ਪੈਰ ਪੁੱਟਣ ਮਗਰੋਂ ਈ ਦੋਵੇਂ ਅੱਗੇ-ਪਿੱਛੇ ਇੰਜ ਹੁਲਾਰੇ ਲੈਣ ਲੱਗ ਪਈਆਂ, ਜਿਵੇਂ ਜ਼ਾਹਰੇ ਪੀਰ ਵਾਲੇ ਮੇਲੇ ਦੀ ਛਿੰਜ ਵਿਚ ਛੜੱਪੇ ਮਾਰਨ ਲੱਗੀਆਂ ਹੋਣ, "ਏਸ ਤੋਂ ਪੋਹਦਾ ਪਈ ਅਸੀਂ ਲਿਹਾਈ ਉਤੇ ਖਿਦੋ ਵਾਂਗੂ ਭੌਂਦੀਆਂ ਰਿੜ੍ਹ ਪਈਏ, ਕਿਉਂ ਨਾ ਉਲਟੀ ਬਾਹੀ ਮੂੰਹ ਕਰਕੇ ਲਹਿਣ ਦਾ ਚਾਰਾ ਕਰੀਏ।" ਨਾਨੀ ਨੇ ਵੇਲੇ ਸਿਰ ਸਲਾਹ ਦਿੱਤੀ।

ਜਿਵੇਂ ਲੋਕ ਰੁੱਖਾਂ ਤੋਂ ਲਹਿੰਦੇ ਨੇ, ਉਵੇਂ ਈ ਇਹ ਵੀ ਘਾਟੀ ਤੋਂ ਪਿਛਾੜੂਈਆਂ ਲਹਿਣ ਲੱਗੀਆਂ। ਪਰ ਅਜੇ ਮਸਾਂ ਡੂਢ ਕੋਹ ਈ ਹੇਠਾਂ ਹੋਈਆਂ ਹੋਣਗੀਆਂ ਕਿ ਦਾਦੀ ਨੇ ਦੁਹਾਈ ਪਾ ਦਿੱਤੀ, "ਹਾਏ ਨੀ ਲਥੜੀਏ! ਤੈਨੂੰ ਇਹ ਚੇਤੇ ਵੀ ਨਹੀਂ ਰਿਹਾ ਪਈ ਇਸ ਗਲੀ ਨਾਲੋਂ ਤਾਂ ਪਿੰਡ ਦਾ ਵੱਡਾ ਵਹਿਣ ਲੰਘਦਾ ਏ। ਪੁੱਠੇ ਮੁਹਾਰ ਲਹਿੰਦਿਆਂ ਜੇ ਇਹਦੇ

*(ਬਾਕੀ ਸਫਾ 32 'ਤੇ)*

## ਗਦਰੀ ਬਾਬੇ ਕੌਣ ਸਨ?-4

*ਭਾਰਤੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਘੋਲ 'ਗਦਰ ਲਹਿਰ' ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। 20ਵੀਂ ਸਦੀ ਦੇ ਅਰੰਭ ਵਿਚ ਇਨ੍ਹਾਂ ਗਦਰੀਆਂ ਨੇ ਬਰਤਾਨਵੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਇਨ੍ਹਾਂ ਗਦਰੀਆਂ ਦੀ ਚਰਚਾ ਗਾਹੇ-ਬਗਾਹੇ ਹੁੰਦੀ ਰਹੀ ਹੈ ਅਤੇ ਸੰਜੀਦਾ ਜੁਝਾਰੂ ਲੋਕ ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਦੇ ਆਹਰ ਵਿਚ ਵੀ ਲੱਗੇ ਰਹੇ ਹਨ। ਹੁਣ ਸ਼ਤਾਬਦੀ ਮੌਕੇ ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਯੋਗਦਾਨ ਬਾਰੇ ਚਰਚਾ ਇਕ ਵਾਰ ਫਿਰ ਭਰਪੂਰ ਰੂਪ ਵਿਚ ਛਿੜੀ ਹੈ ਪਰ ਕੁਝ ਵਿਦਵਾਨ ਗਦਰ ਲਹਿਰ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ। ਇਸ ਨੁਕਤਾ-ਨਿਗ੍ਹਾ ਤੋਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਲੰਮਾ ਲੇਖ ਪਹਿਲਾਂ ਪਾਠਕਾਂ ਦੀ ਨਜ਼ਰ ਕੀਤਾ ਜਾ ਚੁੱਕਾ ਹੈ। ਡਾ. ਸਰਬਜੀਤ ਸਿੰਘ ਦੀ ਲੇਖ ਲੜੀ ਦੀ ਇਹ ਚੌਥੀ ਅਤੇ ਆਖਰੀ ਕਿਸ਼ਤ ਹੈ। ਇਸ ਲੇਖ ਲੜੀ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

# ਗਦਰੀਆਂ ਬਾਰੇ ਤੱਥਾਂ ਦੀ ਤੋੜ-ਮਰੋੜ

ਅਜਮੇਰ ਸਿੰਘ ਆਪਣੀ ਪੁਸਤਕ ਵਿਚ ਇਕ ਹੋਰ ਪਹਿਲੂ ਉਪਰ ਬੇਇੰਤਹਾ ਜ਼ੋਰ ਦਿੰਦਾ ਹੈ ਕਿ ਗਦਰੀ ਬਾਬੇ ਜਿਸ ਸਪਿਰਟ ਨਾਲ ਲੜੇ, ਉਹ ਸਪਿਰਟ ਸਿੱਖੀ ਸਪਿਰਟ ਸੀ ਪਰ ਇਸ ਤਰ੍ਹਾਂ ਦੀ ਸਪਿਰਟ ਪੰਜਾਬੀਆਂ ਦੇ ਸੀਥੀਅਨ ਨਸਲ ਦਾ ਵਿਸ਼ੇਸ਼ ਗੁਣ ਹੈ। ਦੂਜਾ ਉਸ ਦਾ ਜ਼ੋਰ ਇਸ ਗੱਲ 'ਤੇ ਹੈ ਕਿ ਗ਼ਦਰੀਆਂ ਦੀ ਸੰਥਿਆ ਸਿੱਖੀ ਵਿਚੋਂ ਤਲਾਸ਼ ਕਰਨੀ ਚਾਹੀਦੀ ਹੈ ਜਦਕਿ ਗਦਰੀ ਬਾਬੇ ਇਸ ਸੰਥਿਆ ਦੀ ਦੱਸ ਹੋਰ ਥਾਂ 'ਤੇ ਪਾਉਂਦੇ ਹਨ। ਬਾਬਾ ਭਕਨਾ 'ਮੇਰੀ ਰਾਮ ਕਹਾਣੀ' ਵਿਚ ਦੱਸਦਾ ਹੈ, "ਮੇਰੀ ਜਾਚੇ ਤਾਂ ਖੁਦ ਲਾਲਾ ਹਰਦਿਆਲ ਵੀ ਕੰਮ ਕਰਨ ਦੇ ਢੰਗਾਂ ਤੋਂ ਅਨਜਾਣ ਸੀ ਅਤੇ ਫੇਰ 'ਗ਼ਦਰ ਮਾਸਟਰ'



**ਡਾ. ਸਰਬਜੀਤ ਸਿੰਘ**
**ਫੋਨ: 91-98155-74144**

ਦੇ ਜਿਸ ਹਿੱਸੇ ਨੇ ਵਧੇਰੇ ਪੰਜਾਬੀਆਂ ਨੂੰ ਉਭਾਰਿਆ, ਉਹ ਕਵਿਤਾ ਦਾ ਹਿੱਸਾ ਸੀ ਜੋ ਮਗਰੋਂ 'ਗ਼ਦਰ ਦੀ ਗੂੰਜ' ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਹੁਣ ਇਸ ਕਵਿਤਾ ਜੋ ਠੇਠ ਪੰਜਾਬੀ ਵਿਚ ਹੁੰਦੀ ਸੀ, ਵਿਚ ਲਾਲਾ ਹਰਦਿਆਲ ਦੀ ਰਸਨਾ ਤੇ ਲੇਖਣੀ ਦਾ ਕੋਈ ਅੰਸ਼ ਨਹੀਂ ਸੀ। ਇਹ ਕਵਿਤਾ ਬਾਹਰੋਂ ਦੇਸ਼ ਭਗਤ ਬਣਾ ਕੇ ਘੱਲਦੇ ਸਨ ਜਾਂ ਭਾਈ ਹਰਨਾਮ ਸਿੰਘ ਲਾਟ ਜੋ ਆਸ਼ਰਮ ਵਿਚ ਕੰਮ ਕਰਨ ਵਾਲਾ ਪੁਰਾਣਾ ਦੇਸ਼ ਭਗਤ ਸੀ, ਤਿਆਰ ਕਰਦਾ ਸੀ। ਇਸ ਲਈ ਅਸੀਂ ਗਦਰ ਲਹਿਰ ਦਾ ਉਸਤਾਦ (ਪ੍ਰਿੰਸੀਪਲ) ਲਾਲਾ ਹਰਦਿਆਲ ਜਾਂ ਕਿਸੇ ਇਕ ਬੰਦੇ ਨੂੰ ਨਹੀਂ ਮੰਨ ਸਕਦੇ। ਇਹ ਲਹਿਰ ਦੇਸ਼ ਭਗਤਾਂ ਦੀ ਸਮੁੱਚੀ ਤਾਕਤ ਦਾ ਸਿੱਟਾ ਸੀ ਜਿਸ ਦੀ ਨੀਂਹ 'ਆਜ਼ਾਦੀ ਤੇ ਬਰਾਬਰੀ' ਉਤੇ ਸੀ।" (ਸੋਹਨ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਸਫਾ 136)

ਇਥੇ ਇਕ ਗੱਲ ਸਪੱਸ਼ਟ ਕਰਨੀ ਬਹੁਤ ਜ਼ਰੂਰੀ ਹੈ, ਜਿਸ ਨੂੰ ਸਿੱਖ ਵਿਸ਼ਲੇਸ਼ਣਕਾਰ ਵਿਗਾੜ ਕੇ ਪੇਸ਼ ਕਰਦੇ ਹਨ। ਉਹ ਹੈ ਕਿ ਬਾਬਾ ਭਕਨਾ ਜੋ ਲਾਲਾ ਹਰਦਿਆਲ ਦਾ ਦਿਲੋਂ ਸਤਿਕਾਰ ਕਰਦਾ ਹੈ, ਬਾਰੇ ਇਹ ਟਿੱਪਣੀ ਤਾਂ ਕਰਦਾ ਹੈ ਕਿ ਜਦੋਂ ਗਦਰ ਦਾ ਲਾਹੌਰ ਸਾਜ਼ਿਸ਼ ਕੇਸ ਚੱਲਦਾ ਹੈ ਤਾਂ ਬਰਤਾਨਵੀ ਸਾਮਰਾਜ ਗ਼ਦਰੀਆਂ ਨੂੰ ਲਾਲਾ ਹਰਦਿਆਲ ਵੱਲੋਂ ਭੜਕਾਏ ਹੋਇਆ ਮੰਨਦਾ ਵੀ ਹੈ ਅਤੇ ਲਾਹੌਰ ਸਾਜ਼ਿਸ਼ ਕੇਸ ਦੀ ਕਾਰਵਾਈ ਵਿਚ ਉਸ ਦਾ ਵਾਰ-ਵਾਰ ਜ਼ਿਕਰ ਵੀ ਕਰਦਾ ਹੈ। ਦੂਜਾ, ਗ਼ਦਰੀਆਂ ਤੋਂ ਪਹਿਲਾਂ ਇਕੱਲਾ ਲਾਲਾ ਹਰਦਿਆਲ ਹੈ ਜੋ ਇਕੱਲਾ ਵਿਦਰੋਹੀ ਸਰਗਰਮੀ ਕਰਦਾ ਹੈ ਜਿਸ ਦਾ ਦਿੱਲੀ 'ਚ ਹਾਰਡਿੰਗ ਬੰਬ ਕੇਸ ਦੇ ਸ਼ਹੀਦ ਅਮੀਰ ਚੰਦ ਨਾਲ ਸਬੰਧ ਅਤੇ ਸਰਗਰਮੀ ਹੈ ਅਤੇ ਲਾਹੌਰ ਵਿਚਲੀ ਸਰਗਰਮੀ ਤੋਂ ਵੀ ਸਰਕਾਰ ਚੰਗੀ ਤਰ੍ਹਾਂ ਵਾਕਿਫ਼ ਹੈ। ਇਸ ਕਰ ਕੇ ਸਰਕਾਰ ਲਾਲਾ ਹਰਦਿਆਲ ਨੂੰ ਹੀ ਮੁੱਖ ਦੋਸ਼ੀ ਮੰਨਦੀ ਹੈ। ਪਰ ਬਾਬਾ ਭਕਨਾ ਦੀ ਇਸ ਟਿੱਪਣੀ ਵਿਚ ਗਦਰ ਲਹਿਰ ਦੀ ਕਵਿਤਾ ਦਾ ਵੇਰਵਾ ਬਹੁਤ ਮਹੱਤਵਪੂਰਨ ਇਸ ਕਰ ਕੇ ਵੀ ਹੈ ਕਿ ਗਦਰ ਵਿਰੁਧ ਚੱਲੇ ਸਾਰੇ ਕੇਸਾਂ ਵਿਚ ਇਸ ਕਵਿਤਾ ਨੂੰ ਬਹੁਤ ਵੱਡਾ ਪ੍ਰਮਾਣ ਵੀ ਬਣਾਇਆ ਗਿਆ ਹੈ। ਇਸ ਕਵਿਤਾ ਦੇ ਕਾਵਿ-ਸ਼ਾਸਤਰ ਦਾ ਮਸਲਾ ਤਾਂ ਵਿਸਤ੍ਰਿਤ ਚਰਚਾ ਦੀ ਮੰਗ ਕਰਦਾ ਹੈ ਪਰ ਇਥੇ ਇਸ ਕਵਿਤਾ ਦੀ ਸ਼ਕਤੀ ਦਾ ਮਸਲਾ ਹੈ। ਨਿਰਸੰਦੇਹ ਗਦਰ ਲਹਿਰ ਦੀ ਚੜ੍ਹਤ ਵਿਚ ਇਸ ਕਵਿਤਾ ਦਾ ਯੋਗਦਾਨ ਬਹੁਤ ਵੱਡਾ ਹੈ। ਹਰ ਇਕੱਠ ਵਿਚ ਇਹ ਕਵਿਤਾ ਪੜ੍ਹੀ ਜਾਂਦੀ ਸੀ ਤੇ ਲੋਕ ਇਸ ਕਵਿਤਾ ਦੀ ਸ਼ਕਤੀ ਨਾਲ ਜੋਸ਼ ਵਿਚ ਆਉਂਦੇ ਸਨ। ਗਦਰ ਲਹਿਰ ਦੀ ਕਵਿਤਾ ਅਨੇਕਾਂ ਗ਼ਦਰੀਆਂ ਨੂੰ ਮੂੰਹ ਜ਼ੁਬਾਨੀ ਯਾਦ ਸੀ। ਇਸ ਕਵਿਤਾ ਦੀ ਸ਼ਕਤੀ ਦੇ ਤਾਂ ਅਨੇਕਾਂ ਪ੍ਰਮਾਣ ਗਦਰ ਲਹਿਰ ਵਿਚੋਂ ਮਿਲਦੇ ਹਨ ਪਰ ਉਹ ਹਵਾਲਾ ਜਦੋਂ ਸ਼ਹੀਦ ਕਰਤਾਰ ਸਿੰਘ ਸਰਾਭਾ, ਭਾਈ ਹਰਨਾਮ ਸਿੰਘ ਟੁੰਡੀਲਾਟ ਅਤੇ ਭਾਈ ਜਗਤ ਸਿੰਘ ਸੁਰ ਸਿੰਘ, ਗਦਰ ਦੇ ਫੇਲ੍ਹ ਹੋ ਜਾਣ 'ਤੇ ਅਫਗਾਨਿਸਤਾਨ ਵੱਲ ਜਾਣ ਲੱਗੇ ਤਾਂ ਅਟਕ ਦਰਿਆ ਦੇ ਕੰਢੇ ਉਤੇ 'ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ' ਕਵਿਤਾ ਹੀ ਸੀ ਜਿਸ ਨੇ ਗ਼ਦਰੀਆਂ ਨੂੰ ਦੇਸ਼ ਛੱਡਣ ਦੀ ਬਜਾਏ ਮੁੜ ਦੇਸ਼ ਵਿਚ ਗਦਰ ਕਰਨ ਲਈ ਮੋੜ ਲਿਆਂਦਾ ਸੀ। (ਭਗਤ ਸਿੰਘ ਬਿਲਗਾ, ਗਦਰ ਲਹਿਰ ਦੇ ਅਣਫੋਲੇ ਵਰਕੇ, ਸਫਾ 72)। ਇਉਂ ਗਦਰ ਲਹਿਰ ਦੀ ਕਵਿਤਾ ਦੀ ਸ਼ਕਤੀ ਅਤੇ ਪ੍ਰੇਰਨਾ ਨੂੰ ਬਾਬਾ ਭਕਨਾ ਗਦਰ ਲਹਿਰ ਦਾ ਗੁਰੂ ਸਵੀਕਾਰ ਕਰਦਾ ਹੈ ਪਰ ਸਿੱਖ ਵਿਸ਼ਲੇਸ਼ਕ ਅਜਮੇਰ ਸਿੰਘ ਕਹਿੰਦਾ ਹੈ ਕਿ ਅਜਿਹੀ ਕਵਿਤਾ ਉਤੇ ਗ਼ਦਰੀਆਂ ਨੇ ਆਪ ਕਿੰਨਾ ਕੁ ਅਮਲ ਕੀਤਾ ਹੈ। (ਅਜਮੇਰ ਸਿੰਘ, ਗਦਰੀ ਬਾਬੇ ਕੌਣ ਸਨ? ਸਫਾ 194)।

> ***ਜਿਹੜਾ ਬੁਨਿਆਦੀ ਪ੍ਰਸ਼ਨ ਹੈ, ਉਹ ਹੈ ਕਵਿਤਾ ਵਿਚ ਜਾਂ ਵਾਰਤਕ ਵਿਚ ਸਿੱਖ ਧਰਮ, ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਵਿਚੋਂ ਬਿੰਬਾਂ ਪ੍ਰਤੀਕਾਂ, ਚਿਹਨਾਂ ਦਾ ਲੈਣਾ। ਇਹ ਮਸਲਾ ਅਹਿਮ ਹੈ ਪਰ ਸਿੱਖ ਵਿਸ਼ਲੇਸ਼ਣਕਾਰ ਇਸ ਨੂੰ ਇਤਿਹਾਸਕ ਪ੍ਰਸੰਗ ਵਿਚ ਗ੍ਰਹਿਣ ਨਹੀਂ ਕਰਦਾ। ਕਿਸੇ ਵੀ ਭਾਸ਼ਾ ਵਿਚ ਰਚੇ ਗਏ ਸਾਹਿਤ ਨੇ ਆਪਣੇ ਪ੍ਰਤੀਕ ਅਤੇ ਚਿਹਨਾਵਲੀ ਆਪਣੇ ਸਭਿਆਚਾਰ ਵਿਚੋਂ ਲੈਣੇ ਹੁੰਦੇ ਹਨ। ਇਹ ਕਿਸੇ ਵਿਸ਼ੇਸ਼ ਜਾਤੀ ਜਾਂ ਵਿਸ਼ੇਸ਼ ਧਰਮ ਦੀ ਰਵਾਇਤ ਵਿਚੋਂ ਵੀ ਹੋ ਸਕਦੇ ਹਨ ਪਰ ਇਹ ਜ਼ਰੂਰੀ ਨਹੀਂ ਹੁੰਦਾ ਕਿ ਇਸ ਨਾਲ ਸਾਹਿਤ ਦੇ ਅਰਥਾਂ ਨੂੰ ਸੰਗੋੜ ਦੇਈਏ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ 'ਚੰਡੀ ਦੀ ਵਾਰ' ਦੀ ਸਿਰਜਣਾ ਕਰਦੇ ਹਨ। ਦੁਰਗਾ ਦੇਵੀ ਦਾ ਪ੍ਰਤੀਕ ਲੈ ਕੇ ਉਹ ਦਾਨਵਾਂ ਨਾਲ ਯੁੱਧ ਦਾ ਚਿਤਰਨ ਕਰਦੇ ਹਨ। ਦੁਰਗਾ ਦੇਵੀ ਹਿੰਦੂ ਧਰਮ ਦੀ ਦੇਵੀ ਹੈ। ਹੁਣ ਇਥੇ ਇਸ ਦਾ ਇਹ ਅਰਥ ਕੱਢ ਲਿਆ ਜਾਵੇ ਕਿ ਗੁਰੂ ਸਾਹਿਬ ਹਿੰਦੂ ਧਰਮ ਦੀ ਉਸਤਤਿ ਕਰਦੇ ਹਨ, ਜਾਂ ਗੁਰੂ ਸਾਹਿਬ ਦੀ ਰਚਨਾ ਨੂੰ ਹਿੰਦੂ ਸਾਹਿਤ ਕਹਿ ਦਿੱਤਾ ਜਾਵੇ ਤਾਂ ਇਹ ਸਰਾਸਰ .ਗਲਤ ਹੈ। ਬਿਲਕੁਲ ਇਸੇ ਤਰ੍ਹਾਂ .ਗਦਰ ਲਹਿਰ ਦੇ ਸਾਹਿਤ ਵਿਚ ਵਰਤੀਆਂ ਗਈਆਂ ਰਵਾਇਤਾਂ, ਚਿਹਨ, ਬਿੰਬ, ਪ੍ਰਤੀਕ ਆਦਿ ਦੇ ਇਤਿਹਾਸਕ ਪ੍ਰਸੰਗ ਨੂੰ ਜਾਨਣਾ ਜ਼ਰੂਰੀ ਹੈ। ਇਹ ਸਿੱਖ ਰਵਾਇਤਾਂ ਦੀ ਵਡਿਆਈ ਹੈ ਕਿ ਉਸ ਦੇ ਸਰਬੱਤ ਦੇ ਭਲੇ ਅਤੇ ਮਨੁੱਖੀ ਬਰਾਬਰੀ ਲਈ ਅਨਿਆਂ ਦੇ ਵਿਰੁੱਧ ਜੰਗ ਲੜੀ, ਉਹ ਜੰਗ ਪੰਜਾਬੀ ਮਨੁੱਖ ਦੀ ਅੱਜ ਵੀ ਪ੍ਰੇਰਨਾ ਬਣਦੀ ਹੈ ਪਰ ਜੇ ਇਹ ਅੱਜ ਪ੍ਰੇਰਨਾ ਬਣ ਕੇ ਅਨਿਆਂ ਦੇ ਖ਼ਿਲਾਫ਼ ਮਨੁੱਖ ਨੂੰ ਸ਼ਕਤੀ ਦਿੰਦੀ ਹੈ ਤਾਂ ਅੱਜ ਦੀ ਲੜੀ ਗਈ ਲੜਾਈ ਧਰਮ ਦੀ ਲੜਾਈ ਨਹੀਂ ਬਣ ਜਾਵੇਗੀ।***

ਇਥੇ ਬੁਨਿਆਦੀ ਪ੍ਰਸ਼ਨ ਕਵਿਤਾ ਜਾਂ ਵਾਰਤਕ ਵਿਚ ਸਿੱਖ ਧਰਮ, ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਵਿਚੋਂ ਬਿੰਬਾਂ ਪ੍ਰਤੀਕਾਂ, ਚਿਹਨਾਂ ਦਾ ਲੈਣਾ ਹੈ। ਇਹ ਮਸਲਾ ਅਹਿਮ ਹੈ ਪਰ ਸਿੱਖ ਵਿਸ਼ਲੇਸ਼ਕ ਇਸ ਨੂੰ ਇਤਿਹਾਸਕ ਪ੍ਰਸੰਗ ਵਿਚ ਗ੍ਰਹਿਣ ਨਹੀਂ ਕਰਦਾ। ਇਹੋ ਭੁੱਲ ਪਰਮਬੀਰ ਸਿੰਘ ਗਿੱਲ ਆਪਣੇ ਲੇਖ Pious Rebels: The Ghadar Prose and Practice (Parambir Singh Gill, Pious Rebels: The Ghadar Prose and Practice, The Ghadar Movement, Edited by J.S. Grewal and others, P-275-300) ਵਿਚ ਕਰਦਾ ਹੈ। ਕਿਸੇ ਵੀ ਭਾਸ਼ਾ ਵਿਚ ਰਚੇ ਗਏ ਸਾਹਿਤ ਨੇ ਆਪਣੇ ਪ੍ਰਤੀਕ ਅਤੇ ਚਿੰਨ ਆਪਣੇ ਸਭਿਆਚਾਰ ਵਿਚੋਂ ਹੀ ਲੈਣੇ ਹੁੰਦੇ ਹਨ। ਇਹ ਕਿਸੇ ਵਿਸ਼ੇਸ਼ ਜਾਤੀ ਜਾਂ ਵਿਸ਼ੇਸ਼ ਧਰਮ ਦੀ ਰਵਾਇਤ ਵਿਚੋਂ ਵੀ ਹੋ ਸਕਦੇ ਹਨ ਪਰ ਇਹ ਜ਼ਰੂਰੀ ਨਹੀਂ ਹੁੰਦਾ ਕਿ ਇਸ ਨਾਲ ਸਾਹਿਤ ਦੇ ਅਰਥਾਂ ਨੂੰ ਸੰਗੋੜ ਦੇਈਏ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ 'ਚੰਡੀ ਦੀ ਵਾਰ' ਵਿਚ ਦੁਰਗਾ ਦੇਵੀ ਦਾ ਪ੍ਰਤੀਕ ਲੈ ਕੇ ਦਾਨਵਾਂ ਨਾਲ ਯੁੱਧ ਦਾ ਚਿਤਰਨ ਕਰਦੇ ਹਨ। ਦੁਰਗਾ ਦੇਵੀ ਹਿੰਦੂ ਧਰਮ ਦੀ ਦੇਵੀ ਹੈ। ਹੁਣ ਇਥੇ ਇਸ ਦਾ ਇਹ ਅਰਥ ਕੱਢ ਲਿਆ ਜਾਵੇ ਕਿ ਗੁਰੂ ਸਾਹਿਬ ਹਿੰਦੂ ਧਰਮ ਦੀ ਉਸਤਤਿ ਕਰਦੇ ਹਨ, ਜਾਂ ਗੁਰੂ ਸਾਹਿਬ ਦੀ ਰਚਨਾ ਨੂੰ ਹਿੰਦੂ ਸਾਹਿਤ ਕਹਿ ਦਿੱਤਾ ਜਾਵੇ ਤਾਂ ਇਹ ਸਰਾਸਰ ਗ਼ਲਤ ਹੈ। ਬਿਲਕੁਲ ਇਸੇ ਤਰ੍ਹਾਂ ਗਦਰ ਲਹਿਰ ਦੇ ਸਾਹਿਤ ਵਿਚ ਵਰਤੀਆਂ ਗਈਆਂ ਰਵਾਇਤਾਂ, ਚਿੰਨ, ਬਿੰਬ, ਪ੍ਰਤੀਕ ਆਦਿ ਦੇ ਇਤਿਹਾਸਕ ਪ੍ਰਸੰਗ ਨੂੰ ਜਾਨਣਾ ਜ਼ਰੂਰੀ ਹੈ। ਇਹ ਸਿੱਖ ਰਵਾਇਤਾਂ ਦੀ ਵਡਿਆਈ ਹੈ ਕਿ ਉਨ੍ਹਾਂ ਸਰਬੱਤ ਦੇ ਭਲੇ ਅਤੇ ਮਨੁੱਖੀ ਬਰਾਬਰੀ ਲਈ ਅਨਿਆਂ ਦੇ ਵਿਰੁਧ ਜੰਗ ਲੜੀ, ਉਹ ਜੰਗ ਪੰਜਾਬੀ ਮਨੁੱਖ ਦੀ ਅੱਜ ਵੀ ਪ੍ਰੇਰਨਾ ਬਣਦੀ ਹੈ ਪਰ ਜੇ ਇਹ ਅੱਜ ਪ੍ਰੇਰਨਾ ਬਣ ਕੇ ਅਨਿਆਂ ਦੇ ਖ਼ਿਲਾਫ਼ ਮਨੁੱਖ ਨੂੰ ਸ਼ਕਤੀ ਦਿੰਦੀ ਹੈ ਤਾਂ ਅੱਜ ਦੀ ਲੜੀ ਗਈ ਲੜਾਈ ਧਰਮ ਦੀ ਲੜਾਈ ਨਹੀਂ ਬਣ ਜਾਵੇਗੀ। ਨਕਸਲੀ ਦੌਰ ਦੀ ਕਵਿਤਾ ਵਿਚ ਸਿੱਖ ਰਵਾਇਤਾਂ, ਸਿੱਖ ਗੁਰੂ ਸਾਹਿਬਾਨ ਅਤੇ ਹੋਰ ਕੁਰਬਾਨੀ ਕਰਨ ਵਾਲੀਆਂ ਬਾਬਾ ਦੀਪ ਸਿੰਘ ਵਰਗੀਆਂ ਸਿੱਖ ਸ਼ਖ਼ਸੀਅਤਾਂ ਵਾਰ-ਵਾਰ ਪ੍ਰੇਰਕ ਬਣਦੀਆਂ ਹਨ ਪਰ ਇਨ੍ਹਾਂ ਦੇ ਆਧਾਰ 'ਤੇ ਨਕਸਲੀ ਕਵਿਤਾ ਨੂੰ ਸਿੱਖ ਕਵਿਤਾ ਬਣਾ ਦੇਣਾ ਕਿੰਨਾ ਕੁ ਜਾਇਜ਼ ਹੈ? ਇਸ ਬਾਰੇ ਕਿਸੇ ਇਕ ਬੰਦੇ ਨੇ ਫੈਸਲਾ ਨਹੀਂ ਕਰਨਾ; ਫੈਸਲਾ ਇਤਿਹਾਸ ਨੇ ਕਰਨਾ ਹੈ, ਉਸ ਦੀ ਵਿਚਾਰਧਾਰਕ ਦ੍ਰਿਸ਼ਟੀ ਨੇ ਕਰਨਾ ਹੈ। ਇਸ ਤਰ੍ਹਾਂ ਹੀ ਗਦਰ ਲਹਿਰ ਬਾਰੇ ਅਤੇ ਗਦਰ ਲਹਿਰ ਦੁਆਰਾ ਰਚੇ ਗਏ ਸਾਹਿਤ ਦਾ ਫ਼ੈਸਲਾ ਉਸ ਦੀ ਵਿਚਾਰਧਾਰਾ, ਉਸ ਦੇ ਸਿਧਾਂਤ, ਉਸ ਦੇ ਅਮਲ, ਉਸ ਦੇ ਉਦੇਸ਼ਾਂ ਅਤੇ ਰਣਨੀਤੀਆਂ ਦੇ ਆਧਾਰ 'ਤੇ ਹੋਣਾ ਹੈ।

ਅਜਮੇਰ ਸਿੰਘ ਸਭ ਨਾਲੋਂ ਵੱਡਾ ਦਾਅਵਾ ਕਰਦਾ ਹੈ, "ਇਹ ਝੂਠ ਹੈ, ਨਿਰਾ ਝੂਠ! ਗੱਲ ਏਦੂੰ ਉਲਟ ਹੈ। ਇਕ ਅੱਧੇ ਨੂੰ ਛੱਡ ਕੇ, 1914-15 ਦੇ ਪੂਰ ਵਾਲਾ ਕੋਈ ਵੀ ਗਦਰੀ ਬਾਬਾ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਨਹੀਂ ਹੋਇਆ ਸੀ।" (ਅਜਮੇਰ ਸਿੰਘ, ਗਦਰੀ ਬਾਬੇ ਕੌਣ ਸਨ? ਸਫਾ 162-163-164)। ਇਸ ਤੋਂ ਅੱਗੇ ਬਾਬਾ ਭਕਨਾ ਦੀਆਂ ਟਿੱਪਣੀਆਂ ਨੂੰ ਤੋੜ-ਮਰੋੜ ਕੇ ਪ੍ਰਸੰਗ ਵਿਹੂਣਾ ਬਣਾ ਕੇ ਕਹਿੰਦਾ ਹੈ, "ਕਿਸੇ ਖੱਬੇ ਪੱਖੀ ਅੰਦਰ ਦਮ ਹੈ ਤਾਂ ਸਾਨਿਆਲ ਦੇ ਗਦਰੀ ਬਾਬਿਆਂ ਬਾਰੇ ਸਮੁੱਚੇ ਵਿਚਾਰਾਂ ਤੇ ਪ੍ਰਭਾਵਾਂ ਬਾਰੇ ਅਤੇ ਬਾਬਾ ਭਕਨਾ ਦੇ ਉਪਰੋਕਤ ਖਿਆਲਾਂ ਬਾਰੇ ਗੰਭੀਰ ਲਹਿਜ਼ੇ ਵਿਚ ਟਿੱਪਣੀ ਕਰੇ। ਇਸ ਨਾਲ ਬਹਿਸ ਅੱਗੇ ਤੁਰ ਸਕਦੀ ਹੈ।" (ਅਜਮੇਰ ਸਿੰਘ, ਗਦਰੀ ਬਾਬੇ ਕੌਣ ਸਨ? ਸਫਾ 164)

ਲੇਖਕ ਨਾਲ ਸੰਵਾਦ ਤਾਂ ਹੋ ਸਕਦਾ ਹੈ ਜਦੋਂ ਉਹ ਪ੍ਰਸੰਗ ਵਿਹੂਣੀਆਂ ਟਿੱਪਣੀਆਂ ਨਾ ਕਰੇ। ਬਾਬਾ ਭਕਨਾ ਬਾਰੇ ਉਸ ਦੀਆਂ ਟਿੱਪਣੀਆਂ 'ਦੇਵਲੀ ਕੈਂਪ ਤੇ ਉਸ ਦੇ ਲਾਭ' ਅਧਿਆਇ 'ਚੋਂ ਹਨ। ਬਾਬਾ ਭਕਨਾ ਦੇ ਵਿਚਾਰਾਂ ਨੂੰ ਜਿਵੇਂ ਉਸ ਨੇ ਜ਼ਿਬਾਹ ਕੀਤਾ ਹੈ, ਇਸ ਦੀ ਮਿਸਾਲ ਪਹਿਲੋਂ ਕਦੀ ਦੇਖਣ ਵਿਚ ਨਹੀਂ ਆਈ। ਸ਼ਚਿੰਦਰਨਾਥ ਸਾਨਿਆਲ ਦੀ 'ਬੰਦੀ ਜੀਵਨ' ਦਾ ਪਹਿਲਾ ਹਿੱਸਾ ਜਿਹੜਾ ਗ਼ਦਰੀਆਂ ਨਾਲ ਸਬੰਧਤ ਹੈ, ਉਸ ਨੂੰ ਪੜ੍ਹਨ 'ਤੇ ਇਕ ਵੀ ਤੱਥ ਅਜਿਹਾ ਨਹੀਂ ਮਿਲਦਾ ਜਿਹੜਾ ਗਦਰ ਲਹਿਰ ਨੂੰ ਸਿੱਖ ਲਹਿਰ ਸਿੱਧ ਕਰੇ। ਉਹ ਸਾਰੇ ਪਗੜੀਧਾਰੀ ਲੋਕਾਂ ਲਈ ਹੀ ਸਿੱਖ ਸ਼ਬਦ ਵਰਤਦਾ ਹੈ। ਸਾਨਿਆਲ ਦੀ ਪੁਸਤਕ ਨੂੰ ਜਿਵੇਂ ਲੇਖਕ (ਅਜਮੇਰ ਸਿੰਘ) ਆਧਾਰ ਬਣਾ ਕੇ ਵਰਤਦਾ ਹੈ, ਉਸ ਨੂੰ ਸੱਚ ਸਵੀਕਾਰ ਕਰ ਲੈਂਦਾ ਹੈ। ਬੰਗਾਲ ਦੀ ਗੁਪਤ ਕ੍ਰਾਂਤੀਕਾਰੀ ਲਹਿਰ ਅਨਾਰਕੀ ਰਾਹੀਂ ਬਰਤਾਨਵੀ ਬਸਤੀਵਾਦ ਨੂੰ ਉਲਟਾਉਣ ਨੂੰ ਫਿਰਦੀ ਸੀ ਅਤੇ ਲਗਾਤਾਰ ਇਸ ਤਾਕ ਵਿਚ ਸੀ। ਵਿਸ਼ਨੂੰ ਗਣੇਸ਼ ਪਿੰਗਲੇ ਰਾਹੀਂ ਸਾਨਿਆਲ ਤੇ ਫਿਰ ਰਾਸ ਬਿਹਾਰੀ ਬੋਸ ਦਾ ਸੰਪਰਕ ਹੁੰਦਾ ਹੈ, ਉਹ ਸਮਾਂ ਬਹੁਤ ਨਾਜ਼ੁਕ ਅਤੇ ਅੰਤਲੇ ਦਿਨਾਂ ਦਾ ਹੈ। ਸ਼ਚਿੰਦਰਨਾਥ ਸਾਨਿਆਲ ਨੂੰ ਗਦਰ ਲਹਿਰ ਦੀ ਨਾ ਤਾਂ ਪਿੱਠਭੂਮੀ ਦਾ ਪਤਾ ਹੈ, ਨਾ ਹੀ ਉਸ ਦੀ ਜਥੇਬੰਦੀ ਦਾ, ਨਾ ਰਣਨੀਤੀ ਦਾ ਅਤੇ ਨਾ ਹੀ ਉਸ ਦੀ ਕਾਰਜਵਿਧੀ ਦਾ। ਸਾਨਿਆਲ ਅਤੇ ਰਾਸ ਬਿਹਾਰੀ ਬੋਸ ਗਦਰ ਲਹਿਰ ਦੇ ਉਦੇਸ਼ ਅਤੇ ਵਿਧੀ ਵਿਧਾਨ ਤੋਂ ਉਕਾ ਹੀ ਕੋਰੇ ਹਨ। ਸਾਨਿਆਲ ਦੀ ਇਸ ਟਿੱਪਣੀ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ, "ਪਰ ਕਾਮਾਗਾਟਾਮਾਰੂ ਦੇ ਯਾਤਰੂਆਂ ਦੇ ਭਾਰਤ ਦੀ ਧਰਤੀ 'ਤੇ ਪੈਰ ਰੱਖਦੇ ਹੀ ਇਕ ਦੁਰਘਟਨਾ ਹੋ ਗਈ ਪਰ ਇਹਦੇ ਨਾਲ ਸਾਡੀ ਆਸ ਹੋਰ ਪੱਕੀ ਹੋਣ ਲੱਗ ਪਈ। ਦੇਖਦੇ ਦੇਖਦੇ ਹੀ ਕੈਲੀਫੋਰਨੀਆ ਅਤੇ ਕੈਨੇਡਾ ਤੋਂ ਸਿੱਖਾਂ ਦੇ ਦਲ ਦੇਸ਼ ਵਿਚ ਆਉਣ ਲੱਗੇ। ਇਹ ਲੋਕ ਭਾਰਤ ਆਉਂਦੇ ਹੋਏ ਰਾਹ ਵਿਚ ਥਾਂ-ਥਾਂ 'ਤੇ ਉਤਰ ਕੇ ਪੁਲਿਸ ਅਤੇ ਫੌਜ ਵਿਚ ਭਰਤੀ ਹੋ ਰਹੇ ਸਨ। ਪੁਲਿਸ ਤੇ ਫੌਜ ਦੀ ਭਰਤੀ ਨੇ ਸਿੱਖਾਂ ਵਿਚ ਕਰਾਂਤੀ ਦੀ ਜਵਾਲਾ ਭੜਕਾ ਦਿੱਤੀ ਸੀ। ਇਹ ਲੋਕ ਬਹੁਤ ਚਿਰਾਂ ਤੋਂ ਭਾਰਤ ਤੋਂ ਬਾਹਰ ਪਰਦੇਸ ਵਿਚ ਸਨ। ਇਸੇ ਕਾਰਨ ਉਹ ਨਹੀਂ ਜਾਣਦੇ ਸਨ ਕਿ ਗੁਪਤ ਰੂਪ ਵਿਚ ਕਰਾਂਤੀ ਦੀ ਯੋਜਨਾ ਕਿਵੇਂ ਬਣਾਈਦੀ ਏ।" (ਸ਼ਚਿੰਦਰ ਨਾਥ ਸਾਨਿਆਲ, ਬੰਦੀ ਜੀਵਨ, ਸਫਾ 9)

ਇਸ ਟਿੱਪਣੀ ਵਿਚੋਂ ਪਤਾ ਲੱਗ ਜਾਂਦਾ ਹੈ ਕਿ ਸਾਨਿਆਲ ਨੂੰ ਗਦਰ ਲਹਿਰ ਬਾਰੇ ਉਕਾ ਹੀ ਕੁਝ ਨਹੀਂ ਪਤਾ। ਉਹ ਵਿਦੇਸ਼ਾਂ ਵਿਚੋਂ ਆ ਰਹੇ ਸਿੱਖਾਂ ਦੇ ਫੌਜ ਅਤੇ ਪੁਲਿਸ ਵਿਚ ਭਰਤੀ ਹੋਣ ਦੀ ਗੱਲ ਕਰਦਾ ਹੈ ਅਤੇ ਪੁਲਿਸ ਤੇ ਫੌਜ ਨੂੰ ਕਰਾਂਤੀ ਦੀ ਜਵਾਲਾ ਭੜਕਾਉਣ ਦਾ ਕਾਰਨ ਦੱਸ ਰਿਹਾ ਹੈ। ਜਿਸ ਸਾਨਿਆਲ ਨੂੰ ਲਹਿਰ ਦੇ ਬੁਨਿਆਦੀ ਉਦੇਸ਼ਾਂ ਅਤੇ ਨੀਤੀਆਂ ਦੀ ਸੂਝ ਹੀ ਨਹੀਂ ਹੈ, ਉਸ ਦੇ ਆਧਾਰ ਉਤੇ ਲੇਖਕ ਕਹਿ ਰਿਹਾ ਹੈ ਕਿ ਕੋਈ ਇਨ੍ਹਾਂ ਬਾਰੇ ਗੰਭੀਰ ਲਹਿਜ਼ੇ ਵਿਚ ਟਿੱਪਣੀ ਕਰੇ, ਜਿਸ ਸ਼ਖ਼ਸ ਨੂੰ ਗਦਰ ਲਹਿਰ ਦੀ ਹਕੀਕਤ ਦਾ ਪਤਾ ਨਹੀਂ ਅਤੇ ਦੇਸ਼ ਪਰਤ ਰਹੇ ਲੋਕਾਂ ਨੂੰ ਆਪਣੇ ਦਲ ਵਿਚ ਮਿਲਾਉਣ ਦੀ ਤਾਕ ਲਾਈ ਬੈਠਾ ਹੈ, ਉਸ ਬਾਰੇ ਕੀ ਟਿੱਪਣੀ ਹੋ ਸਕਦੀ ਹੈ? ਹਕੀਕਤ ਇਹ ਹੈ ਕਿ ਗਦਰੀ ਬੰਗਾਲੀ ਕ੍ਰਾਂਤੀਕਾਰੀਆਂ ਕੋਲੋਂ ਬੰਬ ਬਾਰੂਦ ਦੀ ਝਾਕ ਰੱਖਦੇ ਹਨ, ਬਹੁਤੇ ਗਦਰੀ ਜੇਲ੍ਹਾਂ ਵਿਚ ਜਾ ਚੁੱਕੇ ਸਨ, ਪਹਿਲੀ ਸੰਸਾਰ ਜੰਗ ਦੇ ਲੱਗ ਜਾਣ ਕਰ ਕੇ ਗਦਰੀ ਵਿਦਰੋਹ ਕਰਨ ਦੀ ਕਾਹਲ ਵਿਚ ਸਨ। ਇਸ ਕਾਹਲ ਅਤੇ ਤੱਤ-ਭੜੱਤੀ ਵਿਚ ਹੀ ਸਾਨਿਆਲ ਪੰਜਾਬ ਆਉਂਦਾ ਹੈ। ਰਾਸ ਬਿਹਾਰੀ ਬੋਸ ਤਾਂ ਉਸ ਨਾਲੋਂ ਵੀ ਘੱਟ ਸਮਾਂ ਬਤੀਤ ਕਰਦਾ ਹੈ। ਇਸ ਤੱਤ-ਭੜੱਤੀ ਵਿਚ ਹੀ ਸਾਰੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਇਸ ਕਰ ਕੇ ਸਾਨਿਆਲ ਕੋਲ ਗ਼ਦਰੀਆਂ ਨਾਲ ਮੇਲ-ਜੋਲ ਦੇ ਅਨੁਭਵ ਤਾਂ ਹਨ ਪਰ ਉਹ ਗਦਰ ਦੀ ਸਮੁੱਚੀ ਜਥੇਬੰਦਕ ਬਣਤਰ ਅਤੇ ਉਦੇਸ਼ਾਂ ਪ੍ਰਤੀ ਕੁਝ ਵੀ ਨਹੀਂ ਸੀ ਜਾਣਦਾ। ਉਸ ਦੀਆਂ ਟਿੱਪਣੀਆਂ ਇਤਿਹਾਸਕ ਤੱਥਾਂ ਅਤੇ ਤੱਤਾਂ ਤੋਂ ਬਿਲਕੁਲ ਮੁਕਤ ਹਨ। ਸਾਨਿਆਲ ਆਪ ਈਸ਼ਵਰ ਦੀ ਗੁਪਤ ਪ੍ਰੇਰਨਾ ਨਾਲ ਕ੍ਰਾਂਤੀ ਦੀ ਅੱਗ ਨਿਰਧਾਰਤ ਮਾਰਗ ਉਪਰ ਤੁਰਦੀ ਮਹਿਸੂਸ ਕਰਦਾ ਹੈ, ਜਦਕਿ ਗਦਰ ਲਹਿਰ ਉਸ ਸਮੇਂ ਤੱਕ ਧਰਮ ਨਿਰਪੱਖਤਾ ਦੀ ਆਧੁਨਿਕ ਦ੍ਰਿਸ਼ਟੀ ਨੂੰ ਅਪਨਾ ਚੁੱਕੀ ਸੀ।

ਇਸ ਤੋਂ ਇਲਾਵਾ ਅਜਮੇਰ ਸਿੰਘ ਦਾ ਇਹ ਦਾਅਵਾ ਅਸਲੋਂ ਹੀ ਨਿਰਮੂਲ, ਝੂਠਾ ਅਤੇ ਤੱਥ ਰਹਿਤ ਹੈ ਕਿ ਗ਼ਦਰੀਏ ਕਮਿਊਨਿਸਟ ਨਹੀਂ ਬਣੇ। ਭਾਈ ਸੰਤੋਖ ਸਿੰਘ ਜੋ ਗਦਰ ਪਾਰਟੀ ਦਾ ਜਨਰਲ ਸਕੱਤਰ ਸੀ, ਉਹ ਆਪ ਰੂਸ ਤੋਂ ਪੜ੍ਹ ਕੇ ਆਉਂਦਾ ਹੈ ਅਤੇ ਪੰਜਾਬ ਵਿਚ 'ਕਿਰਤੀ' ਪਰਚੇ ਦਾ ਸੰਪਾਦਨ ਕਰਦਾ ਹੈ। ਭਾਈ ਰਤਨ ਸਿੰਘ ਰਾਇਪੁਰ ਡੱਬਾ ਵਿਦੇਸ਼ਾਂ ਵਿਚੋਂ ਪੰਜਾਬੀਆਂ ਨੂੰ ਰੂਸ ਵਿਚ ਪੜ੍ਹਨ ਲਈ ਭੇਜਦਾ ਹੈ। ਸੱਤਰ ਤੋਂ ਵੱਧ ਪੰਜਾਬੀ ਰੂਸ ਵਿਚੋਂ ਪੜ੍ਹ ਕੇ ਆਉਂਦੇ ਹਨ। "ਗ਼ਦਰ ਪਾਰਟੀ ਦੇ ਦੂਜੇ ਦੌਰ ਵਿਚ ਭਾਰਤ ਵਿਚ ਆ ਕੇ 'ਕਿਰਤੀ' ਅਖ਼ਬਾਰ ਦੀ ਨੀਂਹ ਰੱਖਣ ਵਾਲੇ ਲੀਡਰ, ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਨੂੰ ਅੱਖੀਂ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਭਾਈ ਸੰਤੋਖ ਸਿੰਘ ਤੇ ਰਤਨ ਸਿੰਘ ਦੀ 1922-23 ਦੀ ਰੂਸ ਫੇਰੀ ਦੌਰਾਨ ਉਥੇ ਹੋ ਰਹੀ ਸਮਾਜੀ ਤਬਦੀਲੀ ਨੇ ਉਨ੍ਹਾਂ ਦੀ ਮਾਨਸਿਕਤਾ ਉਤੇ ਡੂੰਘੀ ਛਾਪ ਲਾਈ।" (ਭਗਵਾਨ ਸਿੰਘ ਜੋਸ਼, ਪੰਜਾਬ ਵਿਚ ਕਮਿਊਨਿਸਟ ਲਹਿਰ, ਸਫਾ 47)

ਹੁਣ ਸੁਆਲ ਇਹ ਹੈ ਕਿ ਅਜਮੇਰ ਸਿੰਘ ਤਾਂ ਗਦਰ ਲਹਿਰ ਨੂੰ ਦੇਖਦਾ ਹੀ 1913-14 ਤੱਕ ਹੈ। ਇਸ ਤੋਂ ਅਗਾਂਹ ਦੇ ਵਿਕਾਸ ਨੂੰ ਉਹ ਛੇੜਨ ਲਈ ਤਿਆਰ ਨਹੀਂ। ਕਮਿਊਨਿਸਟ ਪਾਰਟੀ ਤਾਂ ਬਹੁਤ ਬਾਅਦ ਦੀਆਂ ਗੱਲਾਂ ਹਨ। 1927 ਵਿਚ ਬਣੀ 'ਕਿਰਤੀ ਕਿਸਾਨ ਪਾਰਟੀ' ਪਹਿਲੀ ਪਾਰਟੀ ਹੈ ਜਿਹੜੀ ਸਮਾਜਵਾਦੀ ਵਿਚਾਰਾਂ ਵਾਲੀ ਹੈ। ਉਂਜ ਜੇ ਗ਼ਦਰੀਆਂ ਦੇ ਕਮਿਊਨਿਸਟ ਬਣ ਜਾਣ ਦੀ ਗਿਣਤੀ ਕਰਨੀ ਹੋਵੇ ਤਾਂ ਇਕਬਾਲ ਹੁੰਦਲ, ਬਾਬਾ ਕਰਮ ਸਿੰਘ ਚੀਮਾ, ਬਾਬਾ ਦਲੀਪ ਸਿੰਘ ਫਾਹਲਾ, ਤੇਜਾ ਸਿੰਘ ਸੁਤੰਤਰ, ਬਾਬਾ ਬੂਝਾ ਸਿੰਘ, ਅੱਛਰ ਸਿੰਘ ਛੀਨਾ, ਸ਼ੇਰ ਸਿੰਘ ਵੇਈਂ ਪੂੰਈ, ਬਾਬਾ ਪਿਰਥੀ ਸਿੰਘ, ਬਾਬਾ ਗੁਰਮੁਖ ਸਿੰਘ ਲਲਤੋਂ-ਸੂਚੀ ਬਹੁਤ ਲੰਮੀ ਹੈ ਜਿਹੜੇ ਗਦਰ ਲਹਿਰ ਦੇ ਰਸਤਿਉਂ ਕਮਿਊਨਿਸਟ ਬਣੇ। ਜਗਜੀਤ ਸਿੰਘ ਸਰ ਜੌਹਨ ਕਮਿੰਗ ਦੇ ਹਵਾਲੇ ਨਾਲ ਲਿਖਦਾ ਹੈ, "ਰੂਸ ਵਿਚ ਬਾਲਸ਼ਵਿਕ ਇਨਕਲਾਬ ਹੋਣ ਪਿੱਛੋਂ ਗਦਰ ਪਾਰਟੀ ਨੇ ਆਪਣਾ ਜੋੜ ਕੌਮਾਂਤਰੀ ਕਮਿਊਨਿਸਟ ਲਹਿਰ ਨਾਲ ਜੋੜ ਲਿਆ ਅਤੇ ਜਿਉਂ-ਜਿਉਂ ਗਦਰੀ ਇਨਕਲਾਬੀ ਗਦਰ ਪਾਰਟੀ

*(ਬਾਕੀ ਅਗਲੇ ਸਫੇ 'ਤੇ)*

## ਛਾਤੀ ਅੰਦਰਲੇ ਥੇਹ (10)

# ਰਹਿ ਗਈ ਫਿਲਮ ਅਧੂਰੀ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਸੰਨ 1964 ਵਿਚ ਮੈਂ ਸਰਕਾਰੀ ਕਾਲਜ ਰੋਪੜ ਵਿਚ ਬੀ.ਐਸ.ਸੀ. ਪਹਿਲੇ ਸਾਲ ਵਿਚ ਪੜ੍ਹਦਾ ਸਾਂ। ਆਪਣੇ ਪਿੰਡ ਰਾਇਪੁਰ ਤੋਂ 13 ਮੀਲ ਦੂਰ ਪੜ੍ਹਨ ਲਈ ਸਾਇਕਲ ਚਲਾ ਕੇ ਜਾਣਾ ਤੇ ਵਾਪਸ ਆਉਣਾ ਨਿੱਤ ਦੀ ਰੁਟੀਨ ਸੀ। ਲਾਗਲੇ ਪਿੰਡਾਂ ਦੇ ਕੁਝ ਹੋਰ ਮੁੰਡੇ ਵੀ ਉਥੇ ਪੜ੍ਹਦੇ ਸਨ। ਅਸੀਂ ਚਾਰ-ਪੰਜ ਜਣੇ ਨਿੱਤ ਹੀ ਚਮਕੌਰ ਦੇ ਪੁਲ 'ਤੇ ਇਕੱਠੇ ਹੋ ਜਾਂਦੇ ਤੇ ਨਹਿਰ ਦੀ ਕੱਚੀ ਪਟੜੀ 'ਤੇ ਸਫਰ



**ਗੁਰਦਿਆਲ ਦਲਾਲ**
**ਫੋਨ: 91-98141-85363**

ਕਰਦੇ। ਸਾਡੇ ਸਾਰਿਆਂ ਕੋਲ ਭਾਰੇ ਥੈਲੇ ਵੀ ਹੁੰਦੇ। ਉਨ੍ਹਾਂ ਦਿਨਾਂ ਵਿਚ ਕਾਪੀਆਂ ਕਿਤਾਬਾਂ ਕਾਲਜ ਲੈ ਕੇ ਜਾਣ ਦਾ ਰਿਵਾਜ ਹੁੰਦਾ ਸੀ। ਮਾਣੇ ਮਾਜਰੇ ਦਾ ਹਰਜੀਤ ਸਾਥੋਂ ਇਕ ਸਾਲ ਅਤੇ ਕਿਸੇ ਹੋਰ ਪਿੰਡ ਦਾ ਜਸਵਿੰਦਰ ਦੋ ਸਾਲ ਸੀਨੀਅਰ ਹੁੰਦਾ ਸੀ। ਇਹ ਦੋਨੋਂ ਹਮੇਸ਼ਾ ਸਾਡੇ ਨਾਲ ਹੀ ਜਾਂਦੇ, ਆਉਂਦੇ। ਅਸੀਂ ਜੋ ਪਹਿਲੇ ਸਾਲ ਵਿਚ ਪੜ੍ਹਦੇ ਸਾਂ, ਉਨ੍ਹਾਂ ਦੇ ਤਜਰਬਿਆਂ ਵਿਚੋਂ ਨਿਕਲੀਆਂ ਦਿਲਚਸਪ ਗੱਲਾਂ ਬੜੇ ਸ਼ੌਕ ਨਾਲ ਸੁਣਦੇ, ਹੁੰਗਾਰਾ ਭਰਦੇ, ਉਚੀ-ਉਚੀ ਹੱਸਦੇ। ਪਤਾ ਹੀ ਨਾ ਲੱਗਦਾ ਕਦੋਂ ਲੰਬਾ ਪੈਂਡਾ ਤੈਅ ਹੋ ਜਾਂਦਾ। ਉਨ੍ਹਾਂ ਦੀਆਂ ਗੱਲਾਂ ਆਮ ਤੌਰ 'ਤੇ ਨਾਲ ਪੜ੍ਹਦੀਆਂ ਕੁੜੀਆਂ, ਪਿੰਡ ਵਿਚਲੇ ਨਾਜਾਇਜ਼ ਸਬੰਧਾਂ ਜਾਂ ਫਿਰ ਫਿਲਮਾਂ ਬਾਰੇ ਹੁੰਦੀਆਂ। ਹਰਜੀਤ ਨੂੰ ਬਹੁਤਾ ਲੂਣ-ਮਸਾਲਾ ਲਾ ਕੇ ਗੱਲ ਕਹਿਣ ਦਾ ਵਲ ਸੀ। ਉਹ ਗੱਲ ਦੀ ਹੂ-ਬਹੂ ਤਸਵੀਰ ਪੇਸ਼ ਕਰ ਦਿੰਦਾ।

ਇਕ ਦਿਨ ਪੜ੍ਹਨ ਜਾਂਦਿਆਂ ਹਰਜੀਤ ਨੇ ਰੋਪੜ ਦੇ ਸਿਨੇਮਾ ਘਰ ਵਿਚ ਲੱਗੀ ਕਿਸੇ ਪਿਕਚਰ ਦੀ ਪੂਰੀ ਕਹਾਣੀ ਸੁਣਾਈ ਜੋ ਉਸ ਨੇ ਤਿੰਨ ਵਾਰੀ ਦੇਖੀ ਸੀ। ਉਹ ਐਕਟਰਾਂ ਵਾਂਗ ਡਾਇਲਾਗ ਵੀ ਨਾਲੋ ਨਾਲ ਬੋਲ ਰਿਹਾ ਸੀ ਤੇ ਗਾਣੇ ਵੀ ਸੁਣਾ ਰਿਹਾ ਸੀ। ਇਸ ਤੋਂ ਪਹਿਲਾਂ ਮੈਂ ਇਕ ਪਿਕਚਰ ਹੀ ਦੇਖੀ ਸੀ; ਉਹ ਵੀ ਚਮਕੌਰ ਦੀ ਸਭਾ ਵੇਲੇ ਵੱਡੇ ਤੰਬੂ ਹੇਠ। ਕਾਲਜ ਪੜ੍ਹਾਉਣ ਲਾਉਣ ਤੋਂ ਪਹਿਲਾਂ ਮਾਮੇ ਦੀ ਖਾਸ ਹਦਾਇਤ ਸੀ ਕਿ ਕਦੀ ਵੀ ਖੇਲ (ਪਿਕਚਰ) ਦੇਖਣ ਨਹੀਂ ਜਾਣਾ ਤੇ ਨਾ ਹੀ ਕਦੀ ਕਾਲਜ ਮਿੱਸ ਕਰਨਾ ਹੈ। ਘਰ ਤੋਂ ਸਿੱਧਾ ਕਾਲਜ ਤੇ ਵਾਪਸ ਘਰ ਆਉਣਾ ਹੈ। ਜੇ ਕਦੀ ਮੈਂ ਘੰਟਾ ਦੋ ਘੰਟੇ ਲੇਟ ਹੋ ਜਾਂਦਾ ਤਾਂ ਉਹ ਸੌ ਸਵਾਲ ਪੁੱਛਦਾ। ਪੁਲਸੀਆਂ ਵਾਂਗ ਜਾਂਚ-ਪੜਤਾਲ ਕਰਦਾ। ਜਿਹੜੀ ਕਿਤਾਬ-ਕਾਪੀ ਮੈਂ ਖਰੀਦ ਕੇ ਲਿਆਉਂਦਾ, ਉਹ ਉਸ ਵਿਚ ਦਸਤਖਤ ਕਰ ਕੇ ਪੈਸੇ ਡਾਇਰੀ 'ਚ ਨੋਟ ਕਰ ਲੈਂਦਾ। ਮੈਨੂੰ ਦਿੱਤੇ ਤੇ ਖਰਚੇ ਹੋਏ ਪੈਸਿਆਂ ਦਾ ਪੂਰਾ ਵਹੀ ਖਾਤਾ ਰੱਖਦਾ। ਇਕ ਵਾਰੀ ਮੈਥੋਂ ਕੁਝ ਪੈਸੇ ਖਰਚੇ ਗਏ। ਮੈਂ ਘਰ ਆ ਕੇ ਕਹਿ ਦਿੱਤਾ ਕਿ ਪੈਂਚਰ ਦੇ ਦੋ ਆਨੇ ਲਿਖ ਲਉ। ਕਿਥੇ ਹੋਇਆ? ਕਿਵੇਂ ਹੋਇਆ? ਕਿਹੜੇ ਪਹੀਏ 'ਚ ਹੋਇਆ? ਕਿਹੜੀ ਦੁਕਾਨ ਤੋਂ ਪੈਂਚਰ ਲਵਾਇਆ? ਪੁੱਛਣ ਮਗਰੋਂ ਉਸ ਨੇ ਸਾਇਕਲ ਲਿਟਾਇਆ ਤੇ ਟਿਊਬ ਬਾਹਰ ਕੱਢ ਕੇ ਚੈਕ ਕੀਤੀ। ਕੋਈ ਪੈਂਚਰ ਨਹੀਂ ਸੀ ਲੱਗਾ ਹੋਇਆ। ਉਹਨੇ ਮੈਨੂੰ ਢਾਹ ਲਿਆ। ਕਈ ਲਫੇੜੇ ਸੁੱਟੇ ਤੇ ਨੱਕ ਨਾਲ ਲਕੀਰਾਂ ਕਢਵਾਈਆਂ ਕਿ ਅੱਗੇ ਤੋਂ ਝੂਠ ਨਹੀਂ ਬੋਲਾਂਗਾ!

ਖ਼ੈਰ, ਹਰਜੀਤ ਤੋਂ ਫਿਲਮ ਦੀ ਸਟੋਰੀ ਸੁਣ ਕੇ ਅਸੀਂ ਬੜੇ ਪ੍ਰਭਾਵਿਤ ਹੋਏ ਤੇ ਇਹ ਫਿਲਮ ਦੇਖਣ ਦੀ ਸਲਾਹ ਬਣਾ ਲਈ। ਇਕ ਦਿਨ ਘਰੋਂ ਸਿੱਧੇ ਸਵੇਰ ਦਾ ਸ਼ੋਅ ਦੇਖਣ ਲਈ ਸਿਨੇਮੇ ਪੁੱਜ ਗਏ। ਹਰਜੀਤ ਐਨ ਮੌਕੇ 'ਤੇ ਜਵਾਬ ਦੇ ਗਿਆ ਕਿ ਉਹਨੇ ਫਿਲਮ ਪਹਿਲਾਂ ਹੀ ਕਈ ਵਾਰੀ ਦੇਖੀ ਹੋਈ ਹੈ। ਅਸੀਂ ਆਪਣੇ ਸਾਇਕਲ ਸਟੈਂਡ 'ਤੇ ਖੜ੍ਹੇ ਕਰ ਕੇ ਟਿਕਟਾਂ ਖਰੀਦਣ ਲੱਗ ਪਏ ਤੇ ਹਰਜੀਤ ਕਾਲਜ ਚਲਾ ਗਿਆ। ਐਡੇ ਵੱਡੇ ਪਰਦੇ 'ਤੇ ਹਨੇਰੇ ਵਿਚ ਪਿਕਚਰ ਦੇਖਣ ਦਾ ਨਜ਼ਾਰਾ ਹੀ ਕੁਝ ਹੋਰ ਸੀ। ਅਸੀਂ ਸਾਰੇ ਪਿਕਚਰ ਦਾ ਖੂਬ ਅਨੰਦ ਲੈ ਰਹੇ ਸਾਂ ਤੇ ਨਾਲ ਦੀ ਨਾਲ ਬੋਲੀ ਵੀ ਜਾ ਰਹੇ ਸਾਂ ਕਿ ਹੁਣ ਇਹ ਹੋਵੇਗਾ, ਉਹ ਹੋਵੇਗਾ। ਸਾਨੂੰ ਫਿਲਮ ਨੇ ਕਿਸੇ ਹੋਰ ਹੀ ਦੁਨੀਆਂ ਵਿਚ ਪਹੁੰਚਾ ਦਿੱਤਾ ਸੀ। ਇੰਟਰਵਲ ਹੋਇਆ ਤਾਂ ਅਸੀਂ ਬਾਹਰ ਆ ਗਏ। ਟੋਸਟਾਂ ਵਾਲੇ ਤੋਂ ਇਕ-ਇਕ ਟੋਸਟ ਲੈ ਕੇ ਮੌਜ ਨਾਲ ਖਾਣ ਲੱਗੇ।

ਅਚਾਨਕ ਮੇਰੀ ਨਜ਼ਰ ਸਾਹਮਣੇ ਪਿੱਪਲ ਦੁਆਲੇ ਬਣੇ ਥੜ੍ਹੇ 'ਤੇ ਬੈਠੇ, ਸਿਗਰਟ ਪੀਂਦੇ ਮਾਮੇ ਨਾਲ ਜਾ ਭਿੜੀ। ਇਹ ਕਿੱਥੋਂ ਆ ਗਿਆ? ਮੇਰੇ ਉਤੇ ਜਿਵੇਂ ਬਿਜਲੀ ਆਣ ਡਿੱਗੀ ਹੋਵੇ। ਚੱਕ ਵੱਢਿਆ ਟੋਸਟ ਮੇਰੇ ਮੂੰਹ ਵਿਚ ਫੁੱਲਣ ਲੱਗਾ ਤੇ ਲੱਤਾਂ ਕੰਬਣ ਲੱਗ ਪਈਆਂ। ਮੈਂ ਚਾਬੀ ਦਿੱਤੇ ਖਿਡਾਉਣੇ ਵਾਂਗ ਮਲਕ-ਮਲਕ ਮਾਮੇ ਵੱਲ ਤੁਰ ਪਿਆ ਤੇ ਕੋਲ ਪੁੱਜ ਰੋਣ ਲੱਗ ਪਿਆ। ਮੇਰੇ ਹੱਥ ਵਿਚ ਫੜਿਆ ਬਾਕੀ ਦਾ ਟੋਸਟ ਪਤਾ ਨਹੀਂ ਕਦੋਂ ਭੁੰਜੇ ਡਿੱਗ ਪਿਆ ਸੀ।

***ਅਚਾਨਕ ਮੇਰੀ ਨਜ਼ਰ ਸਾਹਮਣੇ ਪਿੱਪਲ ਦੁਆਲੇ ਬਣੇ ਥੜ੍ਹੇ 'ਤੇ ਬੈਠੇ, ਸਿਗਰਟ ਪੀਂਦੇ ਮਾਮੇ ਨਾਲ ਜਾ ਭਿੜੀ। ਇਹ ਕਿੱਥੋਂ ਆ ਗਿਆ? ਮੇਰੇ ਉਤੇ ਜਿਵੇਂ ਬਿਜਲੀ ਆਣ ਡਿੱਗੀ ਹੋਵੇ। ਚੱਕ ਵੱਢਿਆ ਟੋਸਟ ਮੇਰੇ ਮੂੰਹ ਵਿਚ ਫੁੱਲਣ ਲੱਗਾ ਤੇ ਲੱਤਾਂ ਕੰਬਣ ਲੱਗ ਪਈਆਂ। ਮੈਂ ਚਾਬੀ ਦਿੱਤੇ ਖਿਡਾਉਣੇ ਵਾਂਗ ਮਲਕ-ਮਲਕ ਮਾਮੇ ਵੱਲ ਤੁਰ ਪਿਆ ਤੇ ਕੋਲ ਪੁੱਜ ਰੋਣ ਲੱਗ ਪਿਆ। ਮੇਰੇ ਹੱਥ ਵਿਚ ਫੜਿਆ ਬਾਕੀ ਦਾ ਟੋਸਟ ਪਤਾ ਨਹੀਂ ਕਦੋਂ ਭੁੰਜੇ ਡਿੱਗ ਪਿਆ ਸੀ।***

"ਮਾਮਾ, ਮੈਥੋਂ ਗਲਤੀ ਹੋ ਗਈ, ਮੁਆਫ਼ ਕਰ ਦੇ", ਮੈਂ ਕਿਹਾ ਪਰ ਉਹ ਕੁਝ ਨਾ ਬੋਲਿਆ। ਮੈਨੂੰ ਘੂਰੀ ਗਿਆ।

"ਜਸਵਿੰਦਰ ਹੋਣਾਂ ਨੇ ਗਾਲ੍ਹ ਪਾ ਦਿੱਤੀ ਸੀ, ਬਈ ਜਿਹੜਾ ਨਹੀਂ ਦੇਖੂ...।" ਮੈਂ ਫਿਰ ਕਿਹਾ ਪਰ ਮਾਮਾ ਉਵੇਂ ਹੀ ਸਿਗਰਟ ਪੀਂਦਾ ਰਿਹਾ। ਮੈਂ ਥੜ੍ਹੇ 'ਤੇ ਚੜ੍ਹ ਕੇ ਉਹਦੇ ਪੈਰ ਫੜ ਲਏ ਤੇ ਫਿਰ ਮੁਆਫ਼ੀ ਮੰਗੀ। ਉਹਨੇ ਖੜ੍ਹਾ ਹੁੰਦਿਆਂ ਸਾਰ ਸਿਗਰਟ ਜੁੱਤੀ ਹੇਠ ਮਸਲੀ ਤੇ ਮੇਰੇ ਸਿਰ 'ਤੇ ਜ਼ੋਰ ਨਾਲ ਧੱਫਾ ਮਾਰਿਆ। ਮੈਂ ਫੁੜ੍ਹਕ ਕੇ ਡਿੱਗ ਪਿਆ ਤੇ ਮੇਰੀ ਪਗੜੀ ਢਹਿ ਗਈ। ਫਿਰ ਉਹ ਮੇਰੇ ਵਾਲ ਫੜ ਕੇ ਮੈਨੂੰ ਘੁਮੇਟਣੀਆਂ ਦੇਣ ਲੱਗ ਪਿਆ। ਡਿੱਗੇ ਪਏ ਦੇ ਗੋਡੇ, ਮੁੱਕੇ ਮਾਰ-ਮਾਰ ਮੇਰਾ ਕਚੂਮਰ ਕੱਢ ਦਿੱਤਾ। ਸਾਡੇ ਆਲੇ-ਦੁਆਲੇ ਕਾਫ਼ੀ ਲੋਕ ਇਕੱਠੇ ਹੋ ਗਏ। ਮੈਂ ਨਜ਼ਰ ਘੁਮਾ ਕੇ ਦੇਖਿਆ। ਮੇਰੇ ਸਾਰੇ ਆੜੀ ਗਾਇਬ ਸਨ। ਲੋਕਾਂ ਨੇ ਮਾਮੇ ਤੋਂ ਮੈਨੂੰ ਛੁਡਾਇਆ। ਮੈਂ ਜੂੜਾ ਕੀਤਾ ਤੇ ਬਿਨਾਂ ਸ਼ੀਸ਼ੇ ਤੋਂ ਪੱਗ ਲਪੇਟ ਲਈ।

"ਚੱਲ, ਹੋ ਜਾ ਸਿੱਧਾ ਕਾਲਜ ਨੂੰ।" ਮੈਂ ਆਪਣਾ ਸਾਇਕਲ ਚੁੱਕ ਉਹਦੇ ਮਗਰ ਲਾ ਲਿਆ। ਉਹ ਮੈਨੂੰ ਪ੍ਰਿੰਸੀਪਲ ਪੀ.ਸੀ. ਜੋਸ਼ੀ ਕੋਲ ਲੈ ਗਿਆ ਤੇ ਸਾਰੀ ਕਰਤੂਤ ਦੱਸੀ। ਪ੍ਰਿੰਸੀਪਲ ਸਾਰੀ ਗੱਲ ਸੁਣ ਕੇ ਬੋਲਿਆ, "ਤੁਹਾਡਾ ਮੁੰਡਾ ਹੁਣ ਸਮਝ ਲਵੋ...ਪੜ੍ਹ ਗਿਆ। ਤੁਸੀਂ ਬਹੁਤ ਚੰਗਾ ਕੀਤਾ। ਜਿਹੜੇ ਮਾਪੇ ਬੱਚਿਆਂ ਦਾ ਧਿਆਨ ਰੱਖਦੇ ਨੇ, ਉਨ੍ਹਾਂ ਦੇ ਬੱਚੇ ਹੀ ਜ਼ਿੰਦਗੀ 'ਚ ਤਰੱਕੀ ਕਰਦੇ ਨੇ। ਇਹ ਬਾਂਦਰ-ਬੁੱਧ ਹੁੰਦੀ ਏ ਬਚਪਨ ਦੀ। ਜੀਹਨੇ ਲਾਈ ਗੱਲੀਂ, ਉਹਦੇ ਨਾਲ ਉੱਠ ਚੱਲੀ। ਤੁਸੀਂ ਇਹਦਾ ਪਤਾ ਕਰਦੇ ਰਿਹੋ।"

ਦਫ਼ਤਰੋਂ ਨਿਕਲ ਮਾਮਾ ਮੈਨੂੰ ਕਾਲਜ ਦੀ ਕੰਟੀਨ ਵਿਚ ਲੈ ਵੜਿਆ ਤੇ ਬੋਲਿਆ, "ਖਾ ਲੈ ਜੋ ਕੁਛ ਖਾਣਾ ਏਂ।" ਮੈਂ ਨੀਵੀਂ ਪਾਈ ਖੜ੍ਹਾ ਰਿਹਾ ਤੇ ਕਿਹਾ, "ਮੈਂ ਨਹੀਂ ਖਾਣਾ ਕੁਛ ਵੀ।"

ਉਹ ਦੋ ਪਲੇਟਾਂ ਸਮੋਸੇ, ਦੋ ਪਲੇਟਾਂ ਗੁਲਾਬ ਜਾਮਣ ਅਤੇ ਚਾਹ ਦਾ ਆਰਡਰ ਦੇ ਆਇਆ ਤੇ ਫਿਰ ਮੈਨੂੰ ਬੈਂਚ 'ਤੇ ਬਿਠਾ ਕੇ ਮੇਰੇ ਮੋਢੇ ਉਪਰੋਂ ਬਾਂਹ ਵਲਾ ਕੇ ਬੋਲਿਆ, "ਦੇਖ ਬੱਚੂ! ਤੇਰਾ ਪਿਉ ਮਰਿਆ, ਤੇਰੀ ਜ਼ਿੰਮੇਵਾਰੀ ਮੇਰੇ 'ਤੇ ਆ ਪਈ। ਸਾਡੀ ਆਪਣੀ ਤਾਂ ਕੋਈ ਔਲਾਦ ਹੈ ਨ੍ਹੀਂ। ਤੇਰੀ ਮਾਂ ਠੀਕ ਸਮਝੂ, ਤੈਨੂੰ ਸਾਡੇ ਨਾਂ ਲੁਆਦੂ। ਤੇਰੀ ਮਾਮੀ ਅਤੇ ਮੇਰੀਆਂ ਤੇਰੇ 'ਤੇ ਆਸਾਂ ਨੇ। ਮੈਂ ਤੈਨੂੰ ਪੂਰਾ ਪੜ੍ਹਾ ਕੇ ਅਫ਼ਸਰ ਬਣਾਉਣਾ ਚਾਹੁੰਦਾ ਹਾਂ। ਚਾਹੇ ਮੈਨੂੰ ਭੀਖ ਵੀ ਕਿਉਂ ਨਾ ਮੰਗਣੀ ਪਵੇ। ਬੋਲ ਤੂੰ ਬਣਨਾ ਚਾਹੁੰਦਾ ਏਂ ਅਫ਼ਸਰ?"

ਭਰੀਆਂ ਅੱਖਾਂ ਨਾਲ ਮੈਂ 'ਹਾਂ' ਵਿਚ ਸਿਰ ਹਿਲਾਇਆ। ਮੈਂ ਮਨ ਹੀ ਮਨ ਫ਼ੈਸਲਾ ਕੀਤਾ ਕਿ ਮਾਮੇ ਦੀ ਇਹ ਸੱਧਰ ਜ਼ਰੂਰ ਪੂਰੀ ਕਰਾਂਗਾ।

ਰਸਤੇ ਵਿਚ ਵਾਪਸੀ 'ਤੇ ਮੈਂ ਮਾਮੇ ਨੂੰ ਪੁੱਛ ਹੀ ਲਿਆ, "ਭਲਾ ਤੈਨੂੰ ਕਿਵੇਂ ਪਤਾ ਲੱਗਾ ਕਿ ਅਸੀਂ...।"

ਉਹ ਸਿਗਰਟ ਦਾ ਕਸ਼ ਖਿੱਚਦਾ ਬੋਲਿਆ, "ਬੱਲੇ ਉਇ ਤੇਰੇ ਬੂਝੜਾ! ਐਂ ਦੱਸਣ ਲੱਗੇ, ਫੇਰ ਸਾਡੀ ਸੀ.ਆਈ.ਡੀ. ਕਾਹਦੀ ਰਹੀ?"

"ਇਕ ਗੱਲ ਹੋਰ...ਮੰਨੇਂਗਾ?" ਮੈਂ ਪੁੱਛਿਆ।

"ਬੋਲ।"

"ਹੁਣ ਮਾਮਾ ਬਣ ਕੇ ਬੇਬੇ ਨੂੰ ਨਾ ਦੱਸੀਂ ਘਰ ਜਾ ਕੇ। ਨਹੀਂ ਉਹ ਵੀ ਕੁੱਟੂ।"

"ਠੀਕ ਆ।" ਉਹ ਮੁਸਕਰਾਇਆ ਤੇ ਪਤਾ ਨਹੀਂ ਕੀ ਗੁਣ-ਗੁਣਾਉਣ ਲੱਗ ਪਿਆ।

—

ਕੁਝ ਵਰ੍ਹੇ ਪਹਿਲਾਂ ਜਦੋਂ ਮਾਮਾ ਮਰਿਆ ਤੇ ਅਸੀਂ ਉਹਨੂੰ ਮੜ੍ਹੀਆਂ ਵਿਚ ਦਾਗ਼ ਲਾਉਣ ਲੱਗੇ ਤਾਂ ਮੈਂ ਜੇਬ ਵਿਚੋਂ ਮੋਮੀ ਕਾਗਜ਼ ਕੱਢ ਕੇ ਖੋਲ੍ਹਿਆ, ਕਾਗਜ਼ ਖਾਲੀ ਸੀ। ਪੰਜ-ਰਤਨਾ ਪਤਾ ਨਹੀਂ ਕਿੱਥੇ ਡਿੱਗ ਪਿਆ ਸੀ। ਮੈਂ ਐਵੇਂ ਖਾਲੀ ਕਾਗਜ਼ ਹੀ ਉਹਦੇ ਮੂੰਹ ਵਿਚ ਉਲੱਦ ਦਿੱਤਾ। ਕਿਸੇ ਨੂੰ ਵੀ ਪਤਾ ਨਾ ਲੱਗਾ। ਫੁੱਲ ਚੁਗਣ ਮਗਰੋਂ ਸੱਤਿਆ ਕਹਿਣ ਲੱਗੀ, "ਵੀਰ ਜੀ, ਫੁੱਫੜ ਜੀ ਦੇ ਫੁੱਲ ਹਰਦੁਆਰ ਜਾ ਕੇ ਪਾਉਣੇ ਹਨ ਤੇ ਪਹੋਏ ਗਤ ਕਰਵਾਉਣੀ ਹੈ। ਇਹ ਕੰਮ ਹੈ ਔਖਾ। ਜੇ ਤਾਂ ਤੁਸੀਂ ਜਾ ਸਕਦੇ ਹੋ ਤਾਂ ਠੀਕ; ਨਹੀਂ ਮੈਂ ਆਪਣੇ ਦਿਉਰ ਨੂੰ ਲੈ ਕੇ ਜਾ ਆਵਾਂਗੀ।"

"ਨਹੀਂ, ਅਸੀਂ ਪਾ ਆਉਂਦੇ ਹਾਂ ਤੇ ਗਤ ਵੀ ਕਰਵਾ ਆਵਾਂਗੇ।" ਮੈਂ ਕਿਹਾ ਤੇ ਮਾਮੇ ਦੇ ਫੁੱਲ ਗੱਡੀ ਵਿਚ ਲਟਕਾ ਲਏ। ਚਮਕੌਰ ਦੇ ਪੁਲ 'ਤੇ ਅਸੀਂ ਚਾਰਾਂ ਭਰਾਵਾਂ ਨੇ ਸਲਾਹ ਕੀਤੀ ਕਿ ਹੁਣ ਤਾਂ ਮਿੱਟੀ ਐ; ਕਿੱਥੇ ਹਰਦੁਆਰ ਵਿਚ ਭਟਕਦੇ ਫਿਰਾਂਗੇ, ਜਿਥੇ ਮਰਜ਼ੀ ਏ ਸੁੱਟ ਦੇਵੋ। ਅਸੀਂ ਫੁੱਲ ਕਟਾਣਾ ਸਾਹਿਬ ਗੁਰਦੁਆਰੇ ਕੋਲੋਂ ਸਰਹੰਦ ਨਹਿਰ 'ਚ ਸੁੱਟ ਕੇ ਘਰ ਆ ਗਏ। ਮਗਰੋਂ ਗਤ ਵਗੈਰਾ ਵੀ ਨਾ ਕਰਵਾਈ।

ਜਦੋਂ ਮਾਮੀ ਮਰੀ ਤਾਂ ਉਹ ਆਪਣੀ ਭਤੀਜੀ ਸੱਤਿਆ ਕੋਲ ਹੀ ਸੀ। ਅਸੀਂ ਦਾਗਾਂ 'ਤੇ ਗਏ ਤਾਂ ਸੱਤਿਆ ਕਹਿਣ ਲੱਗੀ, "ਵੀਰ ਜੀ, ਤੁਸੀਂ ਫੁੱਫੜ ਜੀ ਦੀ ਗਤ ਕਰਵਾ ਦਿੱਤੀ ਸੀ?"

"ਹਾਂ।" ਮੈਂ ਕਿਹਾ।

"ਖਾਉ ਤਾਂ ਸਹੁੰ ਫੁੱਫੜ ਜੀ ਦੀ!" ਉਹ ਬੋਲੀ।

ਮੈਂ ਝੂਠਾ ਪੈ ਗਿਆ। ਮੇਰੇ ਵਿਚ ਮਾਮੇ ਦੀ ਝੂਠੀ ਸਹੁੰ ਖਾਣ ਦੀ ਹਿੰਮਤ ਨਹੀਂ ਸੀ। ਮੈਂ ਸੱਚ-ਸੱਚ ਦੱਸ ਦਿੱਤਾ। ਉਹ ਦੁਖੀ ਹੋਈ।

ਮਗਰੋਂ ਸੱਤਿਆ ਪਿਹੋਏ ਜਾ ਕੇ ਮਾਮੇ ਅਤੇ ਮਾਮੀ, ਦੋਹਾਂ ਦੀ ਗਤ ਕਰਾ ਕੇ ਆਈ।

***(ਚਲਦਾ)***

---

# ਗਦਰੀਆਂ ਬਾਰੇ ਤੱਥਾਂ ਦੀ ਤੋੜ-ਮਰੋੜ

***(ਪਿਛਲੇ ਸਫੇ ਦੀ ਬਾਕੀ)***

ਲਹਿਰ ਸਬੰਧੀ ਹੋਈਆਂ ਲੰਮੀਆਂ ਸਜ਼ਾਵਾਂ ਭੁਗਤਣ ਪਿੱਛੋਂ ਰਿਹਾ ਹੁੰਦੇ ਗਏ, ਉਹ ਇਸ ਲਹਿਰ ਵਿਚ ਸ਼ਾਮਲ ਹੁੰਦੇ ਗਏ।" ਜਗਜੀਤ ਸਿੰਘ ਅੱਗੇ ਲਿਖਦੇ ਹਨ, "ਸ੍ਰੀ ਗੁਰਮੁਖ ਸਿੰਘ ਅਤੇ ਸ੍ਰੀ ਪਿਰਥੀ ਸਿੰਘ ਅਜੇ ਤੱਕ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਹਨ ਅਤੇ ਜਦ ਪੰਜਾਬ ਵਿਚਲੀ ਕਮਿਊਨਿਸਟ ਲਹਿਰ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਇਨ੍ਹਾਂ ਵਿਚ ਇਸ ਦੀ ਵਿਸ਼ੇਸ਼ ਥਾਂ ਹੋਵੇਗੀ।" ਇਸ ਤੋਂ ਅਗਾਂਹ ਜਗਜੀਤ ਸਿੰਘ 1939 ਦੀ ਇਕ ਪੰਜਾਬ ਪੁਲਿਸ ਰਿਪੋਰਟ ਦਾ ਹਵਾਲਾ ਦਿੰਦੇ ਲਿਖਦੇ ਹਨ, "(ਕਿਸਾਨ) ਕਮੇਟੀ ਉਤੇ ਪਿੱਛੇ ਵੀ ਅਤੇ ਹੁਣ ਵੀ ਸਜ਼ਾ-ਯਾਫਤਾ ਤਰਾਸਵਾਦੀਆਂ ਅਤੇ ਗਦਰ ਪਾਰਟੀ ਦਾ ਗਲਬਾ ਰਿਹਾ ਹੈ ਜਿਹੜੇ ਸਭ ਰੂਸ ਤੋਂ ਪ੍ਰੇਰਨਾ ਲੈਂਦੇ ਹਨ।" (ਜਗਜੀਤ ਸਿੰਘ, ਗਦਰ ਪਾਰਟੀ ਲਹਿਰ, ਸਫਾ 416 ਤੋਂ 418)

ਇਨ੍ਹਾਂ ਤੱਥਾਂ ਤੋਂ ਬਾਅਦ ਅਜਮੇਰ ਸਿੰਘ ਦੇ ਦਾਅਵੇ ਦਾ ਕੀ ਅਰਥ ਰਹਿ ਜਾਂਦਾ ਹੈ ਜਿਸ 'ਚ ਉਹ ਕਹਿੰਦਾ ਹੈ ਕਿ ਇਕ-ਅੱਧ ਬੰਦਾ ਹੀ ਕਮਿਊਨਿਸਟ ਬਣਿਆ ਸੀ। ਉਸ ਦਾ ਸਾਰਾ ਵਿਸ਼ਲੇਸ਼ਣ ਹੀ ਨਿਰਮੂਲ, ਤੱਥ ਵਿਹੂਣਾ ਅਤੇ ਮਨਘੜਤ ਗੱਲਾਂ ਉਪਰ ਖੜ੍ਹਾ ਹੈ।

ਸਿੱਖ ਵਿਸ਼ਲੇਸ਼ਣਕਾਰ ਦੀ ਪੁਸਤਕ ਦਾ ਸਭ ਨਾਲੋਂ ਵੱਡਾ ਦੁਖਾਂਤਕ ਪਾਸਾਰ ਇਹ ਹੈ, "7-8 ਹਜ਼ਾਰ ਮਰਜੀਵੜਿਆਂ ਵਿਚੋਂ ਹਿੰਦੂ ਅਤੇ ਮੁਸਲਮਾਨ ਰਲ ਕੇ 50 ਤੋਂ ਵੱਧ ਨਹੀਂ ਸਨ। ਬਾਕੀ ਸਾਰੇ ਕਿਸਾਨ ਸਨ।" (ਅਜਮੇਰ ਸਿੰਘ, ਗਦਰੀ ਬਾਬੇ ਕੌਣ ਸਨ? ਸਫਾ 11)। ਇਹ ਤੱਥ ਐਡਾ ਨਿਰਮੂਲ ਅਤੇ ਭੁਲੇਖਾਪਾਊ ਹੈ ਕਿ ਲੇਖਕ ਜਾਂ ਤਾਂ ਤੱਥਾਂ ਤੋਂ ਬਿਲਕੁਲ ਹੀ ਅਗਿਆਨੀ ਅਤੇ ਅਣਜਾਣ ਹੈ, ਤੇ ਜਾਂ ਤੱਥ ਛੁਪਾ ਰਿਹਾ ਹੈ। ਇਤਿਹਾਸਕ ਤੱਥ ਇਉਂ ਛੁਪਦੇ ਨਹੀਂ ਹਨ ਕਿਉਂਕਿ ਇਹ ਚੋਰੀ ਦਾ ਗੁੜ ਥੋੜ੍ਹਾ ਹੁੰਦਾ ਹੈ ਜਿਸ ਨੂੰ ਬੁੱਕਲ ਵਿਚ ਭੰਨ ਕੇ ਖਾ ਲਿਆ ਜਾਵੇ।

ਅਜਮੇਰ ਸਿੰਘ ਸਿੰਘਾਪੁਰ ਦੇ ਵਿਦਰੋਹ ਦਾ ਜ਼ਿਕਰ ਤੱਕ ਨਹੀਂ ਕਰਦਾ। ਗਦਰ ਲਹਿਰ ਦਾ ਇਹ ਇਕੋ-ਇਕ ਵਿਦਰੋਹ ਹੈ ਜੋ ਸਿਰੇ ਚੜ੍ਹਦਾ ਹੈ ਤੇ 10-12 ਦਿਨ ਗ਼ਦਰੀਆਂ ਦਾ ਸਿੰਘਾਪੁਰ ਉਤੇ ਕਬਜ਼ਾ ਰਹਿੰਦਾ ਹੈ। ਉਨ੍ਹਾਂ ਨੇ ਸੜਕਾਂ 'ਤੇ ਫਿਰਦੇ ਯੂਰਪੀਨਾਂ ਨੂੰ ਮਾਰ ਮੁਕਾਇਆ ਸੀ, ਜਰਮਨ ਜੰਗੀ ਕੈਦੀਆਂ ਨੂੰ ਮੁਕਤ ਕਰ ਦਿੱਤਾ ਸੀ, ਕਿਸੇ ਔਰਤ ਨੂੰ ਨੁਕਸਾਨ ਨਹੀਂ ਪਹੁੰਚਾਇਆ ਸੀ। ਅੰਗਰੇਜ਼ਾਂ ਨੂੰ ਇਹ ਬਗ਼ਾਵਤ ਠੱਲ੍ਹਣ ਲਈ ਜਪਾਨ ਅਤੇ ਰੂਸ ਵਿਚੋਂ ਫੌਜਾਂ ਮੰਗਵਾਉਣੀਆਂ ਪਈਆਂ ਸਨ। ਇਹ ਵਿਦਰੋਹ 15 ਫਰਵਰੀ 1915 ਨੂੰ ਵਾਪਰਿਆ ਸੀ। ਇਹ 400 ਪੰਜਾਬੀ ਮੁਸਲਮਾਨਾਂ ਦੀ ਪੰਜਵੀਂ ਲਾਈਟ ਇਨਫੈਂਟਰੀ ਰੈਜੀਮੈਂਟ ਸੀ। ਇਹ ਉਹ ਵਿਦਰੋਹੀ ਸਨ ਜਿਨ੍ਹਾਂ ਨੂੰ ਬਰਤਾਨਵੀ ਸਰਕਾਰ ਨੇ 15000 ਲੋਕਾਂ ਦੀ ਹਾਜ਼ਰੀ ਵਿਚ ਚਿੱਟੇ ਦਿਨ ਗੋਲੀਆਂ ਨਾਲ ਉਡਾਇਆ ਸੀ। ਇਸ ਰੈਜੀਮੈਂਟ ਵਿਚ 200 ਦਾ ਕੋਰਟ ਮਾਰਸ਼ਲ ਕੀਤਾ, 47 ਨੂੰ ਕਤਲ ਕੀਤਾ, 64 ਨੂੰ ਉਮਰ ਕੈਦ ਕੀਤੀ ਅਤੇ 73 ਨੂੰ 7 ਤੋਂ 20 ਸਾਲ ਦੀ ਸਜ਼ਾ ਦਿੱਤੀ। (Prithvi Raj Kalra, The Singapore Mutiny of 1915, The Ghadar Movement, Edit by J.S. Grewal and others P-321-333) ਕੀ ਇਨ੍ਹਾਂ ਪੰਜਾਬੀ ਮੁਸਲਮਾਨਾਂ ਦੀ ਸ਼ਹੀਦੀ ਬਰਤਾਨਵੀ ਸਰਕਾਰ ਲਈ ਲੜਦਿਆਂ ਹੋਈ ਹੈ? ਕੀ ਇਹ ਗਦਰੀ ਨਹੀਂ ਸਨ? ਇਹ ਪੰਜਾਬੀ ਮੁਸਲਮਾਨ ਜੀਂਦ ਅਤੇ ਰੋਹਤਕ ਜ਼ਿਲ੍ਹੇ ਦੇ ਸਨ ਤੇ ਇਨ੍ਹਾਂ ਵਿਚ ਕੁਝ ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲ੍ਹੇ ਤੋਂ ਸਨ। ਲੇਖਕ ਕਿਸ ਤੱਥ ਦੇ ਆਧਾਰ 'ਤੇ ਗ਼ੈਰ-ਸਿੱਖਾਂ ਨੂੰ 50 ਤੋਂ ਵੱਧ ਨਹੀਂ ਕਹਿੰਦਾ। ਬਰਕਤੁੱਲਾ ਵਰਗਾ ਸੂਝਵਾਨ ਲੀਡਰ, ਹਾਫਿਜ਼ ਅਬਦੁੱਲਾ ਜੋ ਮਨੀਲਾ ਦੀ ਗਦਰ ਪਾਰਟੀ ਦਾ ਪ੍ਰਧਾਨ ਸੀ ਅਤੇ ਰਹਿਮਤ ਅਲੀ ਵਜੀਦਕੇ ਦੀਆਂ ਕੁਰਬਾਨੀਆਂ ਕਿਸੇ ਗਿਣਤੀ-ਮਿਣਤੀ ਦੀਆਂ ਮੁਥਾਜ ਨਹੀਂ। ਲੇਖਕ ਦਾ ਦਾਅਵਾ ਹੈ ਕਿ ਬਾਕੀ ਸਭ ਸਿੱਖ ਕਿਸਾਨ ਸਨ। ਸਵਾਲ ਹੈ ਕਿ ਉਹ ਕਹਿਣਾ ਕੀ ਚਾਹੁੰਦਾ ਹੈ ਕਿ ਇਹ 'ਜੱਟ ਸਿੱਖਾਂ' ਦੀ ਲਹਿਰ ਸੀ। ਅਜਿਹਾ ਬਿਲਕੁਲ ਹੀ ਨਹੀਂ ਹੈ। ਮੰਗੂ ਰਾਮ ਮੁਗੋਵਾਲੀਆ ਵਰਗੇ ਦਲਿਤ ਨੂੰ ਕਿੱਥੇ ਰੱਖੋਗੇ ਜਿਹੜਾ ਮੈਵਰਿਕ ਜਹਾਜ਼ ਤੋਂ ਹਥਿਆਰ ਲੈਂਦਾ-ਲੈਂਦਾ ਕਈ ਸਾਲ ਪਰਾਏ ਮੁਲਕਾਂ ਵਿਚ ਭਟਕਦਾ ਰਿਹਾ। ਸੋ, ਲੇਖਕ ਦਾ ਸਪਸ਼ਟ ਏਜੰਡਾ ਫਿਰਕਾਪ੍ਰਸਤ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਹੜਾ ਸ਼ਹੀਦਾਂ ਦੀ ਸਿਰਲੱਥ ਕੁਰਬਾਨੀ ਉਤੇ ਪੰਜਾਬੀ ਕੌਮ ਨੂੰ ਤਾਰ-ਤਾਰ ਕਰ ਦੇਣੀ ਚਾਹੁੰਦਾ ਹੈ।

ਲੇਖਕ ਆਪਣੇ ਬਣਾਏ ਸੁਆਲਾਂ ਦੇ ਆਪ ਹੀ ਜਵਾਬ ਦੇਣ ਵਾਲੀ ਆਪਣੀ ਪੁਸਤਕ ਦੀ ਵਿਧੀ 'ਚ ਗਦਰ ਲਹਿਰ ਦਾ ਸਿੱਟਾ ਕੱਢਦਿਆਂ ਕਹਿੰਦਾ ਹੈ, "ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬ ਅੰਦਰ ਫੌਜੀ ਬਗਾਵਤ ਨਾਲ ਅੰਗਰੇਜ਼ ਹਕੂਮਤ ਦਾ ਸਿੰਘਾਸਨ ਡਾਵਾਂਡੋਲ ਹੋ ਜਾਣ ਦੀ ਸੂਰਤ ਵਿਚ ਸਿੱਖ ਜਨਤਾ ਅੰਦਰ ਲਾਜ਼ਮੀ ਤਕੜਾ ਉਭਾਰ ਪੈਦਾ ਹੋ ਜਾਣਾ ਸੀ, ਕਿਉਂਕਿ ਉਸ ਵੇਲੇ ਸਿੱਖਾਂ ਅੰਦਰ ਭਾਰਤੀ ਰਾਸ਼ਟਰਵਾਦ ਦੀਆਂ ਅਜੇ ਜੜ੍ਹਾਂ ਨਹੀਂ ਲੱਗੀਆਂ ਸਨ ਅਤੇ ਉਨ੍ਹਾਂ ਨੂੰ ਭਾਰਤ ਦੀ ਆਜ਼ਾਦੀ ਨਾਲੋਂ ਪੰਜਾਬ ਦੀ ਆਜ਼ਾਦੀ ਦੇ ਵਿਚਾਰ ਨੇ ਵਧੇਰੇ ਟੁੰਬਣਾ ਸੀ। ਦੋਵੇਂ ਹੀ ਗੱਲਾਂ ਸੰਭਵ ਸਨ। ਇਤਿਹਾਸ ਦਾ ਇਕ ਹੋਰ ਵੱਡਾ ਖ਼ੂਨ-ਖ਼ਰਾਬਾ ਵੀ ਹੋ ਸਕਦਾ ਸੀ ਅਤੇ ਪੰਜਾਬ ਅੰਦਰ ਸਿੱਖ ਰਾਜ ਦੀ ਮੁੜ ਸਥਾਪਨਾ ਵੀ ਹੋ ਸਕਦੀ ਸੀ। ਸ਼ਚਿੰਦਰ ਨਾਥ ਸਾਨਿਆਲ ਦੀ ਗਵਾਹੀ ਅਤੇ ਗ਼ਦਰੀਆਂ ਦੇ ਮੁਕੱਦਮੇ ਸੁਣਨ ਵਾਲੇ ਜੱਜਾਂ ਵੱਲੋਂ ਪ੍ਰਗਟਾਏ ਵਿਚਾਰਾਂ ਨੂੰ ਦੇਖਦੇ ਹੋਏ, ਇਹ ਸੋਚਣਾ ਉਕਾ ਹੀ ਗ਼ਲਤ ਨਹੀਂ ਕਿ ਗਦਰੀ ਇਨਕਲਾਬੀਆਂ ਅੰਦਰ ਵੀ ਖ਼ਾਲਸਾ ਰਾਜ ਦੀ ਮੁੜ ਸਥਾਪਨਾ ਦਾ ਜਜ਼ਬਾ ਅੰਗੜਾਈ ਲੈ ਸਕਦਾ ਸੀ। ਇਸ ਨਾਲ ਸਿੱਖਾਂ ਦਾ ਤਾਂ ਭਲਾ ਹੋਣਾ ਹੀ ਸੀ, ਭਾਰਤ ਦੇ ਦੂਜੇ ਮਜ਼ਲੂਮ ਵਰਗਾਂ ਲਈ ਵੀ ਇਹ ਸ਼ੁਭ ਸ਼ਗਨ ਹੋਣਾ ਸੀ।" (ਅਜਮੇਰ ਸਿੰਘ, ਗਦਰੀ ਬਾਬੇ ਕੌਣ ਸਨ? ਸਫਾ 236)

ਇਹ ਹੈ ਉਹ ਤੱਤ ਸਾਰ ਜਿਸ ਲਈ ਲੇਖਕ ਲੰਮਾ ਚੌੜਾ ਵਲ਼ ਮਾਰ ਕੇ ਆਉਂਦਾ ਹੈ ਪਰ ਇਹ ਸਾਰਾ ਕੁਝ ਆਪਾ-ਵਿਰੋਧੀ ਹੀ ਨਹੀਂ ਸਗੋਂ ਇਤਿਹਾਸਕ ਤੱਥਾਂ ਦੀ ਭੰਨ-ਤੋੜ ਹੈ। ਸੁਆਲ ਇਹ ਪੈਦਾ ਹੁੰਦਾ ਹੈ ਕਿ ਜਿਹੜੀ ਲੜਾਈ ਕੌਮੀ ਸਰੋਕਾਰਾਂ ਨਾਲ ਤੁਰਦੀ ਹੈ, ਉਸ ਨੂੰ ਇਹ ਕਹਿਣਾ ਕਿ ਸਿੱਖ ਰਾਜ ਦੀ ਮੁੜ ਸਥਾਪਨਾ ਵੀ ਹੋ ਸਕਦੀ ਸੀ; ਇਹ ਉਸ ਦਾ ਮਨ ਇੱਛਤ ਸੁਪਨਾ ਹੈ। ਦੂਜਾ, ਉਸ ਦਾ ਇਹ ਕਹਿਣਾ ਕਿ ਉਦੋਂ ਸਿੱਖਾਂ ਅੰਦਰ ਭਾਰਤੀ ਰਾਸ਼ਟਰਵਾਦ ਦੀਆਂ ਜੜ੍ਹਾਂ ਨਹੀਂ ਲੱਗੀਆਂ ਸਨ, ਕੀ ਲੇਖਕ ਸਿੱਖਾਂ ਨੂੰ ਪਛੜਿਆ ਹੀ ਰੱਖਣਾ ਚਾਹੁੰਦਾ ਹੈ? ਕੀ ਰਾਸ਼ਟਰਵਾਦ ਕੋਈ ਅਜਿਹੀ ਬਿਮਾਰੀ ਹੈ ਜਿਸ ਨਾਲ ਸਿੱਖਾਂ ਦਾ ਭਾਰੀ ਨੁਕਸਾਨ ਹੋ ਜਾਵੇਗਾ? ਇਹ ਕਿਉਂ ਜ਼ਰੂਰੀ ਹੈ ਕਿ ਹਰ ਸਿੱਖ ਦਾ ਭਲਾ ਲੇਖਕ ਵਾਲੀ ਸਿੱਖੀ ਵਿਚ ਹੈ, ਗੁਰਬਾਣੀ ਦੇ ਸਿਧਾਂਤ 'ਸਰਬੱਤ ਦੇ ਭਲੇ' ਵਿਚ ਨਹੀਂ? ਲੇਖਕ ਕਿਉਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੁਪਨਾ ਲੈ ਰਿਹਾ ਹੈ? ਇਹ ਉਹ ਇੱਛਾਵਾਂ ਹਨ ਜੋ ਨਾ ਤਾਂ ਗਦਰ ਵੇਲੇ ਪੂਰੀਆਂ ਹੋਣੀਆਂ ਸਨ ਅਤੇ ਨਾ ਹੀ ਅੱਜ ਦੇ ਸਮੇਂ ਪੂਰੀਆਂ ਹੋ ਸਕਦੀਆਂ ਹਨ। ਇਉਂ ਲੇਖਕ ਦਾ ਸਾਰਾ ਵਿਸ਼ਲੇਸ਼ਣ ਅਤੇ ਇੱਛਾਵਾਂ ਦੱਸਦੀਆਂ ਹਨ ਕਿ ਗਦਰ ਲਹਿਰ ਨੂੰ ਸਿੱਖ ਲਹਿਰ ਬਣਾਉਣ ਪਿੱਛੇ ਉਸ ਦਾ ਗੁਪਤ ਏਜੰਡਾ ਕੀ ਹੈ?

ਇਹ ਪੁਣ-ਛਾਣ ਲੇਖਕ ਦੀਆਂ ਕੁਝ ਧਾਰਨਾਵਾਂ ਅਤੇ ਤੱਥਾਂ ਦੀ ਹੈ ਜਿਨ੍ਹਾਂ ਤੋਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਤੱਥਾਂ ਅਤੇ ਇਤਿਹਾਸ ਨਾਲ ਕਿਵੇਂ ਖਿਲਵਾੜ ਕਰਦਾ ਹੈ। ਇਤਿਹਾਸ ਅਜਿਹੇ ਬੌਧਿਕ ਅਨਾਚਾਰ ਦੀ ਇਜਾਜ਼ਤ ਨਹੀਂ ਦਿੰਦਾ। ਇਸ ਪੁਣ-ਛਾਣ ਸਬੰਧੀ ਜੇ ਲੇਖਕ ਸੰਵਾਦ ਵਿਚ ਉਤਰੇ ਤਾਂ ਉਸ ਦੀਆਂ ਹੋਰ ਅਜਿਹੀਆਂ ਗੱਲਾਂ ਦੀ ਵੀ ਚਰਚਾ ਕੀਤੀ ਜਾ ਸਕਦੀ ਹੈ ਜਿਹੜੀਆਂ ਨਿਰਮੂਲ, ਮਨਘੜਤ ਅਤੇ ਇਤਿਹਾਸ ਪ੍ਰਤੀ ਬਦਦਿਆਨਤਦਾਰ ਹਨ।

***(ਸਮਾਪਤ)***

# ਕਦੀ ਮੁੱਕਦੀ ਨਾ ਦਿਲਾਂ ਵਾਲੀ ਸਾਂਝ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਸਾਰਾ ਪਿੰਡ ਉਹਨੂੰ ਨੱਥੂ ਆਖਦਾ ਸੀ ਪਰ ਦਾਦਾ ਜੀ ਹਮੇਸ਼ਾ ਨੱਥਾ ਸਿਆਂ ਆਖ ਕੇ ਬੁਲਾਉਂਦੇ। ਉਹ ਉਮਰ ਵਿਚ ਦਾਦਾ ਜੀ ਦਾ ਹਾਣੀ ਸੀ ਪਰ ਪੀੜ੍ਹੀ ਦੇ ਲਿਹਾਜ਼ ਨਾਲ ਉਨ੍ਹਾਂ ਦੇ ਭਤੀਜਿਆਂ ਦੇ ਥਾਂ ਸੀ। ਇਸ ਕਰ ਕੇ ਮੈਂ ਉਹਨੂੰ ਤਾਇਆ ਜੀ ਆਖਦਾ। ਮੈਂ ਆਪਣੀ ਸੁਰਤ ਸੰਭਾਲਣ ਤੋਂ ਬਾਅਦ ਵੀ ਤਾਏ ਨੂੰ ਆਪਣੇ ਪਰਿਵਾਰ ਦਾ ਹੀ ਮੈਂਬਰ ਸਮਝਦਾ ਰਿਹਾ। ਜਦੋਂ ਪੜ੍ਹਾਈ ਸ਼ੁਰੂ ਕੀਤੀ ਤਾਂ ਉਂਗਲੀਆਂ 'ਤੇ ਹਿਸਾਬ-ਕਿਤਾਬ ਲਾਉਂਦਿਆਂ ਤਾਇਆ ਸਾਡੇ ਪਰਿਵਾਰ ਵਿਚੋਂ ਮਨਫ਼ੀ ਹੋ ਗਿਆ। ਘਰ ਦੇ ਜੀਆਂ ਦੀ ਗਿਣਤੀ ਵਿਚ ਮੈਂ ਤਾਏ ਨੂੰ ਗਿਣਦਾ ਪਰ ਅੜਬ ਸੁਭਾਅ ਦਾ ਮਾਸਟਰ ਸੂਰਤ ਸਿੰਘ ਆਖਦਾ, "ਆਹ ਦੇਖ ਲਓ ਕੁਲਾਰਾਂ ਦਾ ਗੋਰਾ ਪੁੱਤ, ਨੱਥੇ ਨੂੰ ਆਪਣੀ ਬੇਬੇ ਦਾ ਜੇਠ ਧੱਕੇ ਨਾਲ ਹੀ ਬਣਾਈ ਜਾਂਦੈ।" ਸਾਰੀ ਜਮਾਤ ਹੱਸ ਪੈਂਦੀ। ਦਿਲ ਕਰਦਾ, ਅਣਪੋਚੀ ਫੱਟੀ ਮਾਸਟਰ ਦੇ ਨੱਕ 'ਤੇ ਮਾਰ ਦਿਆਂ। ਫਿਰ ਉਹ ਕਹਿੰਦਾ, "ਪੁੱਤਰਾ, ਨੱਥਾ ਤੇਰਾ ਤਾਇਆ ਤਾਂ ਲੱਗਦਾ ਹੈ ਪਰ ਉਹ ਤੇਰੇ ਦਾਦੇ ਦਾ ਸਕਾ ਪੁੱਤ ਨਹੀਂ, ਤੁਹਾਡਾ ਸਾਂਝੀ ਐ।" ਮਾਸਟਰ ਸੂਰਤ ਸਿੰਘ ਨੇ ਮੇਰੇ ਦਿਮਾਗ ਵਿਚ ਤੇਰ-ਮੇਰ ਵਾੜ ਦਿੱਤੀ। ਜਾਤ-ਪਾਤ ਦਾ ਸਬਕ ਵੀ ਸਕੂਲੋਂ ਹੀ ਸਿੱਖਿਆ। ਸਾਡਾ ਮਾਸਟਰ ਜੇ ਕਿਸੇ ਮੁੰਡੇ ਨੂੰ ਸੱਦਦਾ ਤਾਂ ਕਹਿੰਦਾ, "ਓਏ ਘੁਮਿਆਰਾਂ ਦੇ ਬੱਬੂ! ਓਏ ਛੀਬਿਆਂ ਦੇ ਗੋਲਡੀ! ਜਾਂ ਫਿਰ ਕਹਿੰਦਾ, ਓਏ ਮਹਾਜਨਾਂ...!" ਪੰਜਵੀਂ ਜਮਾਤ ਤੱਕ ਮਾਸਟਰ ਸੂਰਤ ਸਿੰਘ ਨੇ ਸਾਨੂੰ ਜਾਤ-ਪਾਤ ਦੀ ਸੂਰਤ ਲਿਆ ਦਿੱਤੀ ਸੀ।

ਖ਼ੈਰ! ਤਾਏ ਦੇ ਚਾਰ ਧੀਆਂ ਅਤੇ ਪੇਟ ਘਰੋੜੀ ਦਾ ਪੁੱਤ ਸੀ। ਉਹਨੇ ਬਹੁਤਾ ਸਮਾਂ ਸਾਡੇ ਨਾਲ ਸਾਂਝੀ ਰਲ ਕੇ ਹੀ ਲੰਘਾਇਆ। ਇਕ ਵਾਰੀ ਉਹਨੇ ਸਾਡੇ ਪਿੰਡ ਕਿਸੇ ਬੰਦੇ ਤੋਂ ਕੁੜੀ ਦੇ ਵਿਆਹ ਵਾਸਤੇ ਹਜ਼ਾਰ ਰੁਪਏ ਵਿਆਜ 'ਤੇ ਲਏ। ਮੂਲ ਮੁੜਿਆ ਨਾ। ਵਿਆਜ ਦੀ ਰਕਮ ਨਾਲ ਤਾਏ ਦੀਆਂ ਦੋਵੇਂ ਛੋਟੀਆਂ ਧੀਆਂ ਕਈ ਸਾਲ ਉਸ ਬੰਦੇ ਦੇ ਘਰ ਗੋਹਾ-ਕੂੜਾ ਕਰਦੀਆਂ ਰਹੀਆਂ। ਪਿੰਡ ਦੇ ਕਈ ਬੰਦਿਆਂ ਨੇ ਉਸ ਨੂੰ ਕਿਹਾ ਵੀ, "ਲੱਖਾ ਸਿਆਂ! ਹੋਰ ਕਿੰਨਾ ਚਿਰ ਕੁੜੀਆਂ ਤੋਂ ਗੋਹਾ ਸੁਟਾਵੇਂਗਾ?। ਗਰੀਬ ਨੂੰ ਬਖ਼ਸ਼ ਦੇ ਹੁਣ!" ਪਰ ਉਹ ਬੰਦਾ ਪੈਸੇ ਦੀ ਹਉਮੈ ਵਿਚ ਹਮੇਸ਼ਾ ਸਫੈਦੇ ਵਾਂਗ ਹਿੱਕ ਤਾਣ ਕੇ ਖੜ੍ਹ ਜਾਂਦਾ। ਮੌਤ ਤੋਂ ਪਹਿਲਾਂ ਉਹਨੇ ਦੋਵੇਂ ਹੱਥ ਜੋੜੇ ਕੇ ਤਾਏ ਨੱਥੇ ਤੋਂ ਮੁਆਫ਼ੀ ਮੰਗੀ, "ਭਰਾਵਾ! ਮੈਨੂੰ ਬਖ਼ਸ਼ ਦੇ। ਮੈਂ ਤੇਰਾ ਬਹੁਤ ਲਹੂ ਪੀਤੈ।" ਤਾਏ ਨੇ ਕਿਹਾ, "ਸਰਦਾਰਾ ਦੇਖ ਲੈ! ਤੇਰੀਆਂ ਕੀਤੀਆਂ ਤੇਰੇ ਅੱਗੇ ਆ ਗਈਆਂ। ਮੈਂ ਮੁਆਫ਼ ਕਰਨ ਵਾਲਾ ਕੌਣ ਹੁੰਨਾ। ਵਾਹਿਗੁਰੂ ਅੱਗੇ ਹੱਥ ਜੋੜ ਕੇ ਮੁਆਫ਼ੀ ਮੰਗ ਤੇ ਆਖ, ਅੱਜ ਤੋਂ ਬਾਅਦ ਕੋਈ ਵੀ ਵਿਆਜੜੀਆ ਬੰਦਾ ਕਿਸੇ ਗਰੀਬ ਦਾ ਲਹੂ ਨਾ ਪੀਵੇ।" ਲੱਖਾ ਸਿੰਘ ਹੰਝੂਆਂ ਦੀ ਝੜੀ ਲਾਉਂਦਾ ਸਦਾ ਦੀ ਨੀਂਦ ਸੌਂ ਗਿਆ। ਇਹ ਗੱਲ ਤਾਏ ਨੇ ਮੈਨੂੰ ਸੁਣਾਈ ਸੀ ਜਿਹੜੀ ਅੱਜ ਵੀ ਦਿਲ ਵਿਚ ਬੈਠੀ ਹੈ ਕਿ ਵਿਆਜੜੀਆਂ ਦਾ ਅੰਤ ਚੰਗਾ ਨਹੀਂ ਹੁੰਦਾ।

ਤਾਇਆ ਹੱਸਮੁੱਖ, ਮਿਲਾਪੜਾ ਤੇ ਇਮਾਨਦਾਰ ਸੀ। ਉਹਨੇ ਅੰਮ੍ਰਿਤ ਤਾਂ ਨਹੀਂ ਸੀ ਛਕਿਆ ਪਰ ਅੱਜ ਦੇ ਕਈ ਸੰਤਾਂ ਨਾਲੋਂ ਚੰਗਾ ਸੀ। ਜਿਹੜੀਆਂ ਧਾਰਨਾ ਉਹ ਗਾਉਂਦਾ, ਉਨ੍ਹਾਂ ਦੀ ਸਮਝ ਬੇਸ਼ੱਕ ਘੱਟ ਆਉਂਦੀ ਸੀ ਪਰ ਅਨੰਦ ਬਹੁਤ ਆਉਂਦਾ। ਤਾਇਆ ਦੱਸਦਾ ਕਿ ਇਕ ਵਾਰੀ ਕਣਕ ਕੱਢ ਰਹੇ ਸੀ। ਥਰੈਸ਼ਰ ਨਵੇਂ ਨਵੇਂ ਹੀ ਆਏ ਸਨ। ਅਚਾਨਕ ਪਿੰਡ ਵਿਚ ਕਿਸੇ ਗੱਭਰੂ ਦੀ ਮੌਤ ਹੋ ਗਈ। ਤੇਰੇ ਦਾਦਾ ਜੀ ਤੇ ਪਿਤਾ ਜੀ ਪਿੰਡ ਨੂੰ ਆ ਗਏ ਤੇ ਮੈਨੂੰ ਖੇਤ ਰਾਖੀ ਕਰਨ ਵਾਸਤੇ ਛੱਡ ਗਏ। ਮੈਂ ਛੱਜ ਨਾਲ ਕਣਕ ਸੰਵਾਰਨ ਲੱਗ ਗਿਆ। ਆਪਣੇ ਧਿਆਨ ਲੱਗਿਆ ਹੋਇਆ ਸੀ ਕਿ ਤਿੰਨ ਸਾਧੂ ਖੜ੍ਹੇ ਦਿਖਾਈ ਦਿੱਤੇ। ਮੈਂ ਉਨ੍ਹਾਂ ਦਾ ਸਤਿਕਾਰ ਕੀਤਾ, ਤੂਤਾਂ ਦੀ ਛਾਂ ਥੱਲੇ ਬਿਠਾਇਆ। ਜਲ ਛਕਾਉਣ ਤੋਂ ਬਾਅਦ ਹੋਰ ਸੇਵਾ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, 'ਭਗਤਾ! ਭੁੱਖ ਬੜੀ ਲੱਗੀ ਐ। ਪ੍ਰਸ਼ਾਦਾ ਛਕਾ ਦੇ ਸਾਨੂੰ।' ਮੈਂ 'ਸੱਤ ਬਚਨ' ਆਖ ਕੇ ਪਿੰਡ ਤੁਰਨ ਲੱਗਿਆ ਬੋਲਿਆ ਕਿ 'ਮਹਾਂ ਪੁਰਸ਼ੋ! ਬੋਹਲ ਦਾ ਖਿਆਲ ਰੱਖਿਓ।' ਪਰ ਪਿੰਡੋਂ ਪ੍ਰਸ਼ਾਦੇ ਲੈ ਕੇ ਖੇਤ ਮੁੜਿਆ ਤਾਂ ਸਾਧੂ ਤਿੰਨੇ ਗਾਇਬ। ਆਲਾ-ਦੁਆਲਾ ਦੇਖਿਆ, ਕੁਝ ਨਾ ਲੱਭਾ। ਬੋਹਲ ਦਾ ਅੰਦਾਜ਼ਾ ਲਾਇਆ। ਉਹ ਤਾਂ ਸਾਧੂ ਨਹੀਂ ਸਗੋਂ ਚੋਰ ਸਨ ਜਿਹੜੇ ਕਣਕ ਲੈ ਗਏ ਸਨ। ਉਸ ਦਿਨ ਪਿੱਛੋਂ ਜਦ ਕਦੀ ਮੇਰੀ ਚੋਰ ਦੇਖਣ ਦੀ ਤਮੰਨਾ ਹੁੰਦੀ, ਮੈਂ ਭਗਵੇਂ ਕੱਪੜਿਆਂ ਵਾਲਿਆਂ ਨੂੰ ਦੇਖ ਲੈਂਦਾ ਜਿਨ੍ਹਾਂ ਨੇ ਗਰੀਬ ਦੀ ਸ਼ਰਧਾ ਨੂੰ ਸਿਖ਼ਰ ਦੁਪਹਿਰੇ ਸੰਨ੍ਹ ਲਾ ਲਈ ਸੀ।

ਤਾਏ ਨੇ ਜ਼ਿਮੀਦਾਰਾਂ ਨਾਲ ਕੰਮ ਕਰਦਿਆਂ ਚਾਰੇ ਧੀਆਂ ਵਿਆਹ ਦਿੱਤੀਆਂ। ਪੁੱਤ ਫੌਜ ਵਿਚ ਭਰਤੀ ਹੋ ਗਿਆ। ਤਾਏ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਚੱਲੋ, ਸਾਡੇ ਹੱਥੋਂ ਵੀ ਦਾਤੀ-ਪੱਲੀ ਛੁੱਟੀ ਅਤੇ ਹੱਥ ਬੰਦੂਕ ਆ ਗਈ। ਉਹਦਾ ਮਤਲਬ ਸੀ ਕਿ ਪੁੱਤ ਨੂੰ ਮੇਰੇ ਵਾਂਗ ਸਾਂਝੀ ਨਹੀਂ ਰਲਣਾ ਪੈਣਾ।

ਦਾਦਾ ਜੀ ਅਤੇ ਤਾਇਆ ਹਾਣੀ ਹੋਣ ਕਰ ਕੇ ਮਖੌਲ ਵੀ ਬੜਾ ਕਰਦੇ। ਤਾਇਆ ਦੱਸਦਾ ਕਿ ਜਦੋਂ ਕਣਕ ਦੀ ਕਢਾਈ ਮੁੱਕ ਜਾਣੀ, ਮੈਂ ਤੂੜੀ ਦੀਆਂ ਦਸ-ਵੀਹ ਪੰਡਾਂ ਲਿਜਾਣੀਆਂ ਤਾਂ ਤੇਰੇ ਦਾਦੇ ਨੇ ਕਹਿਣਾ, 'ਨੱਥਾ ਸਿਆਂ! ਤੂੜੀ ਘੱਟ ਹੋਈ ਐ, ਤੂੰ ਵੀ ਘੱਟ ਲੈ ਜਾ। ਤੇਰਾ ਘਾਟਾ-ਵਾਧਾ ਅਗਾਂਹ ਸਾਉਣੀ 'ਚ ਟਾਂਡਿਆਂ ਨਾਲ ਪੂਰਾ ਕਰ ਦਊਂ।' ਤੇ ਜਦੋਂ ਸਾਉਣੀ ਆਉਣੀ ਤਾਂ ਕਹਿਣਾ, 'ਨੱਥਾ ਸਿਆਂ! ਐਤਕੀਂ ਮੱਕੀ ਘੱਟ ਹੋਈ ਐ। ਟਾਂਡੇ ਵੀ ਘੱਟ ਹੋਏ ਆ, ਤੂੰ ਟਾਂਡੇ ਘੱਟ ਲੈ ਜਾ। ਤੇਰਾ ਘਾਟਾ-ਵਾਧਾ ਤੂੜੀ 'ਚ ਪੂਰਾ ਕਰਾਂਗੇ।' ਮੈਂ ਅੱਗਿਉਂ ਕਹਿਣਾ, 'ਕਰਤਾਰ ਸਿਆਂ! ਤੂੰ ਮੈਨੂੰ ਦਿਲ ਖੋਲ੍ਹ ਕੇ ਟਾਂਡੇ ਦੇ ਦੇਹ। ਜੇ ਤੇਰੇ ਘਟਣਗੇ ਤਾਂ ਮੈਂ ਤੈਨੂੰ ਦੇ ਜਾਵਾਂਗਾ।' ਤੇਰਾ ਦਾਦਾ ਵੀ ਦਿਲ ਦਰਿਆ ਸੀ, ਕਦੇ ਕਿਸੇ ਚੀਜ਼ ਤੋਂ ਜਵਾਬ ਨਹੀਂ ਸੀ ਦਿੱਤਾ।

ਜਦੋਂ ਮੈਂ ਉਡਾਰ ਹੋਇਆ ਤੇ ਖੇਤੀਬਾੜੀ ਦੇ ਕੰਮਾਂ ਵਿਚ ਹੱਥ ਵਟਾਉਣ ਲੱਗਾ, ਤਾਏ ਨਾਲ ਮਿਲਾਪ ਵਧ ਗਿਆ। ਮੈਂ ਤਾਏ ਤੇ ਦਾਦੇ ਵਿਚ ਫਰਕ ਲੱਭਦਾ। ਅਸਲ ਵਿਚ ਮਾਸਟਰ ਸੂਰਤ ਸਿੰਘ ਨੇ ਸਾਡੇ ਨਿਆਣੇ ਦਿਲਾਂ ਵਿਚ ਫਰਕ ਬਿਠਾ ਦਿੱਤਾ ਸੀ। ਮੈਨੂੰ ਦੋਵੇਂ ਜਣੇ ਸਕੇ ਭਰਾ ਲੱਗਦੇ; ਪਰ ਇਕ ਫਰਕ ਨਾ ਮਿਟਦਾ-ਜੱਟ ਤੇ ਹਰੀਜਨ ਦਾ। ਪਰ ਮੈਂ ਆਪਣੀ ਜ਼ਿੰਦਗੀ ਵਿਚ ਇਸ ਫਰਕ ਨੂੰ ਕਦੇ ਨਹੀਂ ਆਉਣ ਦਿੱਤਾ। ਹਮੇਸ਼ਾ ਹਰੀਜਨਾਂ ਦੇ ਮੁੰਡਿਆਂ ਨਾਲ ਖੰਡ-ਖੀਰ ਹੁੰਦਾ ਆਇਆ ਹਾਂ। ਸਕੂਲ ਕਾਲਜ ਵੇਲੇ ਇਕੱਠਿਆਂ ਇਕੋ ਕੌਲੀ ਵਿਚ ਖਾਂਦੇ। ਖ਼ੈਰ! ਜਦੋਂ ਮੈਂ ਟਰੈਕਟਰ-ਟਰਾਲੀ ਜੋੜ ਕੇ ਤਾਏ ਦੇ ਘਰ ਤੂੜੀ ਛੱਡਣ ਜਾਣਾ ਤਾਂ ਤਾਏ ਨੂੰ ਵਿਆਹ ਜਿੰਨਾ ਚਾਅ ਚੜ੍ਹ ਜਾਂਦਾ, ਤੇ ਤਾਈ ਨੇ ਸਵੇਰਿਉਂ ਹੀ ਕਮਰ-ਕੱਸਾ ਕਰ ਲੈਣਾ। ਤਾਈ ਨੇ ਪਹਿਲਾਂ ਆਪਣੀ ਹਿੱਕ ਨਾਲ ਲਾ ਕੇ ਪਿਆਰ ਦੇਣਾ, ਫਿਰ ਪਾਣੀ ਪਿਲਾਉਣਾ, ਫਿਰ ਗੁੜ ਦੀ ਰੋੜੀ ਦੇਣੀ ਤੇ ਫਿਰ ਕਹਿਣਾ, 'ਮੈਂ ਤਾਂ ਰੋਟੀ ਖੁਆ ਕੇ ਤੋਰਨਾ।' ਮੈਥੋਂ ਪਹਿਲਾਂ ਹੀ ਭੱਈਏ ਕਹਿ ਦਿੰਦੇ, 'ਸਰਦਾਰ, ਰੋਟੀ ਖਾ ਕੇ ਹੀ ਜਾਵਾਂਗੇ।' ਫਿਰ ਤਾਈ ਸ਼ੱਕਰ-ਘਿਉ ਨਾਲ ਰੋਟੀ ਖੁਆਉਂਦੀ, ਅਨੰਦ ਆ ਜਾਂਦਾ।

ਸਕੂਲ ਪੜ੍ਹਦਿਆਂ ਮੇਰੇ ਨਾਲ ਮੇਰੇ ਜਮਾਤੀ ਸਾਡੇ ਖੇਤ ਜਾਂਦੇ, ਗੰਨੇ ਚੂਪਦੇ, ਮੂਲੀਆਂ ਸ਼ਲਗਮ ਖਾਂਦੇ। ਉਨ੍ਹਾਂ ਨੂੰ ਖੇਤੀਂ ਜਾ ਕੇ ਚਾਅ ਚੜ੍ਹ ਜਾਂਦਾ। ਘੁਮਿਆਰਾਂ ਦਾ ਬੱਬੂ ਤਾਂ ਵੱਟਾਂ ਉਤੇ ਹੀ ਘੁੰਮੀ ਜਾਂਦਾ ਤੇ ਛੀਬਿਆਂ ਦਾ ਗੋਲਡੀ ਕਮਾਦ ਵਿਚ ਵੜ ਕੇ ਦੂਜੇ ਪਾਸਿਉਂ ਨਿਕਲ ਜਾਂਦਾ। ਮਹਾਜਨਾਂ ਦਾ ਪਵਨ ਹਰ ਚੀਜ਼ ਬਾਰੇ ਪੁੱਛੀ ਜਾਂਦਾ, 'ਆਹ ਕੀ ਐ? ਅਹੁ ਕੀ ਐ?' ਮੈਂ ਫੌਜ ਦੇ ਕਮਾਂਡਰ ਵਾਂਗ ਸਾਰਿਆਂ ਨੂੰ ਸਾਰੀਆਂ ਚੀਜ਼ਾਂ-ਵਸਤਾਂ ਤੋਂ ਜਾਣੂੰ ਕਰਾਉਂਦਾ। ਇਕ ਵਾਰ ਮੈਂ ਕਿਹਾ, 'ਭੁੱਖਿਉ! ਸਾਡੇ ਖੇਤ ਆ ਜਾਂਦੇ ਓ ਖਾਣ ਨੂੰ, ਕਦੇ ਮੈਨੂੰ ਆਪਣੇ ਖੇਤ ਵੀ ਲਿਜਾਉ।' ਬੱਬੂ ਕਹਿੰਦਾ, 'ਸਾਲਿਆ! ਤੈਨੂੰ ਨ੍ਹੀਂ ਪਤਾ, ਖੇਤ ਤਾਂ ਜੱਟਾਂ ਕੋਲੇ ਹੁੰਦੇ ਆ। ਸੂਰਤੇ ਮਾਸਟਰ ਨੇ ਕਿਹਾ ਸੀ ਕਿ ਹੋਰ ਲੋਕ ਜ਼ਮੀਨ ਭਲਾ ਖਰੀਦ ਲੈਣ ਪਰ ਜੱਟ ਨਹੀਂ ਬਣ ਸਕਦੇ।' ਉਦੋਂ ਤਾਂ ਅਸੀਂ ਨਿਆਣੇ ਸਾਂ, ਇਹ ਰਮਜ਼ਾਂ ਨਹੀਂ ਸਾਂ ਸਮਝਦੇ; ਪਰ ਅੱਜ ਇਹ ਗੱਲ ਬੜੀ ਰੜਕਦੀ ਹੈ ਕਿ ਰੱਬ ਨੇ ਤਾਏ ਨੂੰ ਕਿਉਂ ਨਹੀਂ ਮਾਸਟਰ ਬਣਾਇਆ, ਤੇ ਮਾਸਟਰ ਸੂਰਤ ਸਿੰਘ ਨੂੰ ਸਾਂਝੀ ਕਿਉਂ ਨਹੀਂ ਲਾਇਆ? ਤਾਏ ਨੇ ਸਦਾ ਇਨਸਾਨੀਅਤ ਨੂੰ ਪਿਆਰ ਕਰਨਾ ਸਿਖਾਇਆ, ਤੇ ਮਾਸਟਰ ਨੇ ਹਮੇਸ਼ਾ ਇਨਸਾਨ ਨੂੰ ਜਾਤ-ਪਾਤ ਵਿਚ ਵੰਡਣ 'ਤੇ ਜ਼ੋਰ ਦੇਈ ਰੱਖਿਆ।

ਤਾਏ ਦਾ ਪੁੱਤ ਫੌਜ ਵਿਚੋਂ ਬੜਾ ਕੁਝ ਸਿੱਖ ਆਇਆ ਸੀ। ਉਹਨੇ ਤਾਏ ਦਾ ਪੁਰਾਣਾ ਘਰ ਢਾਹ ਕੇ ਨਵੇਂ ਕਮਰੇ ਬਣਾ ਲਏ। ਮਾਂ ਨੂੰ ਆਖ ਕੇ ਦੋਵੇਂ ਮੱਝਾਂ ਅਤੇ ਗਾਂ ਨੂੰ ਵੇਚਣ 'ਤੇ ਲਾ ਦਿੱਤਾ। ਤਾਇਆ ਬਹੁਤ ਰੋਇਆ, 'ਪੁੱਤਰਾ! ਜੇ ਤੈਨੂੰ ਪਰਮਾਤਮਾ ਨੇ ਰਿਜ਼ਕ ਦਿੱਤਾ ਹੈ ਤਾਂ ਸਾਡੇ ਕੋਲੋਂ ਰਿਜ਼ਕ ਦਾ ਸਾਧਨ ਨਾ ਖੋਹ! ਇਸ ਨਾਲ ਤਾਂ ਸਾਡਾ ਜੱਟ ਜ਼ਿਮੀਦਾਰਾਂ ਨਾਲ ਮੋਹ-ਪਿਆਰ ਬਣਿਆ ਹੋਇਐ।' ਪੁੱਤ ਕਹਿੰਦਾ, 'ਜੱਟਾਂ ਨੇ ਤੈਨੂੰ ਦਿੱਤਾ ਕੀ ਐ?' ਤਾਇਆ ਕਹਿੰਦਾ, 'ਜੋ ਤੂੰ ਹੈਂ, ਇਨ੍ਹਾਂ ਦੀ ਹੀ ਬਦੌਲਤ ਹੈਂ। ਮੇਰੇ ਪਿਆਰ ਸਦਕਾ ਹੀ ਤੂੰ ਆਹ ਵਰਦੀ ਪਾਈ ਐ; ਨਹੀਂ ਤਾਂ ਤੂੰ ਵੀ ਖੇਤਾਂ ਵਿਚ ਰੁਲਣਾ ਸੀ।' ਫਿਰ ਦੋਵੇਂ ਜਣੇ ਜ਼ਿਦ ਕਰਦੇ ਗਏ। ਅਖੀਰ ਤਾਏ ਨੇ ਹਥਿਆਰ ਸੁੱਟ ਦਿੱਤੇ। ਮੱਝਾਂ ਵੇਚ ਦਿੱਤੀਆਂ ਤੇ ਵਿਹੜਾ ਖਾਲੀ ਹੋ ਗਿਆ। ਤਾਈ ਦਾ ਸਾਡੇ ਘਰਾਂ ਵੱਲ ਗੇੜਾ ਘਟਦਾ ਗਿਆ, ਪਰ ਤਾਇਆ ਰੋਜ਼ ਵਾਂਗ ਆ ਜਾਂਦਾ। ਗਿੱਲੇ ਗੋਹੇ ਵਾਂਗ ਧੁਖਦਾ ਰਹਿੰਦਾ। ਪੁੱਤ ਦੀ ਜਾਗ੍ਰਿਤੀ 'ਤੇ ਝੂਰਦਾ ਰਹਿੰਦਾ। ਉਸ ਦਾ ਖੇਤਾਂ ਨਾਲ ਪਿਆਰ ਵੀ ਆਪਣੇ ਪਰਿਵਾਰ ਵਾਂਗ ਸੀ। ਜੇ ਮੈਂ ਕਿਤੇ ਜਾਣਾ-ਆਉਣਾ ਤਾਂ ਤਾਏ ਨੂੰ ਜ਼ਰੂਰ ਨਾਲ ਲਿਜਾਣਾ। ਤਾਏ ਨੇ ਪੁਰਾਣੀਆਂ ਯਾਦਾਂ ਤਾਜ਼ੀਆਂ ਕਰ ਲੈਣੀਆਂ ਤੇ ਸਾਡਾ ਸਫਰ ਮੁੱਕ ਜਾਣਾ। ਤਾਏ ਨੇ ਸਾਰੀ ਉਮਰ ਮੀਟ ਆਂਡਾ ਸ਼ਰਾਬ ਮੂੰਹ 'ਤੇ ਨਹੀਂ ਰੱਖਿਆ ਪਰ ਮਾਸਟਰ ਸੂਰਤ ਸਿੰਘ ਪੀ ਕੇ ਸੁਰਤ ਗੁਆ ਲੈਂਦਾ। ਤਾਏ ਨੇ ਜੇ ਆਪਣੀਆਂ ਧੀਆਂ ਕੋਲ ਮਿਲਣ ਜਾਣਾ ਤਾਂ ਪਹਿਲਾਂ ਸਵੇਰਿਉਂ ਹੀ ਸਾਡੇ ਘਰ ਆ ਜਾਣਾ ਤੇ ਮੇਰੀ ਘਰਵਾਲੀ ਨੂੰ ਕਹਿਣਾ, 'ਕੁੜੇ! ਸਾਨੂੰ ਦੋ-ਦੋ ਰੋਟੀਆਂ ਲਾਹ ਦੇ, ਅਸੀਂ ਬੀਤੋ ਕੋਲ ਜਾਣਾ।' ਮੈਂ ਜਾਣ ਕੇ ਕਹਿਣਾ, 'ਤਾਇਆ! ਦੋ-ਚਾਰ ਦਿਨ ਠਹਿਰ ਜਾ, ਕਣਕ ਨੂੰ ਪਾਣੀ ਲਾ ਕੇ ਜਾਵਾਂਗੇ।' ਤਾਏ ਨੇ ਕਹਿਣਾ, 'ਆਪਾਂ ਉਥੇ ਕਿਤੇ ਵਰ੍ਹੇ ਲਾਉਣੇ ਆ... ਬੱਸ ਗਏ ਤੇ ਆਏ।' ਤਾਏ ਨੇ ਸਕੂਟਰ ਦੇ ਪਿੱਛੇ ਬੈਠ ਕੇ ਮੇਰੇ ਦੋਵੇਂ ਮੋਢੇ ਹੱਥਾਂ ਨਾਲ ਘੁੱਟ ਲੈਣੇ। ਰਾਏਕੋਟ ਤਾਏ ਨੇ ਬੇਸਣ ਦੀ ਬਰਫੀ ਲੈ ਕੇ ਪਰਨੇ ਵਿਚ ਬੰਨ੍ਹ ਮੋਢੇ 'ਤੇ ਲਮਕਾ ਲੈਣੀ। ਜਦੋਂ ਸਕੂਟਰ ਬੀਤੋ ਭੈਣ ਦੇ ਘਰ ਮੂਹਰੇ ਰੁਕਣਾ ਤਾਂ ਉਹਨੂੰ ਚਾਅ ਚੜ੍ਹ ਜਾਣਾ। 'ਨੀ ਮੇਰਾ ਸੋਹਣਾ ਵੀਰਾ ਆਇਐ। ਨੀ ਮੇਰਾ ਬਾਬਲ ਆਇਆ।' ਉਹਨੂੰ ਸਮਝ ਨਾ ਆਉਣੀ ਕਿ ਮੈਨੂੰ ਕਿਥੇ ਬਿਠਾਵੇ! ਉਹ ਚਾਈਂ-ਚਾਈਂ ਚਾਹ ਬਣਾਉਂਦੀ। ਕਾਹਲ ਤੇ ਚਾਅ ਵਿਚ ਸੀਖ ਵੀ ਨਾ ਮੱਚਦੀ। ਤਾਇਆ ਬੀਤੋ ਦੇ ਪਸ਼ੂਆਂ ਵੱਲ ਗੇੜੀ ਕੱਢਦਾ। ਆਪਣੀਆਂ ਸਲਾਹਾਂ ਦਿੰਦਾ। ਅਸੀਂ ਚਾਹ ਪੀਂਦੇ ਤੇ ਵਾਪਸ ਮੁੜਦੇ। ਬੀਤੋ ਤੁਰਨ ਲੱਗਿਆਂ ਨੂੰ ਆਖਦੀ, 'ਵੀਰੇ, ਅਗਲੀ ਵਾਰੀ ਭਾਬੀ ਨੂੰ ਵੀ ਲੈ ਕੇ ਆਈਂ।' ਮੈਂ 'ਹਾਂ' ਕਹਿੰਦਾ ਤੇ ਬੀਤੋ ਪੰਜਾਂ ਦਾ ਨੋਟ ਧੱਕੇ ਨਾਲ ਮੇਰੀ ਜੇਬ ਵਿਚ ਪਾ ਦਿੰਦੀ। ਬੀਤੋ ਦਾ ਪਿਆਰ ਮੇਰੀਆਂ ਅੱਖਾਂ ਰਾਹੀਂ ਵਗਦਾ। ਫਿਰ ਇਵੇਂ ਹੀ ਅਸੀਂ ਦੂਜੀਆਂ ਕੁੜੀਆਂ ਕੋਲ ਜਾ ਆਉਂਦੇ। ਤਾਇਆ ਮੇਰੇ ਨਾਲ ਸਾਰੀ ਕਣਕ ਨੂੰ ਪਾਣੀ ਲੁਆਉਂਦਾ। ਪਿਆਰ ਨਾਲ ਸਮਾਂ ਲੰਘਦਾ ਗਿਆ। ਪਹਿਲਾਂ ਤਾਈ ਤੁਰ ਗਈ ਤੇ ਫਿਰ ਤਾਇਆ। ਬੀਤੋ ਭੈਣ ਹੋਣੀ ਅੱਜ ਵੀ ਘਰ ਆਉਂਦੀਆਂ; ਪਰ ਤਾਏ ਦਾ ਫੌਜੀ ਪੁੱਤ ਤੇ ਨੂੰਹ ਸਾਡੇ ਘਰਾਂ ਵੱਲ ਮੂੰਹ ਨਹੀਂ ਕਰਦੇ। ਮੈਂ ਸੋਚਦਾਂ ਕਿ ਤਾਇਆ ਸਾਨੂੰ ਤਾਂ ਬਹੁਤ ਸਿੱਖਿਆ ਦੇ ਗਿਆ ਪਰ ਤਾਏ ਦਾ ਪੁੱਤ, ਮਾਸਟਰ ਸੂਰਤ ਸਿੰਘ ਦੇ ਬੋਲਾਂ ਨੂੰ ਦਿਲ 'ਤੇ ਲਾ ਗਿਆ। ਤਾਏ ਵਰਗੇ ਸਤਿਯੁਗੀ ਬੰਦੇ ਦੀ ਘਾਟ ਕਿਸੇ ਵੀ ਕੀਮਤ ਨਾਲ ਪੂਰੀ ਨਹੀਂ ਹੋ ਸਕਦੀ!

---

# ਚਮਕੀਲੇ ਨੂੰ ਪੰਜਾਬੀ ਗਾਇਕੀ 'ਚੋਂ ਮਨਫੀ ਕਰਨਾ ਸੌਖਾ ਨਹੀਂ

*(ਸਫਾ 25 ਦੀ ਬਾਕੀ)*

ਸਮਰਾਟ ਚਰਨਜੀਤ ਆਹੂਜਾ ਵੀ; ਤੇ ਜੇ ਨਾ ਪਹੁੰਚਿਆ ਤਾਂ ਉਹ ਸੀ ਪੰਜਾਬੀਆਂ ਦਾ ਹਰਮਨ ਪਿਆਰਾ ਕਿਹਾ ਜਾਂਦਾ ਗੁਰਦਾਸ ਮਾਨ। ਬੜੀਆਂ ਪ੍ਰਭਾਵਸ਼ਾਲੀ, ਦਰਦਮਈ ਤੇ ਮੌਤ ਦੀਆਂ ਚੀਸਾਂ ਦੇਣ ਵਾਲੀਆਂ ਤਕਰੀਰਾਂ ਹੋਈਆਂ ਉਸ ਵਕਤ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਸ਼ਵਿੰਦਰ ਸਿੰਘ ਬਰਾੜ ਸਨ। ਉਨ੍ਹਾਂ ਪਰਿਵਾਰ ਨੂੰ ਸਰਕਾਰੀ ਗ੍ਰਾਂਟ ਦੇ ਐਲਾਨੇ ਕੀਤੇ। ਰੋਂਦੀਆਂ ਅੱਖਾਂ ਤੇ ਵਿਲਕਦੇ ਹਉਕਿਆਂ ਨਾਲ ਮੈਂ ਵੀ ਬੋਲਿਆ। ਜਗਦੇਵ ਸਿੰਘ ਜੱਸੋਵਾਲ ਜਦੋਂ ਸਭ ਤੋਂ ਅਖੀਰ ਵਿਚ ਬੋਲਿਆ ਤਾਂ ਇੰਨਾ ਭਾਵੁਕ ਹੋ ਗਿਆ ਕਿ ਉਹਨੇ ਆਪਣਾ ਰੋਣਾ ਤਾਂ ਥੰਮ੍ਹ ਲਿਆ ਪਰ ਪੰਡਾਲ ਵਿਚ ਹਰ ਅੱਖ ਸਿੱਲ੍ਹੀ ਕਰ ਦਿੱਤੀ। ਆਪਣੇ ਸ਼ਰਧਾਂਜਲੀ ਭਾਸ਼ਣ ਵਿਚ ਉਹਨੇ ਆਖਰੀ ਗੱਲ ਬੜੀ ਚੀਕ ਕੇ ਕਹੀ, 'ਚਮਕੀਲੇ ਤੇ ਅਮਰਜੋਤ ਨੂੰ ਮਾਰਨ ਵਾਲਿਓ! ਜੇ ਸੁਣਦੇ ਓ ਤਾਂ ਮੇਰੀ ਗੱਲ ਵੀ ਸੁਣ ਲਵੋ...ਜੇ ਕਲਾਕਾਰਾਂ ਨੂੰ ਮਾਰ ਕੇ, ਚਿੜੀਆਂ ਨੂੰ ਅਸਾਲਟਾਂ ਨਾਲ ਵਿੰਨ੍ਹ ਕੇ ਖਾਲਿਸਤਾਨ ਬਣ ਸਕਦੈ...ਤਾਂ ਮੈਂ ਇਨ੍ਹਾਂ ਦਾ ਪਿਉ ਹਾਂ...ਮੇਰੇ ਵੀ ਗੋਲੀਆਂ ਮਾਰ ਦਿਓ...ਸ਼ਾਇਦ ਤੁਹਾਡਾ ਸੁਪਨਾ ਪੂਰਾ ਹੋ ਜਾਵੇ।'

ਉਸ ਰਾਤ ਜੱਸੋਵਾਲ ਨੇ ਮੈਨੂੰ ਫਿਰ ਨਾ ਜਾਣ ਦਿੱਤਾ। ਦੇਰ ਰਾਤ ਤੱਕ ਗੁਰਭਜਨ ਗਿੱਲ ਤੇ ਪ੍ਰਗਟ ਗਰੇਵਾਲ ਵੀ ਸਾਡੇ ਕੋਲ ਉਹਦੇ ਘਰੇ ਬੈਠੇ ਰਹੇ। ਅਸੀਂ ਦੋਹਾਂ ਨੇ ਜਿਵੇਂ ਗ਼ਮ ਵਿਚ ਰੱਜ ਕੇ ਪੀ ਲਈ ਹੋਵੇ। ਰਾਤ ਇਕ ਵਜੇ ਦੇ ਕਰੀਬ ਅਸੀਂ ਸੁੱਤੇ ਹੋਵਾਂਗੇ ਕਿ ਪੰਜ ਕੁ ਵਜੇ ਜੱਸੋਵਾਲ ਫਿਰ ਮੇਰਾ ਬੂਹਾ ਖੜਕਾਉਣ ਲੱਗ ਪਿਆ, "ਅਸ਼ੋਕ ਉਠ, ਉਠ ਨਹਾ ਲੈ।"

ਮੈਂ ਕਿਹਾ, "ਜੀ ਹਾਲੇ ਤਾਂ ਪੰਜ ਵੱਜਣ ਵਿਚ ਵੀ ਦਸ ਮਿੰਟ ਰਹਿੰਦੇ ਨੇ।"

"ਤੂੰ ਗੋਲੀ ਮਾਰ ਮਿੰਟਾਂ ਮੁੰਟਾਂ ਨੂੰ। ਮੇਰੀ ਤਾਂ ਬਿੰਦ ਭਰ ਵੀ ਅੱਖ ਨ੍ਹੀਂ ਲੱਗੀ।"

"ਕੁਛ ਹੋਰ ਹੋ ਗਿਆ?"

"ਹਾਲੇ ਅੱਖ ਲੱਗਣ ਹੀ ਲੱਗੀ ਸੀ ਕਿ ਫੋਨ ਦੀ ਘੰਟੀ ਵੱਜਣ ਲੱਗ ਪਈ। ਫੋਨ ਘਰਵਾਲੀ ਵਾਲੇ ਪਾਸੇ ਪਿਆ ਸੀ। ਮੈਂ ਉਹਨੂੰ ਬਥੇਰਾ ਕਿਹਾ ਕਿ ਨਾ ਚੁੱਕ ਅੱਧੀ ਰਾਤ ਨੂੰ ਪਰ ਉਹਨੇ ਚੋਘਾ ਕੰਨਾਂ ਨੂੰ ਲਾ ਲਿਆ।"

"ਕੀਹਦਾ ਫੋਨ ਸੀ?"

"ਕੋਈ ਖਾੜਕੂ ਦੱਸਦਾ ਸੀ ਆਪਣੇ ਆਪ ਨੂੰ। ਕਹਿੰਦਾ, ਜੱਸੋਵਾਲ ਚਮਕੀਲੇ ਦੇ ਭੋਗ 'ਤੇ ਸਾਡੇ ਖਿਲਾਫ਼ ਬੋਲ ਕੇ ਆਇਆ, ਉਹਦੇ ਮਾਰਨੀਆਂ ਗੋਲੀਆਂ।...ਅੱਗਿਉਂ ਉਹ ਪੈ ਗਈ ਟੁੱਟ ਕੇ। ਆਂਹਦੀ ਵੱਡਿਆ ਸੂਰਮਿਆ! ਆ ਜਾ ਫਿਰ ਗੇਟ 'ਤੇ। ਮੈਂ ਵੀ ਜੱਟ ਦੀ ਧੀ ਨ੍ਹੀਂ ਜੇ ਮਰਦ ਬਣ ਕੇ ਨਾ ਟੱਕਰਾਂ! ਬੱਸ ਫਿਰ ਨੀਂਦ ਕੀ ਆਉਣੀ ਸੀ?"

ਤੇ ਫਿਰ ਅਸੀਂ 'ਪੰਜਾਬੀ ਗਾਇਕੀ ਤੇ ਗਾਇਕਾਂ ਦਾ ਹੁਣ ਕੀ ਬਣੇਗਾ?' ਵਿਸ਼ੇ ਉਤੇ ਬਿਨਾਂ ਚਾਹ ਪੀਤਿਆਂ ਹੀ ਤਬਸਰਾ ਕਰਦੇ ਰਹੇ।

ਇੰਜ ਵੇਖਦਿਆਂ-ਵੇਖਦਿਆਂ ਚਮਕੀਲਾ ਸਾਡੇ ਹੱਥਾਂ ਵਿਚੋਂ ਖਿਸਕ ਗਿਆ। ਵੱਡੇ ਬੁੱਧੀਜੀਵੀ ਤੇ ਲੇਖਕ ਭਾਵੇਂ ਇਹ ਕਹਿਣਗੇ ਕਿ ਅਸ਼ੋਕ ਆਹ ਕੀ ਲਿਖ ਰਿਹੈ ਪਰ ਚਿੜੀਆਂ ਦੀ ਮੌਤ 'ਤੇ ਗਵਾਰ ਹੀ ਹੱਸਦੇ ਹੁੰਦੇ ਹਨ।

---

# *ਜਾਂਦੀ ਬਹਾਰ ਦੀਆਂ ਮਾਈਆਂ*

*(ਸਫਾ 29 ਦੀ ਬਾਕੀ)*

ਵਿਚ ਡਿੱਗ ਪਈਆਂ ਤੇ ਮੁੜ ਛੱਪੜ ਤੋਂ ਉਰ੍ਹਾਂ-ਉਰ੍ਹਾਂ ਅਸੀਂ ਕਿੱਥੇ ਠਿਲ੍ਹਣਾ ਏ!"

ਦਾਦੀ ਨੇ ਅਸਲੋਂ ਠੀਕ ਆਖਿਆ ਸੀ। ਖਾਈ ਉਤੇ ਵੱਸੇ ਪੂਰੇ ਮੁਹੱਲੇ ਦਾ ਪਾਣੀ ਏਥੇ ਆ ਕੇ ਗਲੀ ਦੇ ਨਾਲ-ਨਾਲ ਜਾਂਦੀ ਵੱਡੀ ਨਾਲੀ ਵਿਚ ਆ ਪੈਂਦਾ ਸੀ ਤੇ ਇਥੋਂ ਅੱਗੇ ਛਾਲਾਂ ਮਾਰਦਾ ਢਲਵੇਂ ਰਾਹ ਉਤੇ ਭੱਜ ਵੱਗਦਾ ਸੀ। ਸੱਚੀ ਗੱਲ ਇਹ ਜੇ ਉਸ ਵੇਲੇ ਇਨ੍ਹਾਂ ਵਿਚੋਂ ਕਿਸੇ ਇਕ ਦਾ ਵੀ ਉਸ ਵਹਿਣ ਵੱਲ ਪੈਰ ਖਿੜਕ ਜਾਂਦਾ ਤੇ ਜੰਮ ਨੇ ਉਹਦਾ ਸੁਨੇਹਾ ਲੈ ਕੇ ਫੱਟ ਆ ਜਾਣਾ ਸੀ। ਪਰ ਅੱਜ ਦੀ ਦਿਹਾੜੀ ਤੇ ਇਹ ਜ਼ਰੂਰ ਜਿਊਣਾ ਚਾਹੁੰਦੀਆਂ ਸਨ। ਇਸ ਲਈ ਇਕ ਵਾਰ ਫੇਰ ਦੋਹਾਂ ਮਾਈਆਂ ਨੂੰ ਉਸੇ ਥਾਂ ਈ ਗੁੱਠ ਮਾਰ ਕੇ ਬਹਿਣਾ ਪੈ ਗਿਆ। ਕਮਾਲ ਦੀ ਗੱਲ ਏ ਪਈ ਅਜੇ ਤੀਕ ਉਸ ਗਲੀ ਵਿਚ ਕੋਈ ਹੋਰ ਬੰਦਾ ਨਹੀਂ ਸੀ ਆਇਆ।

ਹੁਣ ਇਹ ਦੋਵੇਂ ਇਸ ਗਲੀ ਨੂੰ ਬਦ ਅਸੀਸਾਂ ਦੇਣ ਡਹਿ ਪਈਆਂ। ਇਹ ਉਹੋ ਘਾਟੀ ਵਾਲੀ ਥਾਂ ਸੀ, ਜਿਹਦੇ ਉਤੇ ਨਿੱਕੀ ਉਮਰ ਤੋਂ ਲੈ ਕੇ ਕੁਝ ਚਿਰ ਪਹਿਲਾਂ ਤੀਕ ਇਹ ਹਜ਼ਾਰਾਂ ਲੱਖਾਂ ਵਾਰੀ ਅਣਝੱਕ ਲੰਘਦੀਆਂ ਰਹੀਆਂ ਸਨ। ਪਹਿਲਾਂ ਤਾਂ ਇਹਦੇ ਉਤੇ ਪੱਕੀਆਂ ਇੱਟਾਂ ਵੀ ਨਹੀਂ ਸੀ ਜੁੜੀਆਂ ਹੁੰਦੀਆਂ ਤੇ ਮੀਂਹ ਕਣੀ ਵਿਚ ਇਹ ਘਾਟੀ ਤਿਲਕਣੀ ਘੀਸੀ ਬਣ ਜਾਂਦੀ ਸੀ ਪਰ ਨਿੱਕੇ ਹੁੰਦਿਆਂ ਇਹ ਦੋਵੇਂ ਇਹਦੇ ਉਤੇ ਕਦੂਕੜੇ ਮਾਰਦੀਆਂ ਨੰਗੇ ਪੈਰੀਂ ਲੱਥ ਚੜ੍ਹ ਜਾਂਦੀਆਂ ਸਨ। ਦੋਵੇਂ ਏਸੇ ਪਿੰਡ ਦੀਆਂ ਜੰਮਪਲ ਤੇ ਬਾਲੜੀ ਉਮਰ ਦੀਆਂ ਸਖੀਆਂ ਸਨ। ਉਦੋਂ ਇਨ੍ਹਾਂ ਨੂੰ ਇਹ ਘਾਟੀ ਵੀ ਆਪਣੀ ਕੋਈ ਸਹੇਲੀ ਈ ਜਾਪਦੀ ਹੁੰਦੀ ਸੀ ਪਰ ਲੰਘੇ ਵੇਲੇ ਨੇ ਘਾਟੀ ਵਾਲੀ ਗਲੀ ਉਤੇ ਪੱਕੀਆਂ ਇੱਟਾਂ ਵਿਛਾ ਕੇ ਇਨ੍ਹਾਂ ਦੋਹਾਂ ਦੇ ਪੈਰ੍ਹਾਂ ਦੀ ਨਿੱਘ ਸਿਆਨਣ ਵਾਲੀ ਅਸਲ ਮਿੱਟੀ ਨੂੰ ਆਪਣੇ ਥੱਲ੍ਹੇ ਲੁਕਾ ਲਿਆ ਸੀ। ਇਹ ਪੱਕੀਆਂ ਇੱਟਾਂ ਤਾਂ ਇਨ੍ਹਾਂ ਲਈ ਅਸਲੋਂ ਉਬੜ ਤੇ ਠੰਢੀਆਂ ਸੀਤ ਸਨ। ਆਪਣੇ ਈ ਪਿੰਡ ਦੀ ਗਲੀ ਦਾ ਇੰਜ ਬੇਮੁੱਖ ਹੋ ਜਾਣਾ, ਇਨ੍ਹਾਂ ਦੇ ਹੌਂਸਲੇ ਦੀ ਢੇਰੀ ਢਾਉਂਦਾ ਜਾਪਦਾ ਸੀ ਪਰ ਅਚਨਚੇਤ ਨਾਨੀ ਨੂੰ ਇਕ ਹੋਰ ਚਾਲ ਸੁੱਝ ਗਈ। ਇਹਨੇ ਆਪਣੇ ਵਿਚਾਰ ਆਪਣੀ ਕੁੜਮਣੀ ਨਾਲ ਸਾਂਝੇ ਕੀਤੇ ਤਾਂ ਦੋਹਾਂ ਦੇ ਪੀਲੇ ਪਏ ਮੁੱਖ ਖਿੜ ਪਏ।

ਐਤਕੀਂ ਨਾਨੀ ਨੇ ਆਪਣੀ ਚੁੰਨੀ ਦੇ ਇਕ ਪੱਲ੍ਹੇ ਨਾਲ ਆਪਣੇ ਲੱਕ ਨੂੰ ਗੰਢ ਬੰਨ੍ਹ ਲਈ ਤੇ ਦੂਜਾ ਪੱਲਾ ਦਾਦੀ ਵੱਲ ਕਰ ਦਿੱਤਾ। ਮੁੜ ਦੋਵੇਂ ਬੱਕਰੀਆਂ ਬਣ ਕੇ ਹੱਥਾਂ ਗੋਡਿਆਂ ਦੇ ਭਾਰ ਅੱਗੜ-ਪਿੱਛੜ ਟੁਰ ਪਈਆਂ। ਨਾਨੀ ਦੀਆਂ ਅੱਖਾਂ ਵਿਚ ਮਾਸਾ ਨੂਰ ਹੈ ਸੀ। ਉਹ ਗਲੀ ਨੂੰ ਟੋਂਹਦੀ ਤੇ ਅੰਦਾਜ਼ੇ ਲਾਉਂਦੀ ਅੱਗੇ ਅੱਗੇ ਟੁਰੀ ਜਾ ਰਹੀ ਸੀ ਤੇ ਇਹਦੇ ਮਗਰੇ-ਮਗਰ ਈ ਮਾੜੀ ਨਜ਼ਰ ਵਾਲੀ ਦਾਦੀ, ਬਿਨਾਂ ਦੰਦਾਂ ਵਾਲੇ ਆਪਣੇ ਮੂੰਹ ਵਿਚ ਚੁੰਨੀ ਦਾ ਇਕ ਪੱਲਾ ਪੀਡਾ ਨੱਪੀ, ਇਸ ਦੀ ਖਿੱਚ ਵਲ ਰਿੜੀ ਆ ਰਹੀ ਸੀ। ਗਲੀ ਵਿਚ ਖਿਲਰੇ ਕੱਖ-ਕਾਣ ਤੇ ਕੰਕਰ-ਰੋੜੇ ਇਨ੍ਹਾਂ ਦੇ ਹੱਥਾਂ ਵਿਚ ਕਈ ਵਾਰ ਖੁੱਭੇ, ਪੱਕੀਆਂ ਇੱਟਾਂ ਨੇ ਵਾਰ-ਵਾਰ ਇਨ੍ਹਾਂ ਦੇ ਮਾਸ ਤੋਂ ਵਾਂਝੇ ਗੋਡਿਆਂ ਨੂੰ ਦਮੁੱਕ ਮਾਰੇ ਪਰ ਇਹ ਨਾ ਟਲੀਆਂ। ਇੰਜ ਤਾਂ ਨਾਨੀ ਦਾ ਟੋਰਾ ਵੀ ਦਸਾਂ ਮਹੀਨਿਆਂ ਦੇ ਬਾਲ ਦੇ ਰਿੜ੍ਹਨ ਤੋਂ ਵਧੇਰਾ ਨਹੀਂ ਸੀ ਪਰ ਇਹ ਫੇਰ ਵੀ ਕੁੜਮਣੀ ਨਾਲੋਂ ਕਿਤੇ ਤ੍ਰਿੱਖੀਆਂ ਲੱਤਾਂ-ਬਾਹਵਾਂ ਚਲਾ ਰਹੀ ਸੀ। ਮੋਈ-ਮੁੱਕੀ ਦਾਦੀ ਲਈ ਉਹਦਾ ਸੰਗ ਕਰਨਾ ਔਖੇ ਤੋਂ ਔਖਾ ਹੁੰਦਾ ਜਾ ਰਿਹਾ ਸੀ। ਓੜਕ ਇਹਦੇ ਮੂੰਹੋਂ ਚੁੰਨੀ ਦਾ ਪੱਲਾ ਛੁੱਟ ਗਿਆ ਤੇ ਇਹ ਬੇਦਮ ਹੋਈ ਗਲੀ ਉਤੇ ਢਿੱਡ ਭਾਰ ਢਹਿ ਪਈ। ਨਾਨੀ ਨੂੰ ਆਪਣੀ ਚੁੰਨੀ ਦਾ ਪਿਛਲਾ ਪੱਲਾ ਹੌਲਾ ਹੁੰਦਾ ਜਾਪਿਆ ਤੇ ਇਹ ਦਾਦੀ ਕੋਲ ਪਰਤ ਆਈ। ਇਹਦੇ ਆਸਰੇ ਨਾਲ ਦਾਦੀ ਉਠ ਤਾਂ ਬੈਠੀ ਪਰ ਪੈਂਦੀ ਸੱਟੇ ਈ ਹਫੀ ਹੋਈ ਬੋਲੀ, "ਛੱਡ ਜਣੀਏ! ਹੌਲੀ ਕਿਉਂ ਨਹੀਂਓ ਟੁਰਦੀ। ਤੂੰ ਤਾਂ ਇੰਜ ਪੈਰ ਪੁੱਟਨੀ ਏਂ, ਰੇਤ ਉਤੇ ਡਾਚੀ ਵੀ ਕੀ ਟੁਰਦੀ ਹੋਵੇਗੀ।"

ਡਰੂ ਜਿਹੀ ਨਾਨੀ ਦੇ, ਮੂੰਹ ਜ਼ੋਰ ਦਾਦੀ ਅੱਗੇ ਸਾਰੀ ਹਯਾਤੀ ਕਿਸੇ ਪਿੜ ਵਿਚ ਪੈਰ ਨਹੀਂ ਸਨ ਟਿਕੇ। ਪਰ ਪਿਛਲੀ ਉਮਰੇ ਅੱਜ ਇਸ ਗੋਡਾ-ਦੌੜ ਵਿਚ ਉਹਨੂੰ ਮਾਤ ਦੇਣ ਉਤੇ ਇਹ ਢਿੱਡੋਂ ਰਾਜੀ ਹੋਈ। ਇਸ ਲਈ ਇਨ੍ਹਾਂ ਗੱਲਾਂ ਵਿਚ ਇਹ ਹੁਣ ਗੁੜਕ ਰਹੀ ਸੀ। ਝੱਟ ਕੁ ਸਾਹ ਲੈ ਕੇ ਦੋਵੇਂ ਕੁੜਮਣੀਆਂ ਮੁੜ ਉਂਜੇ ਈ ਖਾਈ ਤੋਂ ਥੱਲ੍ਹੇ ਵੱਲ ਰਿੜ ਪਈਆਂ।

---

## ਹਾਇਕੂ

ਕੁੱਤੇ ਝਾਕਣ
ਓ ਲੰਗਰ ਸੁੱਟਦਾ
ਖੁਸ਼ੀ 'ਚ ਖੀਵੇ

---

ਅਮਲੀ ਰੋਵੇ
ਡੱਬੀ ਖੜਕੇ ਖਾਲੀ
ਜਾਗੂ ਤੜਕੇ

---

ਘੜੀ ਦੀ ਟਿੱਕ
ਨੀਂਦਰ ਕਿੰਝ ਆਵੇ
ਕੰਮ 'ਤੇ ਜਾਣਾ

*-ਜਨਮੇਜਾ ਸਿੰਘ ਜੌਹਲ*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਜੋੜ ਦਾ ਆਲਮ

ਇਹ ਸਾਰੀ ਕਾਇਨਾਤ ਵਿਭਿੰਨ ਤੱਤਾਂ ਦਾ ਮਹਾਂ ਜੋੜ ਹੈ। ਭਾਵੇਂ ਮੈਂ ਕਾਇਨਾਤ ਨੂੰ ਚਲਾਉਣ ਵਾਲੀ ਪਰਾਸਰੀਰਕ ਸ਼ਕਤੀ ਵਿਚ ਵਿਸ਼ਵਾਸ ਨਹੀਂ ਰੱਖਦਾ, ਭਲੇ ਹੀ ਇਹ ਇਕ ਰੱਬ ਹੋਣ ਵਾਲੀ ਸ਼ਕਤੀ ਦੇ ਰੂਪ ਵਿਚ ਹੀ ਹੋਵੇ ਪਰ ਮੈਂ ਗੁਰੂ ਨਾਨਕ ਦੇਵ ਦੀ ਇਸ ਧਾਰਨਾ ਦਾ ਕਾਇਲ ਹਾਂ ਕਿ ਇਹ ਸਾਰਾ ਪ੍ਰਪੰਚ ਇਕ ਏਕਤਾ ਵਿਚ ਬਝਾ ਹੋਇਆ ਹੈ, ਕੁਝ ਵੀ ਨਿਖੜਵਾਂ ਨਹੀਂ, "ਆਪੇ ਸਚੁ ਕੀਆ ਕਰ ਜੋੜਿ॥ ਅੰਡਜ ਫੋੜ ਜੋੜਿ ਵਿਛੋੜਿ॥" ਬ੍ਰਹਿਮੰਡ ਦਾ ਹਰ ਜੁਜ਼ ਇਕ ਦੂਜੇ ਨਾਲ ਇਕ ਅਦਿਖ ਢੰਗ ਨਾਲ ਜੁੜਿਆ ਹੋਇਆ ਹੈ। ਜੋੜ ਸ਼ਬਦ ਵੀ ਕੁਝ ਇਸੇ ਤਰ੍ਹਾਂ ਹੈ। ਇਸ ਦੇ ਅਰਥ-ਪਸਾਰ ਦਾ ਕੋਈ ਪਾਰਾਵਾਰ ਨਹੀਂ। ਜ਼ਿੰਦਗੀ ਦੇ ਕਿੰਨੇ ਹੀ ਪਹਿਲੂਆਂ ਵਿਚ ਅਸੀਂ ਇਸ ਦੀ ਵਰਤੋਂ ਦੇਖਦੇ ਹਾਂ। ਧਰਮੀ ਲੋਕ ਆਪਣੀ ਲਿਵ ਪਰਮਾਤਮਾ ਨਾਲ ਜੋੜਨ ਨੂੰ ਜ਼ਿੰਦਗੀ ਦਾ ਮੁਖ ਮੰਤਵ ਸਮਝਦੇ ਹਨ ਤੇ ਦੁਨਿਆਵੀ ਪੁਰਸ਼ ਮਾਇਆ ਜੋੜਨ 'ਤੇ ਹੀ ਲੱਗੇ ਰਹਿੰਦੇ ਹਨ। ਮੇਰੇ ਵਰਗੇ ਜੋੜ-ਤੋੜ ਕਰਕੇ ਮਸਾਂ ਰੋਟੀ ਜੁੜਦੀ ਕਰਦੇ ਹਨ। ਦੁਨੀਆਂ ਅੱਗੇ ਤਾਂ ਹੀ ਤੁਰਦੀ ਹੈ ਜੇ ਵਿਪਰੀਤ ਲਿੰਗੀ ਵਿਆਹ ਕਰਕੇ ਜੋੜੀ ਬਣਾ ਲੈਣ ਭਾਵੇਂ ਇਹ ਜੋੜ ਅਣਜੋੜ ਹੀ ਕਿਉਂ ਨਾ ਹੋਵੇ। ਦੁਨੀਆਂ ਨੂੰ ਕੁਝ ਵਧੇਰੇ ਹੀ ਯੋਗਦਾਨ ਦੇਣ ਦੇ ਕਾਹਲੇ ਕਈ ਵਿਆਹੁਤਾ ਜੋੜੇ ਤਾਂ ਜੌੜੇ ਹੀ ਪੈਦਾ ਕਰ ਦਿੰਦੇ ਹਨ। ਕਈਆਂ ਦੀ ਜਿੰਦਗੀ ਜੋੜਾਂ ਦੇ ਦਰਦ ਨਾਲ ਦੁਭਰ ਹੋ ਜਾਂਦੀ ਹੈ। ਕੁਝ ਇਕਨਾਂ ਦੇ ਜੋੜ ਏਨੇ ਜੁੜ ਜਾਂਦੇ ਹਨ ਕਿ ਉਹ ਵਿਚਾਰੇ ਹਿਲਜੁਲ ਵੀ ਨਹੀਂ ਸਕਦੇ ਪਰ ਬੁਢੇਪੇ ਵਿਚ ਕਈ ਦੂਜਿਆਂ ਦੇ ਜੋੜ ਹਿੱਲਣ ਹੀ ਲੱਗ ਜਾਂਦੇ ਹਨ। ਨੰਗੇ ਪੈਰਾਂ ਨੂੰ ਮੌਸਮ ਦੇ ਕਹਿਰ ਤੋਂ ਬਚਾਉਣ ਲਈ ਜੋੜਿਆਂ ਦੀ ਜ਼ਰੂਰਤ ਪੈਂਦੀ ਹੈ। ਇਹ ਇੰਨੇ ਕੀਮਤੀ ਸਮਝੇ ਜਾਂਦੇ ਹਨ ਧਾਰਮਕ ਸਥਾਨਾਂ 'ਤੇ ਇਨ੍ਹਾਂ ਦੇ ਰੱਖਣ ਲਈ ਰਾਖਵਾਂ ਥਾਂ ਹੁੰਦਾ ਹੈ ਤੇ ਕਈ ਵਾਰੀ ਟੋਕਨ ਲੈਣਾ ਪੈਂਦਾ ਹੈ। ਪੱਲਿਆਂ ਦੀ ਜੋੜੀ ਤੋਂ ਬਿਨਾਂ ਕਿਵਾੜ ਪੂਰੀ ਤਰ੍ਹਾਂ ਬੰਦ ਨਹੀਂ ਹੁੰਦੇ। ਵਿਆਹ ਵਿਚ ਜੋੜਾ ਜਾਮਾ ਨਾ ਲੈ ਕੇ ਜਾਵੋ ਤਾਂ ਨੱਕ ਨਹੀਂ ਰਹਿੰਦਾ। ਜੋੜ ਦੇ ਸਵਾਲ ਪਾਸ ਕਰੇ ਤੋਂ ਬਿਨਾਂ ਤੁਸੀਂ ਦੂਜੀ ਜਮਾਤ ਵੀ ਨਹੀਂ ਟੱਪ ਸਕਦੇ। ਕਈਆਂ ਨੂੰ ਕਵਿਤਾ ਜੋੜਨੀ ਆਉਂਦੀ ਹੈ। ਜੋ ਕਵਿਤਾ ਨਾ ਜੁੜਦੀ ਹੋਵੇ ਉਹ ਅਕਵਿਤਾ ਹੀ ਕਹਾਏਗੀ। ਮੁਕਾਬਲੇ ਜਾਂ ਬਰਾਬਰ ਦੀ ਚੀਜ਼ ਜੋੜ ਹੁੰਦੀ ਹੈ ਤੇ ਦੂਜੀ ਅਣਜੋੜ।

ਦੁਨੀਆਂ ਦੀ ਕੋਈ ਵੀ ਚੀਜ਼ ਜੋੜ ਲਾਏ ਬਿਨਾਂ ਨਹੀਂ ਬਣ ਸਕਦੀ। ਜੋੜ ਉਖੜ ਜਾਵੇ ਤਾਂ ਫਿਰ ਪਤਾ ਲਗਦਾ ਹੈ, ਕਿਵੇਂ ਝੁੱਗਾ ਚੌੜ ਹੁੰਦਾ ਹੈ। ਕਪੜਾ ਥੁੜ ਜਾਵੇ ਤਾਂ ਸਸਤੇ ਕਪੜੇ ਦਾ ਜੋੜ ਪਾਉਣਾ ਪੈਂਦਾ ਹੈ। ਜੋੜ-ਮੇਲੇ ਤੋਂ ਬਿਨਾਂ ਜ਼ਿੰਦਗੀ ਦਾ ਕਾਹਦਾ ਮਜ਼ਾ? ਜੋੜ ਤੋਂ ਵੀ ਅੱਗੇ ਜੇ ਗਠਜੋੜ ਕਰ ਲਿਆ ਜਾਵੇ ਤਾਂ ਦੁਸ਼ਮਣ ਮੈਦਾਨ ਵਿਚ ਖੜ ਨਹੀਂ ਸਕਦਾ। ਜੁੜਨਾ ਵਿਚ ਵੀ ਬਹੁਤ ਸਾਰੇ ਜੋੜ ਦੇ ਹੀ ਭਾਵ ਹਨ, ਜੇ ਕੋਈ ਕਸਰ ਸੀ ਤਾਂ ਜੂੜਨਾ ਨੇ ਪੂਰੀ ਕਰ ਦਿੱਤੀ। ਜੂੜਿਆ ਪਸ਼ੂ ਜਾਊ ਕਿਥੇ? ਇਸ ਦੀ ਲੱਖਣਾਤਮਕ ਵਰਤੋਂ ਦੇਖੋ, "ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਪਾਠਕ ਨੂੰ ਜੂੜ ਲੈਂਦੀਆਂ ਹਨ।" ਊਨੀ ਕਪੜੇ ਗਰਮ ਪਾਣੀ ਨਾਲ



ਧੋਣ ਪਿਛੋਂ ਜੁੜ ਜਾਂਦੇ ਹਨ ਤੇ ਦੰਦਲ ਪੈਣ ਨਾਲ ਦੰਦ ਜੁੜ ਜਾਂਦੇ ਹਨ। ਜੋੜ ਦੇ ਭਾਵ ਤੋਂ ਬਹੁਤ ਸਾਰੇ ਮੁਹਾਵਰੇ ਤੇ ਅਖਾਣਾਂ ਦੀ ਸਿਰਜਣਾ ਹੋਈ ਹੈ। ਜਿਵੇਂ ਜੋੜ ਬਿਠਾਉਣਾ; ਜੋੜ ਲਾਉਣਾ; ਜੁੜ ਬੈਠਣਾ, ਜੁੜ ਜਾਣਾ; ਜੋੜ ਭਰਨਾ; ਜੋੜੀਆਂ ਜੱਗ ਥੋੜੀਆਂ, ਨਰੜ ਬਥੇਰੇ; ਰਾਮ ਬਣਾਈ ਜੋੜੀ ਇਕ ਅੰਨ੍ਹਾਂ ਤੇ ਇਕ ਕੋਹੜੀ; ਬੰਦਾ ਜੋੜੇ ਪਲੀ ਪਲੀ ਤੇ ਰਾਮ ਰੁੜਾਏ ਕੁੱਪਾ। ਰਾਮ ਸ਼ਾਇਦ ਇਹ ਜੋੜ-ਤੋੜ ਇਸ ਲਈ ਕਰਦਾ ਹੈ ਕਿ ਉਸ ਦੇ ਮਨ ਵਿਚ ਕੋਈ ਹੋਰ ਜੋੜ ਫਸੇ ਹੁੰਦੇ ਨੇ।

ਜੁੱਤੀ ਅਤੇ ਜੁਗਤੂ ਵਾਲੇ ਲੇਖਾਂ ਵਿਚ ਅਸੀਂ ਯੁੱਜ ਧਾਤੂ ਕਾਰਜਸ਼ੀਲ ਦੇਖਿਆ ਸੀ। ਇਹ ਧਾਤੂ ਮੂਲ ਰੂਪ ਵਿਚ ਜੁੜਨ ਦਾ ਭਾਵ ਦਿੰਦਾ ਹੈ। ਅਸਲ ਵਿਚ ਯੁੱਜ ਧਾਤੂ ਦਾ ਪਿਉ ਇਕ ਹੋਰ ਧਾਤੂ ਹੈ, 'ਯੁ' ਜਿਸ ਵਿਚ ਵੀ ਜੁੜਨ, ਮਿਲਣ ਆਦਿ ਦੇ ਭਾਵ ਹਨ। ਪਿਛਲੇ ਲੇਖਾਂ ਵਿਚ ਅਸੀਂ ਨਿਯਮਿਤ ਰੂਪ ਵਿਚ ਬਣੇ ਕੁਝ ਸ਼ਬਦਾਂ ਦਾ ਜ਼ਿਕਰ ਕੀਤਾ ਸੀ। ਅੱਜ ਅਸੀਂ ਇਸ ਦਾ ਹੋਰ ਵਿਸਥਾਰ ਦਿੰਦੇ ਹਾਂ। 'ਯੁ' ਧਾਤੂ ਤੋਂ ਇਕ ਹੋਰ ਉਪਧਾਤੂ 'ਜੁਟ' ਬਣਿਆ ਜਿਸ ਵਿਚ ਵੀ ਜੁੜਨ ਦਾ ਭਾਵ ਹੈ। ਇਸ ਤੋਂ ਪੰਜਾਬੀ ਦੇ ਕਈ ਸ਼ਬਦ ਬਣੇ ਹਨ। ਜੁੱਟ ਹੀ ਲੈ ਲਵੋ। ਇਸ ਦਾ ਅਰਥ ਇਕ ਤੋਂ ਵਧ ਵਸਤਾਂ ਖਾਸ ਕਰਕੇ ਵਿਅਕਤੀਆਂ ਦਾ ਮੇਲ ਹੈ। ਇਕ-ਜੁੱਟ ਸ਼ਬਦ ਵਿਚ ਇਹ ਵਧੇਰੇ ਚੰਗੀ ਤਰ੍ਹਾਂ ਉਜਾਗਰ ਹੁੰਦਾ ਹੈ। ਕੰਮ ਵਿਚ ਜੁੱਟਣ ਦਾ ਭਾਵ ਕੰਮ ਨਾਲ ਜੁੜਨ ਤੋਂ ਹੀ ਹੈ, "ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗ ਜੁਟੁ॥" -ਗੁਰੂ ਨਾਨਕ।

ਠੂਠੀ ਨੂੰ ਵੀ ਜੁੱਟ ਕਿਹਾ ਜਾਂਦਾ ਹੈ, ਇਥੇ ਠੂਠੀ ਨੂੰ ਦੋ ਅਧੇ ਟੁਕੜਿਆਂ ਦੇ ਜੋੜ ਵਜੋਂ ਦੇਖਿਆ ਗਿਆ ਹੈ। ਇਸੇ ਤੋਂ ਅੱਗੇ ਜੋਟੀ ਤੇ ਜੋਟੀਦਾਰ ਸ਼ਬਦ ਵਿਕਸਿਤ ਹੋ ਗਏ ਹਨ। ਵਿਚ ਰਾਰਾ ਪੈ ਕੇ ਵਾਧੂ ਦੇ ਸ਼ਬਦ ਜਰੁੱਟ ਤੇ ਜਰੋਟਾ ਆ ਧਮਕੇ। ਰਿਸ਼ੀਆਂ-ਮੁਨੀਆਂ ਦੇ ਗੁੱਥਮਗੁੱਥਾ ਹੋਏ ਵਾਲ ਜਟਾਂ ਕਹਾਉਂਦੇ ਹਨ। "ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ॥" -ਭਗਤ ਕਬੀਰ। ਇਸ ਦੇ ਹੋਰ ਰੂਪ ਜਟੂਆ ਤੇ ਜਟੂਰੀ ਹਨ। ਇਥੇ ਵੀ ਵਾਲਾਂ ਦੇ ਜੁੜਨ ਦਾ ਹੀ ਭਾਵ ਹੈ, "ਜਾ ਕੋ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ" -ਭਟ ਕਲਯ। "ਸੀਸ ਜਟਾਨ ਕੇ ਜੂਟ ਸੁਹਾਏ" -ਦਸਮ ਗ੍ਰੰਥ। ਸ਼ਿਵ ਦੇ ਅਜਿਹੇ ਭਗਤਾਂ ਨੂੰ ਅਸੀਂ ਜਟਾਜੂਟ ਜਾਂ ਜਟਾਧਾਰੀ ਵੀ ਆਖ ਦਿੰਦੇ ਹਾਂ। ਸ਼ਿਵ ਆਪ ਇਸ ਉਪਾਧੀ ਦਾ ਧਾਰਕ ਹੈ। ਜੂਟ ਸ਼ਬਦ ਦਾ ਅਸਲ ਵਿਚ ਮਤਲਬ ਜੂੜਾ ਹੈ ਤੇ ਜੂੜਾ ਵੀ ਜੂਟ ਦਾ ਅਗਲਾ ਰੂਪ ਹੀ ਹੈ। ਜਟਿਲ ਸ਼ਬਦ ਵੀ ਇਥੇ ਥਾਂ ਸਿਰ ਹੈ ਜੋ ਗੁੱਥਮਗੁੱਥਾ ਸਥਿਤੀ ਵੱਲ ਸੰਕੇਤ ਕਰਦਾ ਹੈ। ਪਟਸਨ ਲਈ ਅੰਗਰੇਜ਼ੀ ਸ਼ਬਦ ਜਿਊਟ (jute) ਵਰਤਿਆ ਜਾਂਦਾ ਹੈ। ਇਹ ਇਕ ਰੇਸ਼ੇਦਾਰ ਪੌਦਾ ਹੈ ਜਿਸ ਦਾ ਤਣਾ ਬਹੁਤ ਪਤਲਾ ਹੁੰਦਾ ਹੈ। ਇਸ ਦੀਆਂ ਗੱਠਾਂ ਬੰਨ੍ਹ ਕੇ ਪਾਣੀ ਵਿਚ ਰਖੀਆਂ ਜਾਂਦੀਆ ਹਨ ਤੇ ਬਾਅਦ ਵਿਚ ਰੇਸ਼ੇ ਉਤਾਰ ਲਏ ਜਾਂਦੇ ਹਨ। ਇਹ ਸਣ ਵਰਗਾ ਹੀ ਹੁੰਦਾ ਹੈ। ਇਸ ਤੋਂ ਬੋਰੀਆਂ, ਟਾਟ, ਰੱਸੀਆਂ, ਤਿਰਪਾਲਾਂ ਆਦਿ ਬਣਾਈਆਂ ਜਾਂਦੀਆਂ ਹਨ। ਬੰਗਾਲ ਵਿਚ ਇਸ ਦਾ ਖੂਬ ਉਤਪਾਦਨ ਹੁੰਦਾ ਹੈ। ਇਹ ਸ਼ਬਦ ਬੰਗਲਾ ਦੇ ਝੂਟੋ ਸ਼ਬਦ ਤੋਂ ਅੰਗਰੇਜ਼ੀ ਵਿਚ ਗਿਆ ਜੋ ਅੰਤਮ ਤੌਰ 'ਤੇ ਜਟ ਨਾਲ ਹੀ ਜੁੜਿਆ ਹੋਇਆ ਹੈ। ਯੂਰਪ ਵਿਚ 18ਵੀਂ ਸਦੀ ਤੋਂ ਇਸ ਸ਼ਬਦ ਦੀ ਵਰਤੋਂ ਮਿਲਦੀ ਹੈ। ਅੰਗਰੇਜ਼ਾਂ ਨੇ ਇਸ ਜਿਣਸ ਅਤੇ ਸ਼ਬਦ ਨੂੰ ਯੂਰਪ ਵਿਚ ਲਿਆਂਦਾ। ਕਈ ਹੋਰ ਰੇਸ਼ੇਦਾਰ ਬੂਟੀਆਂ ਦਾ ਨਾਂ ਵੀ ਜਟ ਹੈ। ਦਸਮ ਗ੍ਰੰਥ ਵਿਚ ਇਕ ਥਾਂ 'ਤੇ ਆਉਂਦਾ ਹੈ,

ਦਾਗੜਦੰਗ ਦੋਖੀ ਬਾਗੜਦੰਗ ਬੂਟੀ॥
ਆਗੜਦੰਗ ਹੈ ਏਕ ਤੇ ਏਕ ਜੂਟੀ॥
ਚਾਗੜਦੰਗ ਚਉਕਾ ਹਾਗੜਦੰਗ ਹਨਵੰਤਾ॥
ਜਾਗੜਦੰਗ ਜੋਧਾ ਮਹਾਤੇਜ ਮੰਤਾ॥

ਇਸ ਵਿਚ 'ਏਕ ਤੇ ਏਕ ਜੂਟੀ' ਵਿਚ ਆਈ ਉਕਤੀ ਦਾ ਅਰਥ 'ਮਹਾਨ ਕੋਸ਼' ਅਨੁਸਾਰ ਹੈ, "ਪਹਾੜ ਦੀ ਬੂਟੀ ਇੱਕ ਤੋਂ ਇੱਕ ਚਮਕਦੀ ਹੋਈ।" ਸਪਸ਼ਟ ਹੈ ਇਥੇ ਜੂਟੀ ਦਾ ਅਰਥ ਚਮਕਦੀ, ਰੌਸ਼ਨ ਕੀਤਾ ਗਿਆ ਹੈ। ਪਰ ਮੈਨੂੰ ਇਸ ਸ਼ਬਦ ਦਾ ਅਰਥ ਚਮਕਣਾ ਕਿਤੇ ਨਹੀਂ ਮਿਲਿਆ। ਅਸਲ ਵਿਚ ਇਥੇ ਇਸ ਦਾ ਭਾਵ ਬਣਦਾ ਹੈ ਕਿ ਹਨੂਮਾਨ ਨੇ ਬਹੁਤ ਸਾਰੀਆਂ ਬੂਟੀਆਂ 'ਗੁਥਮਗੁੱਥਾ' ਹੋਈਆਂ ਦੇਖੀਆਂ। ਊਠ 'ਤੇ ਲੱਦਿਆ ਲਾਂਗਾ ਉਤਾਰਨ ਲਈ ਵਰਤੇ ਜਾਂਦੇ ਇਕ ਸਿੰਗੜ ਵਾਲੇ ਸੰਦ ਨੂੰ ਜਟ ਕਿਹਾ ਜਾਂਦਾ ਹੈ। ਇਸ ਜਟ ਵਿਚ ਵੀ ਇਕ ਜੋੜ ਹੀ ਹੁੰਦਾ ਹੈ ਜਿਸ ਕਰਕੇ ਇਸ ਨੂੰ ਜਟ ਕਿਹਾ ਜਾਂਦਾ ਹੋਵੇਗਾ। ਅਸੀਂ ਜੜੀ-ਬੂਟੀ ਸ਼ਬਦ ਜੁੱਟ ਵਰਤਦੇ ਹਾਂ।

ਅਸਲ ਵਿਚ ਜੜ੍ਹ ਸ਼ਬਦ ਦਾ ਪਹਿਲਾ ਰੂਪ ਵੀ ਜਟ ਹੀ ਹੈ। ਜੜ੍ਹ ਕਿਸੇ ਵੀ ਬੂਟੇ ਨੂੰ ਧਰਤੀ ਨਾਲ ਜੋੜ ਕੇ ਰਖਦੀ ਹੈ। ਪੰਜਾਬੀ ਵਿਚ ਅਜਿਹੇ ਹੀ ਅਰਥਾਂ ਵਿਚ ਜੱਟਬੂਟ ਸ਼ਬਦ ਆਉਂਦਾ ਹੈ। ਆਮ ਧਾਰਨਾ ਹੈ ਕਿ ਇਸ ਦਾ ਅਰਥ ਬੂਟ (ਜੁੱਤੀ) ਵਰਗੀ ਮੱਤ ਵਾਲਾ ਜੱਟ ਹੈ। ਪਰ ਇਹ ਵਿਆਖਿਆ ਦਰੁਸਤ ਪ੍ਰਤੀਤ ਨਹੀਂ ਹੁੰਦੀ। ਅੰਗਰੇਜ਼ੀ ਦਾ ਬੂਟ ਸ਼ਬਦ ਸਾਡੇ ਸਭਿਆਚਾਰ ਵਿਚ ਆਮ ਪ੍ਰਚਲਤ ਨਹੀਂ ਕਿ ਇਸ ਨਾਲ ਜੱਟ ਸ਼ਬਦ ਜੁੜ ਕੇ ਇਕ ਹੋਰ ਸ਼ਬਦ ਬਣ ਜਾਵੇ। ਮੈਨੂੰ ਲਗਦਾ ਹੈ ਕਿ ਇਸ ਸ਼ਬਦ ਦਾ ਅਰਥ ਜੜ੍ਹ ਅਰਥਾਤ ਸਥਿਰ ਹੋਏ ਬੂਟੇ ਵਰਗੀ ਬੁਧੀ ਹੈ ਜਿਸ ਨੂੰ ਅਸੀਂ ਜੜ੍ਹਬੁਧੀ ਵੀ ਆਖ ਦਿੰਦੇ ਹਾਂ। ਬਾਅਦ ਵਿਚ ਇਸ ਨੂੰ ਜੱਟ ਜਾਤੀ ਨਾਲ ਮਿਲਾ ਲਿਆ ਗਿਆ।

ਸ਼ੁਰੂ ਵਿਚ ਅਸੀਂ ਜੋ ਜੋੜ ਸ਼ਬਦ ਦੀ ਚਰਚਾ ਕੀਤੀ ਸੀ ਉਹ ਅਸਲ ਵਿਚ ਜੁਟ ਉਪ ਧਾਤੂ ਤੋਂ ਹੀ ਉਪਜਿਆ ਹੈ। ਬਹੁਤ ਹਾਲਤਾਂ ਵਿਚ 'ਟ' ਧੁਨੀ ਪੰਜਾਬੀ ਵਿਚ ਆ ਕੇ 'ੜ' ਵਿਚ ਬਦਲ ਜਾਂਦੀ ਹੈ। ਕੜਾ ਸ਼ਬਦ ਕਟਕ ਤੋਂ ਬਣਿਆ ਹੈ। ਪਰ 'ੜ' ਧੁਨੀ ਅੱਗੇ 'ਰ' ਵਿਚ ਵੀ ਬਦਲ ਜਾਂਦੀ ਹੈ ਜਿਵੇਂ ਲੜਨਾ ਤੋਂ ਲਰਨਾ, "ਜੋ ਲਰੈ ਦੀਨ ਕੇ ਹੇਤੁ॥" ਗੁਰੂ ਗ੍ਰੰਥ ਸਾਹਿਬ ਵਿਚ ਜੁੜ ਦਾ ਇਕ ਰੁਪਾਂਤਰ 'ਜੁਰ' ਵੀ ਮਿਲਦਾ ਹੈ। "ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ॥", "ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ॥", "ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥" -ਗੁਰੂ ਅਰਜਨ ਦੇਵ। "ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ॥" -ਗੁਰੂ ਰਾਮ ਦਾਸ।

---

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਦੀਵਾਲੀ ਮਨਾਉਣ ਦੇ ਬਦਲਦੇ ਤੇਵਰ

ਮੇਰੇ ਬਚਪਨ ਤੇ ਜਵਾਨੀ ਦੇ ਦਿਨਾਂ ਵਿਚ ਦੀਵਾਲੀ ਧੂੰਆਂ ਧਾਰ ਨਹੀਂ ਸੀ ਹੁੰਦੀ। ਸੁੱਚੀ ਰੋਸ਼ਨੀ ਤੇ ਦੋ ਚਾਰ ਬੰਬ ਪਟਾਕਿਆਂ ਦਾ ਤਿਉਹਾਰ ਹੁੰਦੀ ਸੀ। ਪਿਛਲੇ ਅੱਸੀ ਸਾਲਾਂ ਵਿਚ ਬੰਬ ਪਟਾਕਿਆਂ ਤੇ ਆਤਸ਼ਬਾਜ਼ੀ ਦੀ ਬਹੁਤਾਤ ਨੇ ਇਸ ਨੂੰ ਏਨਾ ਮਾੜਾ ਰੂਪ ਦੇ ਛੱਡਿਆ ਹੈ ਕਿ ਮੀਡੀਏ ਵਿਚ ਜੀਵਾਂ ਦੇ ਨਾਜ਼ਕ ਅੰਗਾਂ ਦੇ ਜ਼ਖ਼ਮੀ ਹੋਣ ਬਾਰੇ ਸੋਚ ਕੇ ਮਨ ਖਰਾਬ ਹੁੰਦਾ ਹੈ। ਪਟਾਕਿਆਂ ਵਾਲੀਆਂ ਦੁਕਾਨਾਂ ਦੇ ਸੜ ਕੇ ਸੁਆਹ ਹੋਣ ਦੇ ਸਮਾਚਾਰ ਮਿਲਦੇ ਹਨ। ਪਟਾਕਿਆਂ ਤੋਂ ਬਿਨਾਂ ਦੀਵਾਲੀ 'ਤੇ ਬੱਚੇ-ਬੁੱਢਿਆਂ ਲਈ ਦੂਜੀ ਖਿੱਚ ਮਠਿਆਈ ਹੁੰਦੀ ਹੈ। ਸਮੇਂ ਦੇ ਬਦਲਣ ਨਾਲ ਇਨ੍ਹਾਂ ਮਠਿਆਈਆਂ ਵਿਚ ਹੁੰਦੀ ਮਿਲਾਵਟ ਦੇ ਕਿੱਸੇ ਹੋਰ ਵੀ ਦੁਖਦਾਈ ਹਨ। ਪੈਸਾ ਕਮਾਉਣ ਖਾਤਰ ਲੋਕ ਕੀ ਕੁਝ ਕਰਦੇ ਹਨ, ਸੋਚ ਕੇ ਧੁੜਧੁੜੀ ਆ ਜਾਂਦੀ ਹੈ। ਮਾਨਵ ਜਾਤੀ ਕਿਹੜੇ ਰਾਹ ਤੁਰ ਪਈ ਹੈ?

ਹੁਣ ਦੋ ਚਾਰ ਸਾਲਾਂ ਤੋਂ ਦੀਵਾਲੀ ਦੇ ਉਪਾਸ਼ਕ ਬੰਬ ਪਟਾਕੇ ਤੇ ਆਤਸ਼ਬਾਜ਼ੀ ਦੀ ਵਰਤੋਂ ਘਟਾ ਰਹੇ ਹਨ ਤੇ ਮਿੱਠੇ ਦੀ ਥਾਂ ਕਾਜੂ, ਪਿਸਤਾ, ਬਦਾਮ ਅਖਰੋਟ ਤੇ ਸੌਗੀ ਆਦਿ ਦੀ ਵਰਤੋਂ ਕਰਨ ਲੱਗੇ ਹਨ। ਇਸ ਸਾਲ ਮੈਨੂੰ ਇਸ ਗੱਲ ਦਾ ਚੰਗਾ ਅਨੁਭਵ ਹੋਇਆ ਹੈ। ਕਿਸੇ ਕਾਰਨ ਮੈਨੂੰ ਇਨ੍ਹਾਂ ਦਿਨਾਂ ਵਿਚ ਸਰਹਿੰਦ, ਖੰਨਾ, ਖਮਾਣੋਂ ਤੇ ਮੋਰਿੰਡਾ ਜਾਣ ਦਾ ਅਵਸਰ ਮਿਲਿਆ ਤਾਂ ਇਹ ਜਾਣ ਕੇ ਖੁਸ਼ੀ ਹੋਈ ਕਿ ਪਟਾਕਿਆਂ ਤੇ ਮਿਠਾਈ ਵਾਲੇ ਦੁਕਾਨਦਾਰ ਨਮੋਸ਼ ਬੈਠੇ ਸਨ। ਉਨ੍ਹਾਂ ਦੀ ਵਿਕਰੀ ਨੂੰ ਕਾਫੀ ਸੱਟ ਲੱਗੀ ਹੈ। ਲੋਕ ਸਿਆਣੇ ਹੋ ਰਹੇ ਹਨ। ਉਨ੍ਹਾਂ ਦੀ ਨੀਅਤ ਪਹਿਚਾਨਣ ਲੱਗੇ ਹਨ। ਸਭ ਤੋਂ ਵੱਧ ਤਸੱਲੀ ਵਾਲੀ ਗੱਲ ਇਹ ਸੀ ਕਿ ਮੋਹਾਲੀ ਵਿਚ 'ਵੇਰਕੇ' ਵਾਲਿਆਂ ਦੀ ਮਿਠਾਈ ਦੀਵਾਲੀ ਵਾਲੀ ਰਾਤ ਹੀ ਖਤਮ ਹੋ ਚੁੱਕੀ ਸੀ। ਇਸ ਤੋਂ ਪਹਿਲਾਂ 'ਵੇਰਕੇ' ਦੀ ਮਠਿਆਈ ਦੀਵਾਲੀ ਤੋਂ ਹਫਤਾ ਭਰ ਪਿੱਛੋਂ ਤੱਕ ਮਿਲਦੀ ਰਹਿੰਦੀ ਸੀ। ਖਾਸ ਕਰਕੇ ਪੰਜੀਰੀ ਤੇ ਪਿੰਨੀਆਂ। ਮੈਨੂੰ ਆਪ ਸੋਨ ਪਾਪੜੀ ਨਾਲ ਹੀ ਗੁਜ਼ਾਰਾ ਕਰਨਾ ਪਿਆ। ਪੰਜੀਰੀ ਨਾ ਮਿਲਣ ਦਾ ਦੁੱਖ ਤਾਂ ਹੈ ਪਰ ਇਸ ਗੱਲ ਦੀ ਖੁਸ਼ੀ ਹੈ ਕਿ ਲੋਕਾਂ ਨੇ ਮਿਲਾਵਟ ਵਾਲੀ ਮਠਿਆਈ ਠੁਕਰਾ ਕੇ 'ਵੇਰਕੇ' ਦੀਆਂ ਚੀਜ਼ਾਂ ਉਪਰ ਧਿਆਨ ਦਿੱਤਾ ਹੈ।

ਇਹ ਗੱਲ ਹੋਰ ਵੀ ਚੰਗੀ ਰਹੀ ਚੰਡੀਗੜ੍ਹ ਪ੍ਰਸ਼ਾਸਨ ਨੇ ਆਪਣੇ ਸਕੂਲਾਂ ਦੇ ਵਿਦਿਆਰਥੀਆਂ ਤੋਂ ਵਚਨ ਲੈ ਰਖਿਆ ਸੀ ਕਿ ਉਹ ਪਟਾਕੇ ਨਹੀਂ ਚਲਾਉਣਗੇ। ਇਸ ਦਾ ਅਸਰ ਪ੍ਰਤੱਖ ਸੀ। ਮੇਰੇ ਘਰ ਰਹਿਣ ਵਾਲੇ ਬੱਚੇ ਮੈਨੂੰ ਫੁਲਝੜੀ ਚਲਾਉਣ ਤੋਂ ਵੀ ਮਨਾ ਕਰ ਰਹੇ ਸਨ। ਐਤਕਾਂ ਦੀ ਦੀਵਾਲੀ ਨੇ ਸੱਚ ਮੁੱਚ ਚਾਨਣ ਵਲ ਮੋੜ ਕੱਟਿਆ ਹੈ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ। ਮੈਂ ਜਾਣਦਾ ਹਾਂ ਕਿ ਚੰਡੀਗੜ੍ਹ, ਪੰਚਕੂਲਾ ਤੇ ਮੋਹਾਲੀ ਤੋਂ ਦੁਖਦਾਈ ਘਟਨਾਵਾਂ ਆਈਆਂ ਹਨ। ਸੰਭਵ ਹੈ ਕਿ ਇਸ ਵਰ੍ਹੇ ਦੀ ਦੀਵਾਲੀ ਦੇ ਬਦਲਦੇ ਤੇਵਰ ਵੇਖ ਕੇ ਅਗਲੇ ਸਾਲ ਤੋਂ ਰੁਝਾਨ ਹੋਰ ਵੀ ਚੰਗਾ ਹੋ ਸਕਦਾ ਹੈ।

**ਡਾ. ਜਸਪਾਲ ਸਿੰਘ ਦੇ ਸੇਵਾ ਕਾਲ ਵਿਚ ਮੁੜ ਵਾਧਾ:** ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਦੇ ਸੇਵਾ ਕਾਲ ਵਿਚ ਇੱਕ ਵਾਰੀ ਫੇਰ ਵਾਧਾ ਕਰਨ ਦਾ ਫੈਸਲਾ ਲਿਆ ਹੈ। ਪੰਜਾਬੀ ਯੂਨੀਵਰਸਿਟੀ ਇੱਕੋ ਇਕ ਸੰਸਥਾ ਹੈ ਜੋ ਆਪਣੇ ਮੁਖੀਆਂ ਦੇ ਦੋ ਤੋਂ ਵੀ ਵੱਧ ਵਾਰੀ ਸੇਵਾ ਕਾਲ ਵਿਚ ਵਾਧਾ ਕਰਦੀ ਰਹੀ ਹੈ। ਪਹਿਲੀ ਵਾਰੀ ਅਜਿਹਾ ਵਾਧਾ ਲੈਣ ਵਾਲਾ ਪ੍ਰੋ. ਕਿਰਪਾਲ ਸਿੰਘ ਨਾਰੰਗ ਸੀ, ਪ੍ਰਸਿੱਧ ਇਤਿਹਾਸਕਾਰ ਤੇ ਪੰਜਾਬ ਦੀ ਧਰਤੀ ਦਾ ਜੰਮਪਲ। ਦੂਜੀ ਵਾਰੀ ਵਾਧੇ ਲੈਣ ਵਾਲੇ ਵੀ ਪੰਜਾਬ ਤੋਂ ਹੀ ਸਨ। ਡਾ. ਜਸਪਾਲ ਸਿੰਘ ਦਾ ਪਿਛੋਕੜ ਜੰਮੂ ਕਸ਼ਮੀਰ ਦਾ ਹੈ ਤੇ ਵਿਦਿਆ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ। ਉਹ ਦਿੱਲੀ ਦੇ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ ਦੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਪੰਜਾਬੀ ਯੂਨੀਵਰਸਿਟੀ ਆਇਆ ਸੀ। ਪੰਜਾਬ ਦੀ ਧਰਤੀ ਤੋਂ ਬਾਹਰੋਂ ਪ੍ਰਵੇਸ਼ ਕਰਕੇ



ਤੀਜੀ ਟਰਮ ਵਿਚ ਜਾਣ ਵਾਲਾ ਉਹ ਪਹਿਲਾ ਵਿਅਕਤੀ ਹੈ। ਮੈਂ ਦਿੱਲੀ ਵਿਖੇ ਉਸ ਨੂੰ ਧੜੱਲੇ ਨਾਲ ਕੰਮ ਕਰਦਿਆਂ ਵੇਖਿਆ ਹੈ। ਉਹ ਬਹੁਤ ਦੂਰ ਦੀ ਸੋਚਦਾ ਹੈ। ਨਵੇਂ ਵਾਧੇ ਲਈ ਉਚੇਚੀ ਵਧਾਈ ਦਾ ਹੱਕਦਾਰ ਹੈ।

**ਵਣਜਾਰਨ ਗਾਇਕਾ ਦੇ ਗੁਆਚੇ ਬੋਲ:** ਰਾਜਸਥਾਨ ਦੇ ਵਣਜਾਰਾ ਪਿਛੋਕੜ ਵਾਲੀ ਪਾਕਿਸਤਾਨੀ ਗਾਇਕਾ ਰੇਸ਼ਮਾ ਦੇ ਤੁਰ ਜਾਣ ਨਾਲ ਜਾਪਦਾ ਹੈ ਕਿ ਹੇਠ ਲਿਖੇ ਬੋਲ ਸਦਾ ਲਈ ਗੁਆਚ ਗਏ ਹਨ,

-ਤੂੰ ਮਿਲ ਜਾਵੇਂ ਦੁਖ ਮੁਕ ਜਾਂਦੇ ਨੇ
-ਚੰਗਾ ਨਹੀਂ ਕੀਤਾ ਦਿਲਾ
ਅੱਖੀਆਂ ਮਿਲਾ ਕੇ
-ਗਮ-ਏ-ਹਯਾਤ ਵਿਚ
ਕੋਈ ਕਮੀ ਨਹੀਂ ਆਈ।
-ਮਾਏ ਨੀ ਮਾਏ ਸਾਡੇ ਪਿੰਡ
ਇਸ਼ਕੇ ਦਾ ਰੋਗ ਆ ਗਿਆ।



-ਹਾਏ ਰੱਬਾ ਨਈਓਂ ਲਗਦਾ ਦਿਲ ਮੇਰਾ

ਇਹ ਤਾਂ ਸੱਚ ਹੈ ਕਿ ਇਹ ਸਾਰੇ ਬੋਲ 'ਲੰਮੀ ਜੁਦਾਈ' ਦੇ ਗਏ ਹਨ ਪਰ ਇਹ ਵੀ ਸੱਚ ਹੈ ਕਿ ਇਹ ਬੋਲ ਲੰਮੀ ਜੁਦਾਈ ਦੇਣ ਵਾਲੇ ਉਕਾ ਹੀ ਨਹੀਂ। ਇਸ ਲਈ ਕਿ ਗਮ-ਏ-ਹਯਾਤ ਵਿਚ ਕਦੀ ਘਾਟ ਨਹੀਂ ਆਉਂਦੀ ਤੇ ਇਹ ਵੀ ਕਿ ਇਹ ਗਮ ਆਸ਼ਕਾਂ ਦੀ ਗਲੀ ਵਿਚ ਸਦੀਵੀ ਮੁਕਾਮ ਛੱਡਣ ਵਾਲਾ ਹੁੰਦਾ ਹੈ।

ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਸਾਨੂੰ ਦੁੱਖ ਹੀ ਨਹੀਂ। ਹੈ ਵੀ ਤੇ ਸਦਾ ਰਹੇਗਾ। ਸਾਡੀ ਧਰਤੀ ਦੀ ਜੰਮੀ ਵਣਜਾਰਨੇ!

**ਆਪਣੇ ਤੋਂ ਛੋਟੇ ਜੀਵ ਨੂੰ ਤੋਰਨਾ:** ਮੈਂ ਮਾਮੇ ਮਾਸੀਆਂ ਦਾ ਚਹੇਤਾ ਰਿਹਾ ਹਾਂ। ਮੈਨੂੰ ਪਾਲਣ-ਪੋਸਣ ਵਿਚ ਉਨ੍ਹਾਂ ਦਾ ਹੱਥ ਮੇਰੇ ਮਾਪਿਆਂ ਨਾਲੋਂ ਵੱਧ ਸੀ। ਜੇ ਉਹ ਨਾ ਹੁੰਦੇ ਮੈਂ ਪੜ੍ਹ ਕੇ ਵੱਡੀਆਂ ਨੌਕਰੀਆਂ ਦੇ ਸਿਰ ਹੋਣ ਦੀ ਥਾਂ ਪਿੰਡ ਵਿਚ ਹਲ ਵਾਹੁਣਾ ਸੀ।

ਹੁਣ ਉਸ ਪੌੜੀ ਦਾ ਆਖਰੀ ਡੰਡਾ ਵੀ ਟੁੱਟ ਗਿਆ ਹੈ। ਮੈਥੋਂ ਤਿੰਨ ਸਾਲ ਛੋਟੀ ਮੇਰੀ ਮਾਸੀ ਸਵਰਨ ਕੌਰ। ਖੰਨਾ ਮੰਡੀ ਵਾਲੀ। ਉਸ ਦੀ ਔਲਾਦ ਵਿਦੇਸ਼ਾਂ ਵਿਚ ਹੈ। ਚਿਤਾ ਨੂੰ ਅੱਗ ਦਿਖਾਉਣ ਵਾਲਾ ਵੀ ਮੈਂ ਹੀ ਸਾਂ। ਭਾਣਜਾ-ਪੁੱਤਰ ਹੋਣ ਦੇ ਨਾਤੇ। ਉਸ ਦੀ ਦੇਖਭਾਲ ਕਰ ਰਹੀ ਪੋਤਰੀ ਪ੍ਰੀਤੀ ਦਾ ਰੋਣਾ ਕੰਧਾਂ ਚੀਰਨ ਵਾਲਾ ਸੀ। ਹੋਰ ਦੋ ਹਫਤੇ ਤਾਈਂ ਉਸ ਨੇ ਵਿਆਹੀ ਜਾਣਾ ਸੀ। ਦਾਦੀ ਪਹਿਲਾਂ ਹੀ ਤੁਰ ਗਈ। ਆਪਣੇ ਤੋਂ ਛੋਟੇ ਜੀਵ ਨੂੰ ਲਾਂਬੂ ਲਾਉਣਾ ਤਾਂ ਮੇਰੇ ਲਈ ਵੀ ਓਪਰਾ ਸੀ। ਕਹਿਣ ਵਾਲੇ ਰੱਬ ਦਾ ਭਾਣਾ ਕਹਿ ਰਹੇ ਸਨ। ਅਸੀਂ ਉਸ ਰੱਬ ਨੂੰ ਕੀ ਕਹਿੰਦੇ ਜਿਸ ਨੂੰ ਭਾਣਾ ਵਰਤਾਉਣ ਦੀ ਜਾਚ ਨਹੀਂ ਹੈ!

**ਅੰਤਿਕਾ:** (ਹਰਿਭਜਨ ਸਿੰਘ)
ਪੈਰ ਹੇਠਾਂ ਬੁਝ ਗਿਆ ਅੰਗਿਆਰ
ਏਨਾ ਆਖ ਕੇ
ਵੰਡ ਕੇ ਦੁਨੀਆਂ ਨੂੰ ਤੜਪਾਂ
ਮੈਂ ਤਾਂ ਹੁਣ ਬੇਨੂਰ ਹਾਂ।

# ਕਲਾ, ਮਿੱਸੇ ਅਤੇ ਮੁਖਧਾਰਾ ਸਿਨੇਮੇ ਦੀ ਮਿੱਥ




ਸਿਨੇਮੇ ਦਾ ਸਮਾਜ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ। ਇਸ ਰਿਸ਼ਤੇ ਬਾਬਤ ਫ਼ਿਲਮ ਸਨਅਤ ਦੀ ਸੁਹਿਰਦਤਾ ਦਾ ਅੰਦਾਜ਼ਾ ਅਤੀਤ ਅਤੇ ਵਰਤਮਾਨ ਦੀਆਂ ਫ਼ਿਲਮਾਂ ਤੋਂ ਲੱਗ ਸਕਦਾ ਹੈ। ਭਾਰਤੀ ਸਿਨੇਮੇ ਵਿਚ ਚਾਲੂ ਫ਼ਿਲਮਾਂ ਬਣਾਉਣ ਦੀ ਰਵਾਇਤ ਭਾਰੂ ਰਹੀ ਹੈ। ਸਮਾਜਕ ਮੁੱਦਿਆਂ ਬਾਬਤ ਭਗੌੜਾਵਾਦੀ ਪਹੁੰਚ ਚਾਲੂ ਫ਼ਿਲਮਾਂ ਦਾ ਖ਼ਾਸਾ ਹੈ। ਅਜਿਹੇ ਸਿਨੇਮੇ ਨੂੰ 'ਮੁਖਧਾਰਾ ਦਾ ਸਿਨੇਮਾ' ਕਿਹਾ ਗਿਆ। ਚਾਲੂ ਫ਼ਿਲਮਾਂ ਦਾ ਰੁਝਾਨ ਭਾਰੂ ਰਹਿਣ ਦੇ ਬਾਵਜੂਦ ਮੁੱਦਾ ਪ੍ਰਧਾਨ ਅਤੇ ਜ਼ਿੰਮੇਵਾਰ ਸਿਨੇਮੇ ਦੀ ਰਵਾਇਤ ਵੀ ਜਾਰੀ ਰਹੀ ਹੈ ਬੇਸ਼ੱਕ ਇਹ ਘੱਟ-ਗਿਣਤੀ ਵਿਚ ਹੋਵੇ। ਖ਼ਵਾਜਾ ਅਹਿਮਦ ਅੱਬਾਸ ਦੀ 'ਧਰਤੀ ਕੇ ਲਾਲ' ਅਤੇ ਸੱਤਿਆਜੀਤ ਰੇਅ ਦੀ 'ਪਾਥੇਰ ਪਾਂਚਾਲੀ' ਤੋਂ ਸ਼ੁਰੂ ਹੋਇਆ ਦੌਰ ਮੱਧਮ ਚਾਲ ਚਲਦਾ ਹੋਇਆ ਸੱਤਰਵਿਆਂ, ਅੱਸੀਵਿਆਂ ਅਤੇ ਨੱਬੇਵਿਆਂ ਵਿਚ ਸਿਨੇਮੇ ਦੇ ਵੱਖਰੇ ਰੂਪ ਵਿਚ ਪਛਾਣ ਦਰਜ ਕਰਵਾ ਗਿਆ। ਇਨ੍ਹਾਂ ਫ਼ਿਲਮਾਂ ਨੂੰ 'ਕਲਾ ਫ਼ਿਲਮਾਂ' ਦਾ ਨਾਮ ਦਿੱਤਾ ਗਿਆ। ਇਨ੍ਹਾਂ ਫ਼ਿਲਮਾਂ ਦੇ ਵਿਸ਼ਿਆਂ, ਨਿਭਾਅ ਅਤੇ ਦਰਸ਼ਕਾਂ ਤੱਕ ਪਹੁੰਚ ਦਾ ਸਵਾਲ ਹਮੇਸ਼ਾਂ ਬਹਿਸ ਦਾ ਮੁੱਦਾ ਰਿਹਾ ਹੈ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਅਜਿਹੀਆਂ ਫ਼ਿਲਮਾਂ ਬਣਨੀਆਂ ਘਟਣ ਲੱਗ ਪਈਆਂ। ਇਨ੍ਹਾਂ ਫ਼ਿਲਮਾਂ ਨੂੰ ਵਿਤੀ ਮਦਦ ਦੇਣ ਵਾਲੇ ਅਦਾਰੇ ਕੌਮੀ ਫ਼ਿਲਮ ਵਿਕਾਸ ਕਾਰਪੋਰੇਸ਼ਨ (ਐਨ.ਐਫ.ਡੀ.ਸੀ.) ਦੇ ਉੱਦਮ, ਬੱਸ ਨਾਮ-ਨਿਹਾਦ ਜਿਹੇ ਰਹਿ ਗਏ। ਇਹ ਅਦਾਰਾ ਬੰਦ ਹੋਣ ਕਿਨਾਰੇ ਪਹੁੰਚ ਗਿਆ। ਫਿਰ ਵੀ 'ਕਲਾ ਸਿਨੇਮਾ' ਦੇ ਕੁਝ ਕੁ ਤਜਰਬੇ ਜਾਰੀ ਰਹੇ। ਖੇਤਰੀ ਬੋਲੀਆਂ ਅਤੇ ਹਿੰਦੀ ਵਿਚ ਅਜਿਹੀਆਂ ਫ਼ਿਲਮਾਂ ਫ਼ਿਲਮ ਮੇਲਿਆਂ ਜਾਂ ਕੌਮੀ ਇਨਾਮਾਂ ਦੇ ਹਵਾਲੇ ਨਾਲ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ। 'ਕਲਾ ਫ਼ਿਲਮਾਂ' ਦਾ ਮਾਰਕਾ ਲਾ ਕੇ ਮੁੱਦਾ-ਪ੍ਰਧਾਨ ਸਿਨੇਮੇ ਨੂੰ ਹਾਸ਼ੀਏ 'ਤੇ ਧੱਕਣਾ ਸੌਖਾ ਹੈ। 'ਕਲਾ ਫ਼ਿਲਮਾਂ' ਦਾ ਦੌਰ ਮੱਧਮ ਪੈਣ ਨਾਲ ਕੁਝ ਫ਼ਿਲਮਸਾਜ਼ਾਂ ਨੇ ਮਧਲਾ ਮਾਧਿਅਮ ਚੁਣਨਾ ਸ਼ੁਰੂ ਕੀਤਾ ਜੋ 'ਕਲਾ' ਅਤੇ 'ਮੁੱਖਧਾਰਾ' ਦੇ ਸਿਨੇਮੇ ਦਾ ਮਿੱਸਾਪਣ (ਮਿਸ਼ਰਨ) ਸੀ। ਇੱਥੇ ਫ਼ਿਲਮ ਦੇ ਨਿਭਾਅ ਅਤੇ ਤਕਨੀਕ ਪੱਖੋਂ ਬੜੇ ਤਜਰਬੇ ਹੋਏ ਪਰ ਸਮਾਜਕ ਮੁੱਦੇ ਲਾਂਭੇ ਕਰਨ ਦੀ ਕੋਸ਼ਿਸ਼ ਕੀਤੀ ਗਈ। 'ਕਲਾ ਸਿਨੇਮਾ' ਦਾ ਦਾਅਵਾ ਆਮ ਲੋਕਾਂ ਨਾਲ ਜੁੜੇ ਹੋਣ ਦਾ ਸੀ। 'ਮਿੱਸਾ' ਜਾਂ 'ਨਵ-ਕਲਾ ਸਿਨੇਮਾ' ਨਿਭਾਅ ਪੱਖੋਂ ਯਥਾਰਥਵਾਦੀ ਹੁੰਦਾ ਹੋਇਆ ਯਥਾਰਥ ਦੇ ਨੇੜੇ ਨਹੀਂ ਹੁੰਦਾ। ਇਹਦੇ ਕਿਰਦਾਰ ਯਥਾਰਥਵਾਦੀ ਹੋਣ ਦਾ ਭੁਲੇਖਾ ਪਾਉਂਦੇ ਹਨ। ਰਾਮ ਗੋਪਾਲ ਵਰਮਾ, ਅਨੁਰਾਗ ਕਸ਼ਿਅਪ, ਵਿਸ਼ਾਲ ਭਾਰਦਵਾਜ, ਮਨੀ ਰਤਨਮ ਅਤੇ ਵਿਧੂ ਵਿਨੋਦ ਚੋਪੜਾ ਇਸ ਰੁਝਾਨ ਦੇ ਨੁਮਾਇੰਦਾ ਫ਼ਿਲਮਸਾਜ਼ ਹਨ।। ਪਿਛਲੇ ਕੁਝ ਸਾਲਾਂ ਵਿਚ ਐਨ.ਐਫ.ਡੀ.ਸੀ. ਨੇ ਦੁਬਾਰਾ ਸੀਮਤ ਸਰਗਰਮੀ ਸ਼ੁਰੂ ਕੀਤੀ ਹੈ। ਇਹ ਅਦਾਰਾ 'ਮਿੱਸੇ' ਜਾਂ 'ਨਵ-ਕਲਾ' ਸਿਨੇਮੇ ਵਿਚ ਦਿਲਚਸਪੀ ਦਿਖਾ ਰਿਹਾ ਹੈ। ਇਹਦੀਆਂ 'ਕਲਾ ਫ਼ਿਲਮਾਂ' ਫ਼ਿਲਮ ਮੇਲਿਆਂ ਲਈ ਹੁੰਦੀਆਂ ਹਨ। 'ਅੰਨੇ ਘੋੜੇ ਦਾ ਦਾਨ' ਵਰਗੀਆਂ ਫ਼ਿਲਮਾਂ ਇਸ ਵਰਗ ਵਿਚ ਆਉਂਦੀਆਂ ਹਨ। ਇਸ ਫ਼ਿਲਮ ਦਾ ਹਦਾਇਤਕਾਰ ਗੁਰਵਿੰਦਰ ਸਿੰਘ ਆਪਣੇ ਆਪ ਨੂੰ ਮਣੀ ਕੌਲ ਦੇ ਘਰਾਣੇ ਵਿਚੋਂ ਮੰਨਦਾ ਹੈ। ਮਣੀ ਕੌਲ 'ਕਲਾ ਸਿਨੇਮੇ' ਨਾਲ ਜੁੜੇ ਰਹੇ ਹਨ।

ਵੱਡੇ ਪੱਧਰ 'ਤੇ ਪਰਦਾਪੇਸ਼ ਹੋਣ ਵਾਲੀਆਂ ਫ਼ਿਲਮਾਂ ਵਿਚ ਐਨ.ਐਫ.ਡੀ.ਸੀ. ਅਨੁਰਾਗ ਕਸ਼ਿਅਪ ਵਰਗਿਆਂ ਨਾਲ ਜੋਟੀ ਪਾਉਂਦਾ ਹੈ। ਬਾਕੀ ਫ਼ਿਲਮਾਂ ਨੂੰ ਉਹ ਸਿਨੇਮਾ ਘਰਾਂ ਤੱਕ ਪੁਚਾਉਣ ਵਿਚ ਦਿਲਚਸਪੀ ਘੱਟ ਦਿਖਾਉਂਦਾ।

ਇੱਥੇ ਇੱਕ ਹੋਰ ਗੱਲ ਵਿਚਾਰਨੀ ਬਣਦੀ ਹੈ ਕਿ ਫ਼ਿਲਮ ਮੰਡੀ ਦੇ ਵਪਾਰੀ, ਲੋਕ ਪੱਖੀ ਸਿਨੇਮੇ ਨੂੰ ਤਵੱਜੋ ਨਹੀਂ ਦਿੰਦੇ। ਸਰਕਾਰੀ ਅਦਾਰੇ ਅਜਿਹੀਆਂ ਫ਼ਿਲਮਾਂ ਲੋਕਾਂ ਤੱਕ ਪਹੁੰਚਾਉਣਾ ਹੀ ਨਹੀਂ ਚਾਹੁੰਦੇ। ਇਸ ਕਰ ਕੇ 'ਕਲਾ ਫ਼ਿਲਮਾਂ' ਦੇ ਨਾਮ ਉਤੇ ਉਹ ਸੰਸਾਰ ਸਿਰਜਿਆ ਗਿਆ ਜਿਹੜਾ ਲੋਕ ਪੱਖੀ ਸਿਨੇਮਾ ਦਾ ਵਜੂਦ ਦਿਖਾਉਂਦਾ ਹੋਇਆ ਲੋਕਾਂ ਦੀ ਪਹੁੰਚ ਤੋਂ ਦੂਰ ਰੱਖਿਆ ਗਿਆ। ਇਹ ਬੁੱਧੀਜੀਵੀ ਵਰਗ ਦੀ 'ਬੌਧਿਕ ਅਤੇ ਕਲਾਤਮਕ' ਭੁੱਖ ਪੂਰਾ ਕਰਨ ਜੋਗਾ ਹੀ ਰਹਿ ਗਿਆ। ਇਹ ਫਕਵੰਜ ਸੱਤਾ ਦੇ ਬਹੁਤ ਸੂਤ ਬੈਠਦਾ ਹੈ ਜਿਹੜੀ ਲੋਕ ਪੱਖੀ ਹੋਣ ਦਾ ਦਿਖਾਵਾ ਵੀ ਕਰਦੀ ਹੈ ਅਤੇ ਲੋਕਾਂ ਨੂੰ ਇਨ੍ਹਾਂ ਮੁੱਦਿਆਂ ਤੋਂ ਦੂਰ ਵੀ ਰੱਖਦੀ ਹੈ। ਨਵ-ਕਲਾ ਜਾਂ ਮਿੱਸੇ ਸਿਨੇਮੇ ਦੇ ਪਾਖੰਡੀ ਫ਼ਿਲਮਸਾਜ਼ਾਂ ਦੀ ਮਿਸਾਲ ਰਾਮ ਗੋਪਾਲ ਵਰਮਾ ਅਤੇ ਅਨੁਰਾਗ ਕਸ਼ਿਅਪ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਵਰਮਾ ਦੀ ਫ਼ਿਲਮ 'ਸੱਤਿਆ' 'ਨਵ-ਕਲਾ ਫ਼ਿਲਮਾਂ' ਦੀ ਵਾਪਸੀ ਵਜੋਂ ਮੰਨੀ ਜਾਂਦੀ ਹੈ ਪਰ ਇਹ ਫ਼ਿਲਮ ਝੂਠੇ ਪੁਲਿਸ ਮੁਕਾਬਲਿਆਂ ਨੂੰ ਸਹੀ ਠਹਿਰਾਉਂਦੀ ਹੈ। ਅਨੁਰਾਗ ਕਸ਼ਿਅਪ ਦੀਆਂ ਫ਼ਿਲਮਾਂ 'ਬਲੈਕ ਫ੍ਰਾਈਡੇ' ਅਤੇ 'ਗੈਂਗਜ਼ ਔਫ ਵਾਸੇਪੁਰ' ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਭੜਕਾਉਣ ਲਈ ਬਦਨਾਮ ਹਨ। 'ਬਲੈਕ ਫ੍ਰਾਈਡੇ' ਫਿਲਮ ਤਾਂ ਬੇਕਸੂਰ ਮੁਸਲਿਮ ਔਰਤਾਂ ਅਤੇ ਬਜ਼ੁਰਗਾਂ ਉੱਤੇ ਤਸ਼ੱਦਦ ਕਰਨ ਨੂੰ ਜ਼ਾਇਜ਼ ਠਹਿਰਾਓਣ ਤੱਕ ਚਲੀ ਗਈ ਹੈ। ਫ਼ਿਲਮ ਵਿਚਲਾ ਪੁਲਿਸ ਅਫ਼ਸਰ ਕਹਿੰਦਾ ਹੈ ਕਿ ਜਦੋਂ ਤੱਕ ਮੁਸਲਿਮ ਮੁਲਜ਼ਮਾਂ ਦੀਆਂ ਔਰਤਾਂ ਅਤੇ ਮਾਪਿਆਂ ਉਤੇ ਤਸ਼ੱਦਦ ਨਾ ਕੀਤਾ ਜਾਵੇ, ਇਹ ਜੁਰਮ ਮੰਨਦੇ ਨਹੀਂ ਹਨ। 'ਗੈਂਗਜ਼ ਔਫ ਵਾਸੇਪੁਰ' ਬੇਮਕਸਦ ਹਿੰਸਾ ਦਾ ਜਸ਼ਨ ਮਨਾਉਂਦੀ ਹੈ। ਮੁਸਲਮਾਨਾਂ ਦੇ ਮਹੱਰਮ ਵਰਗੇ ਤਿਉਹਾਰ ਦੇ ਦ੍ਰਿਸ਼ ਫ਼ਿਲਮ ਵਿਚ ਇਸ ਤਰ੍ਹਾਂ ਫਿਟ ਕੀਤੇ ਗਏ ਹਨ ਜਿਵੇਂ ਮੁਸਲਿਮ ਲੋਕ, ਧਰਮ ਪੱਖੋਂ ਹਿੰਸਾ-ਪਸੰਦ ਹੋਣ। ਅਨੁਰਾਗ ਦੇ ਹੱਕ ਵਿਚ ਦਲੀਲ ਦਿੱਤੀ ਜਾਂਦੀ ਹੈ ਕਿ ਯਥਾਰਥ ਦਿਖਾਉਣਾ ਫ਼ਿਲਮਸਾਜ਼ ਦਾ ਹੱਕ ਹੈ; ਪਰ ਸਵਾਲ ਪੈਦਾ ਹੁੰਦਾ ਹੈ ਕਿ ਯਥਾਰਥ ਦੀ ਧਾਰਨਾ ਨੂੰ ਕਿਵੇਂ ਸਮਝਿਆ ਜਾਵੇ ਅਤੇ ਦਿਖਾਇਆ ਜਾ ਰਿਹਾ ਸੱਚ ਕਿੰਨਾ ਕੁ ਸੱਚਾ ਹੈ। ਜੇ ਫ਼ਿਲਮਸਾਜ਼ ਨੂੰ ਗੱਲ ਕਹਿਣ ਦਾ ਹੱਕ ਹੈ ਤਾਂ ਉਹਦੀ ਕਲਾ-ਕਿਰਤ ਉੱਤੇ ਲੋਕਾਂ ਨੂੰ ਵੀ ਸਵਾਲ ਉਠਾਉਣ ਦਾ ਹੱਕ ਹੈ। ਫ਼ਿਲਮ ਦੇਖਣ ਵੇਲੇ ਤਿੰਨ ਚੀਜ਼ਾਂ ਅਹਿਮ ਹੁੰਦੀਆਂ ਹਨ। ਫ਼ਿਲਮ ਕਿਹੜਾ ਸਮਾਂ ਦਿਖਾ ਰਹੀ ਹੈ, ਕਿਹੜੇ ਸਮੇਂ ਵਿਚ ਬਣ ਰਹੀ ਹੈ ਅਤੇ ਕਿਨ੍ਹਾਂ ਸਮਿਆਂ ਵਿਚ ਦੇਖੀ ਜਾ ਰਹੀ ਹੈ। ਅੱਜ ਆਲਮੀ ਪੱਧਰ ਉਤੇ ਮੁਸਲਮਾਨਾਂ ਨੂੰ ਅਤਿਵਾਦੀ ਐਲਾਨਣ ਦੀ ਮਸ਼ਕ ਚੱਲ ਰਹੀ ਹੈ ਅਤੇ ਇਹ ਮਸ਼ਕ ਕਾਮਯਾਬ ਵੀ ਹੈ। 9/11 ਦੇ ਹਾਦਸੇ ਤੋਂ ਬਾਅਦ ਨਾਟੋ ਜੰਗਬਾਜ਼, ਮੁਸਲਿਮ ਆਵਾਮ ਉਤੇ ਸਭ ਤੋਂ ਵੱਧ ਕਹਿਰ ਵਰਤਾ ਰਹੇ ਹਨ। ਭਾਰਤ ਅਤੇ ਇਸਰਾਇਲ ਵਰਗੇ ਮੁਲਕ 'ਦਹਿਸ਼ਤ ਖ਼ਿਲਾਫ਼ ਜੰਗ' ਦੇ ਨਾਮ ਉਤੇ ਜੰਗਬਾਜ਼ਾਂ ਦੇ ਹਮਾਇਤੀ ਬਣੇ ਹੋਏ ਹਨ। ਲੋਕਾਂ ਦੀਆਂ ਹੱਕੀ ਲਹਿਰਾਂ ਨੂੰ ਉਪਰਲੇ ਨਾਅਰੇ ਹੇਠ ਦਬਾਇਆ ਜਾ ਰਿਹਾ ਹੈ। ਇਸ ਹਮਲੇ ਦਾ ਮੁੱਖ ਨਿਸ਼ਾਨਾ ਮੁਸਲਮਾਨ ਅਤੇ ਖੱਬੇ-ਪੱਖੀਆਂ ਨੂੰ ਬਣਾਇਆ ਗਿਆ ਹੈ। ਸੋਚਣ ਵਾਲੀ ਗੱਲ ਹੈ ਕਿ ਇਸ ਮਾਹੌਲ ਵਿਚ ਅਨੁਰਾਗ ਵਰਗਿਆਂ ਦੀਆਂ ਫ਼ਿਲਮਾਂ ਕੀਹਦੀ ਸੇਵਾ ਵਿਚ ਲੱਗੀਆਂ ਹੋਈਆਂ ਹਨ? ਇਸ ਸੂਰਤ ਵਿਚ ਜਮਹੂਰੀ ਸਮਾਜ ਵਿਚ ਝੂਠੇ ਮੁਕਾਬਲਿਆਂ ਨੂੰ ਜਾਇਜ਼ ਠਹਿਰਾਉਣ ਵਾਲੀ ਕਲਾ ਨੂੰ ਕਿਹੜੇ ਖ਼ਾਤੇ ਪਾਈਏ?

ਮੂਲ ਰੂਪ ਵਿਚ 'ਕਲਾ ਸਿਨੇਮਾ' ਜਾਂ 'ਮੁਖਧਾਰਾ ਸਿਨੇਮਾ' ਵਰਗੇ ਸ਼ਬਦਾਂ ਨੂੰ ਨਵੇਂ ਸਿਰੇ ਤੋਂ ਵਿਚਾਰਨਾ ਚਾਹੀਦਾ ਹੈ। ਇਹ ਵੰਡੀਆਂ ਕਿਵੇਂ ਪਈਆਂ ਅਤੇ ਕਿਉਂ ਪਾਈਆਂ ਗਈਆਂ? ਸਰਕਾਰੀ ਪੈਸੇ ਨਾਲ ਬਣੇ ਅਖੌਤੀ ਕਲਾ ਸਿਨੇਮੇ ਨੂੰ ਫ਼ਿਲਮ ਮੇਲਿਆਂ ਤੱਕ ਸੀਮਤ ਕਿਉਂ ਰੱਖਿਆ ਗਿਆ? ਇਹ ਆਵਾਮ ਦੇ ਸੁਹਜ-ਸਵਾਦ ਦਾ ਹਿੱਸਾ ਕਿਉਂ ਨਹੀਂ ਬਣਿਆ? ਕੋਈ ਵੀ ਫ਼ਿਲਮ, ਕਲਾ ਜਾਂ ਮੁਖਧਾਰਾ ਦੀ ਨਹੀਂ ਹੁੰਦੀ, ਸਗੋਂ ਫ਼ਿਲਮ ਚੰਗੀ ਹੁੰਦੀ ਹੈ ਜਾਂ ਮਾੜੀ। ਮਨੁੱਖੀ ਸੰਵੇਦਨਾ ਅਤੇ ਬਿਹਤਰ ਮਨੁੱਖੀ ਜ਼ਿੰਦਗੀ ਦੀ ਗੱਲ ਕਰਨ ਵਾਲੀ ਕਿਰਤ ਨੂੰ ਅਸੀਂ ਚੰਗੀ ਕਲਾ ਦਾ ਪੈਮਾਨਾ ਮੰਨਦੇ ਹਾਂ; ਉਹ ਕਲਾ ਜੋ ਸੰਵਾਦ ਦਾ ਮਾਹੌਲ ਸਿਰਜਦੀ ਹੈ। ਮਨੁੱਖ ਨੂੰ ਮਨੁੱਖ ਦੀ ਇੱਜ਼ਤ ਕਰਨਾ ਸਿਖਾਉਂਦੀ ਹੈ। ਸਿਨੇਮਾ ਬਾਬਤ ਪ੍ਰਚਾਰੀਆਂ ਜਾਂਦੀਆਂ ਧਾਰਨਾਵਾਂ ਨੂੰ ਨਵੇਂ ਸਿਰਿਉਂ ਸਮਝਣ ਦੀ ਲੋੜ ਹੈ।




*'ਪਾਥੇਰ ਪਾਂਚਾਲੀ' ਦੀ ਇਕ ਝਲਕ ਅਤੇ (ਸੱਜੇ) ਫ਼ਿਲਮਸਾਜ਼ ਸੱਤਿਆਜੀਤ ਰੇਅ 'ਪਾਥੇਰ ਪਾਂਚਾਲੀ ਦੇ ਨਿਰਮਾਣ ਦੌਰਾਨ।*




*ਫਿਲਮ 'ਧਰਤੀ ਕੇ ਲਾਲ' ਦਾ ਪੋਸਟਰ।*

## ਵੱਡੇ ਸੁਪਨਿਆਂ ਦੀ ਸੂਚਕ

# ਪਟਿਆਲਾ ਡਰੀਮਜ਼



ਪੰਜਾਬੀ ਸਿਨੇਮਾ ਬੁਲੰਦੀਆਂ ਵੱਲ ਵਧ ਰਿਹਾ ਹੈ ਅਤੇ ਹੋਰ ਪੇਸ਼ਿਆਂ ਨਾਲ ਜੁੜੇ ਸੱਜਣ ਵੀ ਵੱਡੇ ਸੁਪਨੇ ਲੈ ਕੇ ਫਿਲਮਾਂ ਬਣਾ ਰਹੇ ਹਨ। ਅਜਿਹੇ ਸੁਪਨਿਆਂ ਦੀ ਪੂਰਤੀ ਕਰਨ ਦਾ ਯਤਨ ਕੀਤਾ ਹੈ ਕੈਨੇਡਾ ਦੇ ਸ਼ਹਿਰ ਕੈਲਗਰੀ ਵਿਚ ਵਸਦੇ ਡਾ. ਅਨਮੋਲ ਸਿੰਘ ਕਪੂਰ ਤੇ ਪਰਮਿੰਦਰ ਸਿੰਘ ਕਪੂਰ ਨੇ ਆਪਣੀ ਨਵੀਂ ਪੰਜਾਬੀ ਫਿਲਮ 'ਪਟਿਆਲਾ ਡਰੀਮਜ਼' ਰਾਹੀਂ। ਪਟਿਆਲਾ ਜ਼ਿਲ੍ਹੇ ਦੇ ਨਾਭਾ ਸ਼ਹਿਰ ਦੇ ਜੰਮਪਲ ਤੇ ਵਿਦੇਸ਼ਾਂ ਵਿਚ ਪੜ੍ਹਾਈ ਕਰ ਕੇ ਕੈਨੇਡਾ ਦੇ ਦਿਲ ਦੇ ਰੋਗਾਂ ਦੇ ਡਾਕਟਰ ਬਣੇ ਸ. ਅਨਮੋਲ ਸਿੰਘ ਕਪੂਰ ਦੀ ਟੀਮ ਨੇ ਇਸ ਫਿਲਮ ਦਾ ਹਰ ਪੱਖੋਂ ਬਾਲੀਵੁੱਡ ਦੀ ਤਰਜ਼ 'ਤੇ ਨਿਰਮਾਣ ਕੀਤਾ ਹੈ; ਚਾਹੇ ਅਦਾਕਾਰਾਂ ਦੀ ਚੋਣ ਦਾ ਮਾਮਲਾ ਸੀ ਜਾਂ ਤਕਨੀਕੀ ਟੀਮ ਦਾ। ਉਨ੍ਹਾਂ ਬਾਲੀਵੁੱਡ ਦੀਆਂ ਸਥਾਪਤ ਪੰਜਾਬੀ ਮੂਲ ਦੀਆਂ ਹਸਤੀਆਂ ਨੂੰ ਆਪਣੀ ਟੀਮ ਵਿਚ ਸ਼ਾਮਲ ਕਰ ਕੇ, ਫਿਲਮ ਦੀ ਜ਼ਰੂਰਤ ਮੁਤਾਬਿਕ ਦੇਸ਼-ਵਿਦੇਸ਼ ਦੀਆਂ ਖੂਬਸੂਰਤ ਥਾਵਾਂ 'ਤੇ ਫਿਲਮਾਂਕਣ ਕੀਤਾ ਹੈ।

ਕਪੂਰ ਫਿਲਮਜ਼ ਐਂਡ ਸ਼ੋਅ ਬਿਜ਼ ਦੇ ਬੈਨਰ ਹੇਠ ਬਣੀ ਇਸ ਫਿਲਮ ਦੀ ਕਹਾਣੀ ਨਿਰਮਾਤਾ ਡਾ. ਅਨਮੋਲ ਸਿੰਘ ਕਪੂਰ ਨੇ ਲਿਖੀ ਹੈ। ਸੰਵਾਦ ਅਤੇ ਪਟਕਥਾ ਲਿਖਣ ਦੀ ਜ਼ਿੰਮੇਵਾਰੀ ਧਰਮਿੰਦਰ ਦੇ ਬੈਨਰ 'ਵਿਜੇਤਾ' ਲਈ ਫਿਲਮਾਂ ਲਿਖਣ ਵਾਲੇ ਦਿੱਲੀ ਦੇ ਜੰਮਪਲ ਪੰਜਾਬੀ ਸ਼ਾਹੀਨ ਇਕਬਾਲ ਨੇ ਨਿਭਾਈ ਹੈ ਅਤੇ ਸਰਦਾਰ ਸੋਹੀ ਨੇ ਸੰਵਾਦ ਲਿਖਣ ਵਿਚ ਉਨ੍ਹਾਂ ਦਾ ਸਾਥ ਦਿੱਤਾ ਹੈ। ਬਾਲੀਵੁੱਡ ਦੇ ਉਭਰਦੇ ਫਿਲਮਸਾਜ਼ ਅਭਿਸ਼ੇਕ ਸਕਸੈਨਾ ਨੇ 'ਪਟਿਆਲਾ ਡਰੀਮਜ਼' ਨੂੰ ਨਿਰਦੇਸ਼ਤ ਕੀਤਾ ਹੈ। ਫਿਲਮ ਦੀ ਸ਼ੂਟਿੰਗ ਕੈਲਗਰੀ (ਕੈਨੇਡਾ), ਕੁਆਲਾਲੰਪੁਰ (ਮਲੇਸ਼ੀਆ), ਗੋਆ, ਮਸੂਰੀ, ਚੰਡੀਗੜ੍ਹ ਤੇ ਪਟਿਆਲਾ ਵਿਖੇ ਖੂਬਸੂਰਤ ਲੋਕੇਸ਼ਨਾਂ 'ਤੇ ਕੀਤੀ ਗਈ ਹੈ। ਨਾਮਵਰ ਸੰਗੀਤਕਾਰ ਪ੍ਰੀਤਮ ਦੀ ਟੀਮ ਦੇ ਮੈਂਬਰ ਰਹਿ ਚੁੱਕੇ ਵਿੱਕੀ ਅਗਰਵਾਲ ਤੇ ਜ਼ੈਜ਼ ਪੰਜਾਬੀ ਨੇ ਫਿਲਮ ਨੂੰ ਸੰਗੀਤਬੱਧ ਕੀਤਾ ਹੈ ਅਤੇ ਗਾਉਣ ਦਾ ਕਾਰਜ ਕੁਲਵਿੰਦਰ ਬਿੱਲਾ, ਜ਼ੈਜ਼ ਪੰਜਾਬੀ ਤੇ ਹੋਰਨਾਂ ਨੇ ਨੇਪਰੇ ਚਾੜ੍ਹਿਆ ਹੈ। ਫਿਲਮ ਦਾ ਸਮੁੱਚਾ ਨਿਰਮਾਣ ਬਾਲੀਵੁੱਡ ਦੀਆਂ ਫਿਲਮਾਂ ਲਈ ਵਰਤੇ ਜਾਂਦੇ ਰੈਡ ਐਪਿਕ ਕੈਮਰਾ (ਅਲਟਰਾ ਪ੍ਰਾਈਮ ਲੈਨਜ਼ਜ਼) ਰਾਹੀਂ ਬਾਲੀਵੁੱਡ ਦੇ ਚੋਟੀ ਦੇ ਕੈਮਰਾਮੈਨ ਸੁਹਾਸ ਰਾਓ ਨੇ ਕੀਤਾ ਹੈ। ਸੰਜੇ ਦੱਤ ਦੀਆਂ 'ਮੁੰਨਾ ਭਾਈ...' ਵਰਗੀਆਂ ਫਿਲਮਾਂ ਦੇ ਐਕਸ਼ਨ ਨਿਰਦੇਸ਼ਕ ਰਹੇ ਹਨੀਫ ਸ਼ੇਖ ਨੇ ਫਿਲਮ ਵਿਚ ਵਿਲੱਖਣ ਐਕਸ਼ਨਾਂ ਨਾਲ ਰੰਗ ਭਰੇ ਹਨ। ਸਲਮਾਨ ਖਾਨ, ਅਮਿਤਾਭ ਬੱਚਨ ਤੇ ਸ਼ਾਹਰੁਖ ਖਾਨ ਵਰਗੇ ਵੱਡੇ ਸਿਤਾਰਿਆਂ ਨੂੰ ਆਪਣੀਆਂ ਉਂਗਲੀਆਂ 'ਤੇ ਨਚਾਉਣ ਵਾਲੀ ਕੋਰਿਓਗ੍ਰਾਫਰ ਸ਼ਬੀਨਾ ਖਾਨ ਨੇ 'ਪਟਿਆਲਾ ਡਰੀਮਜ਼' ਦੇ ਅਦਾਕਾਰਾਂ ਨੂੰ ਵੀ ਨਚਾਇਆ ਹੈ। ਫਿਲਮ ਵਿਚ ਜਿੱਥੇ ਪੰਜਾਬੀ ਫਿਲਮਾਂ ਦੇ ਸਥਾਪਤ ਚਿਹਰੇ ਬੀ.ਐਨ. ਸ਼ਰਮਾ, ਸਰਦਾਰ ਸੋਹੀ, ਪ੍ਰੀਤੋ ਸਾਹਨੀ, ਗੁਰਸ਼ਰਨ ਮਾਨ ਕੈਨੇਡਾ, ਰਾਣਾ ਜੰਗ ਬਹਾਦਰ, ਅੰਮ੍ਰਿਤਪਾਲ ਬਿੱਲਾ, ਮਨਿੰਦਰ ਵੈਲੀ ਤੇ ਅੰਮ੍ਰਿਤਪਾਲ ਛੋਟੂ ਵੱਖ-ਵੱਖ ਕਿਰਦਾਰਾਂ ਵਿਚ ਦਿਖਾਈ ਦੇਣਗੇ, ਉੱਥੇ ਰਾਜਸ਼੍ਰੀ ਫਿਲਮਜ਼ ਦੀ ਨਵੀਂ ਆ ਰਹੀ ਫਿਲਮ 'ਸਮਰਾਟ ਐਂਡ ਕੰਪਨੀ' ਦੀ ਨਾਇਕਾ ਮਦਾਲਸਾ ਸ਼ਰਮਾ 'ਪਟਿਆਲਾ ਡਰੀਮਜ਼' ਵਿਚ ਮੁੱਖ ਭੂਮਿਕਾ ਨਿਭਾ ਰਹੀ ਹੈ। ਉਹਦੇ ਨਾਲ ਨਾਇਕ ਵਜੋਂ ਅੰਮ੍ਰਿਤਸਰ ਨਾਲ ਸਬੰਧਤ ਸਰਵਰ ਅਹੂਜਾ ਦਿਖਾਈ ਦੇਵੇਗਾ ਜੋ ਜ਼ੀ.ਟੀ.ਵੀ. ਦੇ ਇੱਕ ਲੱਖ ਨੌਜਵਾਨਾਂ 'ਤੇ ਆਧਾਰਿਤ ਪ੍ਰੋਗਰਾਮ 'ਜ਼ੀ ਸਿਨੇ ਸਟਾਰ ਕੀ ਖੋਜ' ਸ਼ੋਅ ਵਿਚੋਂ ਅੱਵਲ ਰਿਹਾ ਸੀ। ਯਸ਼ਰਾਜ ਫਿਲਮਜ਼ ਦੀ 'ਇਸ਼ਕਜਾਦੇ' ਫਿਲਮ ਰਾਹੀਂ ਬਾਲੀਵੁੱਡ ਵਿਚ ਪੈਰ ਰੱਖ ਚੁੱਕਿਆ ਅੰਕਿਤ ਕੱਕੜ ਵੀ ਫਿਲਮ ਵਿਚ ਸਹਿ ਨਾਇਕ ਦੇ ਰੂਪ ਵਿਚ ਦਿਖਾਈ ਦੇਵੇਗਾ। ਡੇਢ ਸੌ ਤੋਂ ਵਧੇਰੇ ਹਿੰਦੀ ਫਿਲਮਾਂ ਵਿਚ ਕੰਮ ਕਰ ਚੁੱਕੀ ਸ਼ੀਲਾ ਸ਼ਰਮਾ ਤੇ ਹਿੰਦੀ ਟੀ.ਵੀ. ਦੀਆਂ ਸਥਾਪਤ ਹਸਤੀਆਂ ਅਮਿਤਾ ਨਾਗੀਆ ਤੇ ਊਸ਼ਾ ਬਚਾਨੀ ਵੀ ਫਿਲਮ ਵਿਚ ਦਿਖਾਈ ਦੇਣਗੀਆਂ। ਸਾਫ-ਸੁਥਰਾ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਵੀ ਇਸ ਫਿਲਮ ਰਾਹੀਂ ਆਪਣਾ ਫਿਲਮੀ ਸਫਰ ਸ਼ੁਰੂ ਕਰ ਰਿਹਾ ਹੈ।

**-ਸੁਖਬੀਰ ਗਰੇਵਾਲ**

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ਆਪਣੇ ਬਿਜਨਸ ਜਾਂ ਘਰ ਉਤੇ ਸਕਿਉਰਿਟੀ ਕੈਮਰਾ ਲਵਾਉਣਾ ਚਾਹੁੰਦੇ ਹੋ?

ਸਾਡੇ ਪਾਸ ਅਤਿ ਆਧੁਨਿਕ ਵਧੀਆ ਕੁਆਲਿਟੀ ਦੇ ਸਕਿਉਰਿਟੀ ਕੈਮਰੇ ਹਨ



**We are wholesalers on Amazon and eBay**
**Shop online at www.dvrunlimited.com**
**For best deals on Security Cameras**

Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

We sell name brand products ACTi, BORCH, LG, Samsung, Geovision, VIVOTEK



*Please Call*
**888-233-4566**

www.dvrunlimited.com www.security360cameras.com

BOSCH SAMSUNG VIVOTEK
DVR UNLIMITED INC. SECURITY CAMERAS
LG Life's Good



# Janta India Restaurant

369 Lytton Ave, Palo Alto, CA, 94301

ਵੀਹ ਸਾਲ ਤੋਂ ਤੁਹਾਡੀ ਸੇਵਾ ਵਿਚ



ਜਨਮ ਦਿਨ, ਗਰੈਜੂਏਸ਼ਨ, ਵਿਆਹ-ਸ਼ਾਦੀ ਜਾਂ ਫਿਰ ਵਿਆਹ ਦੀ ਵਰ੍ਹੇਗੰਢ, ਪਾਰਟੀ ਵੱਡੀ ਹੋਵੇ ਜਾਂ ਛੋਟੀ, ਕੈਟਰਿੰਗ ਲਈ ਸੰਪਰਕ ਕਰੋ

ਅਸੀਂ ਤੁਹਾਡੀ ਪਾਰਟੀ ਨੂੰ ਸੁਆਦਲੇ ਭੋਜਨ ਨਾਲ ਹੋਰ ਵੀ ਸੁਆਦਲੀ ਬਣਾਉਂਦੇ ਹਾਂ

ਫੋਨ: 650-462-5903



# Malwa Financial & Insurance Agency

*Lic # 0D75499*

ਟਰੱਕਾਂ ਦੀ ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ

ਫਰੀ ਕੋਟ ਲੈਣ ਲਈ ਅੱਜ ਹੀ ਸੰਪਰਕ ਕਰੋ



- Produce & General Truckers
- Intermediate & Local Radius
- Single deductible
- Higher Limit on Earned Freight
- Long Haul Coverage
- Downtime Coverage
- Towing & Debris Removal

*Kanwaljit Singh: Lic # 0B59734*
*Harminder Gill: Lic # 0747955*

**Phone: 510-651-3100**

Email: malwa@malwaassociates.com
Web. www.malwaassociates.com

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਭਨਾਂ ਨੂੰ ਲੱਖ ਲੱਖ ਵਧਾਈ

## ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

# Reo/Short Sale Specialist

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

## We can sell your house in short sale at no cost to you.

## Selling Homes from Gilroy to Sacramento, CA

### JUST SOLD

1. 1820 De Vaca Way, Livermore, CA 94550
2. 4124 Polaris Ave., Union City, CA 94587
3. 4326 San Juan Way Fremont, CA 94536
4. 2809 Glen Sharon Way, San Jose, CA 95148
5. 43881 Cameron Hills Dr., Fremont CA 94539
6. 1098 Phelps Ave., San Jose, CA 95117
7. 2712 Sea Drift ln., Hayward, CA 94545
8. 27659 Persimmon Dr., Hayward, CA 94544
9. 1555 Bolton Ln., Manteca, CA 95337
10. 2980 Glen Alden Ct., San Jose, CA 95148
11. 34782 Klondike Dr., Union City, CA 94587
12. 2053 Gordon Verner Cir., Stockton, CA 95206
13. 115 Juniper Ct., Hercules, CA 945547

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

# Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095